**Worldwide Travel, Inc.**

*Your One Stop Shop For International Travel Needs*

Michigan Office
29211 Ford Rd.
Garden City, MI 48135
Tel: 734-525-7304
Toll Free: 800-504-3044
Fax: 866-300-9725

Serving Community Since 1975.



Lowest Fare Guaranteed

Los Angles Office
2701 E. Chapman Ave.
Ste.No.108,Fullerton,CA92831
Phone: 714-449-7766
Toll Free: 866-889-1203
Fax: 714-449-7767



**ਦੂਸਰਾ ਸ਼ਿਕਾਗੋ ਕਬੱਡੀ ਕੱਪ**

**ਐਤਵਾਰ 6 ਸਤੰਬਰ, 2009**

BUSSE WOODS FOREST PRESERVE SOUTH
Elk Grove Village- IL
For more info. Jindi Khangura 847-529-1464

ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ



Tenth Year in Publication | ਮਿਡਵੈਸਟ ਐਡੀਸ਼ਨ | Price 50¢ | Email:punjabtimes1@sbcglobal.net

ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

www.punjabtimesusa.com

# ਪੰਜਾਬ ਟਾਈਮਜ਼

Punjab Times, Vol 10, Issue 36, September 5, 2009 | 20451 N Plum Grove Rd. Palatine, IL 60074 | Ph:847-359-0746, Fax:847-705-9388


## ਭਾਜਪਾ ਸੰਕਟ ਹੋਰ ਡੂੰਘਾ, ਹੱਲ ਅਜੇ ਦੂਰ

**ਬਿੰਦਰ ਬਸਰਾ**

ਸ਼ਿਮਲਾ ਚਿੰਤਨ ਮੀਟਿੰਗ ਪਿੱਛੋਂ ਭਾਜਪਾ ਦੀ ਪ੍ਰਮੁੱਖ ਲੀਡਰਸ਼ਿਪ ਵਲੋਂ ਇਕ-ਦੂਜੇ 'ਤੇ ਚਿੱਕੜ ਉਛਾਲੀ ਕਰਨ ਅਤੇ ਪਾਰਟੀ 'ਤੇ ਕਬਜ਼ੇ ਲਈ ਲਾਲ ਕ੍ਰਿਸ਼ਨ ਅਡਵਾਨੀ ਅਤੇ ਰਾਜਨਾਥ ਸਿੰਘ ਧੜਿਆਂ ਵਿਚਾਲੇ ਸ਼ੁਰੂ ਹੋਈ ਲੜਾਈ ਨੂੰ ਸੰਘ ਪਰਿਵਾਰ ਨੇ ਵਿਰਾਮ ਚਿੰਨ੍ਹ ਲਾ ਦਿੱਤਾ ਹੈ ਪਰ ਪਾਰਟੀ ਅੰਦਰ ਸ੍ਰੀ ਅਡਵਾਨੀ ਅਤੇ ਰਾਜਨਾਥ ਸਿੰਘ ਦੇ ਕ੍ਰਮਵਾਰ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਅਤੇ ਪਾਰਟੀ ਪ੍ਰਧਾਨ ਵਜੋਂ ਵਾਰਸਾਂ ਬਾਰੇ ਕਿਆਸਅਰਾਈਆਂ ਚੱਲਦੇ ਰਹਿਣ ਤੱਕ ਇਸ ਵਿਰਾਮ ਚਿੰਨ੍ਹ ਨੂੰ ਅਰਧ ਵਿਰਾਮ ਚਿੰਨ੍ਹ ਹੀ ਸਮਝਿਆ ਜਾਣਾ ਚਾਹੀਦਾ ਹੈ।

ਪਾਰਟੀ ਅੰਦਰਲੀ ਖਿੱਚੋਤਾਣ ਰਾਜਨਾਥ ਸਿੰਘ ਦੇ ਪਾਰਟੀ ਪ੍ਰਧਾਨ ਬਣੇ ਰਹਿਣ ਤੱਕ ਕਾਇਮ ਰਹਿਣ ਦੀਆਂ ਪੂਰੀਆਂ ਸੰਭਾਵਨਾਵਾਂ ਹਨ, ਕਿਉਂਕਿ ਅਡਵਾਨੀ ਧੜਾ ਰਾਜਨਾਥ ਸਿੰਘ ਨੂੰ ਹਾਸ਼ੀਏ 'ਤੇ ਧੱਕਣ ਲਈ ਪੂਰੀ ਤਰ੍ਹਾਂ ਸਰਗਰਮ ਹੈ। ਭਾਵੇਂ ਕਿ ਸੰਘ ਪਰਿਵਾਰ ਨੇ ਇਸ ਧੜੇ ਦੇ ਪਾਰਟੀ ਪ੍ਰਧਾਨ ਲਈ ਸਾਹਮਣੇ ਆਏ ਅਰੁਣ ਜੇਤਲੀ, ਐਮ. ਵੈਂਕਈਆ ਨਾਇਡੂ, ਸੁਸ਼ਮਾ ਸਵਰਾਜ ਅਤੇ ਅਨੰਤ ਕੁਮਾਰ ਦੇ ਨਾਂਵਾਂ 'ਤੇ ਲੀਕ ਫੇਰ ਦਿੱਤੀ ਹੈ। ਇਸ ਦੇ ਨਾਲ ਹੀ ਪਾਰਟੀ ਨੇ ਰਾਜਨਾਥ ਸਿੰਘ ਨੂੰ ਦੂਜੀ ਵਾਰ ਕੁਰਸੀ ਸੌਂਪਣ ਤੋਂ ਇਸ ਆਧਾਰ 'ਤੇ ਇਨਕਾਰ ਕਰ ਦਿੱਤਾ ਹੈ ਕਿ ਪਾਰਟੀ ਸੰਵਿਧਾਨ ਇਸ ਦੀ ਇਜਾਜ਼ਤ ਨਹੀਂ ਦਿੰਦਾ।

ਸਾਬਕਾ ਵਿਦੇਸ਼ ਮੰਤਰੀ ਸ੍ਰੀ ਜਸਵੰਤ ਸਿੰਘ ਦੀ ਕਿਤਾਬ 'ਜਿਨਾਹ:ਇੰਡੀਆ, ਪਾਰਟੀਸ਼ਨ, ਇੰਡੀਪੈਂਡੈਂਸ' ਦੇ ਆਉਣ ਤੋਂ ਪਹਿਲਾਂ ਹੀ ਪਾਰਟੀ 'ਚ ਲੋਕ ਸਭਾ ਚੋਣਾਂ 'ਚ ਹੋਈ ਹਾਰ ਲਈ ਜ਼ਿੰਮੇਵਾਰੀ ਤੈਅ ਕਰਨ ਦਾ ਮਾਮਲਾ ਅਤੇ ਸ੍ਰੀ ਅਡਵਾਨੀ ਵਲੋਂ ਸ੍ਰੀਮਤੀ ਸੁਸ਼ਮਾ ਸਵਰਾਜ ਨੂੰ ਲੋਕ ਸਭਾ 'ਚ ਵਿਰੋਧੀ ਧਿਰ ਦੀ ਉਪ-ਨੇਤਾ ਤੇ ਅਰੁਣ ਜੇਤਲੀ ਨੂੰ ਰਾਜ ਸਭਾ 'ਚ ਵਿਰੋਧੀ ਧਿਰ ਦਾ ਨੇਤਾ ਬਣਾਏ ਜਾਣ ਕਾਰਨ ਖਿੱਚੋਤਾਣ ਮੌਜੂਦ ਸੀ। ਪਾਰਟੀ 'ਚ ਪੈਦਾ ਹੋਏ ਮੌਜੂਦਾ ਸੰਕਟ ਲਈ ਜਸਵੰਤ ਸਿੰਘ ਦੀ ਕਿਤਾਬ ਤਾਂ ਇਕ ਸਬੱਬ ਹੀ ਬਣੀ ਹੈ। ਸ੍ਰੀ ਅਡਵਾਨੀ ਦੇ ਉਸ ਫੈਸਲੇ ਤੋਂ ਨਾਰਾਜ਼ ਤਿੰਨ ਨੇਤਾਵਾਂ ਜਸਵੰਤ ਸਿੰਘ, ਅਰੁਣ ਸ਼ੋਰੀ ਅਤੇ ਯਸ਼ਵੰਤ ਸਿਨ੍ਹਾ ਨੇ ਹੁਣ ਉਸ ਵਿਰੁਧ ਮੋਰਚਾ ਖੋਲ੍ਹਿਆ ਹੋਇਆ ਹੈ। ਇਸ ਦੂਸ਼ਣਬਾਜ਼ੀ ਦੀ ਚਾਂਦਮਾਰੀ 'ਚ ਅਰੁਣ ਜੇਤਲੀ ਅਤੇ ਸੁਸ਼ਮਾ ਸਵਰਾਜ ਚੁੱਪ ਧਾਰੀ ਬੈਠੇ ਹਨ। ਇਨ੍ਹਾਂ ਤਿੰਨਾਂ ਨੇਤਾਵਾਂ ਵਲੋਂ ਪਹਿਲਾਂ ਸ਼ਬਦੀ ਹਮਲੇ ਸਿਰਫ ਜੇਤਲੀ ਅਤੇ ਬੀਬੀ ਸਵਰਾਜ ਵਿਰੁਧ ਸਨ, ਪਰ ਅਰੁਣ ਸ਼ੋਰੀ ਨੇ ਰਾਜਨਾਥ ਸਿੰਘ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਨੂੰ 'ਐਲਿਸ ਇਨ ਬਲੰਡਰਲੈਂਡ' ਅਤੇ ਹੰਪਟੀ ਡੰਪਟੀ ਕਹਿ ਕੇ ਮਾਮਲਾ ਜ਼ਿਆਦਾ ਤਿੱਖਾ ਕਰ ਦਿੱਤਾ। ਜਿਸ ਨਾਲ ਭਾਜਪਾ ਦੀ ਲੀਡਰਸ਼ਿਪ ਦਾ ਸੰਕਟ ਹੋਰ ਡੂੰਘਾ ਹੋ ਗਿਆ।

ਇਸੇ ਦੌਰਾਨ ਉਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਭੁਵਨ ਚੰਦਰ ਖੰਡੂਰੀ ਨੇ ਵੀ ਰਾਜਨਾਥ ਸਿੰਘ ਨੂੰ ਪੱਤਰ ਲਿਖ ਕੇ ਉਨ੍ਹਾਂ ਨੂੰ ਅਸਤੀਫਾ ਦੇਣ ਲਈ ਮਜ਼ਬੂਰ ਕੀਤੇ ਜਾਣ 'ਤੇ ਨਾਰਾਜ਼ਗੀ ਪ੍ਰਗਟਾ ਦਿੱਤੀ ਹੈ। ਇਸ ਪਿੱਛੋਂ ਸ੍ਰੀ ਖੰਡੂਰੀ ਨੇ ਸੰਘ ਮੁੱਖੀ ਮੋਹਨ ਭਾਗਵਤ ਕੋਲ ਆਪਣਾ ਦੁੱਖ ਰੋਂਦਿਆਂ ਦੱਸਿਆ ਕਿ ਉਨ੍ਹਾਂ ਨੂੰ ਸੂਬੇ ਅੰਦਰ ਭਾਜਪਾ ਵਿਧਾਇਕਾਂ 'ਚੋਂ 25 'ਚੋਂ 24 ਦਾ ਸਮਰਥਨ ਹਾਸਲ ਹੋਣ ਦੇ ਬਾਵਜੂਦ ਲੋਕ ਸਭਾ ਚੋਣਾਂ 'ਚ ਉਤਰਾਖੰਡ ਦੀਆਂ 5 ਸੀਟਾਂ 'ਤੇ ਹੋਈ ਹਾਰ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਅਤੇ ਅਸਤੀਫਾ ਦੇਣ ਲਈ ਮਜ਼ਬੂਰ ਕੀਤਾ ਗਿਆ।

ਉਧਰ ਭਾਜਪਾ ਦੇ ਸੀਨੀਅਰ ਆਗੂ ਐਮ. ਵੈਂਕਈਆ ਨਾਇਡੂ ਨੇ ਪਾਰਟੀ ਲੀਡਰਸ਼ਿਪ 'ਚ ਤਬਦੀਲੀ ਦੀਆਂ ਖਬਰਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਹੈ ਅਤੇ ਕਿਹਾ ਕਿ ਐਲ.ਕੇ. ਅਡਵਾਨੀ ਪਾਰਟੀ ਦੀ ਅਗਵਾਈ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਅਡਵਾਨੀ ਦੇ ਰਿਟਾਇਰ ਹੋਣ ਅਤੇ ਉਸ ਨੂੰ ਖੂੰਜੇ ਲਾ ਦਿੱਤੇ ਜਾਣ ਦੀਆਂ

(ਬਾਕੀ ਸਫਾ 6 ਉਤੇ)



ਦੱਖਣੀ ਕੈਲੀਫੋਰਨੀਆ ਵਿਚ ਭਾਵੇਂ ਅਜੇ ਅੱਗ ਦਾ ਰਵਾਇਤੀ ਸੀਜ਼ਨ ਸ਼ੁਰੂ ਨਹੀਂ ਹੋਇਆ ਪਰ ਲਾਸ ਏਂਜਲਸ ਦੇ ਕਰੀਬ ਜੰਗਲ ਨੂੰ ਲੱਗੀ ਅੱਗ ਵੱਡੇ ਖਤਰਿਆਂ ਦੀ ਸੂਚਕ ਜਾਪਦੀ ਹੈ। ਆਮ ਕਰਕੇ ਪਤਝੜ ਸ਼ੁਰੂ ਹੋਣ 'ਤੇ ਜੰਗਲ ਵਿਚ ਖਾਸ ਕਰ ਸੈਂਟਾ ਐਨਾ ਹਵਾਵਾਂ ਕਰਕੇ ਅੱਗਾਂ ਫੈਲਦੀਆਂ ਹਨ। ਉਪਰ ਤਸਵੀਰ ਵਿਚ ਲਾਸ ਏਂਜਲਸ ਦੇ ਨਜ਼ਦੀਕ ਘਰਾਂ ਦੇ ਐਨ ਮੁਢ ਤੱਕ ਪਹੁੰਚੀ ਅੱਗ ਨਜ਼ਰ ਆ ਰਹੀ ਹੈ।

## ਜਪਾਨ ਦੇ ਅਮਰੀਕੀ ਖੇਮੇ 'ਚੋਂ ਖਿਸਕਣ ਦੇ ਖਦਸ਼ੇ

**ਜਸਵੀਰ ਸਿੰਘ ਸ਼ੀਰੀ**

ਜਪਾਨ ਵਿਚ ਲਿਬਰਲ ਡੈਮੋਕ੍ਰੇਟਿਕ ਪਾਰਟੀ ਦਾ ਪਿਛਲੇ 54 ਸਾਲਾਂ ਦਾ ਅਮਰੀਕਾ ਪੱਖੀ ਅਤੇ ਸੱਜੇ ਪੱਖੀ ਰਾਜ ਖ਼ਤਮ ਹੋ ਗਿਆ ਹੈ। ਇਸ ਦੇ ਨਾਲ ਹੀ ਯੂਕੀਓ ਹਾਤੋਯਾਮਾ ਦੀ ਅਗਵਾਈ ਵਾਲੀ ਡੈਮੋਕ੍ਰੇਟਿਕ ਪਾਰਟੀ ਆਫ ਜਪਾਨ ਨੇ 480 ਸੀਟਾਂ ਵਿਚੋਂ 308 ਸੀਟਾਂ ਜਿੱਤ ਕੇ ਜਪਾਨੀ ਲੋਕ ਸਭਾ (ਹਾਊਸ ਆਫ ਰੀਪ੍ਰਜ਼ੈਂਟੇਟਿਵ) ਵਿਚ ਵੱਡੀ ਜਿੱਤ ਹਾਸਲ ਕੀਤੀ ਹੈ। ਇਸ ਜਿੱਤ ਦੇ ਸਿੱਟੇ ਵਜੋਂ ਹਾਤੋਯਾਮਾ ਦੇ ਪ੍ਰਧਾਨ ਮੰਤਰੀ ਬਣਨ ਦਾ ਰਸਤਾ ਸਾਫ਼ ਹੋ ਗਿਆ ਹੈ। ਇਸ ਦਰਮਿਆਨ ਇਹ ਵੀ ਕਿਆਸਅਰਾਈਆਂ ਹਨ ਕਿ ਜੇ ਹਾਤੋਯਾਮਾ ਆਪਣੇ ਪਿਛਲੇ ਸਮੇਂ ਵਿਚ ਪ੍ਰਗਟ ਕੀਤੇ ਜਾਂਦੇ ਵਿਚਾਰਾਂ ਦੀ ਦਿਸ਼ਾ ਵਿਚ ਤੁਰਦੇ ਹਨ ਤਾਂ ਉਹ ਆਪਣੀ ਵਿਦੇਸ਼ ਨੀਤੀ ਵਿਚ ਅਮਰੀਕਾ ਨਾਲੋਂ ਦੂਰੀ ਸਿਰਜਣ ਵਲ ਵਧਣਗੇ। ਉਂਜ ਇਹ ਇਕ ਦਿਲਚਸਪ ਤੱਥ ਹੈ ਕਿ ਯੂਕੀਓ ਹਾਤੋਯਾਮਾ ਅਮਰੀਕਾ ਬਾਰੇ ਸਭ ਤੋਂ ਜ਼ਿਆਦਾ ਵਾਕਫੀਅਤ ਰੱਖਣ ਵਾਲੇ ਜਪਾਨੀ ਲੀਡਰਾਂ ਵਿਚੋਂ ਇਕ ਹੈ।

ਹਾਤੋਯਾਮਾ ਨੇ ਆਪਣੀ ਪੀ.ਐਚ.ਡੀ. ਅਮਰੀਕਾ ਦੀ ਸਟੈਨਫੋਰਡ ਯੂਨੀਵਰਸਿਟੀ ਤੋਂ ਕੀਤੀ। ਉਨ੍ਹਾਂ ਦੀ ਇਹ ਪੀ.ਐਚ.ਡੀ. ਮੈਨੇਜਮੈਂਟ ਸਾਇੰਸ ਅਤੇ ਇੰਜੀਨੀਅਰਿੰਗ ਵਿਚ ਹੈ। ਇਸ ਦੇ ਅਧਿਅਨ ਵਿਚ ਇੰਜੀਨੀਅਰਿੰਗ, ਬਿਜ਼ਨਿਸ ਅਤੇ ਨੀਤੀ ਸ਼ਾਸਤਰ ਸ਼ਾਮਲ ਹੁੰਦੇ ਹਨ। ਹੋਤੋਯਾਮਾ ਨੇ ਸਟੈਨਫੋਰਡ ਤੋਂ ਤਿੰਨ ਪੋਸਟ ਗ੍ਰੈਜੂਏਟ ਡਿਗਰੀਆਂ ਹਾਸਲ ਕੀਤੀਆਂ। ਬੀਤੇ ਐਤਵਾਰ ਪਈਆਂ ਵੋਟਾਂ ਵਿਚ ਯੂਕੀਓ ਹਾਤੋਯਾਮਾ ਦੀ ਅਗਵਾਈ ਵਾਲੀ ਡੈਮੋਕ੍ਰੇਟਿਕ ਪਾਰਟੀ ਆਫ ਜਪਾਨ ਨੇ ਵਾਸ਼ਿੰਗਟਨ ਨਾਲ ਨੇੜਤਾ ਰੱਖਣ ਵਾਲੀ ਪਿਛਲੇ 54 ਸਾਲ ਸੱਤਾ ਵਿਚ ਰਹੀ ਲਿਬਰਲ ਡੈਮੋਕ੍ਰੇਟਿਕ ਪਾਰਟੀ ਨੂੰ ਤਕੜੀ ਹਾਰ ਦਿੱਤੀ। ਇਸ ਹਾਰ ਤੋਂ ਬਾਅਦ ਜਪਾਨੀ ਪ੍ਰਧਾਨ ਮੰਤਰੀ ਨੇ ਅਸਤੀਫਾ ਦੇ ਦਿੱਤਾ ਹੈ ਅਤੇ ਹੋਤੋਯਾਮਾ ਦੇ ਪ੍ਰਧਾਨ ਮੰਤਰੀ ਬਣਨ ਲਈ ਰਾਹ ਸਾਫ ਕਰ ਦਿੱਤਾ ਹੈ। ਭਾਵੇਂ ਕਿ ਹੋਤੋਯਾਮਾ ਨੇ ਆਪਣੀ ਪ੍ਰਮੁੱਖ ਸਿੱਖਿਆ ਅਮਰੀਕਾ ਤੋਂ ਹੀ ਹਾਸਲ ਕੀਤੀ, ਪਰ ਉਹ ਅਮਰੀਕਾ ਦੀਆਂ ਵਿੱਤੀ ਨੀਤੀਆਂ ਦੀ ਤਿੱਖੀ ਆਲੋਚਨਾ ਕਰਦੇ ਰਹੇ ਹਨ ਅਤੇ ਏਸ਼ੀਆ ਨਾਲ ਸਬੰਧ ਡੂੰਘੇ ਕਰਨ ਦੀ ਵਕਾਲਤ ਕਰਦੇ ਰਹੇ ਹਨ। ਉਨ੍ਹਾਂ ਦੇ ਅਜਿਹੇ ਵਿਚਾਰਾਂ ਕਾਰਨ ਹੀ ਇਹ ਕਿਆਸਅਰਾਈਆਂ

(ਬਾਕੀ ਸਫਾ 6 ਉਤੇ)


**North American Truck Stop**

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!



ਕੈਰੀਅਰ ਥਰਮੋਕਿੰਗ ਐਂਡ ਕੈਰੀਅਰ ਯੂਨਿਟ ਇੰਜਣ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ



ਤਸੱਲੀਬਖ਼ਸ਼ ਸਰਵਿਸ ਬਿਲਕੁਲ ਵਾਜਬ ਭਾਅ

909-350-3310, 909-697-5808
balwindernats@yahoo.com
14320 Slover Ave., Fontana, CA 92337



**ATTN. HOMEOWNERS !!**

Purchase, Refinance, Loan Modification, Conventional, FHA, VA

Full doc / Stated Income, No MI Programs ....
No / Low Closing Cost Option
Low Down Payment (3.5% only)
First Time Homebuyers Get $8,000 Tax Credit
(FHA Program Available only up to December 2009)

Free Consultation | Free Pre-qualification
Free Pre-approval | Even Free appraisal
(Reimbursed after the closing)

**Please Call 847-933-9404**

We speak English, Hindi, Punjabi, Gujarati & Malyalam
Guardian Financial Mortgage, Inc.
An Illinois Residential Mortgagee Licensee MB0005054

# ਪੀ.ਸੀ.ਐਸ. ਖੇਡ ਮੇਲੇ ਦੀ ਕਬੱਡੀ ਸ਼ੇਰੇ ਪੰਜਾਬ ਕਲੱਬ ਨੇ ਜਿੱਤੀ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਵਲੋਂ ਇਥੇ ਐਡੀਸਨ ਕਸਬੇ ਵਿਚ ਕਰਵਾਏ ਗਏ ਪੰਦਰਵੇਂ ਪੰਜਾਬੀ ਖੇਡ ਮੇਲੇ ਦਾ ਵੱਡੀ ਗਿਣਤੀ ਵਿਚ ਲੋਕਾਂ ਨੇ ਅਨੰਦ ਮਾਣਿਆ। ਇਸ ਮੌਕੇ ਜਿਥੇ ਛੋਟੇ ਬੱਚਿਆਂ ਦੀਆਂ ਦੌੜਾਂ ਅਤੇ ਹੋਰ ਖੇਡਾਂ ਕਰਵਾਈਆਂ ਗਈਆਂ ਉਥੇ ਸਾਕਰ, ਬਾਸਕਿਟਬਾਲ, ਵਾਲੀਬਾਲ ਅਤੇ ਕਬੱਡੀ ਦੇ ਮੁਕਾਬਲੇ ਵੀ ਕਰਵਾਏ ਗਏ। ਕਿਸੇ ਵੀ ਹੋਰ ਪੰਜਾਬੀ ਮੇਲੇ ਵਾਂਗ ਇਸ ਮੇਲੇ ਵਿਚ ਵੀ ਦਰਸ਼ਕਾਂ ਦਾ ਝੁਰਮਟ ਕਬੱਡੀ ਦੇ ਮੈਚਾਂ ਦੁਆਲੇ ਹੀ ਸੀ। ਸੰਸਥਾ ਦੇ ਪ੍ਰਧਾਨ ਰੋਨੀ ਕੁਲਾਰ ਦੇ ਸ਼ਬਦਾਂ ਵਿਚ, 'ਮੇਲੇ ਦਾ ਟੀਚਾ ਪਰਿਵਾਰਕ ਮਾਹੌਲ ਵਿਚ ਚੰਗੀ ਮਾਨਸਿਕ ਤੇ ਸਰੀਰਕ ਸਿਹਤ ਵਾਸਤੇ ਖੇਡਾਂ ਕਰਵਾਉਣ ਦਾ ਸੀ।' ਇਸ ਮੌਕੇ ਮੁੱਖ ਮਹਿਮਾਨ ਡਬਲਯੂ ਡਬਲਯੂ ਗਰੇਂਗਰ ਕਾਪੋਰੇਸ਼ਨ ਦੇ ਜਰਨੈਲ ਸਿੰਘ ਲੈਲ ਸਨ ਜਦੋਂਕਿ ਸਟੇਟ ਸੈਨੇਟਰ ਡੈਨ ਰੁਦਰਫੋਰਡ, ਐਡੀਸਨ ਕਸਬੇ ਦੇ ਮੇਅਰ ਲੈਰੀ ਹਾਰਟਵਿਗ ਅਤੇ ਪੈਲਾਟਾਈਨ ਕਸਬੇ ਦੀ ਸਾਬਕਾ ਮੇਅਰ ਰੀਟਾ ਮੁਲਿਨਜ਼ ਮੁਅੱਜਜ਼ ਮਹਿਮਾਨਾਂ ਵਿਚ ਸ਼ਾਮਲ ਸਨ। ਖੇਡਾਂ ਦਾ ਰਸਮੀ ਉਦਘਾਟਨ ਸੁੱਖੀ ਬਸਾਤੀ ਅਤੇ ਦਿਲਰਾਜ ਸੇਖੋਂ ਵਲੋਂ ਦਿੱਤੇ ਗਏ ਢੋਲ ਦੀ ਤਾਲ



'ਤੇ ਪੀ.ਸੀ.ਐਸ. ਦੀ ਰਵਾਇਤ ਕਾਇਮ ਰੱਖਦਿਆਂ ਖਿਡਾਰੀਆਂ ਦੀ ਪਰੇਡ ਨਾਲ ਕੀਤਾ ਗਿਆ। ਗੁਰੂ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਉਪਰੰਤ ਅਮਰੀਕੀ ਕੌਮੀ ਤਰਾਨਾ ਨਵਰੀਤ ਕੌਰ ਹੈਨੇਗਨ ਨੇ ਗਾਇਆ। ਸਟੇਟ ਸੈਨੇਟਰ ਰੁਦਰਫੋਰਡ, ਮੇਅਰ ਹਾਰਟਵਿਗ, ਸਾਬਕਾ ਮੇਅਰ ਰੀਟਾ ਮੁਲਿਨਜ਼, ਮੁੱਖ ਮਹਿਮਾਨ ਸ੍ਰੀ ਜਰਨੈਲ ਸਿੰਘ ਲੈਲ, ਪੀ.ਸੀ.ਐਸ. ਦੇ ਚੇਅਰਮੈਨ ਹਰਿੰਦਰ ਸਿੰਘ, ਸ਼ਿਕਾਗੋ 2016 ਪ੍ਰਤੀਨਿਧ ਵਾਲੀਦ ਐਲਗਿੰਡੀ ਅਤੇ ਪੀ.ਸੀ.ਐਸ. ਅਹੁਦੇਦਾਰਾਂ ਨੇ ਸਾਂਝੇ ਤੌਰ 'ਤੇ ਰੰਗ ਬਰੰਗੇ ਗੁਬਾਰਿਆਂ ਦਾ ਇਕ ਗੁਲਦਸਤਾ ਆਕਾਸ਼ ਵਿਚ ਛੱਡ ਕੇ ਕੀਤਾ। ਇਸ ਮੌਕੇ ਕਈ ਹੋਰ ਸਰਕਾਰੀ ਅਧਿਕਾਰੀ ਵੀ ਮੌਜੂਦ ਸਨ।











ਕਬੱਡੀ, ਸਾਕਰ, ਬਾਸਕਿਟਬਾਲ ਅਤੇ ਵਾਲੀਬਾਲ ਦੇ ਮੁਕਾਬਲਿਆਂ ਵਿਚ ਨਿਊ ਯਾਰਕ, ਮਿਜ਼ੂਰੀ, ਵਿਸਕਾਨਸਿਨ ਅਤੇ ਇਲੀਨਾਏ ਤੋਂ ਆਈਆਂ ਹੋਈਆਂ ਟੀਮਾਂ ਨੇ ਹਿੱਸਾ ਲਿਆ। ਡਾ. ਓਮ ਜੌਹਰੀ ਨੇ ਇਸ ਮੌਕੇ ਹਾਸ-ਯੋਗਾ ਦਾ ਪ੍ਰਦਰਸ਼ਨ ਕੀਤਾ। ਲੋਕ ਚਾਰ ਵੱਡੇ ਟੈਂਟਾਂ ਹੇਠ ਬੈਠੇ ਖੇਡਾਂ ਦਾ ਅਨੰਦ ਮਾਣ ਰਹੇ ਸਨ।

ਪੀ.ਸੀ.ਐਸ. ਸ਼ਿਕਾਗੋ ਸਾਕਰ ਕੱਪ ਅਤੇ 500 ਡਾਲਰ ਦਾ ਨਕਦ ਇਨਾਮ ਮਿਡਵੈਸਟ ਯੂਨਾਈਟਿਡ ਟੀਮ ਨੇ ਜਿਤਿਆ। ਇਨਾਮ ਦੀ ਰਕਮ ਰਾਜਿੰਦਰ ਸਿੰਘ ਬੈਂਸ ਅਤੇ ਮਨਦੀਪ ਸਿੰਘ ਭੂਰਾ ਵਲੋਂ ਦਿੱਤੀ ਗਈ ਸੀ। ਦੂਜਾ ਇਨਾਮ ਅਤੇ ਲਵਦੀਪ ਸਿੰਘ ਦੁੱਲਤ ਵਲੋਂ ਸ. ਸੇਵਾ ਸਿੰਘ ਦੁੱਲਤ ਡੀ.ਪੀ.ਈ. ਦੀ ਯਾਦ ਵਿਚ ਦਿੱਤਾ ਗਿਆ ਯਾਦਗਾਰੀ ਕੱਪ ਪੀ.ਸੀ.ਐਸ. ਸ਼ਿਕਾਗੋ ਦੀ ਸਾਕਰ ਟੀਮ ਨੇ ਜਿਤਿਆ। ਵਾਲੀਬਾਲ ਦੇ ਮੁਕਾਬਲਿਆਂ ਵਿਚ 10 ਟੀਮਾਂ ਨੇ ਹਿੱਸਾ ਲਿਆ। ਇਸ ਮੁਕਾਬਲੇ ਦਾ ਸੁਖਮੇਲ ਸਿੰਘ ਅਟਵਾਲ ਤੇ ਅਮਰਜੀਤ ਕੌਰ ਅਟਵਾਲ ਵਲੋਂ ਸਪਾਂਸਰ ਕੀਤਾ ਗਿਆ 500 ਡਾਲਰ ਦਾ ਇਨਾਮ ਪੀ.ਐਚ.ਓ. ਸ਼ਿਕਾਗੋ ਦੀ ਟੀਮ ਨੇ ਜਿੱਤਿਆ। ਦੂਜਾ ਇਨਾਮ ਲਖਬੀਰ ਸਿੰਘ ਤੇ ਜਸਵੀਰ ਸਿੰਘ ਸਹੋਤਾ ਵਲੋਂ ਸਪਾਂਸਰ ਕੀਤੀ ਗਈ ਟਾਰਫੀ ਸਿਨਸਿਨੈਟੀ ਕਲੱਬ ਨੇ ਜਿੱਤੀ। ਬਾਸਕਿਟਬਾਲ ਦਾ ਜਰਨੈਲ ਸਿੰਘ ਲੈਲ ਵਲੋਂ ਸ. ਕੇਹਰ ਸਿੰਘ ਲੈਲ ਦੀ ਯਾਦ ਵਿਚ ਰੱਖਿਆ 500 ਡਾਲਰ ਦਾ ਇਨਾਮ ਤੇ ਕੱਪ ਐਸ.ਕੇ.ਐਸ. ਸਪੋਰਟਸ ਕਲੱਬ ਨਿਊ ਯਾਰਕ ਨੇ ਜਿਤਿਆ। ਦੂਜਾ ਇਨਾਮ ਡਾ. ਹਰਜਿੰਦਰ ਸਿੰਘ ਖਹਿਰਾ ਵਲੋਂ ਸਪਾਂਸਰ ਕੀਤੀ ਟਰਾਫੀ 'ਸ਼ਿਕਾਗੋ ਸ਼ੇਰ' ਨਾਂ ਦੀ ਟੀਮ ਨੇ ਜਿੱਤੀ। ਬਾਸਕਿਟਬਾਲ ਮੁਕਾਬਲਿਆਂ ਵਿਚ ਕੁਲ 10 ਟੀਮਾਂ ਨੇ ਹਿੱਸਾ ਲਿਆ ਅਤੇ ਇਹ ਮੁਕਾਬਲੇ ਖੇਡ ਮੇਲੇ ਤੋਂ ਇਕ ਦਿਨ ਪਹਿਲਾਂ ਕਰਵਾਏ ਗਏ। ਜੂਨੀਅਰ ਬਾਸਕਿਟਬਾਲ ਮੁਕਾਬਲੇ ਵਿਚ ਜੇਤੂ 'ਬੱਲੇ ਸਰਦਾਰਾ' ਟੀਮ ਰਹੀ।

ਅਥਲੈਟਿਕਸ ਖੇਡਾਂ ਵਿਚ ਪੰਜ ਤੋਂ ਸੱਤ ਸਾਲ ਦੇ ਉਮਰ ਗਰੁਪ ਵਿਚ ਪੁਨੀਤ ਸਿੰਘ ਪਹਿਲੇ ਅਤੇ ਮਿਹਰ ਕੌਰ ਦੂਜੇ ਥਾਂ ਰਹੀ। ਅੱਠ ਤੋਂ ਨੌਂ ਸਾਲ ਉਮਰ ਵਰਗ ਵਿਚ ਅਰਮਾਨ ਸਿੰਘ ਪਹਿਲੇ ਅਤੇ ਜੁਝਾਰ ਸਿੰਘ ਦੂਜੇ ਥਾਂ ਰਿਹਾ। ਦਸ ਤੋਂ ਬਾਰਾਂ ਸਾਲ ਦੇ ਗਰੁਪ ਵਿਚ ਰਸਕੀਰਤ ਸਿੰਘ ਅੱਵਲ ਅਤੇ ਇਸ਼ਾ ਕੁਲਾਰ ਦੋਇਮ ਰਹੇ। ਬੀਬੀਆਂ ਦੀ ਖੁਲ੍ਹੀ ਰੇਸ ਵਿਚ ਸਤਿੰਦਰ ਕੌਰ ਸੰਧੂ ਨੇ ਬਾਜ਼ੀ ਮਾਰੀ ਜਦੋਂਕਿ ਨਰੇਸ਼ ਸਤਸੰਗੀ ਦੂਜੇ ਥਾਂ ਰਹੀ। ਮਿਊਜ਼ੀਕਲ ਚੇਅਰ ਵਿਚ ਜਸਦੀਪ ਕੌਰ ਸੈਣੀ ਜੇਤੂ ਰਹੀ।

ਇਸ ਮੌਕੇ ਕਰਵਾਏ ਗਏ ਕਬੱਡੀ ਮੁਕਾਬਲਿਆਂ ਵਿਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਨੇ ਦੋਆਬਾ ਸਪੋਰਟਸ ਕਲੱਬ ਸ਼ਿਕਾਗੋ ਨੂੰ 25-21 ਅੰਕਾਂ ਨਾਲ ਹਰਾ ਕੇ 3100 ਡਾਲਰ ਦਾ ਨਕਦ ਇਨਾਮ ਤੇ ਕੱਪ ਜਿਤਿਆ। ਇਹ ਇਨਾਮ ਸੰਨੀ ਕੁਲਾਰ ਤੇ ਰੋਨੀ ਕੁਲਾਰ ਵਲੋਂ ਸ. ਸੌਦਾਗਰ ਸਿੰਘ ਕੁਲਾਰ ਦੀ ਯਾਦ ਵਿਚ ਦਿੱਤਾ ਗਿਆ। ਦੂਜਾ 1100 ਡਾਲਰ ਦਾ ਇਨਾਮ ਦੋਆਬਾ ਕਲੱਬ ਦੇ ਹਿੱਸੇ ਆਇਆ ਜੋ ਕਿ ਬਲਵਿੰਦਰ ਸਿੰਘ ਗਿਰਨ ਵਲੋਂ ਦਿੱਤਾ ਗਿਆ ਸੀ। ਸ਼ੇਰੇ ਪੰਜਾਬ ਦੇ ਰਣਜੀਤ ਤੇ ਹਨੀ ਖੰਘੂੜਾ ਅਤੇ ਦੋਆਬਾ ਕਲੱਬ ਦੇ ਪਿੰਦਾ ਤੇ ਅਜੈ ਨੇ ਚੰਗੀਆਂ ਰੇਡਾਂ ਪਾਈਆਂ ਜਿਨ੍ਹਾਂ ਉਤੇ ਪੰਜ-ਪੰਜ ਸੌ ਡਾਲਰ ਦੇ ਇਨਾਮ ਵੀ ਲੱਗੇ। ਵਿੱਕੀ, ਸੁੱਖਾ, ਤਰਨਜੀਤ, ਸੰਦੀਪ, ਇੰਦਰਜੀਤ ਚੌਹਾਨ, ਤਆਬ, ਬੌਬੀ ਤੇ ਅਮਰੀਕ ਗਾਖਲ ਨੇ ਵੀ ਵਧੀਆ ਪ੍ਰਦਰਸ਼ਨ ਕੀਤਾ। ਜਦੋਂ ਕੋਈ ਰੇਡਰ ਵਧੀਆ ਰੇਡ ਪਾਉਂਦਾ ਤੇ ਜਾਫੀ ਉਹਨੂੰ ਫੜ੍ਹਨ ਦੀ ਕੋਸ਼ਿਸ਼ ਕਰਦਾ ਤਾਂ ਉਸ ਵਕਤ ਦਰਸ਼ਕਾਂ ਦਾ ਜ਼ੋਰ ਵੀ ਨਾਲ ਹੀ ਲੱਗ ਰਿਹਾ ਹੁੰਦਾ। ਸ਼ੇਰੇ ਪੰਜਾਬ ਦੀ ਟੀਮ ਵਿਚ ਕਈ ਵੱਡੇ ਖਿਡਾਰੀ ਬਾਹਰੋਂ ਲਏ ਗਏ ਸਨ ਪਰ ਦੋਆਬਾ ਕਲੱਬ ਵਿਚ ਸਾਰੇ ਸਥਾਨਕ ਨਵੀਂ ਉਮਰ ਦੇ ਖਿਡਾਰੀ ਸਨ। ਜਦੋਂ ਰੈਫਰੀ ਦੇ ਕੁਝ ਫੈਸਲਿਆਂ 'ਤੇ ਰਣਜੀਤ ਪੱਤੜ ਅਤੇ ਵਿੱਕੀ ਨੇ ਇਤਰਾਜ਼ ਕੀਤਾ ਤਾਂ ਦਰਸ਼ਕਾਂ ਇਸ ਨੂੰ ਚੰਗਾ ਨਾ ਮੰਨਿਆ। ਇਕ ਦਰਸ਼ਕ ਦੀ ਟਿੱਪਣੀ ਸੀ ਕਿ ਨਿਆਣਿਆਂ ਨਾਲ ਖੇਡਦਿਆਂ ਵੀ ਇਨ੍ਹਾਂ ਤੋਂ ਦਿਲ ਵੱਡੇ ਨਹੀਂ ਕਰ ਹੁੰਦੇ, ਕਾਹਦੇ ਵੱਡੇ ਖਿਡਾਰੀ ਨੇ ਇਹ। ਸ਼ੇਰੇ ਪੰਜਾਬ ਟੀਮ ਦੇ ਰਣਜੀਤ ਸਿੰਘ ਪੱਤੜ ਨੂੰ ਬੈਸਟ ਰੇਡਰ ਅਤੇ ਇਸੇ ਟੀਮ ਦੇ ਵਿੱਕੀ ਸਿੰਘ ਨੂੰ ਬੈਸਟ ਸਟਾਪਰ ਦਾ ਖਿਤਾਬ ਮਿਲਿਆ। ਕਬੱਡੀ ਮੁਕਾਬਲਿਆਂ ਵਿਚ ਪੀ.ਸੀ.ਓ. ਮਿਲਵਾਕੀ ਦੀ ਟੀਮ ਵੀ ਖੇਡੀ।

ਨੰਨ੍ਹੇ ਮੁੰਨੇ ਬੱਚਿਆਂ ਨੂੰ ਰਿਝਾਉਣ ਲਈ ਇਕ ਪੇਸ਼ੇਵਰ ਕਲਾਊਨ ਮੌਜੂਦ ਸੀ ਜੋ ਉਨ੍ਹਾਂ ਦੇ ਚਿਹਰਿਆਂ ਉਤੇ ਪੇਂਟਿੰਗ ਕਰਕੇ ਉਨ੍ਹਾਂ ਨੂੰ ਖੁਸ਼ ਕਰ ਰਿਹਾ ਸੀ। ਨਿੱਕੇ ਬੱਚਿਆਂ ਦੀਆਂ ਵੰਨ ਸਵੰਨੀਆਂ ਖੇਡਾਂ ਦਾ ਪ੍ਰਬੰਧ ਅਮਰਜੀਤ ਕੌਰ ਅਟਵਾਲ ਅਤੇ ਪ੍ਰਦੀਪ ਦਿਓਲ ਨੇ ਕੀਤਾ। ਸਵੇਰ ਵੇਲੇ ਕੌਂਟੀਨੈਂਟਲ ਬਰੇਕ-ਫਾਸਟ ਅਤੇ ਠੰਡੇ-ਬੱਤੇ ਤੋਂ ਇਲਾਵਾ ਕੜ੍ਹੀ-ਚੌਲ, ਛੋਲੇ-ਭਠੂਰਿਆਂ ਅਤੇ ਚਿਕਨ ਦਾ ਲੰਚ ਮੁਫਤ ਸੀ। ਗਰਮਾ-ਗਰਮ ਜਲੇਬ ਮੇਲੀਆਂ ਨੇ ਉਂਗਲਾਂ ਚੱਟ ਚੱਟ ਖਾਧੇ।

ਭੰਗੜਾ ਐਰੋਬੈਕਸ ਸਨ-ਸ਼ਾਈਨ ਡੀ.ਜੇ. ਅਤੇ ਢੋਲ ਦੀ ਤਾਲ ਉਤੇ ਦਰਸ਼ਕਾਂ ਦਾ ਮਨੋਰੰਜਨ ਕਰ ਰਿਹਾ ਸੀ।

ਚੰਗੀਆਂ ਖੇਡਾਂ, ਮੁਫਤ ਖਾਣੇ ਅਤੇ ਨਿੱਖਰੇ ਦਿਨ ਦੇ ਬਾਵਜੂਦ ਪਿਛਲੇ ਦਿਨਾਂ ਵਿਚ ਇਥੇ ਹੋਏ ਤਿੰਨ ਵੱਖ ਵੱਖ ਮੇਲਿਆਂ ਵਿਚ ਸ਼ਿਕਾਗੋ ਦੇ ਪੰਜਾਬੀਆਂ ਦੀ ਘੱਟ ਹਾਜ਼ਰੀ ਉਤੇ ਵੀ ਚਰਚਾ ਹੋ ਰਹੀ ਸੀ। ਕੋਈ ਇਸ ਦਾ ਦੋਸ਼ ਪਿਛਲੇ ਸਮੇਂ ਤੋਂ ਗੁਰਦੁਆਰਾ ਪੈਲਾਟਾਈਨ ਵਿਚ ਚੱਲ ਰਹੀ ਖਿੱਚੋਤਾਣ ਨੂੰ ਦੇ ਰਿਹਾ ਸੀ, ਕੋਈ ਹੋਰ ਬਣ ਗਈਆਂ ਬਹੁਤੀਆਂ ਸੰਸਥਾਵਾਂ ਨੂੰ। ਕੁਝ ਦਾ ਖਿਆਲ ਸੀ ਕਿ ਬਹੁਤੀਆਂ ਬਣੀਆਂ ਸੰਸਥਾਵਾਂ ਨੇ ਦਰਸ਼ਕਾਂ ਦੀਆਂ ਮਿੰਨਤਾਂ ਕੱਢ ਕੇ ਉਨ੍ਹਾਂ ਨੂੰ ਭੂਏ ਕਰ ਲਿਆ ਹੈ। ਇਕ ਸੱਜਣ ਇਸ ਸਾਰੀ ਸਥਿਤੀ 'ਤੇ ਵਿਅੰਗ

(ਬਾਕੀ ਸਫਾ 4 'ਤੇ)









ਹੋਰ ਤਸਵੀਰਾਂ ਸਫਾ 34 ਤੇ 35 ਉਤੇ




























*Sponsored Page*



# ਰੌਕੀ ਖਹਿਰਾ ਨੇ ਜਿਤਿਆ ਅਮੈਰਿਕਨ ਜੂਨੀਅਰ ਗੌਲਫ ਟੂਰਨਾਮੈਂਟ

ਪੰਜਾਬੀਆਂ ਦੀਆਂ ਮਨਪਸੰਦ ਖੇਡਾਂ ਕਬੱਡੀ ਅਤੇ ਹਾਕੀ ਹੀ ਰਹੀਆਂ ਹਨ। ਜੇ ਕਦੇ ਕਦਾਈਂ ਉਹ ਫੁਟਬਾਲ ਯਾਨਿ ਸਾਕਰ ਨੂੰ ਠੁੱਡ ਮਾਰ ਲੈਣ ਤਾਂ ਵੱਖਰੀ ਗੱਲ ਹੈ। ਕਦੋਂ ਕੋਈ ਅਭਿਨਵ



**ਰੌਕੀ ਖਹਿਰਾ**

ਬਿੰਦਰਾ ਰਾਇਫਲ ਸੂਟਿੰਗ ਵਿਚ ਓਲੰਪਿਕ ਗੋਲਡ ਮੈਡਲ ਜਿੱਤ ਕੇ ਭਾਰਤ ਦਾ ਨਾਂ ਰੌਸ਼ਨ ਕਰ ਸਕਦਾ ਹੈ ਕਿਸੇ ਦੇ ਚਿਤ ਚੇਤੇ ਵੀ ਨਹੀਂ ਸੀ। ਜੇ ਅਜਿਹੇ ਵਿਚ ਰੌਕੀ ਖਹਿਰਾ ਗੌਲਫ ਵਿਚ ਆਪਣਾ ਨਾਂ ਚਮਕਾ ਲਵੇ ਤਾਂ ਕੋਈ ਅਲੋਕਾਰੀ ਗੱਲ ਨਹੀਂ। ਹਾਈ ਸਕੂਲ ਦੇ ਵਿਦਿਆਰਥੀ 17 ਸਾਲਾ ਰੌਕੀ ਨੇ ਹਾਲ ਹੀ ਵਿਚ ਮੈਕਸਿਕੋ ਦੇ ਸ਼ਹਿਰ ਕੈਨਕੂਨ ਵਿਚ ਹੋਏ ਅਮੈਰਿਕਨ ਜੂਨੀਅਰ ਗੌਲਫ ਐਸੋਸੀਏਸ਼ਨ ਦਾ ਮਾਯਾਕੋਬਾ ਜੂਨੀਆਰ ਕਲਾਸਿਕ ਟੂਰਨਾਮੈਂਟ ਦੋ ਸਟੋਕ ਨਾਲ ਜਿਤਿਆ। ਰਾਕੀ ਨੇ ਇਸ ਤਿੰਨ ਰੋਜ਼ਾ ਮੁਕਾਬਲੇ ਵਿਚ 216 ਅੰਕ ਬਣਾਏ ਅਤੇ ਦੂਜੇ ਦਿਨ ਮੁਕਾਬਲੇ ਦਾ ਸਭ ਤੋਂ ਵਧੀਆ 66 ਰਾਊਂਡ ਦਾ ਰਿਕਾਰਡ ਬਣਾਇਆ। ਇਸ ਟੂਰਨਾਮੈਂਟ ਵਿਚ ਅਮਰੀਕਾ ਤੇ ਮੈਕਸਿਕੋ ਦੇ ਖਿਡਾਰੀਆਂ ਨੇ ਹਿੱਸਾ ਲਿਆ ਸੀ। ਰੌਕੀ ਖਹਿਰਾ ਪਹਿਲਾ ਸਿੱਖ ਅਮਰੀਕਨ ਹੈ ਜਿਸ ਨੇ ਅਮੈਰਿਕਨ ਜੂਨੀਅਰ ਗੌਲਫ ਐਸੋਸੀਏਸ਼ਨ ਦਾ ਟੂਰਨਾਮੈਂਟ ਜਿਤਿਆ ਹੈ।

ਇਸ ਤੋਂ ਪਹਿਲੇ ਹਫਤੇ ਰੌਕੀ ਨੇ ਅਮੈਰਿਕਨ ਜੂਨੀਅਰ ਗੌਲਫ ਐਸੋਸੀਏਸ਼ਨ ਦਾ ਨੌਰਥ ਕੈਰੋਲਾਈਨਾ ਵਿਚ ਹੋਇਆ ਗੌਲਫ ਪਰਾਈਡ ਟੂਰਨਾਮੈਂਟ ਖੇਡਿਆ ਅਤੇ ਤਿੰਨ ਦਿਨਾਂ ਵਿਚ 70, 70, 72 ਅੰਕ ਬਣਾ ਕੇ ਦਸਵਾਂ ਸਥਾਨ ਹਾਸਲ ਕੀਤਾ। ਇਸੇ ਸਾਲ ਉਸ ਨੇ ਬੈਗ ਵੈਲ ਜੂਨੀਅਰ ਇਨਵੀਟੇਸ਼ਨ ਟੂਰਨਾਮੈਂਟ ਵੀ ਜਿਤਿਆ ਜਿਸ ਦਾ ਉਹ ਪਿਛਲੇ ਸਾਲ ਵੀ ਚੈਂਪੀਅਨ ਸੀ। ਰੌਕੀ ਹਾਈ ਸਕੂਲ ਖੇਡਾਂ ਵਿਚ ਜ਼ਿਲਾ ਅਤੇ ਰਿਜਨ ਪੱਧਰ 'ਤੇ ਪਹਿਲਾ ਨੰਬਰ ਹਾਸਲ ਕਰ ਚੁੱਕਾ ਹੈ ਜਦੋਂਕਿ ਪੂਰੀ ਫਲੋਰਿਡਾ ਸਟੇਟ ਵਿਚ ਉਹ ਦਸਵੇਂ ਨੰਬਰ 'ਤੇ ਰਿਹਾ ਹੈ।

ਰੌਕੀ ਦੇ ਪਿਤਾ ਡਾ. ਜਸਵਿੰਦਰ ਸਿੰਘ ਖਹਿਰਾ ਫਲੋਰਿਡਾ ਵਿਚ ਇਕ ਨਾਮੀ ਨਿਊਰੋਲੋਜਿਸਟ ਹਨ। ਰੌਕੀ ਨੂੰ ਵਿਰਾਸਤ ਵਿਚ ਭਾਵੇਂ ਹਾਕੀ ਦੀ ਖੇਡ ਮਿਲੀ ਸੀ ਪਰ ਉਸ ਨੇ ਗੌਲਫ ਚੁਣੀ। ਉਸ ਦੀ ਦਿਲਚਸਪੀ ਪੰਜ ਸਾਲ ਦੀ ਉਮਰ ਤੋਂ ਹੀ ਗੌਲਫ ਵਿਚ ਜਾਗ ਉਠੀ। ਰੌਕੀ ਦੇ ਪਿਤਾ ਡਾ. ਖਹਿਰਾ ਆਪ ਹਾਕੀ ਦੇ ਵਧੀਆ ਖਿਡਾਰੀ ਰਹੇ ਹਨ ਅਤੇ 1981 ਵਿਚ ਉਹ ਅੰਮ੍ਰਿਤਸਰ ਮੈਡੀਕਲ ਕਾਲਜ ਦੀ ਹਾਕੀ ਟੀਮ ਦੇ ਕਪਤਾਨ ਸਨ ਜਿਸ ਨੇ ਆਲ ਇੰਡੀਆ ਇੰਟਰ ਮੈਡੀਕਲ ਕਾਲਜ ਟੂਰਨਾਮੈਂਟ ਜਿਤਿਆ ਹੈ। ਆਸ ਕਰ ਸਕਦੇ ਹਾਂ ਕਿ ਰੌਕੀ ਭਵਿੱਖ ਵਿਚ ਗੌਲਫ ਵਿਚ ਵੱਡੀਆਂ ਮੱਲਾਂ ਮਾਰੇਗਾ।

# ਪੰਜਾਬੀ ਨੂੰ ਅਣਗੌਲਣ 'ਤੇ ਸਪੱਸ਼ਟੀਕਰਨ ਮੰਗਿਆ

**ਚੰਡੀਗੜ੍ਹ:** ਪੰਜਾਬ ਦੀ ਸਿੱਖਿਆ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਪੰਜਾਬੀ ਭਾਸ਼ਾ ਨੂੰ ਅਣਗੌਲਿਆਂ ਕਰਨ ਦੇ ਕਈ ਮਾਮਲਿਆਂ ਦਾ ਗੰਭੀਰ ਨੋਟਿਸ ਲੈਂਦਿਆਂ ਜਿੱਥੇ ਏ ਡੀ ਜੀ ਪੀ (ਕਰਾਈਮ) ਦੀ ਜਵਾਬ ਤਲਬੀ ਕੀਤੀ ਹੈ, ਉਥੇ ਸੰਗਰੂਰ ਦੇ ਇੱਕ ਸਕੂਲ 'ਚ ਵਿਦਿਆਰਥੀ ਨੂੰ ਪੰਜਾਬੀ ਬੋਲਣ 'ਤੇ ਕੀਤੀ ਗਈ ਕੁੱਟਮਾਰ ਅਤੇ ਸਿੱਖਿਆ ਬੋਰਡ ਵਲੋਂ 10ਵੀਂ ਕਲਾਸ ਦੀ ਓਪਨ ਸਕੂਲ ਦੀ ਡੇਟਸ਼ੀਟ 'ਚ ਕੀਤੀਆਂ ਗਈਆਂ ਪੰਜਾਬੀ ਅੱਖਰਾਂ ਦੀਆਂ ਗਲਤੀਆਂ ਸਬੰਧੀ ਅਧਿਕਾਰੀਆਂ ਅਤੇ ਸਕੂਲ ਦੇ ਪ੍ਰਬੰਧਕਾਂ ਤੋਂ ਇੱਕ ਸਪੱਸ਼ਟੀਕਰਨ ਮੰਗਿਆ ਹੈ। ਪੰਜਾਬ ਦੇ ਏਡੀਜੀਪੀ ਕਰਾਈਮ ਵੱਲੋਂ ਆਪਣੇ ਹੇਠਲੇ ਪੱਧਰ ਦੇ ਅਫ਼ਸਰਾਂ ਨੂੰ ਪੰਜਾਬੀ ਭਾਸ਼ਾ ਦੀ ਥਾਂ ਅੰਗਰੇਜ਼ੀ 'ਚ ਰਿਪੋਰਟਾਂ ਭੇਜਣ ਸਬੰਧੀ ਸਿੱਖਿਆ ਮੰਤਰੀ ਨੇ ਲਿਖਤੀ ਰੂਪ 'ਚ ਸਪੱਸ਼ਟੀਕਰਨ ਮੰਗਿਆ ਹੈ।



*ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਐਨ.ਆਰ.ਆਈ. ਵਿੰਗ ਦੀ ਅਮਰੀਕਾ ਇਕਾਈ ਦੇ ਓਹਾਇਓ ਸਟੇਟ ਲਈ ਨਵੇਂ ਨਿਯੁਕਤ ਹੋਏ ਜਨਰਲ ਸਕੱਤਰ ਹਰਵਿੰਦਰ ਸਿੰਘ ਵਾਲੀਆ ਅਤੇ ਪ੍ਰਧਾਨ ਸੁਰਜੀਤ ਸਿੰਘ ਮਾਵੀ (ਐਨ ਸੱਜੇ) ਅਮਰੀਕਾ ਇਕਾਈ ਦੇ ਮੀਤ ਪ੍ਰਧਾਨ ਸ. ਬਲਦੇਵ ਸਿੰਘ ਸੱਲਾਂ ਨਾਲ*

# ਗੁਰਦਵਾਰਾ ਦਸ਼ਮੇਸ਼ ਦਰਬਾਰ ਨਿਊ ਜਰਸੀ 'ਚ ਗੁਰਮਤਿ ਕੈਂਪ

**ਨਿਊ ਜਰਸੀ:** ਇਥੇ ਗੁਰਦਵਾਰਾ ਦਸ਼ਮੇਸ਼ ਦਰਬਾਰ ਵਿਖੇ ਬੱਚਿਆਂ ਦਾ ਇਕ ਗੁਰਮਤਿ ਕੈਂਪ 10 ਤੋਂ 22 ਅਗਸਤ ਤੱਕ ਸਿੱਖ ਨੈਸ਼ਨਲ ਸੈਂਟਰ ਹਿਊਸਟਨ ਦੇ ਅਗਜ਼ੈਕਟਿਵ ਡਾਇਰੈਕਟਰ ਪ੍ਰੋ. ਸੁਖਚੈਨ ਸਿੰਘ ਵਲੋਂ ਲਗਾਇਆ ਗਿਆ ਜਿਸ ਵਿਚ 70 ਦੇ ਕਰੀਬ ਬੱਚਿਆਂ ਨੇ ਭਾਗ ਲਿਆ।

ਕੈਂਪ ਵਿਚ ਬੱਚਿਆਂ ਨੂੰ ਗੁਰਮੁਖੀ ਲਿੱਪੀ ਦੇ ਧੁਨੀ-ਵਿਧਾਨ ਅਨੁਸਾਰ ਗੁਰਮੁਖੀ ਦਾ ਸਹੀ ਉਚਾਰਣ, ਲਗਾਂ-ਮਾਤ੍ਰਾਵਾਂ, ਅੱਖਰ-ਜੋੜਾਂ, ਸ਼ਬਦਾਵਲੀ ਅਤੇ ਗ੍ਰਾਫਿਕ-ਕਲੱਸਟਰ ਸਿਸਟਮ ਅਨੁਸਾਰ ਪੰਜਾਬੀ ਲਿਖਣ ਦਾ ਗਿਆਨ ਦਿੱਤਾ ਗਿਆ। ਇਸ ਤੋਂ ਇਲਾਵਾ ਗੁਰਮਤਿ ਸਿਧਾਂਤਾਂ ਤੇ ਗੁਰ-ਇਤਿਹਾਸ ਬਾਰੇ ਵੀ ਜਾਣਕਾਰੀ ਦਿੱਤੀ ਗਈ।



ਪ੍ਰੋ. ਸੁਖਚੈਨ ਸਿੰਘ ਦੀਆਂ ਗੁਰਮੁਖੀ ਲਿੱਪੀ ਬਾਰੇ ਤਿਆਰ ਕੀਤੀਆਂ ਕਿਤਾਬਾਂ, ਵਰਕ-ਬੁੱਕਸ ਅਤੇ ਮੈਟੀਰੀਅਲ ਦੀ ਵਰਤੋਂ ਕੀਤੀ ਗਈ। ਭਾਈ ਮਹਿੰਦਰਜੀਤ ਸਿੰਘ ਤੇ ਭਾਈ ਰਫ਼ਪਾਲ ਸਿੰਘ (ਦਿੱਲੀ ਵਾਲੇ) ਦੇ ਕੀਰਤਨੀ ਜਥੇ ਨੇ ਬੱਚਿਆਂ ਨੂੰ ਕੀਰਤਨ ਸਿਖਾਇਆ।

ਗੁਰਦਵਾਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਸਕੱਤਰ ਸਿੰਘ ਨੇ ਗੁਰਮਤਿ ਦੇ ਇਤਿਹਾਸਕ ਪੱਖ ਵਿਦਿਆਰਥੀਆਂ ਨਾਲ ਸਾਂਝੇ ਕੀਤੇ ਅਤੇ ਸ. ਮਿਹਰਬਾਨ ਸਿੰਘ ਨੇ ਵੀ ਬੱਚਿਆਂ ਨੂੰ ਗੁਰਮਤਿ ਬਾਰੇ ਸਿਖਲਾਈ ਦਿੱਤੀ। ਗੁਰਦਵਾਰਾ ਸਾਹਿਬ ਦੇ ਪ੍ਰਬੰਧਕਾਂ ਜਤਿੰਦਰ ਸਿੰਘ, ਬਰਜਿੰਦਰ ਸਿੰਘ ਬਰਾੜ, ਸਤਨਾਮ ਸਿੰਘ ਵਿਰਕ, ਗੁਰਦਾਵਰ ਸਿੰਘ, ਹਰੀ ਸਿੰਘ, ਮਹਿੰਦਰ ਸਿੰਘ ਸਿੱਧੂ, ਬੀਬੀ ਸਮਨਦੀਪ ਕੌਰ ਅਤੇ ਬੀਬੀ ਗੁਰਦੀਪ ਕੌਰ ਨੇ ਉਚੇਚਾ ਸਹਿਯੋਗ ਦਿੱਤਾ। ਗੁਰੂਘਰ ਦੇ ਸੇਵਾਦਾਰਾਂ ਜਗਮੀਤ ਸਿੰਘ ਅਤੇ ਸਤਨਾਮ ਸਿੰਘ ਨੇ ਵੀ ਅਣਥੱਕ ਸੇਵਾਵਾਂ ਕੀਤੀਆਂ।

# ਹਾਰਲੀ ਡੈਵਿਡਸਨ 'ਅੰਬਾਂ ਬਦਲੇ ਮੋਟਰਸਾਈਕਲ' ਸੌਦੇ 'ਚ ਭਾਰਤ ਦਾਖਲ

**ਸੁਨੀਤਾ ਚੋਪੜਾ**

**ਸ਼ਿਕਾਗੋ:** ਮਿਲਵਾਕੀ ਦੀ ਕੰਪਨੀ ਹਾਰਲੀ ਡੈਵਿਡਸਨ ਆਪਣੇ ਮੋਟਰਸਾਈਕਲ ਲੈ ਕੇ ਇਸ ਹਫਤੇ ਭਾਰਤੀ ਮਾਰਕਿਟ ਵਿਚ ਦਾਖਲ ਹੋ ਗਈ ਹੈ। ਭਾਰਤ ਵਿਚ ਅਮਰੀਕੀ ਮੋਟਰਸਾਈਕਲਾਂ ਦਾ ਦਾਖਲਾ 2007 ਵਿਚ ਹੋਈ ਉਸ ਵਪਾਰਕ ਸੌਦੇਬਾਜ਼ੀ ਕਾਰਨ ਸੰਭਵ ਹੋ ਸਕਿਆ ਜਿਸ ਨੂੰ 'ਅੰਬਾਂ ਬਦਲੇ ਮੋਟਰਸਾਈਕਲ' ਸੌਦੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਦੋਂ ਅਮਰੀਕਾ ਨੇ ਭਾਰਤ ਤੋਂ ਅੰਬ ਮੰਗਵਾਉਣ ਦੀ ਇਸ ਸ਼ਰਤ ਉਤੇ ਇਜਾਜ਼ਤ ਦਿੱਤੀ ਸੀ ਕਿ ਬਦਲੇ ਵਿਚ ਹਾਰਲੀ ਡੈਵਿਡਸਨ ਮੋਟਰਸਾਈਕਲ ਬਰਾਮਦ ਕੀਤੇ ਜਾਣਗੇ।

ਪੱਤਰਕਾਰਾਂ ਨਾਲ ਇਥੇ ਗੱਲਬਾਤ ਕਰਦਿਆਂ ਹਾਰਲੀ ਡੈਵਿਡਸਨ ਦੀ ਮੁੱਖ ਮੋਟਰਸਾਈਕਲ ਡਵੀਜ਼ਨ ਦੇ ਪ੍ਰੈਜ਼ੀਡੈਂਟ ਸ੍ਰੀ ਮੈਥਯੂ ਲੀਵੈਚ ਨੇ ਆਖਿਆ, 'ਇਸ ਸਮੇਂ ਭਾਰਤ ਵਿਚ ਕਈ ਸਾਰੀਆਂ ਗੱਲਾਂ ਮੌਜੂਦ ਹਨ ਜੋ ਸਾਡੇ ਹੱਕ ਵਿਚ ਜਾਂਦੀਆਂ ਹਨ। ਮੱਧਵਰਗੀ ਜਮਾਤ ਦੀ ਖਰਚਯੋਗ ਆਮਦਨ ਵਧੀ ਹੈ, ਸਰਕਾਰ ਨੇ ਹਾਈਵੇ ਬਣਾਉਣ 'ਤੇ ਖਰਚਾ ਵਧਾਇਆ ਹੈ ਅਤੇ ਹਾਲ ਹੀ ਵਿਚ ਭਾਰਤ ਵਿਚ ਆਏ ਆਰਥਿਕ ਉਭਾਰ ਨੇ ਲੋਕਾਂ ਦੀ ਮੌਜ ਮੇਲੇ ਵਾਲੇ ਮੋਟਰਸਾਈਕਲ ਖਰੀਦਣ ਵਿਚ ਦਿਲਚਸਪੀ ਵਧਾਈ ਹੈ।'

ਹਾਰਲੀ ਡੈਵਿਡਸਨ ਹੁਣ ਭਾਰਤ ਵਿਚ ਡੀਲਰਾਂ ਦੀ ਭਾਲ ਕਰ ਰਹੀ ਹੈ ਜਿਨ੍ਹਾਂ ਰਾਹੀਂ ਇਹ ਸੰਨ 2010 ਦੇ ਪਹਿਲੇ ਅੱਧ ਵਿਚ ਮੋਟਰਸਾਈਕਲ ਭਾਰਤੀ ਬਾਜ਼ਾਰ ਵਿਚ ਉਤਾਰ ਸਕੇ। ਮਿਲਵਾਕੀ ਦੀ ਇਸ ਕੰਪਨੀ ਦਾ ਮੋਟਰਸਾਈਕਲ ਭਾਰਤ ਵਿਚ ਬਣਾਉਣ ਜਾਂ ਅਸੈਂਬਲ ਕਰਨ ਦਾ ਕੋਈ ਇਰਾਦਾ ਨਹੀਂ। ਸਗੋਂ ਇਹ ਮੋਟਰਸਾਈਕਲ, ਉਨ੍ਹਾਂ ਦੇ ਹਿੱਸੇ-ਪੁਰਜ਼ੇ ਅਤੇ ਹੋਰ ਸਾਜ਼ੋ-ਸਾਮਾਨ ਅਮਰੀਕਾ ਤੋਂ ਹੀ ਦਰਾਮਦ ਕਰੇਗੀ। ਸ੍ਰੀ ਲੀਵੈਚ ਨੇ ਆਖਿਆ ਕਿ ਬਾਅਦ ਵਿਚ ਜੇ ਅਸੀਂ ਕਦੀ ਅਮਰੀਕਾ ਤੋਂ ਬਾਹਰ ਮੋਟਰਸਾਈਕਲ ਬਣਾਉਣ ਬਾਰੇ ਫੈਸਲਾ ਕੀਤਾ ਤਾਂ ਇਹ ਉਥੋਂ ਦੀ ਸਥਾਨਕ ਮੰਗ ਪੂਰੀ ਕਰਨ ਲਈ ਹੀ ਹੋਵੇਗਾ ਨਾ ਕਿ ਅਮਰੀਕਾ ਵਾਪਸ ਲਿਆਉਣ ਲਈ। ਉਨ੍ਹਾਂ ਆਖਿਆ ਕਿ ਹਾਰਲੀ ਡੈਵਿਡਸਨ ਦੇ ਬਣੇ ਮੋਟਰਸਾਈਕਲਾਂ ਦੀ ਅਮਰੀਕਾ ਤੋਂ ਬਾਹਰ ਵੀ ਚੰਗੀ ਮੰਗ ਹੈ ਫਿਰ ਵੀ ਸਾਡੀ ਕੁਲ ਵਿਕਰੀ ਦਾ 70 ਫੀਸਦੀ ਅਮਰੀਕਾ ਵਿਚ ਹੀ ਹੈ।

ਵਿਸ਼ਵ ਵਿਚ ਮੋਟਰਸਾਈਕਲਾਂ ਦੀ ਮਾਰਕੀਟ ਵਿਚ ਭਾਰਤ ਦਾ ਨਾਂ ਦੂਜੇ ਥਾਂ ਆਉਂਦਾ ਹੈ ਪਰ ਇਸ ਵਿਚ ਬਹੁਤ ਵੱਡਾ ਹਿੱਸਾ ਛੋਟੇ ਅਤੇ ਸਸਤੇ ਮੋਟਰਸਾਈਕਲਾਂ ਦਾ ਹੈ ਜਿਨ੍ਹਾਂ ਦੀ ਕੀਮਤ ਆਮ ਕਰਕੇ 1200 ਡਾਲਰ ਦੇ ਆਸ ਪਾਸ ਹੈ। ਇਨ੍ਹਾਂ ਦੀ ਵਰਤੋਂ ਕਾਰ ਦੀ ਥਾਂ ਕੀਤੀ ਜਾਂਦੀ ਹੈ। ਇਸ ਸਾਲ ਮੋਟਰਸਾਈਕਲਾਂ ਦੀ ਥਾਂ ਲੈਣ ਲਈ ਟਾਟਾ ਨੇ ਇਕ ਨਵੀਂ ਨੈਨੋ ਨਾਂ ਦੀ ਕਾਰ ਬਾਜ਼ਾਰ ਵਿਚ ਉਤਾਰੀ ਹੈ ਜਿਸ ਦੀ ਕੀਮਤ ਸਿਰਫ 2500 ਡਾਲਰ ਰੱਖੀ ਗਈ ਹੈ ਪ੍ਰੰਤੂ ਹਾਰਲੀ ਦਾ ਨਿਸ਼ਾਨਾ ਭਾਰਤ ਦਾ ਅਮੀਰ ਵਰਗ ਹੋਵੇਗਾ। ਕੰਪਨੀ ਭਾਰਤ ਵਿਚ ਕਰੀਬ 12 ਮਾਡਲ ਵੇਚੇਗੀ ਜਿਨ੍ਹਾਂ ਦੀ ਸ਼ੁਰੂਆਤੀ ਕੀਮਤ 14000 ਡਾਲਰ ਹੋਵੇਗੀ। ਹਾਲਾਂਕਿ ਅਮਰੀਕਾ ਵਿਚ ਸ਼ੁਰੂਆਤੀ ਕੀਮਤ ਇਸ ਤੋਂ ਅੱਧੀ ਤੋਂ ਵੀ ਘੱਟ ਹੈ। ਬੜੇ ਘੋਟ ਸਮਝੇ ਜਾਂਦੇ ਹਾਰਲੀ ਡੈਵਿਡਸਨ ਮੋਟਰਸਾਈਕਲ ਬਣਾਉਣ ਵਾਲੀ ਇਹ ਕੰਪਨੀ ਅਖੀਰ ਭਾਰਤ ਦੀਆਂ ਉਘੜ-ਦੁਘੜ ਸੜਕਾਂ ਦਾ ਪੈਂਡਾ ਕਰਨ ਲਈ ਤਿਆਰ ਹੈ।

ਭਾਰਤੀ ਨਜ਼ਰੀਏ ਤੋਂ ਹਾਰਲੀ ਉਪਰਲੇ ਅਮੀਰ ਵਰਗ ਦੇ ਬਾਜ਼ਾਰ ਵਿਚ ਇਕ ਹੋਰ ਮੀਲ ਪੱਥਰ ਹੈ। ਜੈਗੁਆਰ ਅਤੇ ਲੈਂਡ ਰੋਵਰ ਨੇ ਹਾਲ ਹੀ ਵਿਚ ਭਾਰਤ ਵਿਚ ਆਪਣੇ ਲਗਜ਼ਰੀ ਮਾਡਲ ਵੇਚਣ ਲਈ ਸ਼ੋਅਰੂਮ ਖੋਲ੍ਹੇ ਹਨ। ਔਡੀ, ਮਰਸਡੀਜ਼-ਬੈਂਜ਼ ਅਤੇ ਰੋਲਜ਼ ਰਾਇਸ ਪਹਿਲਾਂ ਹੀ ਇਸ ਖੇਤਰ ਵਿਚ ਭਾਰਤ ਅੰਦਰ ਪੈਰ ਧਰ ਚੁੱਕੀਆਂ ਹਨ। ਹਾਲ ਹੀ ਤੱਕ ਸਰਕਾਰੀ ਬੰਦਸ਼ਾਂ ਅਤੇ ਸੜਕਾਂ ਉਤੇ ਭਾਰੀ ਟਰੈਫਿਕ ਕਾਰਨ ਹਾਰਲੀ ਡੈਵਿਡਸਨ ਲਈ ਭਾਰਤੀ ਬਾਜ਼ਾਰ ਵਿਚ ਦਾਖਲ ਹੋਣਾ ਸੰਭਵ ਨਹੀਂ ਸੀ ਹੋ ਸਕਿਆ। ਕਈ ਅਮੀਰ ਤੇ ਉਤਸ਼ਾਹੀ ਸ਼ੌਕੀਨ ਹਾਰਲੀ ਡੈਵਿਡਸਨ ਦੇ ਪੁਰਜ਼ੇ ਬਾਹਰੋਂ ਮੰਗਵਾ ਕੇ ਮੋਟਰ ਸਾਈਕਲ ਆਪ ਅਸੈਂਬਲ ਕਰਵਾ ਲੈਂਦੇ ਸਨ। ਅਮਰੀਕਾ ਜਾਂ ਹੋਰਨਾਂ ਮੁਲਕਾਂ ਵਿਚ ਕੰਮ ਕਰਨ ਵਾਲੇ ਕੁਝ ਭਾਰਤੀ ਵੀ ਆਪਣੇ ਨਾਲ ਮੋਟਰਸਾਈਕਲ ਲੈ ਜਾਂਦੇ ਸਨ।

ਵਿਸ਼ਲੇਸ਼ਕਾਂ ਦਾ ਖਿਆਲ ਹੈ ਕਿ ਹਾਰਲੀ ਡੈਵਿਡਸਨ ਨੂੰ ਮੋਟਰਸਾਈਕਲਾਂ ਦੇ ਕੋਈ ਇੱਡੇ ਵੱਡੇ ਆਰਡਰ ਇੰਨੀ ਛੇਤੀ ਨਹੀਂ ਮਿਲਣ ਲੱਗੇ। 15000 ਡਾਲਰ ਦੀ ਕੀਮਤ ਨਾਲ ਇਹ ਬੜੇ ਮਹਿੰਗੇ ਮਾਡਲ ਹਨ ਅਤੇ ਹਾਰਲੀ ਡੈਵਿਡਸਨ ਕੁਝ ਅਮੀਰ ਕਾਕਿਆਂ ਦੀ ਸ਼ੌਕੀਨੀ ਹੀ ਪੂਰਾ ਕਰਨਗੇ।



## ਪੀ.ਸੀ.ਐਸ. ਦਾ ਖੇਡ ਮੇਲਾ

ਵਿਚ ਕਹਿ ਰਿਹਾ ਸੀ, 'ਕੋਈ ਟਿਕਟ ਨਹੀਂ, ਕੋਈ ਪਾਰਕਿੰਗ ਨਹੀਂ, ਖਾਣ ਨੂੰ ਖੁੱਲ੍ਹਾ, ਮੂੰਹ ਮਿੱਠਾ ਕਰਨ ਨੂੰ ਜਲੇਬ-ਜੇ ਫਿਰ ਵੀ ਲੋਕ ਨਹੀਂ ਆਉਂਦੇ ਤਾਂ ਸ਼ਾਇਦ ਅਗਲੀ ਵਾਰ ਮੇਲੇ ਵਾਲਿਆਂ ਨੂੰ ਇਹ ਐਲਾਨ ਕਰਨਾ ਪਵੇ ਕਿ ਆਇਆਂ ਨੂੰ ਵੀਹ-ਵੀਹ ਡਾਲਰ ਵੀ ਦੇਵਾਂਗੇ।'

ਇਸ ਖੇਡ ਮੇਲੇ ਨੂੰ ਨੇਪਰੇ ਚਾੜ੍ਹਨ ਲਈ ਬਹੁਤ ਸਾਰੇ ਵਾਲੰਟੀਅਰਾਂ ਨੇ ਆਪੋ ਆਪਣਾ ਹਿੱਸਾ ਪਾਇਆ ਜਿਨ੍ਹਾਂ ਵਿਚ ਪ੍ਰਦੀਪ ਦਿਓਲ, ਕੈਵਿਨ ਅਟਵਾਲ, ਨਵਰੰਗ ਬਾਜਵਾ, ਸੁਰਿੰਦਰ ਸਿੰਘ ਭਾਟੀਆ, ਰਘਵਿੰਦਰ ਸਿੰਘ ਮਾਹਲ, ਅਮਰਪਾਲ ਸਿੰਘ ਸੰਘਾ, ਡਾ. ਹਰਪ੍ਰੀਤ ਸਿੰਘ ਬਸਰਾਨ, ਡਾ. ਹਰਜਿੰਦਰ ਖਹਿਰਾ, ਹੈਪੀ ਹੀਰ, ਭਰਪੂਰ ਸਿੰਘ, ਸੁਭਾਸ਼ ਸਿੰਘ, ਟੋਨੀ ਸੰਘੇੜਾ, ਸ੍ਰੀਮਤੀ ਕਰਮਜੀਤ ਕੌਰ ਗਿੱਲ, ਦਲਬੀਰ ਸਿੰਘ, ਸ੍ਰੀਮਤੀ ਸਰਬਜੀਤ ਕੌਰ, ਸ੍ਰੀਮਤੀ ਰਾਜ ਕੌਰ ਲੈਲ, ਹਰਵਿੰਦਰ ਕੌਰ ਸੰਘਾ ਅਤੇ ਕਿਰਪਾਲ ਕੌਰ ਲਾਲ ਦੇ ਨਾਂ ਜ਼ਿਕਰਯੋਗ ਹਨ। ਸਈਅਦ ਮੋਹਸਿਨ ਨੇ ਫੋਟੋਗ੍ਰਾਫੀ ਕੀਤੀ, ਜਦੋਂਕਿ ਖਾਣਾ ਕੇ.ਕੇ. ਪੰਮਾ ਨੇ ਦਿੱਤਾ। ਮਿਊਜ਼ਿਕ 'ਤੇ ਡਿਊਟੀ ਰਫ਼ਪਾਲ ਸਿੰਘ ਨੇ ਨਿਭਾਈ। ਇਹ ਖੇਡ ਮੇਲਾ ਸੰਸਥਾ ਦੇ ਪ੍ਰਧਾਨ ਰੌਨੀ ਸਿੰਘ ਕੁਲਾਰ ਦੀ ਅਗਵਾਈ ਹੇਠ ਸੁਰਿੰਦਰ ਸਿੰਘ ਸੰਘਾ, ਭਿੰਦਰ ਸਿੰਘ ਪੰਮਾ, ਬਲਵਿੰਦਰ ਸਿੰਘ ਗਿਰਨ, ਸੁਖਦੇਵ ਸਿੰਘ ਅਟਵਾਲ, ਅਮਰਜੀਤ ਕੌਰ ਅਟਵਾਲ, ਹਰਵਿੰਦਰਪਾਲ ਸਿੰਘ ਲੈਲ, ਓਂਕਾਰ ਸਿੰਘ ਸੰਘਾ, ਸੰਨੀ ਕੁਲਾਰ, ਬਲਜੀਤ ਸਿੰਘ ਸਿੱਧੂ, ਠਾਕਰ ਸਿੰਘ ਬਸਾਤੀ, ਮਹਿੰਦਰਜੀਤ ਸਿੰਘ ਸੈਣੀ, ਰਾਜਿੰਦਰ ਸਿੰਘ ਮਾਗੋ ਅਤੇ ਸਾਥੀਆਂ ਦੇ ਯਤਨਾਂ ਸਦਕਾ ਨੇਪਰੇ ਚੜ੍ਹਿਆ।

# ਸ਼ੇਰੇ ਪੰਜਾਬ ਦੇ ਕਬੱਡੀ ਕੱਪ ਮੇਲੇ ਲਈ ਸਭ ਤਿਆਰੀਆਂ ਮੁਕੰਮਲ

**ਸ਼ਿਕਾਗੋ:** ਸ਼ੇਰੇ-ਏ-ਪੰਜਾਬ ਸਪੋਰਟਸ ਕਲੱਬ (ਸ਼ਿਕਾਗੋ) ਵਲੋਂ ਆਉਂਦੀ 6 ਸਤੰਬਰ ਨੂੰ ਇਥੋਂ ਦੀ ਸਬਰਬ ਐਲਕ ਗਰੂਵ ਦੇ ਬਸੀ ਵੁਡਜ਼ ਗਰਾਊਂਡ ਵਿਚ ਕਰਵਾਏ ਜਾ ਰਹੇ ਦੂਜੇ ਕਬੱਡੀ ਟੂਰਨਾਮੈਂਟ ਲਈ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਹ ਜਾਣਕਾਰੀ ਪੰਜਾਬ ਟਾਈਮਜ਼ ਨੂੰ ਦਿੰਦਿਆਂ ਕਲੱਬ ਦੇ ਪ੍ਰਧਾਨ ਸ੍ਰੀ ਜਿੰਦੀ ਖੰਘੂੜਾ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿਚ ਅਮਰੀਕਾ ਦੀਆਂ ਚਾਰ ਨਾਮੀ ਟੀਮਾਂ ਮਾਡੈਸਟੋ, ਬੇ-ਏਰੀਆ ਸਪੋਰਟਸ ਕਲੱਬ, ਇੰਡੀਅਨਐਪੋਲਿਸ ਅਤੇ ਉਨ੍ਹਾਂ ਦੀ ਆਪਣੀ ਸ਼ੇਰੇ ਪੰਜਾਬ ਕਲੱਬ ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ। ਇਸ ਟੂਰਨਾਮੈਂਟ ਵਿਚ ਰਣਜੀਤ ਪੱਤੜ, ਵਿੱਕੀ, ਸੁੱਖਾ, ਤਰਨਜੀਤ, ਸੰਦੀਪ, ਇੰਦਰਜੀਤ ਚੌਹਾਨ, ਤਅਬ, ਬੌਬੀ ਤੇ ਅਮਰੀਕ ਗਾਖਲ ਵਰਗੇ ਨਾਮੀ ਖਿਡਾਰੀ ਕਬੱਡੀ ਦੇ ਜੌਹਰ ਵਿਖਾਉਣਗੇ। ਮੈਚ ਬਹੁਤ ਹੀ ਫਸਵੇਂ ਹੋਣ ਦੀ ਸੰਭਾਵਨਾ ਹੈ।

ਸ੍ਰੀ ਖੰਘੂੜਾ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿਚ ਮੁੱਖ ਮਹਿਮਾਨ ਹਾਕੀ ਓਲੰਪੀਅਨ ਸ੍ਰੀ ਚਰਨਜੀਤ ਸਿੰਘ ਹੋਣਗੇ। ਦਰਸ਼ਕਾਂ ਲਈ ਮੁਫਤ ਖਾਣਾ, ਪਾਰਕਿੰਗ ਆਦਿ ਦੇ ਨਾਲ ਨਾਲ ਮਨੋਰੰਜਨ ਪ੍ਰੋਗਰਾਮ ਹੋਵੇਗਾ। ਸ੍ਰੀ ਖੰਘੂੜਾ ਨੇ ਦੱਸਿਆ ਕਿ ਇਸ ਮੌਕੇ ਪ੍ਰੀਤ ਬਰਾੜ, ਸੁਨੀਤਾ ਭੱਟੀ, ਵੀਰ ਸੁਖਵੰਤ ਅਤੇ ਕੁਲਵੰਤ ਕੌਰ ਨੇ ਪਹੁੰਚਣਾ ਸੀ ਪਰ ਵੀਜ਼ੇ ਦੀ ਅੜਿਚਣ ਆ ਜਾਣ ਕਰਕੇ ਉਹ ਨਹੀਂ ਪਹੁੰਚ ਸਕਣਗੇ। ਉਨ੍ਹਾਂ ਦਰਸ਼ਕਾਂ ਤੋਂ ਇਸ ਗੱਲ ਲਈ ਮੁਆਫੀ ਮੰਗਦਿਆਂ ਕਿਹਾ ਕਿ ਹੁਣ ਸੁਰਿੰਦਰ ਛਿੰਦਾ, ਭੁਪਿੰਦਰ ਬੱਬਲ ਅਤੇ ਸੁਖਵੰਤ ਸੁੱਖੀ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਪ੍ਰਧਾਨ ਜਿੰਦੀ ਖੰਘੂੜਾ ਮੁਤਾਬਕ ਮੈਚ ਸਵੇਰੇ ਦਸ ਵਜੇ ਸ਼ੁਰੂ ਹੋਣਗੇ ਅਤੇ ਟੀਮਾਂ ਨੂੰ ਖਾਸ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਸਮੇਂ ਸਿਰ ਨਾ ਪਹੁੰਚਣ 'ਤੇ ਭਾਰੀ ਜੁਰਮਾਨਾ ਹੋ ਸਕਦਾ ਹੈ।

# ਸਿੱਖ ਕਤਲੇਆਮ:3000 ਕਤਲ, ਸਜ਼ਾ ਸਿਰਫ 20 ਨੂੰ

**ਜਲੰਧਰ :** 25 ਵਰ੍ਹੇ ਪਹਿਲਾਂ 1984 ਵਿਚ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਦੀ ਰਾਜਧਾਨੀ ਵਿਚ ਲਗਾਤਾਰ ਤਿੰਨ ਦਿਨ ਬੇਸ਼ਰਮੀ ਅਤੇ ਬੇਬਾਕੀ ਨਾਲ ਸਰਕਾਰੀ ਸਰਪ੍ਰਸਤੀ ਹੇਠ ਹੋਏ ਸਿੱਖ ਕਤਲੇਆਮ ਦੌਰਾਨ ਦਿੱਲੀ ਦੀਆਂ ਸੜਕਾਂ 'ਤੇ ਚਿੱਟੇ ਦਿਨੀਂ ਵਹਿਸ਼ੀਆਨਾ ਢੰਗ ਨਾਲ ਕਤਲ ਕਰ ਦਿੱਤੇ ਗਏ 2733 ਸਿੱਖਾਂ ਦੇ ਕਤਲ ਲਈ ਹੁਣ ਤਕ ਮਿਲੇ ਇਨਸਾਫ਼ ਦੀ ਗਾਥਾ ਵੀ ਉਕਤ ਕਤਲੇਆਮ ਨਾਲੋਂ ਘੱਟ ਦਿਲ ਕੰਬਾਊ ਨਹੀਂ। ਰਾਜਸੀ ਆਗੂਆਂ ਦੇ ਵਾਅਦਿਆਂ ਅਤੇ ਦਾਅਵਿਆਂ, ਕਮਿਸ਼ਨਾਂ, ਕਮੇਟੀਆਂ ਅਤੇ ਅਦਾਲਤੀ ਇਨਸਾਫ ਦੀ ਚੱਕੀ ਵਿਚ ਪੀਹਣ ਮਗਰੋਂ 2733 ਕਤਲਾਂ ਲਈ ਹੁਣ ਤਕ ਮਹਿਜ਼ 20 ਦੋਸ਼ੀਆਂ ਨੂੰ ਹੀ ਉਮਰਕੈਦ ਦੀ ਸਜ਼ਾ ਸੁਣਾਈ ਗਈ ਹੈ ਅਤੇ ਇਸ ਕਾਂਡ ਲਈ ਦੋਸ਼ੀ ਪ੍ਰਭਾਵਸ਼ਾਲੀ ਵਿਅਕਤੀਆਂ ਨੂੰ ਵਿਰੋਧ ਦੇ ਬਾਵਜੂਦ ਨਿਵਾਜੇ ਜਾਣ ਦਾ ਸਿਲਸਿਲਾ ਬੜੀ ਬੇਕਿਰਕੀ ਨਾਲ ਬਾਦਸਤੂਰ ਜਾਰੀ ਹੈ।

ਹੁਣ ਤਕ ਕੇਵਲ ਇਕ ਵਿਅਕਤੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ, ਜਿਹੜੀ ਅਪੀਲ ਕਰਨ 'ਤੇ ਸਰਬਉੱਚ ਅਦਾਲਤ ਵਲੋਂ ਉਮਰਕੈਦ ਵਿਚ ਤਬਦੀਲ ਕਰ ਦਿੱਤੀ ਗਈ। ਇਹ ਪਹਿਲਾ ਕੇਸ ਹੈ ਕਿ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਕਿਸੇ ਇਰਾਦਾ ਕਤਲ ਦੇ ਮਾਮਲੇ ਵਿਚ ਦੋਸ਼ੀਆਂ ਨੂੰ ਉਮਰਕੈਦ ਦੀ ਸਜ਼ਾ ਸੁਣਾਈ ਗਈ ਹੋਵੇ। ਵਰਨਣਯੋਗ ਹੈ ਕਿ ਦਿੱਲੀ ਵਿਚ ਵਧੀਕ ਸੈਸ਼ਨ ਜੱਜ ਮਾਨਯੋਗ ਐਸ.ਐਸ.ਰਾਠੀ ਦੀ ਅਦਾਲਤ ਨੇ ਮੰਗਲ ਸੇਨ ਉਰਫ਼ ਬਿੱਲਾ, ਬ੍ਰਿਜ ਮੋਹਨ ਵਰਮਾ ਅਤੇ ਭਗਤ ਸਿੰਘ ਨੂੰ ਉੱਤਰੀ ਦਿੱਲੀ ਦੇ ਸ਼ਾਸਤਰੀ ਨਗਰ ਇਲਾਕੇ ਵਿਚ ਦੰਗੇ ਕਰਨ, ਕਤਲ ਅਤੇ ਡਕੈਤੀ ਦੇ ਮਾਮਲਿਆਂ ਵਿਚ ਦੋਸ਼ੀ ਕਰਾਰ ਦਿੰਦੇ ਹੋਏ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਇਹ ਫ਼ੈਸਲਾ ਇਸ ਲਈ ਵੀ ਇਤਿਹਾਸਕ ਹੈ ਕਿ ਉਕਤ ਤਿੰਨਾਂ ਦੋਸ਼ੀਆਂ ਦੇ ਪੀੜਤ ਪਰਿਵਾਰਾਂ ਨੂੰ 6 ਲੱਖ 20 ਹਜ਼ਾਰ ਰੁਪਏ ਦਾ ਹਰਜਾਨਾ ਅਦਾ ਕਰਨ ਦੇ ਹੁਕਮ ਦਿੱਤੇ ਗਏ ਹਨ, ਭਾਵ ਤਿੰਨਾਂ ਨੂੰ ਕੁਲ ਮਿਲਾ ਕੇ 18 ਲੱਖ 60 ਹਜ਼ਾਰ ਰੁਪਏ ਅਦਾ ਕਰਨੇ ਪੈਣਗੇ। ਇਹ ਰਕਮ ਇਸ ਕੇਸ ਵਿਚ ਪੀੜਤ ਧਿਰ ਜਗਮੋਹਨ ਸਿੰਘ ਅਤੇ ਉਸ ਦੇ ਭਰਾ ਗੁਰਵਿੰਦਰ ਸਿੰਘ ਨੂੰ ਜਾਵੇਗੀ। ਇਹ ਵੀ ਪਹਿਲੀ ਵਾਰ ਹੈ ਕਿ ਇਰਾਦਾ ਕਤਲ ਦੇ ਮਾਮਲੇ ਵਿਚ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਣ ਦੇ ਨਾਲ ਨਾਲ ਪੀੜਤ ਧਿਰ ਨੂੰ ਇੰਨੀ ਵੱਡੀ ਰਕਮ ਹਰਜਾਨੇ ਦੇ ਰੂਪ ਵਿਚ ਦੇਣ ਲਈ ਕਿਹਾ ਗਿਆ ਹੈ।

ਧਰਮ ਨਿਰਪੱਖ, ਜਮਹੂਰੀ ਅਤੇ ਮਨੁੱਖੀ ਅਧਿਕਾਰਾਂ ਦੇ ਰਾਖੇ ਹੋਣ ਦਾ ਦਾਅਵਾ ਕਰਦੇ ਇਸ ਮੁਲਕ ਦੇ ਇਤਿਹਾਸ ਦੇ ਮੱਥੇ 'ਤੇ ਸਿਆਹ ਕਾਲੇ ਅੱਖਰਾਂ ਵਿਚ ਦਰਜ ਇਸ ਕਤਲੇਆਮ ਦੇ ਸਬੰਧ ਵਿਚ ਮਾਨਯੋਗ ਜੱਜ ਐਸ.ਐਸ. ਰਾਠੀ ਵਲੋਂ ਕੀਤੀਆਂ ਗਈਆਂ ਟਿੱਪਣੀਆਂ ਆਪਣੇ ਆਪ ਵਿਚ ਬਹੁਤ ਮਹੱਤਵਪੂਰਨ ਅਤੇ ਇਸ ਦੇਸ਼ ਦੇ ਨਿਜ਼ਾਮ ਲਈ ਸ਼ੀਸ਼ਾ ਹਨ। ਰਾਜਸੀ ਲੀਡਰਸ਼ਿਪ, ਦਿੱਲੀ ਦੇ ਪ੍ਰਸ਼ਾਸਕਾਂ ਅਤੇ ਪੁਲਿਸ ਨੂੰ ਇਸ ਮਾਮਲੇ ਵਿਚ ਭੂਮਿਕਾ ਲਈ ਕਰੜੇ ਹੱਥੀਂ ਲੈਂਦਿਆਂ ਮਾਨਯੋਗ ਜੱਜ ਨੇ ਕਿਹਾ ਹੈ ਕਿ ਇਹ ਬਹੁਤ ਹੀ ਮੰਦਭਾਗਾ ਹੈ ਕਿ ਕਿਸੇ ਵੀ ਘਟਨਾਕ੍ਰਮ ਨੂੰ ਰੋਕਣ ਦੀ ਬਜਾਏ ਸਾਡੇ ਦੇਸ਼ ਦੀ ਲੀਡਰਸ਼ਿਪ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਇਨ੍ਹਾਂ ਨੂੰ ਉਤਸ਼ਾਹਿਤ ਕਰਦੀ ਹੈ।

ਦਿੱਲੀ ਦੇ ਸਿੱਖ ਕਤਲੇਆਮ ਦੇ ਮਾਮਲਿਆਂ ਦੀ ਬੜੀ ਸ਼ਿੱਦਤ ਨਾਲ ਪੈਰਵਾਈ ਕਰਦੇ ਆਏ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ. ਐਚ.ਐਸ. ਫੂਲਕਾ ਅਤੇ ਸ਼੍ਰੀ ਮਨੋਜ ਮਿੱਤਾ ਵਲੋਂ ਸਾਂਝੇ ਤੌਰ 'ਤੇ ਲਿਖੀ ਗਈ ਪੁਸਤਕ 'ਜਦ ਇਕ ਦਰੱਖ਼ਤ ਨੇ ਦਿੱਲੀ ਹਿਲਾਈ' ਅਨੁਸਾਰ ਇਸ ਕਤਲੇਆਮ ਵਿਚ ਮਾਰੇ ਗਏ ਸਿੱਖਾਂ ਦੀ 2733 ਦੀ ਗਿਣਤੀ ਤਾਂ ਸਰਕਾਰੀ ਅੰਕੜਿਆਂ ਅਨੁਸਾਰ ਹੈ।

ਇਸੇ ਦੌਰਾਨ ਦੋਵੇਂ ਭਰਾ ਜਗਮੋਹਨ ਸਿੰਘ ਅਤੇ ਗੁਰਿੰਦਰ ਸਿੰਘ ਅਦਾਲਤ ਦੇ ਫੈਸਲੇ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਸਨ ਅਤੇ ਮਾਣ ਮਹਿਸੂਸ ਕਰ ਰਹੇ ਸਨ ਕਿ ਭਾਵੇਂ ਇਨਸਾਫ ਵਿਚ ਦੇਰੀ ਹੋਈ ਪਰ ਉਹ ਇਨਸਾਫ ਤੋਂ ਵਾਂਝੇ ਨਹੀਂ ਰਹੇ। ਉਨ੍ਹਾਂ ਚਾਹਿਆ ਕਿ ਉਨ੍ਹਾਂ ਦਾ ਪਿਤਾ ਜੋ ਕਿ 1990 ਵਿਚ ਚੱਲ ਵੱਸਿਆ ਸੀ, ਦੋਸ਼ੀਆਂ ਨੂੰ ਸਜ਼ਾ ਮਿਲਦੀ ਦੇਖ ਪਾਉਂਦਾ।

ਅਦਾਲਤ ਦੇ ਫੈਸਲੇ ਦਾ ਸਵਾਗਤ ਕਰਦੇ ਹੋਏ ਮਨੁੱਖੀ ਅਧਿਕਾਰ ਸੰਸਥਾ "ਸਿੱਖਸ ਫਾਰ ਜਸਟਿਸ" ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂੰ ਨੇ ਹੋਰਨਾਂ ਪੀੜਤਾਂ ਅਤੇ ਚਸ਼ਮਦੀਦ ਗਵਾਹਾਂ ਨੂੰ ਅਪੀਲ ਕੀਤੀ ਹੈ ਕਿ ਉਹ ਵੀ ਅੱਗੇ ਆਉਣ ਅਤੇ ਇਨਸਾਫ ਦੀ ਆਵਾਜ ਬੁਲੰਦ ਕਰਨ। ਸਿੱਖਸ ਫਾਰ ਜਸਟਿਸ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ) ਨਾਲ ਰਲ ਕੇ ਨਵੰਬਰ 84 ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਮੁਹਿੰਮ ਚਲਾ ਰਹੀ ਹੈ। ਅਟਾਰਨੀ ਪੰਨੂੰ ਨੇ ਕਿਹਾ ਕਿ ਹਾਲਾਂ ਕਿ ਇਹ ਫੈਸਲਾ ਦਰਸਾਉਂਦਾ ਹੈ ਕਿ ਹਾਲੇ ਵੀ ਇਨਸਾਫ ਦੀ ਉਮੀਦ ਕੀਤੀ ਜਾ ਸਕਦੀ ਹੈ ਪਰ ਅਸਲ ਇਨਸਾਫ ਉਦੋਂ ਹੀ ਮੰਨਿਆ ਜਾਵੇਗਾ ਜਦੋਂ ਇਸ ਨਸਲਕੁਸ਼ੀ ਦੇ ਹੋਰ ਦੋਸ਼ੀਆਂ ਵੱਡੇ ਸਿਆਸਤਦਾਨਾਂ ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਕਮਲ ਨਾਥ ਅਤੇ ਅਮਿਤਾਬ ਬੱਚਨ ਨੂੰ ਸਜ਼ਾਵਾਂ ਦਿੱਤੀ ਜਾਣਗੀਆਂ।



*ਦਿੱਲੀ ਕਤਲੇਆਮ ਦੇ ਤਿੰਨ ਦੋਸ਼ੀਆਂ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ ਜਗਮੋਹਨ ਸਿੰਘ ਅਤੇ ਗੁਰਿੰਦਰ ਸਿੰਘ ਆਪਣੇ ਸਾਥੀਆਂ ਨਾਲ ਜਿੱਤ ਦਾ ਨਿਸ਼ਾਨ ਬਣਾਉਂਦੇ ਹੋਏ*

## Matrimonials

US citizen match for Jat Sikh, Teatotaller, Veg. boy, 5'-11", Sep. 79 born, Computer Engineer(B.Tech ECE) on H1B visa in US. Father Senior retd. Army Officer and having more than 10 acre land. Contact: hs_natt@yahoo.com, Mob: 414-460-7118

**ਰਾਮਗੜ੍ਹੀਆ ਸਿੱਖ, 27 ਸਾਲ, 6' 2", ਕਲੀਨ ਸ਼ੇਵ, ਗਰੀਨ ਕਾਰਡ ਹੋਲਡਰ ਗਰੈਜੂਏਟ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਅਮਰੀਕਨ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ। ਅੱਛੀ ਆਮਦਨ। ਸੰਪਰਕ ਕਰੋ:ਫੋਨ 708-649-9192, 708-699-3800**

Gursikh parents seeking suitable match for 26 Year old, 5' 3" daughter. Girl has done B.A. B.Ed. and is working as teacher in a reputed english medium school. Girl and Parents visiting US on tourist visa. Brother settled and working in US. Contact:408-544-0538, jaswinder_kaur_in@yahoo.com

Wanted suitable match for Jatt Sikh girl 5'7"/26.5yrs, pursuing higher education in USA contact-509-771-9297 or e-mail: deep3250@gmail.com

## Editing & Translation

**Professional Text Editing in English and Translation Work from Punjabi to English (Academic, Technical and Creative)**

**Prithvi Raj**
**prithviraj46@yahoo.com**
**shaprithvi@gmail.com**
**Cell (India)-094173-50789**


# Easy Travel Inc.

ਸਸਤੀਆਂ ਹਵਾਈ ਟਿਕਟਾਂ

**7191 Camelot Drive, Canton, MI 48187 Fax: 866-908-6663**
**www.easytravelinc.net info@easytravelinc.net**

**Ph:734-451-9526, Toll Free:866-51-INDIA**

ਹਵਾਈ ਟਿਕਟਾਂ ਦੀ ਸੇਲ

***Consolidator of Major Airlines** ***Lowest price to India**

**Cheapest Air Ticket From Your City To Anywhere In India**

**ਆਪਣੇ ਸ਼ਹਿਰ ਤੋਂ ਇੰਡੀਆ ਲਈ ਸਭ ਤੋਂ ਸਸਤੇ ਭਾਅ ਟਿਕਟ ਖਰੀਦੋ**

**Michigan to Delhi round trip including taxes**
Detroit-Delhi-$1008
Grand Rapids-Del-$1008
Kalamazoo-$1008
Lansing-Delhi-$1008

**Ohio to Delhi round trip including taxes**
Columbus-Delhi-$1008
Cincinnati-Delhi-$1008
Cleveland-Delhi-$1008

*Hurry special fare expiring Sep 15, 09*

Chicago-Delhi-$884
Indianapolis-Delhi-$995
Milwaukee-Delhi-$992



*Fares are valid from 30 Sep to 10 Dec, 09- last date to purchase is 15 Sep. Price is subject to availability and is subject to change without notice.*

**Punjab Times**

**Established in 2000**
**10th Year of Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**Chicago Community Reporter**
Sunita Chopra
Ph:773-370-7106

**California Bureau:**
Ashok Bhaura
(Bureau Chief)
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664

**Honorary Directors Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਜਪਾ ਸੰਕਟ ਹੋਰ ਡੂੰਘਾ, ਹੱਲ ਅਜੇ ਦੂਰ

ਕਿਆਸਅਰਾਈਆਂ ਸਭ ਮੀਡੀਆ ਦੀ ਦੇਣ ਹਨ ਅਤੇ ਇਹ ਸਭ ਕਲਪਨਾ 'ਤੇ ਆਧਾਰਤ ਹਨ।

ਭਾਜਪਾ ਨੇਤਾਵਾਂ ਅਰੁਣ ਜੇਤਲੀ, ਸੁਸ਼ਮਾ ਸਵਰਾਜ, ਅਨੰਤ ਕੁਮਾਰ ਅਤੇ ਵੈਂਕਈਆ ਨਾਇਡੂ ਤੋਂ ਇਲਾਵਾ ਸੀਨੀਅਰ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਵੀ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨਾਲ ਮੁਲਾਕਾਤ ਕੀਤੀ। ਭਾਜਪਾ ਦੇ ਮੌਜੂਦਾ ਸੰਕਟ ਬਾਰੇ ਚਰਚਾ ਕਰਨ ਲਈ ਸ੍ਰੀ ਭਾਗਵਤ ਭਾਜਪਾ ਦੇ ਸੀਨੀਅਰ ਆਗੂ ਮੁਰਲੀ ਮਨੋਹਰ ਜੋਸ਼ੀ ਦੇ ਘਰ ਗਏ। ਉਸ ਤੋਂ ਪਿੱਛੋਂ ਐਤਵਾਰ ਸਵੇਰੇ ਲਾਲ ਕ੍ਰਿਸ਼ਨ ਅਡਵਾਨੀ ਦੇ ਘਰ ਨਾਸ਼ਤੇ ਲਈ ਜਾਣਾ ਸੰਤੁਲਨ ਬਣਾਏ ਰੱਖਣ ਦੀ ਕਵਾਇਦ ਹੀ ਮੰਨਿਆ ਜਾ ਰਿਹਾ ਹੈ, ਕਿਉਂਕਿ ਅਡਵਾਨੀ ਦੇ ਭਵਿੱਖ ਬਾਰੇ ਜੋ ਫੈਸਲਾ ਹੋਣਾ ਹੈ, ਉਹ ਸੰਘ ਮੁਖੀ ਪਹਿਲਾਂ ਹੀ ਤੈਅ ਕਰ ਚੁੱਕੇ ਹਨ।

ਯਾਦ ਰਹੇ ਭਾਜਪਾ ਦੀ ਸ਼ਿਮਲਾ ਚਿੰਤਨ ਬੈਠਕ ਤੋਂ ਪਹਿਲਾਂ ਇਕ ਟੀ.ਵੀ. ਚੈਨਲ ਨੂੰ ਇੰਟਰਵਿਊ 'ਚ ਭਾਗਵਤ ਨੇ ਇਹ ਕਿਹਾ ਸੀ ਕਿ ਨੌਜਵਾਨਾਂ ਨੂੰ ਹਰੇਕ ਪੱਧਰ 'ਤੇ ਭਾਜਪਾ ਦੀ ਕਮਾਨ ਸੌਂਪੀ ਜਾਣੀ ਚਾਹੀਦੀ ਹੈ। ਨਾਸ਼ਤਾ ਮੁਲਾਕਾਤ ਸਮੇਂ ਭਾਗਵਤ ਨਾਲ ਗਏ ਸੰਘ ਆਗੂ ਮਦਨ ਦਾਸ ਦੇਵੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਆਰ.ਐਸ.ਐਸ. ਨੂੰ ਭਰੋਸਾ ਦਿੱਤਾ ਗਿਆ ਹੈ ਕਿ ਭਾਜਪਾ ਲੀਡਰਸ਼ਿਪ ਪਾਰਟੀ ਵਜੋਂ ਇਕਮੁੱਠ ਹੋ ਕੇ ਮੌਜੂਦਾ ਸਥਿਤੀ ਦਾ ਸਾਹਮਣਾ ਕਰੇਗੀ, ਸਾਰੀਆਂ ਸਮੱਸਿਆਵਾਂ 'ਤੇ ਕਾਬੂ ਪਾ ਕੇ ਮਜ਼ਬੂਤ ਹੋ ਕੇ ਨਿਕਲੇਗੀ। ਉਨ੍ਹਾਂ ਅਡਵਾਨੀ ਨੂੰ ਭਾਜਪਾ ਦਾ ਸਭ ਤੋਂ ਸੀਨੀਅਰ ਆਗੂ ਕਰਾਰ ਦਿੱਤਾ।

ਸੰਘ ਅਤੇ ਭਾਜਪਾ ਦੇ ਸਾਂਝੇ ਤਰਜਮਾਨ ਪ੍ਰਕਾਸ਼ ਜਾਵਡੇਕਰ ਨੇ ਕਿਹਾ ਕਿ ਭਾਜਪਾ ਪ੍ਰਧਾਨ ਰਾਜਨਾਥ ਸਿੰਘ ਨੂੰ ਦੂਜੀ ਵਾਰ ਪ੍ਰਧਾਨ ਦੀ ਕੁਰਸੀ ਨਹੀਂ ਮਿਲੇਗੀ, ਕਿਉਂਕਿ ਪਾਰਟੀ ਸੰਵਿਧਾਨ ਇਸ ਦੀ ਇਜਾਜ਼ਤ ਨਹੀਂ ਦਿੰਦਾ। ਇਸ ਲਈ ਕਿਸੇ ਦੇ ਮਨ 'ਚ ਇਸ ਬਾਰੇ ਕੋਈ ਸ਼ੰਕਾ ਨਹੀਂ ਰਹਿਣੀ ਚਾਹੀਦੀ। ਉਧਰ ਮੀਡੀਆ ਰਿਪੋਰਟਾਂ ਅਨੁਸਾਰ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ



*ਭਾਰਤ ਦੇ ਸਾਬਕਾ ਵਿੱਤ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ 'ਚੋਂ ਛੇਕੇ ਜਾ ਚੁੱਕੇ ਆਗੂ ਜਸਵੰਤ ਸਿੰਘ ਸ਼ਿਮਲਾ ਵਿਚ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ*

ਪਾਰਟੀ ਦੀ ਵਾਗਡੋਰ ਉਨ੍ਹਾਂ ਨਵੇਂ ਚਿਹਰਿਆਂ ਹੱਥ ਸੌਂਪਣ ਲਈ ਤਿਆਰ ਨਹੀਂ ਹਨ, ਜਿਹੜੇ ਅਡਵਾਨੀ ਦੇ ਧੜੇ 'ਚੋਂ ਉਭਰ ਕੇ ਸਾਹਮਣੇ ਆਏ ਹਨ। ਸੰਘ ਮੁਖੀ ਦੀ ਰਾਇ ਹੈ ਕਿ ਰਾਜਨਾਥ ਸਿੰਘ ਦਾ ਵਾਰਸ ਉਸ ਆਗੂ ਨੂੰ ਬਣਾਇਆ ਜਾਣਾ ਚਾਹੀਦਾ ਹੈ, ਜਿਹੜਾ ਪਾਰਟੀ ਦੇ ਹਰ ਹਿੱਸੇ ਨੂੰ ਪ੍ਰਵਾਨ ਹੋਵੇ। ਪਾਰਟੀ ਪ੍ਰਧਾਨ ਦੇ ਅਹੁਦੇ ਲਈ ਅਰੁਣ ਜੇਤਲੀ, ਐਮ. ਵੈਂਕੱਈਆ ਨਾਇਡੂ, ਸੁਸ਼ਮਾ ਸਵਰਾਜ ਅਤੇ ਅਨੰਤ ਕੁਮਾਰ ਦੇ ਨਾਂ ਅੱਗੇ ਆਏ ਸਨ, ਜਿਨ੍ਹਾਂ ਬਾਰੇ ਕਿਹਾ ਜਾ ਰਿਹਾ ਹੈ ਕਿ ਭਾਗਵਤ ਨੇ ਉਨ੍ਹਾਂ ਦੇ ਨਾਂਵਾਂ 'ਤੇ ਸਿਰ ਫੇਰ ਦਿੱਤਾ ਹੈ। ਆਰ.ਐਸ.ਐਸ. ਮੁਖੀ ਵਲੋਂ ਰੱਖੀ ਗਈ ਸ਼ਰਤ ਅਨੁਸਾਰ ਨਵਾਂ ਪਾਰਟੀ ਪ੍ਰਧਾਨ ਨੌਜਵਾਨ ਅਤੇ ਗਤੀਸ਼ੀਲ ਹੋਣਾ ਚਾਹੀਦਾ ਹੈ ਤੇ ਉਸ ਦਾ ਪਿਛੋਕੜ ਵਧੀਆ ਹੋਣਾ ਚਾਹੀਦਾ ਹੈ। ਉਹ ਆਗੂ ਦੇਸ਼ ਭਰ 'ਚ ਪਾਰਟੀ ਕਾਡਰ ਨੂੰ ਪ੍ਰਵਾਨ ਹੋਣਾ ਚਾਹੀਦਾ ਹੈ। ਸੰਘ ਮੁਖੀ ਨੇ ਭਾਜਪਾ ਲੀਡਰਸ਼ਿਪ ਨੂੰ ਇਸ ਮਾਪਦੰਡ 'ਤੇ ਖਰੇ ਉਤਰਦੇ ਆਗੂਆਂ ਦੇ ਨਾਂਵਾਂ ਦੀ ਸੂਚੀ ਬਣਾ ਕੇ ਦੇਣ ਲਈ ਆਖਿਆ ਹੈ।

ਭਾਜਪਾ ਦੇ ਪ੍ਰਧਾਨ ਲਈ ਅਜਿਹੇ ਆਗੂ ਦੀ ਤਲਾਸ਼ ਲਈ ਦੋਹਾਂ ਧੜਿਆਂ ਵਲੋਂ ਮੰਥਨ ਹੋਵੇਗਾ ਅਤੇ ਸੂਚੀ 'ਚ ਆਪਣੇ ਆਪਣੇ ਹਮਾਇਤੀਆਂ ਦੇ ਨਾਂ ਸ਼ਾਮਲ ਕਰਨ ਲਈ ਦੌੜ ਤੇ ਖਿੱਚੋਤਾਣ ਵਧੇਗੀ। ਸੰਘ ਮੁਖੀ ਦੇ ਦਖ਼ਲ ਨਾਲ ਭਾਜਪਾ ਨੇਤਾਵਾਂ ਦੀ ਆਪਸੀ ਦੁਸ਼ਣਬਾਜ਼ੀ ਭਾਵੇਂ ਹਾਲ ਦੀ ਘੜੀ ਥੰਮ ਜਾਵੇ ਪਰ ਜਾਪਦਾ ਹੈ ਕਿ ਪਾਰਟੀ ਦੀ ਲੀਡਰਸ਼ਿਪ ਦਾ ਸੰਕਟ ਦੇਰ ਨਾਲ ਹੀ ਖ਼ਤਮ ਹੋਵੇਗਾ।

## ਪੜ੍ਹਾਈ 'ਚ ਅਮਰੀਕੀਆਂ ਤੋਂ ਏਸ਼ੀਆਈ ਅੱਗੇ

**ਨਿਊਯਾਰਕ:** ਹਿਸਾਬ ਅਤੇ ਲਿਖਣ ਵਰਗੇ ਵਿਸ਼ਿਆਂ ਵਿਚ ਮੁਹਾਰਤ ਹਾਸਲ ਕਰ ਏਸ਼ੀਆਈ, ਖਾਸ ਤੌਰ 'ਤੇ ਭਾਰਤੀ ਮੂਲ ਦੇ ਵਿਦਿਆਰਥੀਆਂ ਨੇ ਅਮਰੀਕੀ ਵਿਦਿਆਰਥੀਆਂ ਨੂੰ ਪਛਾੜ ਦਿੱਤਾ ਹੈ। ਭਾਰਤੀ ਅਤੇ ਏਸ਼ੀਆਈ ਮੂਲ ਦੇ ਵਿਦਿਆਰਥੀਆਂ ਦੀ ਇਸ ਕਾਮਯਾਬੀ ਨੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਦੇਸ਼ ਦੀ ਸਿੱਖਿਆ ਵਿਵਸਥਾ ਵਿਚ ਸੁਧਾਰ ਦੀ ਯੋਜਨਾ ਬਣਾਉਣ 'ਤੇ ਮਜ਼ਬੂਰ ਕਰ ਦਿੱਤਾ ਹੈ।

ਬੀਤੀ 25 ਅਗਸਤ ਨੂੰ ਇਥੇ ਜਾਰੀ ਸਕੋਲਾਸਿਟਕ ਐਪਟੀਟਿਊਡ ਟੈਸਟ (ਐਸ.ਏ.ਟੀ.-ਸੈਟ) ਦੇ ਨਤੀਜਿਆਂ ਵਿਚ ਸਾਫ ਪਤਾ ਚੱਲਦਾ ਹੈ ਕਿ ਭਾਰਤੀ, ਚੀਨੀ ਅਤੇ ਹੋਰ ਏਸ਼ੀਆਈ ਮੂਲ ਦੇ ਵਿਦਿਆਰਥੀ ਸਥਾਨਕ ਅਮਰੀਕੀ ਮੂਲ ਦੇ ਵਿਦਿਆਰਥੀਆਂ ਤੋਂ ਕਿਤੇ ਅੱਗੇ ਹਨ। 15 ਲੱਖ ਤੋਂ ਜ਼ਿਆਦਾ ਵਿਦਿਆਰਥੀ ਇਸ ਸਾਲ ਸੈੱਟ ਪ੍ਰੀਖਿਆ ਵਿਚ ਬੈਠੇ ਸਨ।

ਇਸ ਕਾਲਜ ਦਾਖ਼ਲਾ ਪ੍ਰੀਖਿਆ ਵਿਚ ਏਸ਼ੀਆਈ ਵਿਦਿਆਰਥੀਆਂ ਨੇ 200 ਤੋਂ 800 ਤੱਕ ਨੰਬਰ ਹਾਸਲ ਕੀਤੇ ਹਨ। ਹਿਸਾਬ ਵਿਚ ਏਸ਼ੀਆਈ ਵਿਦਿਆਰਥੀਆਂ ਨੇ ਔਸਤਨ 587 ਅੰਕ ਬਟੋਰੇ, ਜਦੋਂਕਿ ਸ਼ਵੇਤ ਭਾਈਚਾਰੇ ਦੇ ਵਿਦਿਆਰਥੀਆਂ ਨੂੰ 536, ਭਾਰਤੀ ਅਮਰੀਕੀਆਂ ਨੇ 493, ਹਿਪਮੈਨਿਕ 461 ਅਤੇ ਅਫਰੀਕੀ ਅਮਰੀਕੀਆਂ ਨੂੰ 426 ਅੰਕ ਹੀ ਮਿਲ ਸਕੇ।

ਹਿਸਾਬ ਵਿਚ ਏਸ਼ੀਆਈ ਵਿਦਿਆਰਥੀਆਂ ਨੇ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ 72 ਅੰਕ ਜ਼ਿਆਦਾ ਹਾਸਲ ਕੀਤੇ। ਲਿਖਣ ਵਿਸ਼ੇ ਵਿਚ ਏਸ਼ੀਆਈ ਵਿਦਿਆਰਥੀਆਂ ਨੇ 520 ਅੰਕ ਪ੍ਰਾਪਤ ਕੀਤੇ। ਸ਼ਵੇਤ ਭਾਈਚਾਰੇ ਨੇ 517, ਭਾਰਤੀ ਅਮਰੀਕੀ 469, ਹਿਸਪੈਨਿਕਸ 448 ਅਤੇ ਅਸ਼ਵੇਤ ਭਾਈਚਾਰੇ ਦੇ ਵਿਦਿਆਰਥੀਆਂ ਨੂੰ 421 ਅੰਕ ਮਿਲੇ। ਸੈਟ ਪ੍ਰੀਖਿਆ ਆਯੋਜਿਤ ਕਰਨ ਵਾਲੇ ਕਾਲਜ ਬੋਰਡ ਦੀ ਰਿਪੋਰਟ ਅਨੁਸਾਰ, ਕੁੜੀਆਂ ਨੇ ਮੁੰਡਿਆਂ ਦੇ ਮੁਕਾਬਲੇ ਅੰਦਾਜ਼ਨ 13 ਅੰਕ ਜ਼ਿਆਦਾ ਪ੍ਰਾਪਤ ਕੀਤੇ, ਪਰ ਉਨ੍ਹਾਂ ਦਾ ਸਕੋਰ ਹਿਸਾਬ ਵਿਚ 35 ਅਤੇ ਆਲੋਚਨਾਤਮਕ ਲੇਖਨ ਵਿਚ ਪੰਜ ਅੰਕ ਘੱਟ ਰਿਹਾ। ਸੈਟ ਪ੍ਰੀਖਿਆ ਵਿਚ ਏਸ਼ੀਆਈ ਵਿਦਿਆਰਥੀਆਂ ਦੇ ਚੰਗੇ ਪ੍ਰਦਰਸ਼ਨ ਨਾਲ ਸਿੱਖਿਆ ਦੀ ਦੇਖ ਰੇਖ ਕਰਨ ਵਾਲਿਆਂ ਨੂੰ ਹੈਰਾਨੀ ਨਹੀਂ ਹੋਈ।

# ਜਪਾਨ ਦੇ ਅਮਰੀਕੀ ਖੇਮੇ 'ਚੋਂ ਖਿਸਕਣ ਦੇ ਖਦਸ਼ੇ

ਲਗਾਈਆਂ ਜਾ ਰਹੀਆਂ ਹਨ ਕਿ ਉਹ ਜਪਾਨ ਦੀ ਪਿਛਲੇ 54 ਸਾਲਾਂ 'ਚ ਰਹੀ ਅਮਰੀਕਾ ਮੁਖੀ ਵਿਦੇਸ਼ ਨੀਤੀ ਨੂੰ ਬਦਲਣ ਦੀ ਕੋਸ਼ਿਸ਼ ਕਰਨਗੇ।

ਇਥੇ ਜ਼ਿਕਰਯੋਗ ਹੈ ਕਿ ਜਪਾਨ ਵਿਚ ਚੋਣਾਂ ਤੋਂ ਕੁਝ ਹੀ ਦਿਨ ਪਹਿਲਾਂ ਹਾਤੋਯਾਮਾ ਨੇ ਅੰਗਰੇਜ਼ੀ ਅਖਬਾਰ 'ਨਿਊ ਯਾਰਕ ਟਾਈਮਜ਼' ਵਿਚ ਇਕ ਲੇਖ ਲਿੱਖ ਕੇ ਅਮਰੀਕਾ ਦੀ ਆਰਥਿਕ ਨੀਤੀ ਦੀ ਤਿੱਖੀ ਆਲੋਚਨਾ ਕੀਤੀ ਸੀ। ਉਨ੍ਹਾਂ ਆਪਣੇ ਇਸ ਲੇਖ ਵਿਚ ਕਿਹਾ ਸੀ ਕਿ ਜਪਾਨ ਅਮਰੀਕਾ ਦੇ ਮੰਡੀ ਮੂਲਵਾਦ ਦਾ ਝੰਬਿਆ ਹੋਇਆ ਹੈ, ਜਿਸ ਨੂੰ ਅਕਸਰ ਹੀ ਸੰਸਾਰੀਕਰਨ ਆਖਿਆ ਜਾਂਦਾ ਹੈ। ਉਨ੍ਹਾਂ ਨੇ ਗਲੋਬਲ ਵਿੱਤੀ ਸੰਕਟ ਨੂੰ ਅਮਰੀਕਨ ਕਿਸਮ ਦੀ ਫਰੀ ਮਾਰਕਿਟ ਆਰਥਿਕਤਾ ਦਾ ਨਤੀਜਾ ਕਿਹਾ ਸੀ। ਇਸ ਦੌਰਾਨ ਉਨ੍ਹਾਂ ਨੇ ਈਸਟ ਏਸ਼ੀਅਨ ਕਮਿਊਨਿਟੀ ਬਣਾਉਣ ਦਾ ਵਿਚਾਰ ਵੀ ਰੱਖਿਆ ਸੀ ਅਤੇ ਨਾਲ ਹੀ ਇਹ ਵੀ ਆਖ ਦਿੱਤਾ ਸੀ ਕਿ ਜਪਾਨ ਅਤੇ ਅਮਰੀਕਾ ਵਿਚਕਾਰ ਸੁਰੱਖਿਆ ਸਮਝੌਤਾ ਜਪਾਨੀ ਕੂਟਨੀਤੀ ਦਾ ਮੁੱਖ ਧੁਰਾ ਬਣਿਆ ਰਹੇਗਾ।

ਹੋਤੋਯਾਮਾ ਨੇ ਇਹ ਵੀ ਕਿਹਾ ਹੈ ਕਿ ਜਪਾਨ ਹਿੰਦ ਮਹਾਂਸਾਗਰ ਵਿਚ ਅਮਰੀਕਾ ਦੀ ਅਗਵਾਈ ਵਾਲੀਆਂ ਜਪਾਨ ਵਿਚ ਸਰਗਰਮ ਕੁਲੀਸ਼ਨ ਫੌਜਾਂ ਦੇ ਜਹਾਜ਼ਾਂ ਵਿਚ ਤੇਲ ਭਰਨ ਬਾਰੇ ਮੁੜ ਤੋਂ ਸੋਚੇਗਾ ਅਤੇ ਦੂਜੀ ਸੰਸਾਰ ਜੰਗ ਤੋਂ ਪਿੱਛੋਂ ਆਪਸੀ ਸਮਝੌਤੇ ਤਹਿਤ ਜਪਾਨ ਵਿਚ ਮੌਜੂਦ 50 ਹਜ਼ਾਰ ਅਮਰੀਕੀ



*ਯੂਕੀਓ ਹਾਤੋਯਾਮਾ*

ਫੌਜਾਂ ਬਾਰੇ ਵੀ ਮੁਲੰਕਣ ਕਰੇਗਾ। ਇਸ ਦੇ ਬਾਵਜੂਦ ਵੀ ਵਿਸ਼ਲੇਸ਼ਕਾਂ ਦਾ ਆਖਣਾ ਹੈ ਕਿ ਹਾਤੋਯਾਮਾ ਜਪਾਨੀ ਵਿਦੇਸ਼ ਨੀਤੀ ਵਿਚ ਕੋਈ ਵੱਡੀ ਤਬਦੀਲੀ ਨਹੀਂ ਕਰ ਸਕੇਗਾ। ਵਾਸ਼ਿੰਗਟਨ ਦੇ ਅਮਰੀਕਨ ਇੰਟਰਪ੍ਰਾਈਜ਼ ਇੰਸਟੀਚਿਊਟ ਵਿਖੇ ਜਪਾਨ ਸਟੱਡੀਜ਼ ਦੇ ਡਾਇਰੈਕਟਰ ਮਾਈਕਲ ਆਸਲਿਨ ਨੇ ਕਿਹਾ ਕਿ ਹਾਤੋਯਾਮਾ ਦੇ ਉਪਰੋਕਤ ਵਿਚਾਰ ਅਤੇ ਬਿਆਨ ਵੋਟਰਾਂ ਦੀ ਨਜ਼ਰ ਵਿਚ ਆਪਣੀ ਪਾਰਟੀ ਦੀ ਵੱਖਰੀ ਦਿੱਖ ਬਣਾਉਣ ਦੇ ਮਕਸਦ ਲਈ ਹਨ। ਆਸਲਿਨ ਨੇ ਅੱਗੇ ਕਿਹਾ, "ਪ੍ਰਤੱਖ ਤੌਰ 'ਤੇ ਫਿਲਾਸਫੀ ਅਤੇ ਸਿਆਸਤ, ਵਿਚਾਰਾਂ ਅਤੇ ਪ੍ਰਸ਼ਾਸਨ ਵਿਚ ਬੜਾ ਵੱਡਾ ਫਰਕ ਹੁੰਦਾ ਹੈ।" ਉਨ੍ਹਾਂ ਆਸ ਪ੍ਰਗਟ ਕੀਤੀ ਕਿ ਹਾਤੋਯਾਮਾ ਅਮਰੀਕਾ ਨਾਲ ਤਣਾਅ ਪੈਦਾ ਕਰਨ ਦੀ ਬਜਾਏ ਰਾਸ਼ਟਰਪਤੀ ਬਰਾਕ ਓਬਾਮਾ ਤੱਕ ਪਹੁੰਚ ਕਰਨਗੇ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਚੋਣਾਂ ਤੋਂ ਬਾਅਦ ਬੀਤੇ ਸੋਮਵਾਰ ਹਾਤੋਯਾਮਾ ਨੇ ਆਪਣੀ ਇਕ ਪ੍ਰੈੱਸ ਕਾਨਫਰੰਸ ਵਿਚ ਬਰਾਕ ਓਬਾਮਾ ਦੀ ਸਿਫ਼ਤ ਕਰਦਿਆਂ ਕਿਹਾ ਕਿ ਉਹ ਅਮਰੀਕਾ ਨੂੰ ਟਕਰਾਵਾਂ ਤੋਂ ਮੋੜ ਕੇ ਗੱਲਬਾਤ ਅਤੇ ਅਮਨ ਸ਼ਾਂਤੀ ਵਾਲੇ ਪਾਸੇ ਤੋਰ ਰਹੇ ਹਨ। ਉਧਰ ਵਾਈਟ ਹਾਊਸ ਨੇ ਵੀ ਹੋਤੋਯਾਮਾ ਦੀ ਪਾਰਟੀ ਦੀ ਜਿੱਤ ਉੱਪਰ ਵਧਾਈ ਦਿੱਤੀ ਹੈ ਅਤੇ ਕਿਹਾ ਹੈ ਕਿ ਦੋਨਾਂ ਮੁਲਕਾਂ ਵਿਚਾਲੇ ਆਪਸੀ ਸਹਿਯੋਗ ਆਉਣ ਵਾਲੇ ਸਮੇਂ ਵਿਚ ਵੀ ਜਾਰੀ ਰਹੇਗਾ।

## ਸਮਰਥਨ ਮੁੱਲ ਕਾਰਨ ਕਿਸਾਨਾਂ ਨੂੰ 62 ਹਜ਼ਾਰ ਕਰੋੜ ਰੁਪਏ ਦਾ ਘਾਟਾ

**ਚੰਡੀਗੜ੍ਹ:** ਪ੍ਰਸਿੱਧ ਅਰਥ ਸ਼ਾਸਤਰੀ ਰਣਜੀਤ ਸਿੰਘ ਘੁੰਮਣ ਦੀ ਅਗਵਾਈ ਵਿਚ ਘੱਟੋ-ਘੱਟ ਸਮਰਥਨ ਮੁੱਲ ਅਤੇ ਕੀਮਤ ਸੂਚਕ ਅੰਕ ਸਬੰਧੀ ਇਕ ਕਮੇਟੀ ਨੇ ਲੰਘੀ 1 ਸਤੰਬਰ ਨੂੰ ਇੱਥੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੀ ਰਿਪੋਰਟ ਦਿੱਤੀ।

ਜਾਣਕਾਰੀ ਅਨੁਸਾਰ ਪਿਛਲੇ ਚਾਰ ਦਹਾਕਿਆਂ ਤੋਂ ਕਣਕ ਅਤੇ ਝੋਨੇ ਦੇ ਘੱਟੋ-ਘੱਟ ਸਮਰਥਨ ਮੁੱਲ ਥੋਕ ਵਿਕਰੀ ਕੀਮਤ ਸੂਚਕ ਅੰਕ ਦੇ ਆਧਾਰ 'ਤੇ ਨਾ ਮਿਥਣ ਕਾਰਨ ਪੰਜਾਬ ਦੇ ਕਿਸਾਨਾਂ ਨੂੰ ਤਕਰੀਬਨ 61696 ਕਰੋੜ ਦਾ ਨੁਕਸਾਨ ਹੋਇਆ ਹੈ। ਇਸ ਦੇ ਨਾਲ ਰਾਜ ਨੂੰ ਕਣਕ ਲਈ 41411 ਕਰੋੜ ਰੁਪਏ ਦਾ ਵੱਡਾ ਘਾਟਾ ਅਤੇ 1035 ਕਰੋੜ ਰੁਪਏ ਦਾ ਸਾਲਾਨਾ ਔਸਤ ਘਾਟਾ ਹੋਇਆ ਹੈ ਅਤੇ ਝੋਨੇ ਲਈ 20285 ਕਰੋੜ ਰੁਪਏ ਅਤੇ 507 ਕਰੋੜ ਰੁਪਏ ਸਾਲਾਨਾ ਔਸਤ ਘਾਟਾ ਹੋਇਆ ਹੈ। ਕਮੇਟੀ ਨੇ ਕਿਹਾ ਕਿ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਸਬੰਧੀ ਕਮਿਸ਼ਨ ਨੂੰ ਘੱਟੋ ਘੱਟ ਸਮਰਥਨ ਮੁੱਲ ਫਿਕਸ ਕਰਨ ਸਮੇਂ ਡਬਲਿਊ.ਪੀ.ਆਈ. ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ੍ਰੀ ਮੁਖਤਿਆਰ ਸਿੰਘ ਹੈਪੀ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਪੰਜਾਬ-ਹਰਿਆਣਾ ਹਾਈਕੋਰਟ ਦੇ ਜੱਜ ਜਾਇਦਾਦ ਜਨਤਕ ਕਰਨਗੇ

**ਚੰਡੀਗੜ੍ਹ :** ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਟੀ.ਐੱਸ.ਠਾਕੁਰ ਦੀ ਪ੍ਰਧਾਨਗੀ ਹੇਠ ਹੋਈ ਇਕ ਫੁੱਲ ਕੋਰਟ ਬੈਠਕ 'ਚ ਇਹ ਮਤਾ ਪਾਸ ਕਰ ਦਿੱਤਾ ਗਿਆ ਹੈ ਕਿ ਸਾਰੇ ਜੱਜ ਆਪਣੀ-ਆਪਣੀ ਸੰਪਤੀ ਦਾ ਪੂਰਾ ਵੇਰਵਾ ਜਨਤਕ ਕਰ ਦੇਣਗੇ। ਚੀਫ ਜਸਟਿਸ ਨੇ ਇਹ ਜਾਣਕਾਰੀ ਹਾਈ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਜਿੰਦਰ ਸਿੰਘ ਬਹਿਲ ਤੇ ਉਨ੍ਹਾਂ ਦੀ ਕਾਰਜਕਾਰਨੀ ਦੇ ਹੋਰਨਾਂ ਮੈਂਬਰਾਂ ਨੂੰ ਦਿੱਤੀ।

ਖਾਸ ਗੱਲ ਇਹ ਹੈ ਕਿ ਜੱਜਾਂ ਵਲੋਂ ਸੰਪਤੀ ਦੇ ਐਲਾਨ ਦੇ ਮੁੱਦੇ ਨੂੰ ਲੈ ਕੇ ਬਾਰ ਦੀ ਜਨਰਲ ਹਾਊਸ ਦੀ ਬੈਠਕ ਸੱਦੀ ਗਈ ਸੀ ਤੇ ਉਸ ਤੋਂ ਪਹਿਲਾਂ ਹੀ ਚੀਫ ਜਸਟਿਸ ਨੇ ਸਾਰੇ ਜੱਜਾਂ ਦੇ ਨਿਰਵਿਰੋਧ ਫੈਸਲੇ ਦੀ ਬਾਰ ਐਸੋਸੀਏਸ਼ਨ ਪ੍ਰਧਾਨ ਨੂੰ ਜਾਣਕਾਰੀ ਦੇ ਦਿੱਤੀ। ਬਹਿਲ ਨੇ ਜਨਰਲ ਹਾਊਸ ਨੂੰ ਇਹ ਜਾਣਕਾਰੀ ਦੇ ਦਿੱਤੀ ਅਤੇ ਉਸ ਦੇ ਬਾਅਦ ਵਕੀਲਾਂ ਨੇ ਕਹਿ ਦਿੱਤਾ ਕਿ ਹੁਣ ਜਨਰਲ ਹਾਊਸ ਬੈਠਕ ਦੀ ਲੋੜ ਹੀ ਨਹੀਂ ਹੈ।

ਬਹਿਲ ਨੇ ਇਸ ਗੱਲ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਚੀਫ ਜਸਟਿਸ ਠਾਕੁਰ ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ਸੁਪਰੀਮ ਕੋਰਟ ਦੇ ਜੱਜਾਂ ਵਲੋਂ ਲਏ ਗਏ ਫੈਸਲੇ ਨੂੰ ਧਿਆਨ 'ਚ ਰਖਦੇ ਹੋਏ ਅਸੀਂ ਵੀ ਆਪਣੀ ਸੰਪਤੀ ਦਾ ਬਿਓਰਾ ਜਨਤਕ ਕਰਨ ਦਾ ਫੈਸਲਾ ਲਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਸੀਂ ਨਿਆਇਕ ਪ੍ਰਣਾਲੀ ਦੇ ਸਨਮਾਨ ਨੂੰ ਕਾਇਮ ਰੱਖਣਾ ਚਾਹੁੰਦੇ ਹਾਂ ਤੇ ਆਪਣੇ ਕੰਮ 'ਚ ਪੂਰਨ ਪਾਰਦਰਸ਼ਤਾ ਵੀ ਲਿਆਉਣਾ ਚਾਹੁੰਦੇ ਹਾਂ। ਜਿਵੇਂ ਹੀ ਹਾਈ ਕੋਰਟ ਦੇ ਜੱਜਾਂ ਦਾ ਇਹ ਫੈਸਲਾ ਬਾਰ ਮੈਂਬਰਾਂ ਤਕ ਪਹੁੰਚਿਆ ਤਾਂ ਸਾਰਿਆਂ ਨੇ ਚੀਫ ਜਸਟਿਸ ਤੇ ਉਨ੍ਹਾਂ ਦੇ ਸਾਥੀ ਜੱਜਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਸ ਨਾਲ ਨਿਆਇਕ ਪ੍ਰਣਾਲੀ ਦਾ ਸਨਮਾਨ ਹੋਰ ਵਧੇਗਾ। ਹਾਈ ਕੋਰਟ ਦੇ ਸੂਤਰਾਂ ਦਾ ਕਹਿਣਾ ਹੈ ਕਿ ਜੱਜਾਂ ਦੀ ਸੰਪਤੀ ਦਾ ਵੇਰਵਾ ਛੇਤੀ ਹੀ ਜਨਤਕ ਕਰ ਦਿੱਤਾ ਜਾਏਗਾ।

**ਸੂਤਰਾਂ ਅਨੁਸਾਰ** ਸੁਪਰੀਮ ਕੋਰਟ ਦੇ ਜੱਜਾਂ ਨੇ ਵੀ ਆਪਣੀ ਜਾਇਦਾਦ ਦੇ ਵੇਰਵੇ ਜਨਤਕ ਕਰਨ ਦਾ ਫੈਸਲਾ ਲਿਆ ਹੈ। ਚੀਫ ਜਸਟਿਸ ਕੇ.ਜੀ. ਬਾਲਾਕ੍ਰਿਸ਼ਨਨ ਵਲੋਂ ਬੀਤੀ 26 ਅਗਸਤ ਨੂੰ ਇਥੇ ਸੱਦੀ ਗਈ ਮੀਟਿੰਗ ਵਿਚ ਇਸ ਸਬੰਧੀ ਸਿਧਾਂਤਕ ਤੌਰ 'ਤੇ ਨਿਰਣਾ ਹੋ ਗਿਆ ਹੈ। ਇਹ ਵੇਰਵੇ ਸੁਪਰੀਮ ਕੋਰਟ ਦੀ ਵੈੱਬਸਾਈਟ ਉਪਰ ਪਾਏ ਜਾਣਗੇ। ਇਹ ਜਾਣਕਾਰੀ ਸੁਪਰੀਮ ਕੋਰਟ ਦੇ ਇਕ ਉੱਚ ਅਧਿਕਾਰੀ ਨੇ ਦਿੱਤੀ ਹੈ।

ਇਸ ਅਧਿਕਾਰੀ ਨੇ ਦੱਸਿਆ ਕਿ ਦੋ ਘੰਟੇ ਚੱਲੀ ਮੀਟਿੰਗ ਵਿਚ ਜੱਜਾਂ ਦੀ ਜਾਇਦਾਦ ਦੇ ਵੇਰਵੇ ਨਸ਼ਰ ਕਰਨ ਬਾਰੇ ਮਤਾ ਪਾਸ ਕੀਤਾ ਗਿਆ ਹੈ। ਇਸ ਉੱਪਰ ਅਮਲ ਉਸ ਸਮੇਂ ਹੋਏਗਾ, ਜਦੋਂ ਸਾਰੇ ਜੱਜ ਇਸ ਉਪਰ ਦਸਤਖ਼ਤ ਕਰ ਦੇਣਗੇ। ਇਸ ਮੁੱਦੇ ਉਪਰ ਮੁਹਿੰਮ ਚਲਾਉਣ ਵਾਲੇ ਸੀਨੀਅਰ ਵਕੀਲਾਂ ਸੋਲੀ ਸੋਰਾਬਜੀ ਤੇ ਪ੍ਰਸ਼ਾਂਤ ਭੂਸ਼ਨ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਅਦਾਲਤਾਂ ਵਿਚ ਐਨਾ ਜ਼ਿਆਦਾ ਭ੍ਰਿਸ਼ਟਾਚਾਰ ਨਹੀਂ ਕਿ ਕੁਝ ਛੁਪਾਉਣ ਦੀ ਲੋੜ ਪਏ।

ਇਹ ਮੁੱਦਾ ਉਸ ਸਮੇਂ ਗਰਮਾ ਗਿਆ ਸੀ, ਜਦੋਂ ਕਰਨਾਟਕ ਹਾਈਕੋਰਟ ਦੇ ਜੱਜ ਡੀ.ਵੀ. ਸ਼ਿਲੇਂਦਰ ਕੁਮਾਰ ਨੇ ਇਹ ਟਿੱਪਣੀ ਕੀਤੀ ਸੀ ਕਿ ਸੁਪਰੀਮ ਕੋਰਟ ਦੇ ਚੀਫ ਜਸਟਿਸ ਬਾਲਾਕ੍ਰਿਸ਼ਨਨ ਨੂੰ ਬਾਕੀ ਜੱਜਾਂ ਦੀ ਤਰਫੋਂ ਕੁਝ ਕਹਿਣ ਦਾ ਅਧਿਕਾਰ ਨਹੀਂ ਹੈ। ਇਸ ਟਿੱਪਣੀ ਉਪਰ ਮੁੜ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਚੀਫ ਜਸਟਿਸ ਬਾਲਾਕ੍ਰਿਸ਼ਨਨ ਨੇ ਕਿਹਾ ਸੀ ਕਿ ਜੱਜ 'ਸ਼ੋਹਰਤ' ਚਾਹੁੰਦਾ ਹੈ। ਕੁਝ ਦਿਨ ਪਹਿਲਾਂ ਹੀ ਚੀਫ ਜਸਟਿਸ ਬਾਲਾਕ੍ਰਿਸ਼ਨਨ ਨੇ ਕਿਹਾ ਸੀ ਕਿ ਜੱਜ ਆਪਣੀ ਜਾਇਦਾਦ ਨਸ਼ਰ ਕਰਨ ਲਈ ਆਜ਼ਾਦ ਹਨ, ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਨਹੀਂ ਜਾ ਸਕਦਾ। ਇਸ ਦੌਰਾਨ ਹੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜ ਜਸਟਿਸ ਐਮ.ਕੇ. ਕਾਨਨ ਅਤੇ ਜਸਟਿਸ ਕੁਮਾਰ ਨੇ ਆਪਣੀ ਜਾਇਦਾਦ ਜਨਤਕ ਤੌਰ 'ਤੇ ਨਸ਼ਰ ਕਰ ਦਿੱਤੀ, ਜਦੋਂਕਿ ਮਦਰਾਸ ਹਾਈ ਕੋਰਟ ਦੇ ਜੱਜ ਜਸਟਿਸ ਕੇ. ਚੰਦਰੂ ਨੇ ਅਜਿਹਾ ਕਰਨ ਦੀ ਇੱਛਾ ਜ਼ਾਹਿਰ ਕੀਤੀ ਸੀ।

ਉਧਰ, ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਤੇ ਸੰਸਦ ਮੈਂਬਰ ਫਾਲੀ ਐਸ. ਨਰੀਮਨ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਜੱਜਾਂ ਨੇ ਸੰਪਤੀ ਦੇ ਵੇਰਵੇ ਵੈੱਬਸਾਈਟ ਉਤੇ ਪਾਉਣ ਦਾ ਫੈਸਲਾ ਕਰਕੇ ਉਨ੍ਹਾਂ ਸਿਆਸਤਦਾਨਾਂ ਨੂੰ ਸ਼ੀਸ਼ਾ ਦਿਖਾ ਦਿੱਤਾ ਹੈ ਜਿਹੜੇ ਨਿਆਂਇਕ ਜਵਾਬਦੇਹੀ ਬਿਲ ਦੇ ਬਹਾਨੇ ਜੱਜਾਂ ਤੇ ਨਿਆਂਇਕ ਅਧਿਕਾਰੀਆਂ ਦੀ ਹੇਠੀ ਕਰਨ 'ਤੇ ਤੁਲੇ ਹੋਏ ਸਨ।

**ਇਸ ਦੌਰਾਨ** ਜਾਇਦਾਦ ਨੂੰ ਜਨਤਕ ਕਰਨ ਸਬੰਧੀ ਸੁਪਰੀਮ ਕੋਰਟ ਦੇ ਜੱਜਾਂ ਦੇ ਫ਼ੈਸਲੇ ਦਾ ਕਾਨੂੰਨ ਮੰਤਰੀ ਐਮ ਵੀਰੱਪਾ ਮੋਇਲੀ ਨੇ ਸਵਾਗਤ ਕੀਤਾ ਹੈ। ਮੋਇਲੀ ਨੇ ਕਿਹਾ ਕਿ ਜਾਇਦਾਦ ਦੀ ਘੋਸ਼ਣਾ ਕਿਵੇਂ ਕੀਤੀ ਜਾਣੀ ਚਾਹੀਦੀ ਹੈ ਇਹ ਜੱਜਾਂ 'ਤੇ ਨਿਰਭਰ ਕਰਦਾ ਹੈ।

ਉਹ ਵੇਖਣਗੇ ਕਿ ਜੱਜਾਂ ਦੇ ਹਿੱਤ ਵਿਚ ਕੀ ਵਧੇਰੇ ਚੰਗਾ ਹੈ। ਇਹ ਮੁੱਦਾ ਪਿਛਲੇ ਕੁਝ ਸਮੇਂ ਤੋਂ ਨਿਆਂਪਾਲਿਕਾ ਨੂੰ ਪ੍ਰੇਸ਼ਾਨ ਕਰ ਰਿਹਾ ਸੀ। ਜਾਇਦਾਦ ਨੂੰ ਜਨਤਕ ਕੀਤੇ ਜਾਣ ਸਬੰਧੀ ਸੁਪਰੀਮ ਕੋਰਟ ਦੇ ਜੱਜਾਂ ਦੇ ਫ਼ੈਸਲੇ ਦਾ ਵੱਖ-ਵੱਖ ਰਾਜਨੀਤਕ ਪਾਰਟੀਆਂ ਅਤੇ ਕਾਨੂੰਨ ਮਾਹਰਾਂ ਨੇ ਵੀ ਸਵਾਗਤ ਕੀਤਾ ਅਤੇ ਇਸ ਨੂੰ ਸਹੀ ਦਿਸ਼ਾ ਵਿਚ ਚੁੱਕਿਆ ਗਿਆ ਇਕ ਕਦਮ ਦੱਸਿਆ। ਨਿਆਂਪਾਲਿਕ ਵਿਚ ਜਾਇਦਾਦ ਦੀ ਘੋਸ਼ਣਾ ਕਰਨ ਨੂੰ ਲੈ ਕੇ ਮਹੀਨਿਆਂ ਤੋਂ ਚਲ ਰਹੀ ਬਹਿਸ ਤੋਂ ਬਾਅਦ ਆਖਰ ਦੇਸ਼ ਦੇ ਚੀਫ਼ ਜਸਟਿਸ ਕੇ ਜੀ ਬਾਲਾਕ੍ਰਿਸ਼ਨਨ ਵਲੋਂ ਬੀਤੇ ਬੁੱਧਵਾਰ ਨੂੰ ਬੁਲਾਈ ਗਈ ਬੈਠਕ ਵਿਚ ਇਸ ਸਬੰਧੀ ਫ਼ੈਸਲਾ ਕੀਤਾ ਗਿਆ। ਕੇਂਦਰੀ ਕਾਨੂੰਨ ਮੰਤਰੀ ਮੋਇਲੀ ਨੇ ਕਿਹਾ ਕਿ ਇਸ ਵਿਚ ਨਵਾਂ ਕੁਝ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕਦੇ ਨਹੀਂ ਚਾਹੁੰਦੀ ਸੀ ਕਿ ਜੱਜ ਦਬਾਅ ਵਿਚ ਆਉਣ ਜਾਂ ਉਨ੍ਹਾਂ ਨੂੰ ਕੋਈ ਪ੍ਰੇਸ਼ਾਨੀ ਹੋਵੇ।

ਉਨ੍ਹਾਂ ਕਿਹਾ ਕਿ ਜੇਕਰ ਜੱਜ ਜਾਇਦਾਦ ਦੀ ਘੋਸ਼ਣਾ ਕਰਦੇ ਹਨ ਤਾਂ ਇਹ ਸਲਾਹੁਣਯੋਗ ਕੰਮ ਹੈ। ਭਾਜਪਾ ਦੇ ਬੁਲਾਰੇ ਰਵੀ ਸ਼ੰਕਰ ਪ੍ਰਸਾਦ ਅਤੇ ਕਾਂਗਰਸ ਦੇ ਬੁਲਾਰੇ ਅਭਿਸ਼ੇਕ ਸਿੰਘਵੀ ਨੇ ਜੱਜਾਂ ਦੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ। ਸ੍ਰੀ ਸਿੰਘਵੀ ਨੇ ਕਿਹਾ ਕਿ ਜੇਕਰ ਇਹ ਫ਼ੈਸਲਾ ਪਹਿਲਾਂ ਕਰ ਲਿਆ ਜਾਂਦਾ ਤਾਂ ਨਿਆਂਪਾਲਿਕ ਬਿਨਾਂ ਵਜ੍ਹਾ ਪੈਦਾ ਹੋਏ ਵਿਵਾਦ ਤੋਂ ਬਚ ਸਕਦੀ ਸੀ। ਉਨ੍ਹਾਂ ਕਿਹਾ ਕਿ ਇਹ ਲੋਕਾਂ ਦੇ ਵਿਸ਼ਵਾਸ ਦਾ ਸਵਾਲ ਹੈ। ਜੱਜਾਂ ਦਾ ਫ਼ੈਸਲਾ ਸਹੀ ਦਿਸ਼ਾ ਵਿੱਚ ਚੁੱਕਿਆ ਗਿਆ ਇੱਕ ਕਦਮ ਹੈ।

ਭਾਜਪਾ ਨੇਤਾ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਉਨ੍ਹਾਂ ਦੀ ਜੱਜਾਂ ਨੂੰ ਬੇਨਤੀ ਹੈ ਕਿ ਉਹ ਆਪਣਾ ਕੋਈ ਵੀ ਬਿਆਨ ਜਨਤਕ ਤੌਰ 'ਤੇ ਨਾ ਦੇਣ। ਸਾਬਕਾ ਕਾਨੂੰਨ ਅਤੇ ਸੰਵਿਧਾਨ ਮਾਹਰ ਸੋਲੀ ਜੇ ਸੋਰਾਬਜੀ ਨੇ ਕਿਹਾ ਕਿ ਇਹ ਜੱਜਾਂ ਦਾ ਇੱਕ ਵਧੀਆ ਫ਼ੈਸਲਾ ਹੈ। ਇਹ ਫ਼ੈਸਲਾ ਬੇਸ਼ੱਕ ਦੇਰੀ ਨਾਲ ਕੀਤਾ ਗਿਆ ਪਰ ਕਦੀ ਵੀ ਨਾ ਕੀਤੇ ਜਾਣ ਤੋਂ ਬਿਹਤਰ ਹੈ। ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਨ ਨੇ ਕਿਹਾ ਕਿ ਇਸ ਕਦਮ ਨਾਲ ਹਾਈਕੋਰਟ ਦੇ ਜੱਜਾਂ ਨੂੰ ਵੀ ਆਪਣੀ ਜਾਇਦਾਦ ਜਨਤਕ ਕਰਨ ਵਿੱਚ ਹੱਲਾ-ਸ਼ੇਰੀ ਮਿਲੇਗੀ।

# ਬੂਟਾ ਸਿੰਘ ਸੀ.ਬੀ.ਆਈ. ਅੱਗੇ ਪੇਸ਼ ਹੋਣਗੇ

**ਨਵੀਂ ਦਿੱਲੀ :** 31 ਅਗਸਤ - ਅਨੁਸੂਚਿਤ ਜਾਤਾਂ ਬਾਰੇ ਕੌਮੀ ਕਮਿਸ਼ਨ ਦੇ ਚੇਅਰਮੈਨ ਸ: ਬੂਟਾ ਸਿੰਘ ਰਿਸ਼ਵਤ ਦੇ ਇਕ ਮਾਮਲੇ ਵਿਚ ਸੀ. ਬੀ. ਆਈ ਦੇ ਸਵਾਲਾਂ ਦਾ ਜਵਾਬ ਦੇਣ ਲਈ ਸਹਿਮਤ ਹੋ ਗਏ ਹਨ। ਸੀ.ਬੀ.ਆਈ ਵਲੋਂ ਇਹ ਸਪੱਸ਼ਟ ਕਰਨ ਤੋਂ ਬਾਅਦ ਕਿ ਰਿਸ਼ਵਤ ਮਾਮਲੇ 'ਚ ਜਿਸ ਵਿਚ ਉਨ੍ਹਾਂ ਦਾ ਪੁੱਤਰ ਸਰਬਜੋਤ ਸਿੰਘ ਮੁੱਖ ਤੌਰ 'ਤੇ ਸ਼ਾਮਿਲ ਹੈ, ਉਨ੍ਹਾਂ ਤੋਂ ਇਕ ਦੋਸ਼ੀ ਵਜੋਂ ਨਹੀਂ ਬਲ ਕਿ ਗਵਾਹ ਦੇ ਤੌਰ 'ਤੇ ਪੁੱਛਗਿੱਛ ਕੀਤੀ ਜਾਵੇਗੀ, ਬਿਹਾਰ ਦੇ ਸਾਬਕਾ ਰਾਜਪਾਲ ਬੂਟਾ ਸਿੰਘ ਜਾਂਚ ਏਜੰਸੀ ਅੱਗੇ ਪੇਸ਼ ਹੋਣ ਲਈ ਸਹਿਮਤ ਹੋਏ। ਉਨ੍ਹਾਂ ਨੇ ਦਿੱਲੀ ਹਾਈਕੋਰਟ ਨੂੰ ਸੂਚਿਤ ਕੀਤਾ ਕਿ ਉਹ 10 ਸਤੰਬਰ ਨੂੰ 11 ਵਜੇ ਆਪਣੇ ਦਫ਼ਤਰ ਵਿਚ ਹੋਣਗੇ ਜਿਥੇ ਸੀ. ਬੀ. ਆਈ. ਦੇ ਅਧਿਕਾਰੀ ਪੁੱਛ-ਗਿੱਛ ਲਈ ਆ ਸਕਦੇ ਹਨ।

ਜਸਟਿਸ ਗੀਤਾ ਮਿੱਤਲ ਨੇ ਬੂਟਾ ਸਿੰਘ ਦੇ ਵਕੀਲ ਦਾ ਬਿਆਨ ਦਰਜ ਕਰਨ ਤੋਂ ਬਾਅਦ ਮਾਮਲੇ ਦਾ ਨਿਪਟਾਰਾ ਕਰਦਿਆਂ ਸੀ.ਬੀ.ਆਈ ਨੂੰ ਕਿਹਾ ਕਿ ਉਹ ਉਕਤ ਤਰੀਕ 'ਤੇ ਪੁੱਛ-ਗਿੱਛ ਕਰ ਸਕਦੀ ਹੈ। ਸ: ਬੂਟਾ ਸਿੰਘ ਨੇ ਸੀ.ਬੀ.ਆਈ ਵਲੋਂ ਪੁੱਛਗਿੱਛ ਲਈ ਨੋਟਿਸ ਜਾਰੀ ਕਰਨ ਤੋਂ ਬਾਅਦ ਦਿੱਲੀ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਸੀ.ਬੀ.ਆਈ ਦੇ ਫੈਸਲੇ ਨੂੰ ਵੰਗਾਰਿਆ ਸੀ ਤੇ ਕਿਹਾ ਸੀ ਕਿ ਉਹ ਕੈਬਨਿਟ ਰੈਂਕ ਦੇ ਬਰਾਬਰ ਦੇ ਅਹੁਦੇ 'ਤੇ ਹਨ ਇਸ ਲਈ ਸੀ.ਬੀ.ਆਈ ਕੇਂਦਰ ਸਰਕਾਰ ਦੀ ਇਜਾਜਤ ਬਿਨਾਂ ਮੇਰੇ ਕੋਲੋਂ ਪੁੱਛ-ਗਿੱਛ ਨਹੀਂ ਕਰ ਸਕਦੀ।

ਇਥੇ ਵਰਨਣਯੋਗ ਹੈ ਕਿ ਸੀ.ਬੀ.ਆਈ ਨੇ ਅਨੁਸੂਚਿਤ ਜਾਤਾਂ ਬਾਰੇ ਕਮਿਸ਼ਨ ਅੱਗੇ ਸੁਣਵਾਈ ਅਧੀਨ ਇਕ ਮਾਮਲੇ ਦੇ ਨਿਪਟਾਰੇ ਲਈ ਨਾਸਿਕ ਦੇ ਇਕ ਠੇਕੇਦਾਰ ਤੋਂ 1 ਕਰੋੜ ਰੁਪਏ ਰਿਸ਼ਵਤ ਮੰਗਣ ਦੇ ਦੋਸ਼ 'ਚ ਬੂਟਾ ਸਿੰਘ ਦੇ ਪੁੱਤਰ ਨੂੰ 31 ਜੁਲਾਈ ਨੂੰ ਗ੍ਰਿਫ਼ਤਾਰ ਕੀਤਾ ਸੀ।

# ਜਾਇਦਾਦਾਂ ਬਾਰੇ ਜਾਣਕਾਰੀ ਨਹੀਂ ਦੇਣਾ ਚਾਹੁੰਦੇ ਪੰਜਾਬ ਦੇ ਮੰਤਰੀ

**ਚੰਡੀਗੜ੍ਹ :** ਪੰਜਾਬ ਦੇ ਮੰਤਰੀ ਆਪਣੀ ਜਾਇਦਾਦ ਦੇ ਵੇਰਵੇ ਅਤੇ ਦੇਣਦਾਰੀਆਂ ਜ਼ਾਹਿਰ ਕਰਨ ਤੋਂ ਕੰਨੀ ਕਤਰਾ ਰਹੇ ਹਨ। ਇਸ ਦਾ ਤਾਜ਼ਾ ਸਬੂਤ ਭਾਰਤ ਸਰਕਾਰ ਵਲੋਂ ਮੰਤਰੀਆਂ ਦੀ ਸੰਪਤੀ ਐਲਾਨਣ ਲਈ ਬਣਾਏ ਗਏ 'ਕੋਡ ਆਫ਼ ਕੰਡਕਟ' ਉਪਰ ਪੰਜਾਬ ਦੇ ਮੰਤਰੀਆਂ ਵਲੋਂ ਅਮਲ ਨਾ ਕਰਨ ਤੋਂ ਮਿਲਦਾ ਹੈ।

ਕੇਂਦਰ ਸਰਕਾਰ ਦੇ ਇਸ ਜ਼ਾਬਤੇ ਮੁਤਾਬਕ ਸਾਰੇ ਸੂਬਿਆਂ ਦੇ ਮੰਤਰੀਆਂ ਨੇ ਆਪੋ ਆਪਣੀ ਸੰਪਤੀ ਦੇ ਹਿਸਾਬ-ਕਿਤਾਬ ਦਾ ਐਲਾਨ ਵਿੱਤੀ ਸਾਲ ਖਤਮ ਹੋਣ ਤੋਂ ਬਾਅਦ 31 ਜੁਲਾਈ ਤਕ ਕਰਨਾ ਹੁੰਦਾ ਹੈ।

ਆਲ੍ਹਾ ਮਿਆਰੀ ਹਲਕਿਆਂ ਦੇ ਦੱਸਣ ਮੁਤਾਬਕ ਪੰਜਾਬ ਦੇ ਕਿਸੇ ਵੀ ਮੰਤਰੀ ਨੇ ਅਜੇ ਤੱਕ ਆਪਣੀ ਸੰਪਤੀ ਜਾਂ ਦੇਣਦਾਰੀਆਂ ਦੇ ਵੇਰਵੇ ਪੰਜਾਬ ਸਰਕਾਰ ਰਾਹੀਂ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਨਹੀਂ ਭੇਜੇ। ਪਹਿਲਾਂ ਵੀ ਕਦੇ ਇਸ ਜ਼ਾਬਤੇ ਮੁਤਾਬਕ ਮੰਤਰੀਆਂ ਨੇ ਸੰਪਤੀਆਂ ਨਹੀਂ ਐਲਾਨੀਆਂ। ਕੇਂਦਰੀ ਗ੍ਰਹਿ ਮੰਤਰਾਲੇ ਦੇ ਸੰਯੁਕਤ ਸਕੱਤਰ ਨਿਰਮਲਜੀਤ ਸਿੰਘ ਕਲਸੀ ਨੇ ਪੰਜਾਬ ਦੇ ਮੁੱਖ ਸਕੱਤਰ ਐਸ.ਸੀ.ਅੱਗਰਵਾਲ ਨੂੰ ਹਾਲ ਹੀ 'ਚ ਲਿਖੇ ਇਕ ਪੱਤਰ ਦੌਰਾਨ ਇਸ 'ਕੋਡ ਆਫ ਕੰਡਕਟ' ਨੂੰ ਲਾਗੂ ਕਰਕੇ ਗ੍ਰਹਿ ਮੰਤਰਾਲੇ ਨੂੰ ਸੂਚਿਤ ਕਰਨ ਲਈ ਕਿਹਾ ਹੈ। ਸੂਤਰਾਂ ਮੁਤਾਬਕ ਕੇਂਦਰ ਸਰਕਾਰ ਨੇ ਇਹ ਜ਼ਾਬਤਾ ਤਿਆਰ ਕਰਨ ਤੋਂ ਪਹਿਲਾਂ ਰਾਜ ਸਰਕਾਰਾਂ ਨੂੰ ਲਿਖਿਆ ਸੀ ਅਤੇ ਪੰਜਾਬ ਸਰਕਾਰ ਨੇ ਇਸ ਵਿਸ਼ੇ 'ਤੇ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਸੀ।

ਇਸ ਮਗਰੋਂ ਕੇਂਦਰ ਸਰਕਾਰ ਨੇ ਜ਼ਾਬਤਾ ਬਣਾ ਦਿੱਤਾ ਅਤੇ ਰਾਜ ਸਰਕਾਰਾਂ ਨੂੰ ਲਾਗੂ ਕਰਨ ਲਈ ਵੀ ਆਖ ਦਿੱਤਾ, ਪਰ ਪੰਜਾਬ ਸਰਕਾਰ ਵਲੋਂ ਕਾਇਮ ਕੈਬਨਿਟ ਸਬ ਕਮੇਟੀ ਨੇ ਅਜੇ ਤੱਕ ਕੋਈ ਰਿਪੋਰਟ ਹੀ ਨਹੀਂ ਦਿੱਤੀ।

ਹੁਣ ਕੇਂਦਰੀ ਗ੍ਰਹਿ ਮੰਤਰਾਲੇ ਦਾ ਨਵਾਂ ਪੱਤਰ ਆਉਣ ਤੋਂ ਬਾਅਦ ਮੁੱਖ ਸਕੱਤਰ ਦੇ ਦਫ਼ਤਰ 'ਚ ਹਲਚਲ ਹੋਈ ਹੈ ਤੇ ਪੁਰਾਣੀਆਂ ਫਾਈਲਾਂ ਤੋਂ ਧੂੜ ਝਾੜੀ ਜਾ ਰਹੀ ਹੈ ਤਾਂ ਜੋ ਕੇਂਦਰ ਸਰਕਾਰ ਨੂੰ ਜਵਾਬ ਭੇਜ ਕੇ ਖਾਨਾਪੂਰਤੀ ਕੀਤੀ ਜਾ ਸਕੇ। ਪਹਿਲਾਂ ਗ੍ਰਹਿ ਮੰਤਰਾਲੇ ਵਲੋਂ ਇਸ ਸਬੰਧ 'ਚ 20 ਅਕਤੂਬਰ 2008 ਅਤੇ 6 ਫਰਵਰੀ 2009 'ਚ ਪੱਤਰ ਲਿਖੇ ਗਏ ਸਨ। ਜਿਨ੍ਹਾਂ ਨੂੰ ਰਾਜ ਸਰਕਾਰ ਨੇ ਵਿਸਾਰਨਾ ਵਾਜਬ ਸਮਝਿਆ। ਗ੍ਰਹਿ ਮੰਤਰਾਲੇ ਨੇ 'ਕੋਡ ਆਫ ਕੰਡਕਟ' ਦੇ ਪੈਰਾ 2 (ਏ) ਅਧੀਨ ਸਾਰੇ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਦੇ ਮੰਤਰੀਆਂ ਨੂੰ ਆਪਣੀ ਜਾਇਦਾਦ ਅਤੇ ਦੇਣਦਾਰੀਆਂ ਐਲਾਨ ਕੇ ਸੂਚਿਤ ਕਰਨ ਲਈ ਕਿਹਾ ਹੈ। ਸੂਤਰਾਂ ਮੁਤਾਬਕ ਇਸ ਜ਼ਾਬਤੇ 'ਚ ਮੰਤਰੀਆਂ ਦੀਆਂ ਵਪਾਰਕ ਗਤੀਵਿਧੀਆਂ ਅਤੇ ਹੋਰਨਾਂ ਅਹਿਮ ਤੱਥਾਂ ਦਾ ਵੀ ਜ਼ਿਕਰ ਹੈ। ਮਾਮਲਾ ਕਿਉਂਕਿ ਮੰਤਰੀਆਂ ਨਾਲ ਜੁੜਿਆ ਹੋਇਆ ਹੈ ਇਸ ਲਈ ਕੋਈ ਵੀ ਅਧਿਕਾਰੀ ਮੂੰਹ ਖੋਲ੍ਹਣ ਲਈ ਤਿਆਰ ਨਹੀਂ ਹੈ। ਮੁੱਖ ਸਕੱਤਰ ਦੇ ਦਫਤਰ ਦੇ ਇਕ ਅਧਿਕਾਰੀ ਅਨੁਸਾਰ ਇਹ ਮਾਮਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪਾਸ ਭੇਜਿਆ ਜਾਵੇਗਾ ਤੇ ਅੱਗੋਂ ਉਹੀ ਕੋਈ ਫੈਸਲਾ ਕਰਨਗੇ। ਪੰਜਾਬ ਹੀ ਨਹੀਂ ਬਲਕਿ ਬਾਕੀ ਰਾਜਾਂ 'ਚ ਸਿਆਸਤਦਾਨਾਂ ਦੀ ਸੰਪਤੀ ਅਕਸਰ ਚਰਚਾ ਦਾ ਵਿਸ਼ਾ ਬਣੀ ਰਹਿੰਦੀ ਹੈ। ਪੰਜਾਬ ਸਮੇਤ ਕਈ ਰਾਜਾਂ ਦੇ ਸਿਆਸਤਦਾਨਾਂ ਨੂੰ ਸਰੋਤਾਂ ਤੋਂ ਜ਼ਿਆਦਾ ਆਮਦਨ ਇਕੱਤਰ ਕਰਨ ਦੇ ਦੋਸ਼ਾਂ ਕਾਰਨ ਫੌਜਦਾਰੀ ਕੇਸਾਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਜ਼ਿਕਰਯੋਗ ਹੈ ਕਿ ਵਿਧਾਨ ਸਭਾ ਜਾਂ ਲੋਕ ਸਭਾ ਦੀ ਚੋਣ ਲੜਨ ਤੋਂ ਪਹਿਲਾਂ ਹਰ ਉਮੀਦਵਾਰ ਨੂੰ ਆਪਣੀ ਜਾਇਦਾਦ ਤੇ ਦੇਣਦਾਰੀਆਂ ਦੇ ਵੇਰਵੇ ਚੋਣ ਕਮਿਸ਼ਨ ਨੂੰ ਦੇਣੇ ਪੈਂਦੇ ਹਨ। ਉਸ ਦੇ ਮੱਦੇਨਜ਼ਰ ਮੰਤਰੀਆਂ ਨੂੰ ਆਪਣੀ ਜਾਇਦਾਦ ਦੇ ਵੇਰਵੇ ਦੇਣ ਤੋਂ ਝਿਜਕ ਨਹੀਂ ਹੋਣੀ ਚਾਹੀਦੀ।ਫਿਰ ਵੀ ਇਹ ਝਿਜਕ ਵੇਖਣ ਨੂੰ ਮਿਲ ਰਹੀ ਹੈ।


Freeway Travel Inc

ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ



Call Raju

Tel: 773-973-0200

Fax: 773-973-0557

2542 W Devon Ave. Chicago IL 60659

ਸਸਤੀਆਂ ਟਿਕਟਾਂ ਤੇ ਸਰਵਿਸ ਵੀ ਵਧੀਆ




AB TRAVEL SERVICES

Ph.847-630-2096

Desi Bazar

Now Proudly Serving You At Two Locations

916 E. Main Street #118, Greenwood, IN, 46143
Tel: 317-888-2040
Fax: 317-888-2050

6663 W Washington St Indianapolis, IN 46231
Tel: 317-247-7240
Fax: 317-247-7250

We specialize in all kind of Indian Groceries and Sweets

• FRESH VEGETABLES EVERY THURSDAY
• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

R K Carpet & Flooring, Inc.

6346 N. Claremont Ave. Chicago, IL 60659



ਵਾਜ਼ਬ ਭਾਅ, ਭਰੋਸੇਯੋਗ ਸਰਵਿਸ

*Commercial *Installation
*Residential *Cleaning
*Industrial *Repair
*Sales

Ravinder Singh Ravi

Ph:773-761-6888

Fax:773-761-6865

# ਕੀ ਸੁਨੇਹਾ ਦਿੰਦੀਆਂ ਦੱਖਣ ਏਸ਼ੀਆ 'ਚ ਵਾਪਰੀਆਂ ਪ੍ਰਮੁੱਖ ਘਟਨਾਵਾਂ?

**-ਪਰੇਮ ਸਿੰਘ (ਡਾ.)**

ਪਿਛਲੇ ਇਨ੍ਹਾਂ ਦਿਨਾਂ ਦੀਆਂ ਪ੍ਰਮੁੱਖ ਘਟਨਾਵਾਂ ਵਿਚ, ਜਿਹੜੀਆਂ ਸਾਡੇ ਇਸ ਖਿੱਤੇ ਦੀ ਰਾਜਨੀਤੀ ਉੱਤੇ ਤਕੜਾ ਪ੍ਰਭਾਵ ਪਾਉਂਦੀਆਂ ਹਨ ਅਤੇ ਕੌਮਾਂਤਰੀ ਰਾਜਨੀਤੀ ਦੇ ਇਕ ਮਹੱਤਵਪੂਰਨ ਸਵਾਲ ਨਾਲ ਜੁੜੀਆਂ ਹੋਈਆਂ ਵੀ ਹਨ, ਇਕ ਘਟਨਾ ਅਫਗਾਨਿਸਤਾਨ ਵਿਚ ਹੋਈਆਂ ਚੋਣਾਂ ਦੀ ਹੈ। ਭਾਵੇਂ ਸਾਬਕਾ ਰਾਸ਼ਟਰਪਤੀ ਹਾਮੀਦ ਕਰਜ਼ਈ ਦੇ ਦੋਬਾਰਾ ਜਿੱਤ ਜਾਣ ਦੀਆਂ ਖਬਰਾਂ ਨਸ਼ਰ ਹੋਈਆਂ ਹਨ, ਇਨ੍ਹਾਂ ਬਾਰੇ ਨਿਰਣੇ ਅਤੇ ਟਿੱਪਣੀਆਂ ਅਜੇ ਪ੍ਰਕਾਸ਼ਤ ਨਹੀਂ ਹੋਈਆਂ। ਸਾਬਕਾ ਰੱਖਿਆ ਮੰਤਰੀ ਅਬਦੁੱਲਾ ਅਬਦੁੱਲਾ ਦੂਜੇ ਨੰਬਰ ਉੱਤੇ ਆਏ ਹਨ। ਵੋਟਾਂ ਦਾ ਫਰਕ ਇਕ ਲੱਖ ਤੋਂ ਉਪਰ ਹੈ, ਜਿਹੜਾ ਕਰਜ਼ਈ ਨੂੰ ਪਈਆਂ ਵੋਟਾਂ ਦੇ 23 ਫੀਸਦੀ ਦੇ ਬਰਾਬਰ ਹੈ।

ਉਮੀਦਵਾਰ ਹੋਰ ਵੀ ਮੈਦਾਨ ਵਿਚ ਸਨ, ਪਰ ਉਹ ਬਹੁਤ ਪਿੱਛੇ ਰਹਿ ਗਏ ਹਨ। ਪੰਜ ਸਾਲ ਪਹਿਲਾਂ ਦੇ ਮੁਕਾਬਲੇ ਉੱਤੇ ਕਰਜ਼ਈ ਦੀ ਹਮਾਇਤ ਘੱਟੀ ਹੈ। ਇਹ ਮਨੌਤ ਅਫਗਾਨਿਸਤਾਨ ਵਿਚ ਆਮ ਹੈ ਕਿ ਕਰਜ਼ਾਈ ਰਾਜ ਪ੍ਰਬੰਧ ਵਿਚ ਕੁਰੱਪਸ਼ਨ ਦੀ ਵਿਆਪਕਤਾ ਨੇ ਉਸ ਦੀ ਰਾਜਸੀ ਹਮਾਇਤ ਨੂੰ ਖੋਰਾ ਲਾਇਆ ਹੈ। ਉਸ ਨੇ ਸੱਤਾ ਵਿਚ ਟਿਕੇ ਰਹਿਣ ਲਈ ਅਬਦੁੱਲ ਰਸ਼ੀਦ ਦੋਸਤਮ ਨਾਲ ਗੱਠਜੋੜ ਬਣਾਇਆ ਸੀ।

ਦੋਸਤਮ ਪੁਰਾਣਾ 'ਵਾਰ-ਲਾਰਡ' ਹੈ, ਭਾਵ ਇਕ ਪ੍ਰਾਈਵੇਟ ਫੌਜ ਦਾ ਕਮਾਂਡਰ ਅਤੇ ਰੁਪਏ ਪੈਸੇ ਅਤੇ ਹੋਰ ਮਾਲੀ ਵਸੀਲਿਆਂ ਦਾ ਮਾਲਕ। ਪਰ ਉਸ ਦੀ ਨੀਤੀ ਵਿਚ ਜਿਵੇਂ ਇਹ ਉਸ ਦੇ ਕਬਜ਼ੇ ਹੇਠਲੇ ਇਲਾਕੇ ਦੀ ਅਵਸਥਾ ਤੋਂ ਸਪੱਸ਼ਟ ਹੈ, ਕਰਜ਼ਈ ਹਕੂਮਤ ਨਾਲੋਂ ਫਰਕ ਨਹੀਂ। ਨਾ ਹੀ ਅਜਿਹਾ ਫਰਕ ਅਬਦੁੱਲਾ ਅਬਦੁੱਲਾ ਵਲੋਂ ਨਸ਼ਰ ਕੀਤੇ ਗਏ ਐਲਾਨਾਂ, ਬਿਆਨਾਂ ਤੋਂ ਨਜ਼ਰ ਆਉਂਦਾ ਹੈ। ਇਉਂ ਅਫਗਾਨ ਚੋਣਾਂ ਵਿਚ ਸਮਾਜਿਕ ਤਬਦੀਲੀ ਵਲ ਸੇਧੇ ਹੋਏ ਇਕਰਾਰਾਂ ਦੇ ਸੰਕੇਤ ਕਿਤੇ ਵੀ ਨਜ਼ਰ ਨਹੀਂ ਆਉਂਦੇ।

ਅਫਗਾਨਿਸਤਾਨ ਦੀਆਂ ਚੋਣਾਂ ਦੇ ਅਮਲ ਨੂੰ ਸੀਮਤ ਰੱਖਣ ਵਿਚ ਤਾਲਿਬਾਨ ਦੀਆਂ ਗਤੀਵਿਧੀਆਂ ਇਕ ਭਾਰੂ ਅੰਸ਼ ਸਾਬਤ ਹੋਈਆਂ ਹਨ। ਤਾਲਿਬਾਨ ਨੇ ਜਿੱਥੇ ਵੀ ਉਹਨਾਂ ਤੋਂ ਹੋ ਸਕਿਆ, ਕਤਲ, ਲੁੱਟਾਂ-ਖੋਹਾਂ ਤੇ ਉਧਾਲੇ ਕੀਤੇ ਅਤੇ ਏਨੀ ਦਹਿਸ਼ਤ ਫੈਲਾਈ ਕਿ ਅਫਗਾਨ ਵੋਟਰ ਔਰਤਾਂ ਘਰਾਂ ਤੋਂ ਬਾਹਰ ਨਿਕਲਣ ਦੀ ਹਿੰਮਤ ਨਾ ਕਰ ਸਕੀਆਂ। ਅਜਿਹੇ ਹਾਲਾਤ ਵਿਚ ਹੋਈਆਂ ਚੋਣਾਂ ਉੱਤੇ ਅਮਰੀਕਾ ਭਾਵੇਂ ਕਿੰਨੀ ਤਸੱਲੀ ਪ੍ਰਗਟ ਕਰੇ, ਹਕੀਕਤ ਵਿਚ ਇਨ੍ਹਾਂ ਦੀ ਸਾਰਥਕਤਾ, ਖਾਸ ਤੌਰ 'ਤੇ ਜਮਹੂਰੀਅਤ ਦੇ ਪੈਰ ਲਾਉਣ ਦੇ ਮਾਮਲੇ ਵਿਚ ਬਹੁਤ ਨਿਗੂਣੀ ਮੰਨੀ ਜਾਵੇਗੀ। ਇਸ ਖਿੱਤੇ ਦੇ ਅਤੇ ਸੰਸਾਰ ਅਮਨ ਦੇ ਹਿੱਤ ਇਹ ਮੰਗ ਕਰਦੇ ਹਨ ਕਿ ਕਿਸੇ ਦੇਸ਼ ਵਿਚ ਵੀ ਵਿਦੇਸ਼ੀ ਫੌਜਾਂ ਅਤੇ ਉਹਨਾਂ ਦੇ ਅੱਡੇ ਨਾ ਹੋਣ। ਅਫਗਾਨਿਸਤਾਨ ਵਿਚ ਜਮਹੂਰੀਅਤ ਦੀ ਸਥਾਪਤੀ ਲੰਮਾ ਅਤੇ ਜਟਿਲ ਕਾਰਜ ਹੈ। ਵਿੱਦਿਆ ਦਾ ਪਸਾਰ, ਵਿਕਾਸ ਕਾਰਜਾਂ ਵਿਚ ਜਨਤਕ ਸ਼ਮੂਲੀਅਤ ਅਤੇ ਵਿਆਪਕ ਸੱਭਿਆਚਾਰਕ ਅਦਾਨ-ਪ੍ਰਦਾਨ ਹੀ ਲੰਮੇਂ ਸਮੇਂ ਵਿਚ ਜਮਹੂਰੀਅਤ ਦੀ ਪਾਏਦਾਰੀ ਦੀ ਜ਼ਾਮਨੀ ਕਰ ਸਕਦੇ ਹਨ।

ਭਾਰਤ ਅਤੇ ਚੀਨ ਦੇ ਆਪਸੀ ਸਬੰਧਾਂ ਦਾ ਸਵਾਲ ਜਿਹੜਾ ਜ਼ਾਹਿਰਾ ਤੌਰ 'ਤੇ ਇਕ ਖੜੋਤ ਦੀ ਸੂਰਤ ਵਿਚ ਸਾਡੇ ਸਾਹਮਣੇ ਹੈ, ਹਕੀਕਤ ਵਿਚ ਸਾਡੇ ਖਿੱਤੇ ਦਾ ਇਕ ਪ੍ਰਮੁੱਖ ਸਵਾਲ ਬਣਿਆ ਹੋਇਆ ਹੈ। ਇਹ ਦੋਵੇਂ ਦੇਸ਼ ਮਿਲ ਕੇ ਕਿਉਂਕਿ ਦੁਨੀਆ ਦੀ ਕੁੱਲ ਆਬਾਦੀ ਦਾ ਬਹੁਤ ਵੱਡਾ ਹਿੱਸਾ ਬਣਦੇ ਹਨ, ਇਹ ਸਵਾਲ ਕੌਮਾਂਤਰੀ ਰਾਜਨੀਤੀ ਵਿਚ ਇਕ ਵਿਚਾਰ ਗੋਚਰਾ ਸਵਾਲ ਬਣਿਆ ਰਹਿੰਦਾ ਹੈ। ਇਸ ਮਾਮਲੇ ਵਿਚ ਇਸ ਸਮੇਂ ਦੋ ਤਰ੍ਹਾਂ ਦੇ ਮੁੱਦੇ ਉਠੇ ਹੋਏ ਹਨ। ਇਕ ਤਰਕ ਇਹ ਹੈ ਕਿ ਕਿਉਂਕਿ ਭਾਰਤ ਅਤੇ ਚੀਨ ਵਿਚਕਾਰ ਸਰਹੱਦਾਂ ਦਾ ਸਵਾਲ ਨਿਬੜਿਆ ਨਹੀਂ ਅਤੇ ਇਸ ਦੇ ਨਿਬੜਣ ਦੀ ਉਮੀਦ ਵੀ ਨਹੀਂ, ਇਸ ਲਈ ਭਾਰਤ ਨੂੰ ਚੀਨ ਦੇ ਇਰਾਦਿਆਂ ਬਾਰੇ ਪੂਰੀ ਚੌਕਸੀ ਵਰਤਦਿਆਂ ਫੌਜੀ ਤਿਆਰੀ ਵਿਚ ਕੋਈ ਢਿੱਲ ਨਹੀਂ ਆਉਣ ਦੇਣੀ ਚਾਹੀਦੀ।

ਇਹ ਗੱਲ ਧਿਆਨ ਮੰਗਦੀ ਹੈ ਕਿ ਇਕ ਗੁੰਮਨਾਮ ਇੰਟਰਨੈੱਟ ਸੋਮੇ ਨੇ ਆਪਣੇ ਆਪ ਨੂੰ 'ਚੀਨ ਦਾ ਰਣਨੀਤਕ ਮਾਹਿਰ' ਦੱਸਦਿਆਂ ਆਪਣੀ ਲਿਖਤ ਵਿਚ ਖੁੱਲ੍ਹਾ ਸੱਦਾ ਦਿੱਤਾ ਹੈ ਕਿ ਚੀਨ 'ਭਾਰਤ ਜਿਹੇ ਹਿੰਦੂ ਧਾਰਮਿਕ ਰਾਜ' ਨੂੰ ਤੋੜ ਦੇਵੇ ਅਤੇ ਇਉਂ ਅਜਿਹੀਆਂ ਰਣਨੀਤਕ ਪ੍ਰਾਪਤੀਆਂ ਹਾਸਲ ਕਰੇ, ਜਿਹੜੀਆਂ ਇਸ ਲਈ ਲਾਭਕਾਰੀ ਹੋ ਸਕਦੀਆਂ ਹਨ। ਭਾਰਤ ਵਿਚਲੇ ਚੇਨਈ ਦੇ ਇਕ 'ਥਿੰਕ-ਟੈਂਕ' ਨੇ ਇੰਟਰਨੈੱਟ ਦੀ ਇਸ ਲਿਖ਼ਤ ਦਾ ਉਲਥਾ ਕਰ ਦਿੱਤਾ ਹੈ ਅਤੇ ਭਾਰਤੀ ਮੀਡੀਆ ਦੇ ਇਕ ਤਕੜੇ ਹਿੱਸੇ ਨੇ ਇਸ ਗੱਲ ਨੂੰ ਚੁੱਕ ਲਿਆ ਹੈ ਕਿ ਚੀਨ ਭਾਰਤ ਨੂੰ ਤੋੜਨ ਉਤੇ ਆਮਾਦਾ ਹੈ।

ਗੱਲ ਇਥੋਂ ਤੱਕ ਸੀਮਤ ਨਹੀਂ ਰਹੀ। 'ਪੀਪਲਜ਼ ਡੇਲੀ' ਜਿਹੇ ਜਨ-ਪ੍ਰਭਾਵੀ ਅਖਬਾਰ ਨੇ ਇਕ ਸੰਪਾਦਕੀ ਵਿਚ ਭਾਰਤ ਦੀ ਰਾਜਸੀ ਹੈਸੀਅਤ ਨੂੰ ਛੁਟਿਆਇਆ ਹੈ ਅਤੇ ਸਰਹੱਦੀ ਝਗੜੇ ਅਤੇ ਦੂਜੇ ਸਵਾਲਾਂ ਉੱਤੇ ਭਾਰਤ ਵਿਰੁਧ ਸਖ਼ਤ ਸਟੈਂਡ ਲੈਣ ਦੀ ਗੱਲ ਕੀਤੀ ਹੈ। 'ਪੀਪਲਜ਼ ਡੇਲੀ' ਜਿਵੇਂ ਕਿ ਸਭ ਨੂੰ ਪਤਾ ਹੈ, ਚੀਨ ਦੀ ਕਮਿਊਨਿਸਟ ਪਾਰਟੀ ਦਾ ਬੁਲਾਰਾ ਹੈ।

ਪਰ ਇਸ ਸਵਾਲ ਉੱਤੇ ਧੀਰਜ ਅਖ਼ਤਿਆਰ ਕਰਨ ਦੀ ਵਕਾਲਤ ਕਰਨ ਵਾਲੇ ਵੀ ਭਾਰਤੀ ਮੀਡੀਆ ਵਿਚ ਘੱਟ ਨਹੀਂ ਹਨ। ਇਕ ਉੱਘੇ ਭਾਰਤੀ ਕਾਲਮ-ਨਵੀਸ ਨੇ ਲਿਖਿਆ ਹੈ ਕਿ ਇਸ ਦੁਵੱਲੇ ਵਪਾਰ ਦੇ ਮਾਮਲੇ ਵਿਚ ਚੀਨ, ਭਾਰਤ ਦਾ ਸਭ ਤੋਂ ਵੱਡਾ ਭਾਈਵਾਲ ਬਣ ਚੁੱਕਾ ਹੈ। ਇਹ ਗੱਲ ਅੱਖੋਂ ਓਹਲੇ ਨਹੀਂ ਕੀਤੀ ਜਾਣੀ ਚਾਹੀਦੀ। ਸਮਾਂ ਆ ਗਿਆ ਹੈ ਕਿ ਸਰਹੱਦੀ ਝਗੜਾ ਨਿਬੇੜ ਦਿੱਤਾ ਜਾਵੇ। ਕਾਲਮ-ਨਵੀਸ ਅਨੁਸਾਰ ਚੀਨੀ ਧਿਰ ਨੇ ਦੋ ਵਾਰ ਇਸ ਨਿਬੇੜੇ ਦੇ ਸੁਝਾਅ ਦਿੱਤੇ ਸਨ। ਦਿੱਤੇ ਵੀ ਇਹ ਸਭ ਤੋਂ ਸਿਖਰਲੇ ਪੱਧਰ ਉਤੇ ਗਏ ਸਨ।

ਪਹਿਲੀ ਵਾਰ 1961 ਵਿਚ ਖੁਦ ਚਾਓ ਐਨ. ਲਾਈ ਨੇ, ਜਿਹੜੇ ਚੀਨ ਦੇ ਪ੍ਰਧਾਨ ਮੰਤਰੀ ਵਜੋਂ ਭਾਰਤ ਆਏ ਸਨ। ਉਨ੍ਹਾਂ ਨੇ ਸਰਹੱਦ ਨੂੰ ਤਿੰਨ ਸੈਕਟਰਾਂ ਵਿਚ ਵੰਡ ਕੇ ਦਵੱਲੀ ਛੋਟਾਂ ਦੇ ਆਧਾਰ 'ਤੇ ਨਿਬੇੜਾ ਕਰਨ ਦਾ ਸੁਝਾਅ ਦਿੱਤਾ ਸੀ। ਪਰ ਭਾਰਤੀ ਧਿਰ ਨੇ ਇਹ ਗੱਲ ਨਹੀਂ ਮੰਨੀ ਸੀ। ਦੂਜੀ ਵਾਰੀ 1980 ਵਿਚ ਡੈਂਗ ਜ਼ਿਆਓ-ਪਿੰਗ ਨੇ ਇਸ ਤਰ੍ਹਾਂ ਦਾ ਇਕ ਫਾਰਮੂਲਾ ਆਪਣੀ ਭਾਰਤ ਫੇਰੀ ਸਮੇਂ ਦਿੱਤਾ ਸੀ। ਭਾਰਤੀ ਸੁਰੱਖਿਆ ਮੰਤਰਾਲੇ ਦੇ ਇਕ ਅਧਿਕਾਰੀ ਨੇ ਇਸ ਦੇ ਪੱਖ ਵਿਚ ਇਕ ਪੁਸਤਕ ਵੀ ਲਿਖ ਦਿੱਤੀ ਸੀ, ਪਰ ਭਾਰਤ ਨੇ ਕੋਈ ਅਮਲੀ ਕਦਮ ਨਾ ਚੁੱਕਿਆ। ਇਸੇ ਦੌਰਾਨ ਇਕ ਮਹੱਤਵਪੂਰਨ ਖ਼ਬਰ ਇਹ ਆਈ ਹੈ ਕਿ ਤਿੱਬਤ ਵਿਚਲੇ ਭਾਰਤੀ ਕਾਂਸਲੇਟ ਨੂੰ ਖੋਲ੍ਹਣ ਦਾ ਸੁਝਾਅ ਖੁਦ ਚੀਨ ਵਲੋਂ ਆਇਆ ਹੈ ਅਤੇ ਇਕ ਅਧਿਕਾਰੀ ਨੇ ਕਿਹਾ ਹੈ ਕਿ ਭਾਰਤ ਜਦੋਂ ਵੀ ਚਾਹੇ ਇਸ ਨੂੰ ਨਵੇਂ ਸਿਰਿਓਂ ਖੋਲ੍ਹ ਸਕਦਾ ਹੈ। ਇਹ ਰਾਜਦੂਤਕ ਦਫਤਰ ਚਾਰ ਦਹਾਕਿਆਂ ਤੋਂ ਬੰਦ ਪਿਆ ਹੈ।

ਚੀਨੀ ਅਧਿਕਾਰੀ ਦੇ ਕਥਨ ਦਾ ਭਾਵ ਇਹੋ ਹੈ ਕਿ ਭਾਰਤ-ਚੀਨ ਰਿਸ਼ਤੇ ਖੜੋਤ ਦੇ ਬਾਵਜੂਦ ਬਿਹਤਰ ਤੇ ਸਾਵੇਂ ਹੋ ਸਕਦੇ ਹਨ। ਇਹ ਭਾਰਤ ਦੇ ਹਿੱਤ ਵਿਚ ਹੈ ਕਿ ਇਸ ਰੁਝਾਨ ਦੀ ਪਾਏਦਾਰੀ ਲਈ ਯਤਨ ਜਾਰੀ ਰੱਖੇ ਜਾਣ। ਗਵਾਂਢੀ ਦੇਸ਼ ਪਾਕਿਸਤਾਨ ਨਾਲ ਭਾਰਤ ਦੇ ਸਬੰਧਾਂ ਦਾ ਸਵਾਲ ਕਦੇ ਵੀ ਲੰਮੇ ਸਮੇਂ ਲਈ ਠੰਢੇ ਬਸਤੇ ਵਿਚ ਪਿਆ ਨਹੀਂ ਰਿਹਾ। ਇਸ ਦੇ ਕਾਰਨ ਇਤਿਹਾਸਕ ਵੀ ਹਨ ਅਤੇ ਰਣਨੀਤਕ ਵੀ। ਪਰ ਇਕ ਕਾਰਨ ਜਿਹੜਾ ਪਿਛਲੇ ਕੁਝ ਸਾਲਾਂ ਤੋਂ ਵਧੇਰੇ ਪ੍ਰਭਾਵੀ ਹੁੰਦਾ ਰਿਹਾ ਹੈ, ਉਹ ਹੈ ਇਸ ਖਿੱਤੇ ਵਿਚ ਅਮਰੀਕੀ ਦਖ਼ਲ। ਭਾਰਤ ਦਾ ਅਮਰੀਕਾ ਨਾਲ ਪ੍ਰਮਾਣੂ ਸੰਧੀ ਕਰ ਲੈਣਾ, ਇਸ ਦਖ਼ਲ ਪ੍ਰਤੀ ਭਾਰਤ ਦੇ ਅਵੇਸਲੇਪਨ ਦਾ ਕਾਰਨ ਵੀ ਹੈ।

ਕੁਝ ਧਿਰਾਂ ਨੂੰ ਜੇ ਇਹ ਉਮੀਦ ਸੀ ਕਿ ਅਮਰੀਕਾ ਨਾਲ ਦੋਸਤੀ ਭਾਰਤ-ਪਾਕਿਸਤਾਨ ਸਬੰਧਾਂ ਨੂੰ ਬਿਹਤਰ ਬਣਾਉਣ ਵਿਚ ਅਤੇ ਇਸ ਖਿੱਤੇ ਵਿਚ ਸਥਾਈ ਅਮਨ ਸਥਾਪਤ ਕਰਨ ਵਿਚ ਮਦਦਗਾਰ ਸਾਬਤ ਹੋਵੇਗੀ ਤਾਂ ਉਹ ਉਮੀਦ ਵੀ ਪੂਰੀ ਹੁੰਦੀ ਨਜ਼ਰ ਨਹੀਂ ਆਉਂਦੀ। ਕੌਮਾਂਤਰੀ ਰਾਜਨੀਤੀ ਦਾ ਇਕ ਪ੍ਰਮੁੱਖ ਸਵਾਲ ਉਸ ਸੰਸਾਰਕ ਆਰਥਿਕ ਮੰਦਵਾੜੇ ਦਾ ਹੈ, ਜਿਹੜਾ ਕੁਝ ਸਮੇਂ ਤੋਂ ਭਾਰਤ ਸਮੇਤ ਕੁਲ ਦੁਨੀਆ ਉੱਤੇ ਪ੍ਰਭਾਵੀ ਹੋ ਰਿਹਾ ਹੈ। ਇਹ ਸੰਕਟ ਸਾਧਾਰਨ ਸੰਕਟ ਨਹੀਂ ਅਤੇ ਆਰਥਿਕ ਮਾਹਿਰਾਂ ਅਨੁਸਾਰ ਇਸ ਵਿਚੋਂ ਨਿਕਲਣਾ ਵੀ ਆਸਾਨ ਨਹੀਂ ਹੋਵੇਗਾ।

ਅਨੁਮਾਨ ਇਹ ਹੈ ਕਿ ਲੰਮੇ ਸਮੇਂ ਲਈ ਸੂਦ ਦਰਾਂ ਵਿਚ ਕਮੀ ਅਤੇ ਸੁਖਾਲੇ ਕਰਜ਼ਿਆਂ ਦੀ ਨੀਤੀ ਨੂੰ ਅਖ਼ਤਿਆਰ ਕਰਨਾ ਪਵੇਗਾ। ਵਿਕਸਤ ਦੇਸ਼ਾਂ ਦੀ ਵਿਕਾਸ ਦਰ ਘਟੇਗੀ ਅਤੇ ਬੇਰੁਜ਼ਗਾਰੀ ਵਿਚ ਵਾਧਾ ਹੋਵੇਗਾ। ਅਮਰੀਕੀ ਅਰਥਚਾਰਾ ਇਸ ਸੰਕਟ ਦਾ ਸਭ ਤੋਂ ਵੱਡਾ ਖਤਰਾ ਹੈ। ਇਸ ਅਵਸਥਾ ਵਿਚ ਇਹ ਜ਼ਰੂਰੀ ਹੈ ਕਿ ਇਸ ਦੇਸ਼ ਦੀਆਂ ਬਰਾਮਦਾਂ ਵਿਚ ਵਾਧਾ ਹੋਵੇ। ਇਸ ਦਾ ਭਾਵ ਇਹ ਹੋਵੇਗਾ ਕਿ ਚੀਨ ਜਿਹੇ ਵੱਡੇ ਦੇਸ਼ ਅਤੇ ਨਾਲ ਹੀ ਦੂਜੇ ਵਿਕਾਸਸ਼ੀਲ ਦੇਸ਼ ਅਮਰੀਕਾ ਨਾਲੋਂ ਆਪਣੀਆਂ ਦਰਾਮਦਾਂ ਵਧਾਉਣ, ਪਰ ਇਹ ਕਾਰਜ ਕਿਸ ਹੱਦ ਤੱਕ ਸੰਭਵ ਹੋਵੇਗਾ ਇਹ ਕਹਿਣਾ ਇਸ ਸਮੇਂ ਔਖਾ ਹੈ। ਇਹ ਬੇਯਕੀਨੀ ਕਦੋਂ ਤੱਕ ਬਣੀ ਰਹੇਗੀ, ਇਹ ਕਹਿਣਾ ਵੀ ਔਖਾ ਹੈ। ਪਰ ਭਾਰਤ ਦਾ ਨਿਰਲੇਪ ਰਹਿਣਾ, ਕਿਸੇ ਸੂਰਤ ਵੀ ਸੰਭਵ ਨਹੀਂ।

## ਸ੍ਰੀਦੇਵੀ ਨੂੰ 9 ਕਰੋੜ ਰੁਪਏ ਜਮ੍ਹਾਂ ਕਰਵਾਉਣ ਦਾ ਹੁਕਮ

**ਚੇਨਈ :** ਮਦਰਾਸ ਹਾਈਕੋਰਟ ਨੇ ਪ੍ਰਸਿੱਧ ਫਿਲਮ ਅਭਿਨੇਤਰੀ ਸ੍ਰੀਦੇਵੀ, ਉਸ ਦੇ ਪਤੀ ਬੋਨੀ ਕਪੂਰ ਤੇ ਇਕ ਹੋਰ ਵਿਅਕਤੀ ਸੁਰਿੰਦਰ ਕਪੂਰ ਨੂੰ ਹੁਕਮ ਦਿੱਤਾ ਹੈ ਕਿ ਉਹ ਹਫਤੇ ਦੇ ਅੰਦਰ-ਅੰਦਰ 9 ਕਰੋੜ ਰੁਪਏ ਜਮ੍ਹਾ ਕਰਵਾਉਣ। ਇਨ੍ਹਾਂ ਵਿਚੋਂ 3.60 ਲੱਖ ਰੁਪਏ ਬੈਂਕ ਗਾਰੰਟੀ ਲਈ ਹਨ। ਹੁਕਮ ਵਿਚ ਕਿਹਾ ਗਿਆ ਹੈ ਕਿ ਜਦ ਤਕ ਇਹ ਰਕਮ ਜਮ੍ਹਾ ਨਹੀਂ ਕਰਵਾਈ ਜਾਂਦੀ, ਤਦ ਤਕ ਉਨ੍ਹਾਂ ਦੀ ਹਿੰਦੀ ਫਿਲਮ 'ਵਾਂਟੇਡ' ਦੇ ਪ੍ਰਦਰਸ਼ਨ 'ਤੇ ਪਾਬੰਦੀ ਲੱਗੀ ਰਹੇਗੀ।

ਜਸਟਿਸ ਜੀ. ਰਾਜਸੂਰੀਆ ਨੇ ਇਕ ਨਿਰਦੇਸ਼ਕ ਸੁਸ਼ੀਲ ਗੁਪਤਾ ਵਲੋਂ ਦਾਇਰ ਹਲਫਨਾਮੇ 'ਤੇ ਸੁਣਵਾਈ ਕਰਨ ਪਿੱਛੋਂ ਉਕਤ ਹੁਕਮ ਜਾਰੀ ਕੀਤਾ ਹੈ।


# ਜਿਨੁ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥

***Those who say one thing and have another thing in their hearts are false – Shaikh Fareed***

**President Jaspreet Singh Atwal of Sikh Religious Society (SRS), Palatine, sells drugs! This is how deception sounds if that was the only information provided to someone not knowing anything else. Of course it is true because president *sahib* is pharmacist by profession and that is his job. Present management of Sikh Religious Society (SRS), Palatine, only shares partial information such that it is indistinguishable from a lie – it is a deception at that point.**

**Please visit www.sikhsangatchicago.com to view present SRS management's mockery of Sikh religious principles and continued use of Guru Granth Sahib as an instrument to protect the propagation of their lies. Sangat should know that SRS Palatine has become a "Dera Management by *Mhants*" where my way or high way is the way to run a Gurdwara. Shouldn't this place remain a Gurdwara for the Sangat, by the Sangat, managed by the Sewadars of the Sangat?**

**Some of the latest tirades of present SRS management include:**

**⇒ Not letting SRS members of the Sangat perform kirtan in the Gurdwara**

**⇒ Refusing to accept application to book Saturday kirtan by members of the Sangat on July 5th 2009. Requested time slots, while available at the time of application, were cleverly reserved under the names of some SRS board members, or their sympathizers**

**⇒ On July 5th, 2009 every member of the board sitting in the SRS office refused to accept the application for letting Sangat do Keertan every other Saturday from 3-5pm.**

**⇒ On July 5th 2009 program calendar showed empty slots during that time, but magically they were all booked next day by the members of the *Mahant-ized* Dera Management and their reps.**

**⇒ Sehaj path is deliberately done in the main hall to interfere with scheduled Keertan by the Sangat.**

**⇒ Only one or two members of the "Dera Management" are there to listen to the Sehaj path, whereas about 100 members of the Sangat are denied the privilege of Gurbani Keertan in the main hall.**

**⇒ Sangat, kids and adults alike, are forced to do Keertan with Sitar, Dilruba and other instruments in the school area.**

**⇒ Dera Management *Mahants* have threatened to kick Sangat out from there too.**

**⇒ Dera Management *Mahants* baselessly criticize Bhai Mohinder Singh, and thus he is not even considered to be a member of the Sangat and able to freely do Keertan in the Gurdwara.**

**⇒ Present management continues to restrain people, who do not agree with their agenda, from attending Palatine Gurdwara**

**⇒ Once again in blatant violation of SRS Constitution, vacancy created by S Narinderpal Singh Marwaha's resignation has not been filled with the rightful candidate S. Gur Singh who was the next highest vote- getter in the relevant election year.**

**Sangat ji please come, participate in Sangat's Keertan on Saturday Sep 5th from 3:00-5:00 pm and let your voices be heard.**

**www.sikhsangatchicago.org**

# ਚੋਣ ਤਰੀਕਾਂ ਦੇ ਐਲਾਨ ਨਾਲ ਹਰਿਆਣਾ 'ਚ ਰਾਜਨੀਤਕ ਸਰਗਰਮੀ ਤੇਜ਼

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਚੰਡੀਗੜ੍ਹ :** ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਦੇ ਐਲਾਨ ਨਾਲ ਰਾਜਨੀਤਕ ਸਰਗਰਮੀਆਂ ਵਿਚ ਤੇਜ਼ੀ ਆ ਗਈ ਹੈ। ਵਿਧਾਨ ਸਭਾ ਲਈ ਵੋਟਾਂ 13 ਅਕਤੂਬਰ ਨੂੰ ਪੈਣਗੀਆਂ ਪਰ ਨਤੀਜਾ 22 ਅਕਤੂਬਰ ਨੂੰ ਆਵੇਗਾ। ਸਾਰੀਆਂ ਰਾਜਨੀਤਕ ਪਾਰਟੀਆਂ ਨੇ ਚੋਣ ਮੈਨੀਫੈਸਟੋ ਤਿਆਰ ਕਰਨ, ਉਮੀਦਵਾਰਾਂ ਦੀ ਚੋਣ ਕਰਨ ਅਤੇ ਚੋਣਾਂ ਨਾਲ ਸਬੰਧਤ ਹੋਰ ਕੰਮਕਾਜ ਹੁਣੇ ਹੀ ਸ਼ੁਰੂ ਕਰ ਦਿਤੇ ਹਨ। ਇਨੈਲੋ ਨੇ ਆਪਣੇ ਮੈਨੀਫੈਸਟੋ ਦੇ ਅਹਿਮ ਪੱਖ ਤਾਂ ਜਾਰੀ ਵੀ ਕਰ ਦਿੱਤੇ ਹਨ। ਕਾਂਗਰਸ ਦਾ ਕਿਸੇ ਹੋਰ ਪਾਰਟੀ ਨਾਲ ਗਠਜੋੜ ਨਹੀਂ ਹੈ। ਇਸ ਪਾਰਟੀ ਵਲੋਂ ਆਪਣੇ ਬਲਬੂਤੇ ਸਾਰੇ 90 ਹਲਕਿਆਂ ਵਿਚ ਉਮੀਦਵਾਰ ਖੜ੍ਹੇ ਕੀਤੇ ਜਾਣਗੇ। ਭਾਰਤੀ ਜਨਤਾ ਪਾਰਟੀ ਅਤੇ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦਾ ਗਠਜੋੜ ਟੁੱਟ ਜਾਣ ਕਰਕੇ ਦੋਵੇਂ ਪਾਰਟੀਆਂ ਨੇ ਸਾਰੇ ਹਲਕਿਆਂ 'ਤੇ ਚੋਣ ਲੜਨ ਦਾ ਐਲਾਨ ਕੀਤਾ ਹੈ। ਬਹੁਜਨ ਸਮਾਜ ਪਾਰਟੀ ਅਤੇ ਹਰਿਆਣਾ ਜਨਹਿੱਤ ਕਾਂਗਰਸ ਪਾਰਟੀ ਦਾ ਗਠਜੋੜ ਹੈ ਤੇ ਇਹ ਗਠਜੋੜ ਵੀ ਸਾਰੇ ਹਲਕਿਆਂ ਵਿਚ ਉਮੀਦਵਾਰ ਖੜ੍ਹੇ ਕਰੇਗਾ। ਇਸ ਗਠਜੋੜ ਨੇ ਸੀਟਾਂ ਦੀ ਵੰਡ ਕਰ ਲਈ ਹੈ ਤੇ ਇਹ ਫੈਸਲਾ ਵੀ ਕਰ ਲਿਆ ਹੈ ਕਿ ਬਸਪਾ ਕਿਹੜੇ 40 ਅਤੇ ਹਜਕਾਂ ਕਿਹੜੇ 50 ਹਲਕਿਆਂ ਤੋਂ ਉਮੀਦਵਾਰ ਖੜ੍ਹੇ ਕਰੇਗੀ। ਮੁੱਖ ਪਾਰਟੀਆਂ ਤੋਂ ਇਲਾਵਾ ਕੁਝ ਹਲਕਿਆਂ ਵਿਚ ਦੋਵਾਂ ਕਮਿਊਨਿਸਟ ਪਾਰਟੀਆਂ ਅਤੇ ਕੁਝ ਹੋਰ ਛੋਟੀਆਂ ਪਾਰਟੀਆਂ ਵੀ ਉਮੀਦਵਾਰ ਖੜ੍ਹੇ ਕਰਨਗੀਆਂ। ਬਹੁਤੇ ਹਲਕਿਆਂ ਵਿਚ ਉਹ ਆਗੂ ਵੀ ਚੋਣ ਮੈਦਾਨ ਵਿਚ ਡਟਣ ਦੀਆਂ ਤਿਆਰੀਆਂ ਕਰ ਰਹੇ ਹਨ, ਜਿਨ੍ਹਾਂ ਨੂੰ ਹਾਕਮ ਧਿਰ ਕੋਲੋਂ ਟਿਕਟ ਮਿਲਣ ਦੀ ਬਹੁਤੀ ਆਸ ਨਹੀਂ। ਹਾਕਮ ਧਿਰ ਕਾਂਗਰਸ ਦੀ ਸਥਿਤੀ ਬਿਹਤਰ ਹੋਣ ਕਾਰਨ ਉਸ ਕੋਲੋਂ ਟਿਕਟ ਹਾਸਲ ਕਰਨ ਵਾਲਿਆਂ ਦੀ ਲੰਮੀ ਕਤਾਰ ਹੈ ਤੇ ਹਰੇਕ ਹਲਕੇ ਤੋਂ ਦਸ ਤੋਂ ਪੰਦਰਾਂ ਆਗੂਆਂ ਨੇ ਟਿਕਟ ਲੈਣ ਲਈ ਅਰਜ਼ੀਆਂ ਦਿੱਤੀਆਂ ਹਨ। ਕੁਝ ਹਲਕਿਆਂ ਵਿਚ ਗਿਣਤੀ ਇਸ ਤੋਂ ਵੀ ਵਧ ਹੈ। ਇਸ ਲਈ ਪਾਰਟੀ ਦੀ ਚੋਣ ਕਮੇਟੀ ਨੂੰ ਟਿਕਟਾਂ ਦੀ ਵੰਡ ਕਰਨ ਸਮੇਂ ਕਾਫੀ ਮੁਸ਼ੱਕਤ ਕਰਨੀ ਪਵੇਗੀ। ਇਸ ਗੱਲ ਦਾ ਵੀ ਖਿਆਲ ਰੱਖਣਾ ਪਵੇਗਾ ਕਿ ਟਿਕਟ ਦੇਣ ਸਮੇਂ ਬਹੁਤ ਵੱਡੇ ਵਿਰੋਧ ਖੜੇ ਨਾ ਹੋਣ, ਕਿਉਂਕਿ ਜ਼ਿਆਦਾ ਵੱਡੇ ਵਿਰੋਧ ਹੋਣ ਦੀ ਸੂਰਤ ਵਿਚ ਪਾਰਟੀ ਨੂੰ ਨਾਂਹ ਪੱਖੀ ਸਥਿਤੀ ਤੇ ਪ੍ਰਚਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰਾਜਨੀਤਕ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਵੇਲੇ ਟਿਕਟਾਂ ਦੇ ਮਾਮਲੇ ਨੂੰ ਲੈ ਕੇ ਸਭ ਤੋਂ ਵਧ ਕਾਂਗਰਸ ਵਿਚ ਮਾਰਧਾੜ ਹੋਣ ਦੀ ਸੰਭਾਵਨਾ ਹੈ, ਕਿਉਂਕਿ ਬਹੁਤ ਸਾਰੇ ਆਗੂਆਂ ਨੂੰ ਜਾਪਦਾ ਹੈ ਕਿ ਲੋਕ ਸਭਾ ਚੋਣਾਂ ਵਿਚ ਅਸਾਨੀ ਨਾਲ ਕਾਂਗਰਸ ਚੋਣਾਂ ਜਿੱਤ ਜਾਵੇਗੀ।

ਹਰਿਆਣਾ ਦੇ ਲਗਭਗ 33 ਵਿਧਾਨ ਸਭਾ ਹਲਕਿਆਂ ਵਿਚ ਸਿੱਖਾਂ ਅਤੇ ਪੰਜਾਬੀਆਂ ਦੀ ਏਨੀ ਕੁ ਵਸੋਂ ਹੈ ਤੇ ਜੇ ਉਨ੍ਹਾਂ ਵਿਚਾਲੇ ਏਕਤਾ ਹੋ ਜਾਵੇ ਤਾਂ ਉਹ ਇਨ੍ਹਾਂ ਹਲਕਿਆਂ ਦੇ ਨਤੀਜੇ ਬਦਲਣ ਦੀ ਸਮਰੱਥਾ ਰੱਖਦੇ ਹਨ। ਕੁਝ ਵਿਧਾਨ ਸਭਾ ਹਲਕੇ ਅਜਿਹੇ ਹਨ, ਜਿਥੇ ਪੰਜਾਬੀ ਤੇ ਸਿੱਖ ਫੈਸਲਾਕੁੰਨ ਭੂਮਿਕਾ ਨਿਭਾਉਂਦੇ ਹਨ। ਇਸ ਲਈ ਹਰ ਵਾਰ ਦੀਆਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿਚ ਸਿੱਖਾਂ ਤੇ ਪੰਜਾਬੀਆਂ ਨੂੰ ਆਪਣੇ ਹੱਕ ਵਿਚ ਪਰਤਾਉਣ ਲਈ ਲਗਭਗ ਸਾਰੀਆਂ ਰਾਜਨੀਤਿਕ ਪਾਰਟੀਆਂ ਯਤਨ ਕਰਦੀਆਂ ਹਨ, ਪਰ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਸਿੱਖਾਂ ਅਤੇ ਪੰਜਾਬੀਆਂ ਦੇ ਬਹੁਤ ਵਾਜਬ ਮਸਲੇ ਵੀ ਭੁਲਾ ਦਿੱਤੇ ਜਾਂਦੇ ਹਨ।

ਇਸ ਕਰਕੇ ਹਰ ਵਾਰ ਦੀਆਂ ਚੋਣਾਂ ਤੋਂ ਬਾਅਦ ਪੰਜਾਬੀ ਅਤੇ ਸਿੱਖ ਹੱਥ ਮਲਦੇ ਹੀ ਰਹਿ ਜਾਂਦੇ ਹਨ। ਇਸ ਸਥਿਤੀ ਨੂੰ ਬਦਲਣ ਲਈ ਹਰਿਆਣਾ ਦੇ ਪੰਜਾਬੀਆਂ ਤੇ ਸਿੱਖਾਂ ਨੂੰ ਮੁੱਦਿਆਂ 'ਤੇ ਆਧਾਰਤ ਰਾਜਨੀਤੀ ਕਰਨ ਦੀ ਲੋੜ ਹੈ ਤੇ ਇਸ ਤੋਂ ਬਿਨਾਂ ਉਨ੍ਹਾਂ ਦੀ ਕੋਈ ਬਾਂਹ ਨਹੀਂ ਫੜੇਗਾ।

ਹਰਿਆਣਾ ਤੇ ਪੰਜਾਬ ਨਾਲ ਲੱਗਦੇ ਜ਼ਿਲ੍ਹਿਆਂ ਵਿਚ ਸਿੱਖਾਂ ਤੇ ਪੰਜਾਬੀਆਂ ਦਾ ਬੋਲਬਾਲਾ ਹੈ, ਪਰ ਇਸ ਦੇ ਆਧਾਰ 'ਤੇ ਉਹ ਕੋਈ ਵੀ ਸਾਂਝਾ ਮਸਲਾ ਹੱਲ ਕਰਵਾਉਣ ਵਿਚ ਸਫ਼ਲ ਨਹੀਂ ਹੋ ਸਕੇ। ਵਿਧਾਨ ਸਭਾ ਹਲਕੇ ਵਾਰ ਪੰਜਾਬੀਆਂ ਤੇ ਸਿੱਖਾਂ ਦੀਆਂ ਵੋਟਾਂ ਦਾ ਵੇਰਵਾ ਇਸ ਪ੍ਰਕਾਰ ਹੈ।

ਕਾਲਕਾ ਵਿਚ ਸਿੱਖ 05, ਪੰਜਾਬੀ 04 ਫੀਸਦੀ, ਪੰਚਕੂਲਾ ਵਿਚ ਸਿੱਖ 06, ਪੰਜਾਬੀ 12 ਫੀਸਦੀ, ਅੰਬਾਲਾ ਛਾਉਣੀ ਵਿਚ ਸਿੱਖ 09, ਪੰਜਾਬੀ 12 ਫੀਸਦੀ, ਅੰਬਾਲਾ ਸ਼ਹਿਰ ਵਿਚ ਸਿੱਖ 09, ਪੰਜਾਬੀ 15 ਫੀਸਦੀ, ਜਗਾਧਰੀ ਵਿਚ ਸਿੱਖ 05, ਪੰਜਾਬੀ 08 ਫੀਸਦੀ, ਯਮੁਨਾ ਨਗਰ ਵਿਚ ਸਿੱਖ 05, ਪੰਜਾਬੀ 26 ਫੀਸਦੀ, ਲਾਡਵਾ ਵਿਚ ਸਿੱਖ 04, ਪੰਜਾਬੀ 23 ਫੀਸਦੀ, ਸ਼ਾਹਬਾਦ ਵਿਚ ਸਿੱਖ 06, ਪੰਜਾਬੀ 09 ਫੀਸਦੀ, ਥਾਣੇਸਰ ਵਿਚ ਸਿੱਖ 03, ਪੰਜਾਬੀ 11 ਫੀਸਦੀ, ਪਿਹੋਵਾ ਵਿਚ ਸਿੱਖ 13, ਪੰਜਾਬੀ 6, ਗੂਹਲਾ ਵਿਚ ਸਿੱਖ 12, ਪੰਜਾਬੀ 02 ਫੀਸਦੀ, ਕੈਥਲ ਵਿਚ ਸਿੱਖ 03, ਪੰਜਾਬੀ 08 ਫੀਸਦੀ, ਪੂੰਡਰੀ ਵਿਚ ਸਿੱਖ 06, ਪੰਜਾਬੀ 03 ਫੀਸਦੀ, ਨੀਲੋਖੇੜੀ ਵਿਚ ਸਿੱਖ 12 ਫੀਸਦੀ, ਪੰਜਾਬੀ 08 ਫੀਸਦੀ, ਇੰਦਰੀ ਵਿਚ ਸਿੱਖ ਤੇ ਪੰਜਾਬੀ 5-5 ਫੀਸਦੀ, ਕਰਨਾਲ ਵਿਚ ਸਿੱਖ 4 ਤੇ ਪੰਜਾਬੀ 28 ਫੀਸਦੀ, ਅਸੰਧ ਵਿਚ ਸਿੱਖ 14 ਤੇ ਪੰਜਾਬੀ 3 ਫੀਸਦੀ, ਪਾਣੀਪਤ (ਪੇਂਡੂ ਹਲਕੇ) ਸਿੱਖ 2 ਫੀਸਦੀ ਤੇ 9 ਫੀਸਦੀ, ਪਾਣੀਪਤ ਸ਼ਹਿਰੀ ਵਿਚ ਸਿੱਖ 4 ਫੀਸਦੀ ਤੇ ਪੰਜਾਬੀ 41 ਫੀਸਦੀ ਹਨ।

ਸੋਨੀਪਤ ਵਿਚ ਸਿੱਖ 1 ਫੀਸਦੀ ਤੇ ਪੰਜਾਬੀ 23 ਫੀਸਦੀ, ਟੋਹਾਣਾ ਵਿਚ ਸਿੱਖ 10 ਤੇ ਪੰਜਾਬੀ 9 ਫੀਸਦੀ, ਫਤਿਆਬਾਦ ਵਿਚ ਸਿੱਖ 1 ਤੇ ਪੰਜਾਬੀ 11 ਫੀਸਦੀ, ਰਤੀਆ ਵਿਚ ਸਿੱਖ 15 ਤੇ ਪੰਜਾਬੀ 5 ਫੀਸਦੀ, ਕਾਲਿਆਂਵਾਲੀ ਵਿਚ ਸਿੱਖ 29 ਤੇ ਪੰਜਾਬੀ 5 ਫੀਸਦੀ, ਡੱਬਵਾਲੀ ਵਿਚ ਸਿੱਖ 21 ਤੇ ਪੰਜਾਬੀ 6 ਫੀਸਦੀ, ਰਾਣੀਆ ਵਿਚ ਸਿੱਖ 12 ਤੇ ਪੰਜਾਬੀ 5 ਫੀਸਦੀ, ਸਿਰਸਾ ਵਿਚ ਸਿੱਖ 4 ਤੇ ਪੰਜਾਬੀ 15 ਫੀਸਦੀ, ਏਮਨਾਬਾਦ ਵਿਚ ਸਿੱਖ 7 ਤੇ ਪੰਜਾਬੀ 3 ਫੀਸਦੀ, ਹਿਸਾਰ ਵਿਚ ਸਿੱਖ 2 ਤੇ ਪੰਜਾਬੀ 25 ਫੀਸਦੀ, ਬੜਖਲ ਵਿਚ ਸਿੱਖ 5 ਤੇ ਪੰਜਾਬੀ 29 ਫੀਸਦੀ ਅਤੇ ਫਰੀਦਾਬਾਦ ਵਿਚ ਸਿੱਖ 4 ਫੀਸਦੀ ਤੇ ਪੰਜਾਬੀ 26 ਫੀਸਦੀ ਵੋਟਰ ਹਨ। ਕੁਝ ਵਿਧਾਨ ਸਭਾ ਹਲਕੇ ਅਜਿਹੇ ਹਨ, ਜਿਨ੍ਹਾਂ ਵਿਚ ਸਿੱਖਾਂ ਦੀਆਂ ਵੋਟਾਂ ਕਾਫੀ ਜ਼ਿਆਦਾ ਹਨ ਤੇ ਕਾਲਿਆਂਵਾਲੀ ਵਿਚ ਸਿੱਖਾਂ ਦੀਆਂ 29 ਫੀਸਦੀ, ਡੱਬਵਾਲੀ ਵਿਚ 21 ਫੀਸਦੀ, ਰਤੀਆ ਵਿਚ 15 ਫੀਸਦੀ, ਅਸੰਧ ਵਿਚ 14 ਫੀਸਦੀ, ਨੀਲੋਖੇੜੀ, ਰਾਣੀਆਂ ਵਿਚ 12-12 ਫੀਸਦੀ ਵੋਟਾਂ ਹਨ। ਜੇ ਇਹ ਵੋਟਰ ਇਕ ਪਾਰਟੀ ਦੇ ਹੱਕ ਵਿਚ ਭੁਗਤ ਜਾਣ ਤਾਂ ਤਸਵੀਰ ਦਾ ਪਾਸਾ ਹੀ ਬਦਲ ਦਿੰਦੇ ਹਨ। ਇਸੇ ਤਰ੍ਹਾਂ ਪਾਣੀਪਤ ਸ਼ਹਿਰੀ ਵਿਚ ਪੰਜਾਬੀ 41, ਬੜਖਲ ਵਿਚ 29, ਕਰਨਾਲ ਅਤੇ ਲਾਡਵਾ ਵਿਚ 28-28, ਫਰੀਦਾਬਾਦ ਵਿਚ 25 ਫੀਸਦੀ ਵੋਟਾਂ ਹਨ। ਜੇਕਰ ਪੰਜਾਬੀਆਂ ਤੇ ਸਿੱਖਾਂ ਦੋਵਾਂ ਦੀਆਂ ਵੋਟਾਂ ਜੋੜ ਲਈਆਂ ਜਾਣ ਤਾਂ ਗਿਣਤੀ ਹੋਰ ਵੀ ਵਧ ਜਾਂਦੀ ਹੈ। ਇਨ੍ਹਾਂ ਤੋਂ ਇਲਾਵਾ ਕੁਝ ਹੋਰ ਹਲਕੇ ਹਨ, ਜਿਨ੍ਹਾਂ ਵਿਚ ਦੋਵਾਂ ਦੀ ਗਿਣਤੀ ਕਾਫੀ ਘੱਟ ਹੈ ਤੇ ਇਸ ਨਾਲ ਨਤੀਜਿਆਂ 'ਤੇ ਗਿਣਨਯੋਗ ਅਸਰ ਨਹੀਂ ਪੈਂਦਾ।

ਰਾਜਨੀਤਿਕ ਮਾਹਿਰਾਂ ਦਾ ਕਹਿਣਾ ਹੈ ਕਿ ਹੋਰ ਫਿਰਕਿਆਂ ਵਾਂਗ ਸਿੱਖ ਤੇ ਪੰਜਾਬੀ ਵੰਡੇ ਹੋਏ ਹਨ। ਇਸ ਕਰਕੇ ਹਰਿਆਣਾ ਦੇ ਹੋਂਦ ਵਿਚ ਆਉਣ ਨਾਲ ਇਨ੍ਹਾਂ ਨੂੰ ਹੱਕ ਸੱਚ ਤੇ ਇਨਸਾਫ ਨਹੀਂ ਮਿਲਿਆ। ਸਿੱਖਾਂ ਨਾਲੋਂ ਰਾਜ ਦੇ ਪੰਜਾਬੀਆਂ ਦੀ ਹਾਲਤ ਹੋਰ ਵੀ ਪਤਲੀ ਹੋ ਚੁੱਕੀ ਹੈ। ਹਰਿਆਣਾ ਦੇ ਪੰਜਾਬੀ ਹੋਣ ਦੇ ਨਾਤੇ ਟਿਕਟਾਂ 'ਤੇ ਹੋਰ ਅਧਿਕਾਰ ਲੈਣ ਦੀਆਂ ਗੱਲਾਂ ਅਤੇ ਮੰਗਾਂ ਕਰਦੇ ਹਨ, ਪਰ ਜਦੋਂ ਪੰਜਾਬੀ ਲਿਖਣ ਤੇ ਬੋਲਣ ਦਾ ਮੌਕਾ ਆਉਂਦਾ ਹੈ, ਇਨ੍ਹਾਂ ਵਿਚੋਂ ਤਕੜਾ ਹਿੱਸਾ ਪੰਜਾਬੀ ਨੂੰ ਤਿਲਾਂਜਲੀ ਦੇ ਜਾਂਦਾ ਹੈ।

ਹਰਿਆਣਾ ਵਿਧਾਨ ਸਭਾ ਵਿਚ ਇਕ ਦਰਜਨ ਦੇ ਕਰੀਬ ਪੰਜਾਬੀ ਚੁਣ ਕੇ ਆਏ ਸਨ, ਪਰ ਇਨ੍ਹਾਂ ਵਿਚੋਂ ਵਿਧਾਨ ਸਭਾ ਵਿਚ ਪੰਜਾਬੀ ਕੇਵਲ ਤੇ ਕੇਵਲ ਵਿਧਾਇਕ ਤੇ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਹੀ ਬੋਲਦੇ ਸਨ। ਵਰਨਣਯੋਗ ਹੈ ਕਿ ਹਰਿਆਣਾ ਦੇ ਕੈਬਨਿਟ ਮੰਤਰੀ ਏ.ਸੀ. ਚੌਧਰੀ ਨੇ ਲੋਕ ਸਭਾ ਚੋਣਾਂ ਸਮੇਂ ਕਿਸੇ ਪੰਜਾਬੀ ਨੂੰ ਟਿਕਟ ਨਾ ਦੇਣ ਦੇ ਵਿਰੋਧ ਵਿਚ ਅਸਤੀਫਾ ਦੇ ਦਿੱਤਾ ਸੀ, ਪਰ ਉਨ੍ਹਾਂ ਨੇ ਕਦੇ ਵੀ ਵਿਧਾਨ ਸਭਾ ਵਿਚ ਪੰਜਾਬੀ ਵਿਚ ਭਾਸ਼ਣ ਜਾਂ ਸੁਆਲ ਜੁਆਬ ਨਹੀਂ ਸੀ ਕੀਤਾ। ਉਨ੍ਹਾਂ ਨੇ ਪੰਜਾਬੀ ਸੰਮੇਲਨ ਵੀ ਕਰਵਾਏ ਸਨ, ਪਰ ਇਨ੍ਹਾਂ ਦਾ ਜ਼ਿਆਦਾਤਰ ਕੰਮਕਾਜ ਹਿੰਦੀ ਤੇ ਪ੍ਰੈਸ ਨੋਟ ਹੀ ਪੰਜਾਬੀ ਵਿਚ ਜਾਰੀ ਕੀਤੇ ਜਾਂਦੇ ਰਹੇ ਹਨ। ਇਸ ਤੋਂ ਹਰਿਆਣਾ ਦੇ ਪੰਜਾਬੀਆਂ ਦੀ ਦੁਖਾਂਤਕ ਸਥਿਤੀ ਦਾ ਪਤਾ ਲੱਗ ਜਾਂਦਾ ਹੈ।

ਇਸ ਵਾਰ ਦੀਆਂ ਚੋਣਾਂ ਵਿਚ ਪੰਜਾਬੀ ਤੇ ਸਿੱਖ ਕਿਸ ਕਰਵਟ ਬੈਠਣਗੇ, ਇਸ ਦਾ ਪਤਾ ਨਹੀਂ ਹੈ। ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲੈ ਕੇ ਰਾਜ ਦੇ ਸਿੱਖ ਵੰਡੇ ਹੋਏ ਹਨ। ਪਰ ਇਕ ਗੱਲ ਚਿੱਟੇ ਦਿਨ ਵਾਂਗ ਸਾਫ ਹੈ ਕਿ ਜਿੰਨੀ ਦੇਰ ਤਕ ਪੰਜਾਬੀ ਅਤੇ ਸਿੱਖ ਇਕੱਠੇ ਨਹੀਂ ਹੋਣਗੇ, ਉਹ ਉਨੀ ਦੇਰ ਪੰਜਾਬੀ ਨੂੰ ਰਾਜ ਦੀ ਦੂਜੀ ਭਾਸ਼ਾ ਸਮੇਤ ਹੋਰ ਮਸਲੇ ਹੱਲ ਨਹੀਂ ਕਰਵਾ ਸਕਣਗੇ।

## ਹਰਿਆਣਾ, ਮਹਾਰਾਸ਼ਟਰ ਤੇ ਅਰੁਣਾਚਲ ਪ੍ਰਦੇਸ਼ 'ਚ ਚੋਣਾਂ 13 ਅਕਤੂਬਰ ਨੂੰ

**ਨਵੀਂ ਦਿੱਲੀ :** ਚੋਣ ਕਮਿਸ਼ਨ ਨੇ ਲੰਘੀ 31 ਅਗਸਤ ਤਿੰਨ ਸੂਬਿਆਂ ਮਹਾਰਾਸ਼ਟਰ, ਅਰੁਣਾਚਲ ਪ੍ਰਦੇਸ਼ ਅਤੇ ਹਰਿਆਣਾ 'ਚ ਵਿਧਾਨ ਸਭਾ ਚੋਣਾਂ ਦਾ ਐਲਾਨ ਕਰ ਦਿੱਤਾ ਹੈ। ਨਵੀਂ ਦਿੱਲੀ 'ਚ ਮੁੱਖ ਚੋਣ ਕਮਿਸ਼ਨਰ ਨਵੀਨ ਚਾਵਲਾ ਨੇ ਚੋਣਾਂ ਲਈ ਮਿਤੀਆਂ ਦਾ ਐਲਾਨ ਕਰਦਿਆਂ ਦੱਸਿਆ ਕਿ ਉਪਰੋਕਤ ਤਿੰਨਾਂ ਸੂਬਿਆਂ 'ਚ 13 ਅਕਤੂਬਰ ਨੂੰ ਚੋਣਾਂ ਕਰਵਾਈਆਂ ਜਾਣਗੀਆਂ ਅਤੇ 22 ਅਕਤੂਬਰ ਨੂੰ ਗਿਣਤੀ ਹੋਵੇਗੀ। ਉਨ੍ਹਾਂ ਦੱਸਿਆ ਕਿ 18 ਸਤੰਬਰ ਨੂੰ ਨਾਮਜ਼ਦਗੀ ਪ੍ਰਕਿਰਿਆ ਸ਼ੁਰੂ ਹੋਵੇਗੀ ਅਤੇ 25 ਸਤੰਬਰ ਤੱਕ ਨਾਮਜ਼ਦਗੀਆਂ ਭਰੀਆਂ ਜਾਣਗੀਆਂ। 26 ਸਤੰਬਰ ਨੂੰ ਨਾਮਜ਼ਦਗੀ ਪੱਤਰਾਂ ਦੀ ਜਾਂਚ ਹੋਵੇਗੀ, ਜਦਕਿ 29 ਸਤੰਬਰ ਤੱਕ ਨਾਮਜ਼ਦਗੀਆਂ ਵਾਪਸ ਲਈਆਂ ਜਾ ਸਕਣਗੀਆਂ। ਇਸ ਦੇ ਨਾਲ ਹੀ ਉਪਰੋਕਤ ਤਿੰਨਾਂ ਸੂਬਿਆਂ 'ਚ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਮਹਾਰਾਸ਼ਟਰ 'ਚ ਕਾਂਗਰਸ ਅਤੇ ਐਨ.ਸੀ.ਪੀ. ਗਠਜੋੜ ਦੀ ਸਰਕਾਰ ਹੈ। ਮਹਾਰਾਸ਼ਟਰ 'ਚ ਵਿਧਾਨ ਸਭਾ ਦੀਆਂ ਕੁੱਲ 288 ਸੀਟਾਂ ਹਨ, ਜਦਕਿ ਹਰਿਆਣਾ 'ਚ 90 ਅਤੇ ਅਰੁਣਾਚਲ ਪ੍ਰਦੇਸ਼ 'ਚ 60 ਸੀਟਾਂ ਹਨ। ਇਨ੍ਹਾਂ ਚੋਣਾਂ ਦੀ ਅਧਿਸੂਚਨਾ 18 ਸਤੰਬਰ ਨੂੰ ਜਾਰੀ ਹੋਵੇਗੀ। ਮੁੱਖ ਚੋਣ ਕਮਿਸ਼ਨਰ ਨਵੀਨ ਚਾਵਲਾ ਨੇ ਈ.ਵੀ.ਐਮ. ਮਸ਼ੀਨਾਂ ਦੇ ਪ੍ਰਦਰਸ਼ਨ ਨੂੰ ਲੈ ਕੇ ਸਾਰੇ ਖਦਸ਼ਿਆਂ ਨੂੰ ਖਾਰਜ ਕਰਦਿਆਂ ਕਿਹਾ ਕਿ ਈ.ਵੀ.ਐਮ. ਮਸ਼ੀਨਾਂ ਠੀਕ ਢੰਗ ਨਾਲ ਕੰਮ ਕਰ ਰਹੀਆਂ ਹਨ ਅਤੇ ਇਸ ਬਾਰੇ ਸਾਨੂੰ ਕਿਸੇ ਤਰ੍ਹਾਂ ਦੀ ਵੀ ਕੋਈ ਸ਼ੰਕਾ ਨਹੀਂ ਹੈ। ਅਰੁਣਾਚਲ ਪ੍ਰਦੇਸ਼ 'ਚ 7 ਲੱਖ 50 ਹਜ਼ਾਰ 575 ਵੋਟਰ ਹਨ, ਜਦਕਿ ਹਰਿਆਣਾ 1 ਕਰੋੜ 20 ਲੱਖ 63 ਹਜ਼ਾਰ 257 ਵੋਟਰ ਹਨ।

ਇਸ ਤੋਂ ਇਲਾਵਾ ਮਹਾਰਾਸ਼ਟਰ 'ਚ 7 ਕਰੋੜ 56 ਲੱਖ 34 ਹਜ਼ਾਰ 525 ਵੋਟਰ ਆਪਣੇ ਅਧਿਕਾਰ ਦੀ ਵਰਤੋਂ ਕਰਨਗੇ। ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਨਿਰਧਾਰਤ ਸਮੇਂ ਤੋਂ ਪਹਿਲਾਂ ਹੋ ਰਹੀਆਂ ਹਨ। ਹਰਿਆਣਾ 'ਚ ਹਾਲ ਹੀ 'ਚ ਹੋਈਆਂ ਲੋਕ ਸਭਾ ਚੋਣਾਂ 'ਚ ਕਾਂਗਰਸ ਨੇ 10 ਵਿਚੋਂ 9 ਸੀਟਾਂ ਜਿੱਤੀਆਂ ਸਨ। ਮਹਾਰਾਸ਼ਟਰ ਅਤੇ ਅਰੁਣਾਚਲ ਪ੍ਰਦੇਸ਼ ਵਿਧਾਨ ਸਭਾਵਾਂ ਦਾ ਕਾਰਜਕਾਲ ਅਗਲੇ ਮਹੀਨੇ ਖ਼ਤਮ ਹੋ ਰਿਹਾ ਹੈ, ਜਦਕਿ ਹਰਿਆਣਾ ਮੰਤਰੀ ਮੰਡਲ ਨੇ ਉਥੋਂ ਦੀ ਵਿਧਾਨ ਸਭਾ ਨੂੰ ਸਮੇਂ ਤੋਂ ਪਹਿਲਾਂ ਹੀ ਭੰਗ ਕਰ ਦਿੱਤਾ ਸੀ, ਜਿਸ ਕਾਰਨ ਉਥੇ ਵੀ ਹੁਣ ਚੋਣਾਂ ਕਰਵਾਈਆਂ ਜਾ ਰਹੀਆਂ ਹਨ। ਸ੍ਰੀ ਚਾਵਲਾ ਨੇ ਕਿਹਾ ਕਿ ਇਨ੍ਹਾਂ ਤਿੰਨਾਂ ਸੂਬਿਆਂ 'ਚ ਵੋਟਰ ਸੂਚੀਆਂ ਤਿਆਰ ਹਨ ਅਤੇ ਵੋਟਾਂ ਈ.ਵੀ.ਐਮ. ਰਾਹੀਂ ਹੀ ਪੈਣਗੀਆਂ।

## ਫਰਜ਼ੀ ਨਹੀਂ ਸੀ ਨੋਟ ਬਦਲੇ ਵੋਟ ਕਾਂਡ

### *ਸੁਧਿੰਦਰ ਕੁਲਕਰਨੀ ਦਾ ਦਾਅਵਾ*

**ਨਵੀਂ ਦਿੱਲੀ :** 'ਨੋਟ ਬਦਲੇ ਵੋਟ' ਸਟਿੰਗ ਆਪ੍ਰੇਸ਼ਨ ਵਿਚ ਸੀਨੀਅਰ ਭਾਜਪਾ ਨੇਤਾ ਐਲ.ਕੇ. ਅਡਵਾਨੀ ਅਤੇ ਆਪਣਾ ਨਾਂ ਆਉਣ 'ਤੇ ਕਸੂਤੇ ਘਿਰੇ ਸੁਧੀਂਦਰ ਕੁਲਕਰਨੀ ਨੇ ਬੀਤੀ 29 ਅਗਸਤ ਨੂੰ ਦਾਅਵਾ ਕੀਤਾ ਕਿ ਇਹ ਘੁਟਾਲਾ ਫਰਜ਼ੀ ਨਹੀਂ ਸੀ। ਭਾਜਪਾ ਤੋਂ ਹਾਲ ਹੀ ਵਿਚ ਵੱਖ ਹੋਏ ਕੁਲਕਰਨੀ ਨੇ ਇਕ ਬਿਆਨ ਵਿਚ ਕਿਹਾ, "ਇਸ ਸਕੈਂਡਲ ਨੂੰ ਬੇਨਕਾਬ ਕਰਨ ਲਈ ਇਕ ਵੱਕਾਰੀ ਟੈਲੀਵਿਜ਼ਨ ਚੈਨਲ ਰਾਹੀਂ ਕੀਤੇ ਗਏ ਸਟਿੰਗ ਆਪ੍ਰੇਸ਼ਨ ਵਿਚ ਸ਼ਾਮਲ ਹੋਣ ਦਾ ਮੈਨੂੰ ਕੋਈ ਪਛਤਾਵਾ ਨਹੀਂ। ਮੈਂ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਭਾਜਪਾ ਦੇ ਤਿੰਨ ਸੰਸਦ ਮੈਂਬਰਾਂ ਵਲੋਂ ਪਾਰਲੀਮੈਂਟ ਵਿਚ ਦਿਖਾਈ ਨਕਦੀ ਭਾਜਪਾ ਕੋਲੋਂ ਨਹੀਂ ਆਈ ਸੀ, ਸਗੋਂ ਇਹ ਰਕਮ ਉਨ੍ਹਾਂ ਹੀ ਅਨਸਰਾਂ ਨੇ ਦਿੱਤੀ ਸੀ, ਜੋ ਯੂ.ਪੀ.ਏ. ਸਰਕਾਰ ਦੀ ਹੋਂਦ ਬਚਾਉਣ ਲਈ ਯਤਨਸ਼ੀਲ ਸਨ।" ਉਂਜ ਸ੍ਰੀ ਅਡਵਾਨੀ ਦੇ ਸਹਾਇਕ ਰਹੇ ਕੁਲਕਰਨੀ ਨੇ ਕਿਸੇ ਦਾ ਨਾਂ ਨਹੀਂ ਲਿਆ।




ਸੁਧਿੰਦਰ ਕੁਲਕਰਣੀ

ਬੀਤੇ ਦਿਨੀਂ ਜਸਵੰਤ ਸਿੰਘ ਨੇ ਦੋਸ਼ ਲਾਇਆ ਸੀ ਕਿ 'ਨੋਟ ਬਦਲੇ ਵੋਟ' ਸਟਿੰਗ ਅਪ੍ਰੇਸ਼ਨ ਅਡਵਾਨੀ ਅਤੇ ਕੁਲਕਰਨੀ ਦੀ ਮਿਲੀਭੁਗਤ ਨਾਲ ਨੇਪਰੇ ਚਾੜ੍ਹਿਆ ਗਿਆ ਸੀ।

ਕੁਲਕਰਨੀ ਨੇ ਕਿਹਾ ਕਿ ਇਸ ਕਾਂਡ ਵਿਚ ਅਡਵਾਨੀ ਦਾ 'ਬੇਲੋੜਾ ਤੇ ਨਾਂਹਮੁੱਖੀ' ਜ਼ਿਕਰ ਹੋਣ ਦਾ ਉਸ ਨੂੰ ਦੁੱਖ ਹੈ। ਇਸ ਕਾਂਡ ਵਿਚ ਅਡਵਾਨੀ ਨੂੰ ਸ਼ਾਮਲ ਕਰਨਾ ਬਿਲਕੁਲ ਗਲਤ ਹੈ। ਉਨ੍ਹਾਂ ਕਿਹਾ ਕਿ ਇਸ ਸਟਿੰਗ ਆਪ੍ਰੇਸ਼ਨ ਵਿਚ ਸ਼ਾਮਲ ਹੋ ਕੇ ਉਸ ਨੇ ਕੋਈ ਗੁਨਾਹ ਜਾਂ ਕੋਈ ਅਨੈਤਿਕ ਕੰਮ ਨਹੀਂ ਕੀਤਾ। ਕੁਲਕਰਨੀ ਨੇ ਕਿਹਾ, "ਰਿਸ਼ਵਤ ਦੀ ਰਕਮ ਦਾ ਪ੍ਰਬੰਧ ਕਰਨ ਵਿਚ ਮੈਂ ਕੋਈ ਭੂਮਿਕਾ ਨਹੀਂ ਨਿਭਾਈ, ਜਿਵੇਂ ਕਿ ਕੁਝ ਮੀਡੀਆ ਰਿਪੋਰਟਾਂ ਵਿਚ ਨਤੀਜਾ ਕੱਢਿਆ ਜਾ ਰਿਹਾ ਹੈ। ਇਸ ਵਿਸਲਵਾਦਕ ਆਪ੍ਰੇਸ਼ਨ ਵਿਚ ਮੇਰੀ ਭੂਮਿਕਾ ਰਾਹ ਸਾਫ ਕਰਨ ਵਾਲੇ ਦੀ ਸੀ।"

ਉਨ੍ਹਾਂ ਕਿਹਾ ਕਿ ਉਹ ਹੁਣ ਭਾਜਪਾ ਨਾਲ ਨਹੀਂ ਹਨ ਅਤੇ ਇਹ ਮੰਨਦੇ ਹਨ ਕਿ ਪਾਰਟੀ ਨੇ ਇਸ ਸ਼ਰਮਨਾਕ ਕਾਂਡ ਨੂੰ ਬੇਪਰਦ ਕਰਨ ਦੀ ਕੋਸ਼ਿਸ਼ ਕਰਕੇ ਚੰਗਾ ਕੀਤਾ ਸੀ।

SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



ਪੰਜਾਬੀ ਢਾਬਾ
Punjabi Dhaba
North Shore Banquet
Fine Indian Cuisine
Restaurant& Banquet Hall
2525 W. Devon Ave., Chicago IL 60659
Lunch & Dinner Buffet
ਆਪਣੀ ਅਗਲੀ ਪਾਰਟੀ ਬੁਕ ਕਰਾਉਣ ਅਤੇ ਬਿਹਤਰੀਨ ਸੇਵਾ ਲਈ ਦੇਵ ਜਾਂ ਸੋਹਣ ਸਿੰਘ ਨੂੰ ਕਾਲ ਕਰੋ
773-262-2080, 773-764-9392
ਅਸੀਂ ਨਾਨ ਅਤੇ ਤੰਦੂਰੀ ਚਿਕਨ ਤੰਦੂਰ ਤੋਂ ਸਿੱਧਾ ਤੁਹਾਡੇ ਟੇਬਲ ਤੇ ਪਰੋਸਦੇ ਹਾਂ



SYAN VIDEO PRODUCTION, INC.
Professional HD Video & Digital Photo Production
Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)
734-261-0936 / 734-890-1767
E-mail: raj@syanvideo.com
or visit at: www.syanvideo.com
SV PRODUCTION

# ਪੰਜਾਬ ਟਾਈਮਜ਼

ਸਨਿਚਰਵਾਰ, 5 ਸਤੰਬਰ, 2009

*ਅਤਿਵਾਦ ਅਜਿਹਾ ਯੁੱਧ ਹੈ ਜਿਸ ਦਾ ਕੋਈ ਚਿਹਰਾ ਨਹੀਂ-ਸ਼ਿਰਾਕ*


## ਸੰਪਾਦਕੀ

## ਪੰਜਾਬ ਦੇ ਵਿਗੜਦੇ ਹਾਲਾਤ

ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਫਿਰ ਤੋਂ ਹਿੰਸਕ ਖਾੜਕੂ ਸਰਗਰਮੀਆਂ ਦੇ ਸੰਕੇਤ ਮਿਲਣ ਲੱਗੇ ਹਨ। 1992 ਵਿਚ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਤੋਂ ਬਾਅਦ ਇਸ ਰਾਜ ਵਿਚ ਸਿੱਖ ਖਾੜਕੂਵਾਦ ਦੀਆਂ ਹਿੰਸਕ ਸਰਗਰਮੀਆਂ ਨੂੰ ਖ਼ਤਮ ਸਮਝਿਆ ਜਾ ਰਿਹਾ ਸੀ ਪਰ ਹਾਲ ਹੀ ਵਿਚ ਹੋਏ ਡੇਰਾ ਸੱਚਾ ਸੌਦਾ ਦੇ ਇਕ ਸ਼ਾਗਿਰਦ ਲਿੱਲੀ ਕੁਮਾਰ ਸ਼ਰਮਾ ਅਤੇ ਆਰ.ਐਸ.ਐਸ. ਪੰਜਾਬ ਦੇ ਆਗੂ ਰੁਲਦਾ ਸਿੰਘ ਦੇ ਕਤਲ ਅਤੇ ਹੁਣੇ ਹੁਣੇ ਬਲਬੀਰ ਸਿੰਘ ਭੂਤਨਾ ਦੀ ਗ੍ਰਿਫਤਾਰੀ ਇਹ ਦਰਸਾਉਂਦੇ ਹਨ ਕਿ ਜਿਸ ਕਿਸਮ ਦੇ ਹਾਲਾਤ ਹਨ, ਸ਼ਾਂਤੀ ਸਥਾਈ ਨਹੀਂ ਹੈ ਅਤੇ ਕੋਈ ਛੋਟੀ ਜਿਹੀ ਸਿਆਸੀ ਗਲਤੀ ਵੀ ਲੋਹੇ ਦੀ ਬਰਸਾਤ ਮੁੜ ਤੋਂ ਸ਼ੁਰੂ ਕਰ ਸਕਦੀ ਹੈ। ਇਹ ਵੀ ਇਕ ਸੱਚਾਈ ਹੈ ਕਿ ਪੰਜਾਬ ਅਤੇ ਕੇਂਦਰ ਦਰਮਿਆਨ ਜਿਹੜੇ ਮੁੱਦਿਆਂ ਨੂੰ ਲੈ ਕੇ 1978 ਦੇ ਲਾਗੇ ਚਾਗੇ ਕਲੇਸ਼ ਸ਼ੁਰੂ ਹੋਇਆ ਸੀ, ਉਹ ਹਾਲੇ ਵੀ ਉਸੇ ਤਰ੍ਹਾਂ ਖੜੇ ਹਨ। ਤਲਖੀ ਵਿਚ ਵਾਧਾ ਇਸ ਕਰਕੇ ਵੀ ਹੋ ਰਿਹਾ ਹੈ ਕਿਉਂਕਿ ਪੰਜਾਬ ਦੀ ਜੁਆਨੀ ਲਗਭਗ ਵਿਹਲੀ ਹੋ ਗਈ ਹੈ। ਉਸ ਲਈ ਆਪਣੇ ਰਾਜ ਵਿਚ ਹੀ ਰੁਜ਼ਗਾਰ ਦੇ ਮੌਕੇ ਖ਼ਤਮ ਹੋ ਗਏ ਹਨ। ਜਿਸ ਰਾਜ ਦੇ 5-6 ਜ਼ਿਲਿਆਂ ਵਿਚ 19 ਲੱਖ ਬੇਰੁਜ਼ਗਾਰ ਤੁਰੇ ਫਿਰਦੇ ਹੋਣ, ਉਥੇ ਹਿੰਸਕ ਘਟਨਾਵਾਂ ਨੂੰ ਅੰਜਾਮ ਦੇਣਾ ਭਲਾ ਕਿੰਨਾ ਕੁ ਔਖਾ ਹੈ? ਪ੍ਰਿੰਟ ਮੀਡੀਆ, ਕੇਬਲ ਟੀ.ਵੀ. ਅਤੇ ਇੰਟਰਨੈਟ ਦੇ ਫੈਲਾਅ ਨਾਲ ਸੰਸਾਰ ਜਵਾਨੀ ਦੇ ਦਰਾਂ 'ਤੇ ਆ ਗਿਆ ਹੈ ਅਤੇ ਇਸ ਵਿਚ ਦਿੱਤਾ ਜਾ ਰਿਹਾ ਮੀਡੀਆ ਮਸਾਲਾ ਜਵਾਨੀ ਦੀਆਂ ਇੱਛਾਵਾਂ ਨੂੰ ਅੱਗ ਲਾ ਰਿਹਾ ਹੈ। ਜਦਕਿ ਇਨ੍ਹਾਂ ਇਛਾਵਾਂ ਨੂੰ ਹਕੀਕਤ ਵਿਚ ਪੂਰਾ ਕਰਨ ਲਈ ਵੱਡੇ ਸਾਧਨ ਤਾਂ ਇਕ ਪਾਸੇ ਰਹੇ, ਸਾਧਾਰਨ ਨੌਕਰੀਆਂ ਵੀ ਮੌਜੂਦ ਨਹੀਂ ਹਨ। ਪੰਜਾਬ ਵਿਚ ਪਸਰ ਰਹੀ ਮੌਜੂਦਾ ਸਨਅਤ ਜਿਸ ਕਿਸਮ ਦੀਆਂ ਨੌਕਰੀਆਂ ਪੇਸ਼ ਕਰਦੀ ਹੈ, ਉਨ੍ਹਾਂ ਉਪਰ ਕੰਮ ਕਰਨ ਲਈ ਪੰਜਾਬੀ ਮੁੰਡੇ ਤਿਆਰ ਨਹੀਂ ਹਨ। ਪਿਛਲੀ ਪੂਰੀ ਸਦੀ ਅਤੇ ਇਸ ਸਦੀ ਦੇ ਪਹਿਲੇ ਦਹਾਕੇ ਦੇ ਤਕਰੀਬਨ ਅੱਧ ਤੱਕ ਪੰਜਾਬੀ ਬੰਦੇ ਕੋਲ ਇਥੇ ਪੈਦਾ ਹੋ ਰਹੀ ਤਲਖੀ ਤੋਂ ਬਚਣ ਲਈ ਇਕੋ ਇਕ ਬਚਾਓ ਰਾਸਤਾ ਪੱਛਮੀ ਮੁਲਕਾਂ ਅਤੇ ਖਾੜੀ ਦੇ ਮੁਲਕਾਂ ਵਲ ਖਿਸਕਣਾ ਰਿਹਾ ਹੈ।

ਖਾਂਦੇ-ਪੀਂਦੇ ਘਰਾਂ ਦੇ ਥੋੜੇ ਜਿਹੇ ਮੁੰਡੇ ਪੱਛਮੀ ਮੁਲਕਾਂ ਵਲ ਜਾਂਦੇ ਰਹੇ ਹਨ, ਜਦੋਂਕਿ ਗਰੀਬ ਤਬਕਿਆਂ ਦਾ ਨਿਸ਼ਾਨਾ ਮੁੱਖ ਤੌਰ 'ਤੇ ਖਾੜੀ ਦੇ ਮੁਲਕ ਰਹੇ ਹਨ। 9/11 ਦੇ ਹਮਲੇ ਅਤੇ ਅਮਰੀਕਾ ਤੇ ਹੋਰ ਪੱਛਮੀ ਮੁਲਕਾਂ ਵਿਚ ਆਏ ਆਰਥਿਕ ਮੰਦੇ ਤੋਂ ਬਾਅਦ ਪੰਜਾਬੀ ਮੁੰਡਿਆਂ ਦੇ ਇਨ੍ਹਾਂ ਮੁਲਕਾਂ ਵਲ ਖਿਸਕਣ ਦੇ ਮੌਕੇ ਵੀ ਘਟ ਰਹੇ ਹਨ। ਨਵੀਂ ਹਾਲਤ ਵਿਚ ਸਿਰਫ ਉੱਚ ਵਿਦਿਆ ਹਾਸਲ ਵਿਅਕਤੀ ਹੀ ਪੱਛਮੀ ਮੁਲਕਾਂ ਦਾ ਵੀਜ਼ਾ ਹਾਸਲ ਕਰ ਸਕਦਾ ਹੈ। ਦੂਜੇ ਪਾਸੇ ਪੰਜਾਬ ਦੀ ਬੇਰੁਜ਼ਗਾਰ ਜੁਆਨੀ ਆਪਣਾ ਸਾਰਾ ਕੁਝ ਵੇਚ ਕੇ ਵੀ ਪਰਦੇਸਾਂ ਵਲ ਜਾਣ ਲਈ ਤਿਆਰ ਬੈਠੀ ਹੈ। ਪਿਛਲੇ ਸਮੇਂ ਵਿਚ ਇਸ ਕਿਸਮ ਦੀਆਂ ਕੁਝ ਰਿਪੋਰਟਾਂ ਵੀ ਪ੍ਰਕਾਸ਼ਤ ਹੁੰਦੀਆਂ ਰਹੀਆਂ ਹਨ ਕਿ ਪੰਜਾਬ ਦੇ ਨੌਜਵਾਨ ਪਰਦੇਸਾਂ ਵਿਚ ਸੈਟ ਹੋਣ ਦੇ ਮਕਸਦ ਲਈ ਵੀ ਖਾੜਕੂ ਸਫ਼ਾਂ ਵਿਚ ਜਾ ਰਹੇ ਹਨ। ਭਾਵੇਂ ਪੰਜਾਬ ਦਾ ਮਸਲਾ ਪੰਜਾਬ ਦੇ ਖੇਤਰੀ ਆਰਥਿਕ, ਸਭਿਆਚਾਰਕ ਅਤੇ ਧਾਰਮਿਕ ਘੱਟ ਗਿਣਤੀ ਦੀ ਸੁਰੱਖਿਆ ਜਿਹੇ ਮਾਮਲਿਆਂ ਨਾਲ ਵੀ ਜੁੜਿਆ ਅਤੇ ਰਲਗੱਡ ਹੋਇਆ ਪਿਆ ਹੈ, ਤਤਕਾਲੀ ਕਾਰਨ ਆਰਥਿਕ ਮੰਦੇ ਅਤੇ ਬੇਰੁਜ਼ਗਾਰੀ ਨਾਲ ਵੀ ਜੁੜ ਰਹੇ ਹਨ। ਵਿਦਿਅਕ ਸੰਸਥਾਵਾਂ ਵਿਚੋਂ ਨਿਕਲਦੇ ਅਤੇ ਪਿੰਡਾਂ ਸ਼ਹਿਰਾਂ ਵਿਚ ਜਵਾਨ ਹੋ ਰਹੇ ਹੋਰ ਅਧਪੜ੍ਹ ਮੁੰਡਿਆਂ ਨੂੰ ਰੁਜ਼ਗਾਰ ਦੇ ਬਹੁਤਾਤ ਵਿਚ ਮੌਕੇ ਉਪਲਬਧ ਹੋਣ ਤਾਂ ਅੱਧੋਂ ਵਧ ਸਮੱਸਿਆ ਆਪਣੇ ਆਪ ਹੱਲ ਹੋ ਜਾਂਦੀ ਹੈ। ਧਾਰਮਿਕ ਜਾਂ ਰਾਜਨੀਤਕ ਤੌਰ 'ਤੇ ਕੱਟੜ ਜਾਂ ਪ੍ਰਤੀਬੱਧ ਧਿਰਾਂ ਦੀ ਗਿਣਤੀ ਇੰਨੀ ਵੱਡੀ ਕਦੀ ਵੀ ਨਹੀਂ ਹੁੰਦੀ ਕਿ ਉਹ ਬਾਹਰਮੁਖੀ ਹਾਲਤ ਦੀ ਗੈਰ ਹਾਜ਼ਰੀ ਵਿਚ ਕੋਈ ਸਰਗਰਮ ਸ਼ਕਤੀ ਬਣ ਸਕਣ। ਇਕ ਸਿਆਸੀ ਦਬਾਅ ਸਮੂਹ ਦੇ ਰੂਪ ਵਿਚ ਉਹ ਆਪਣੀ ਭੂਮਿਕਾ ਜ਼ਰੂਰ ਅਦਾ ਕਰ ਸਕਦੇ ਹਨ।

ਗਰਮ-ਖਿਆਲੀ ਸਿੱਖ ਧਿਰਾਂ ਪਿਛਲੇ ਡੇਢ ਕੁ ਦਹਾਕੇ ਦੇ ਸਮੇਂ ਵਿਚ ਇਹੋ ਭੂਮਿਕਾ ਨਿਭਾਉਂਦੀਆਂ ਆ ਰਹੀਆਂ ਹਨ ਪਰ ਫੈਲ ਰਹੀ ਬੇਰੁਜ਼ਗਾਰੀ, ਸਿਆਸੀ ਜਮਹੂਰੀ ਪ੍ਰਬੰਧ ਦੀ ਅਸਫਲਤਾ, ਪੰਜਾਬ ਦੇ ਨੌਜਵਾਨਾਂ ਦੇ ਆਰਥਿਕ ਅਤੇ ਰੁਜ਼ਗਾਰ ਪ੍ਰਬੰਧ 'ਚੋਂ ਖਾਰਜ ਹੋ ਜਾਣ ਕਾਰਨ ਅਜਿਹੀਆਂ ਬਾਹਰਮੁਖੀ ਹਾਲਤਾਂ ਪੈਦਾ ਹੋ ਰਹੀਆਂ ਹਨ, ਜਿਸ ਕਾਰਨ ਵੱਡੇ ਕਲੇਸ਼ ਵੀ ਜਨਮ ਲੈ ਸਕਦੇ ਹਨ। ਪੰਜਾਬ ਦੀਆਂ ਦੋਵੇਂ ਵੱਡੀਆਂ ਰਾਜਨੀਤਕ ਪਾਰਟੀਆਂ, ਕਾਂਗਰਸ ਅਤੇ ਅਕਾਲੀ-ਭਾਜਪਾ ਗਠਜੋੜ ਕੋਲ ਰਾਜ ਦੇ ਲੋਕਾਂ ਲਈ ਕੋਈ ਸਾਰਥਕ ਆਰਥਕ-ਸਿਆਸੀ ਪ੍ਰੋਗਰਾਮ ਨਹੀਂ ਹੈ। ਇਸ ਦੀ ਅਣਹੋਂਦ ਵਿਚ ਇਹ ਦੋਨੋਂ ਰਾਜਨੀਤਕ ਪਾਰਟੀਆਂ ਚੋਣਾਂ ਜਿੱਤਣ ਲਈ ਪੈਸੇ ਦੀ ਬਹੁਤਾਤ ਅਤੇ ਬਾਹੂਬਲੀ ਗੁੰਡਾਗਰਦੀ ਉਤੇ ਮੁਨੱਸਰ ਕਰਦੀਆਂ ਹਨ। ਖੱਬੀਆਂ ਪਾਰਟੀਆਂ ਉਪਰ ਆਸ ਪਹਿਲਾਂ ਹੀ ਮੁੱਕ ਚੁੱਕੀ ਹੈ। ਇਹ ਪਾਰਟੀਆਂ ਨਾ ਤਾਂ ਪੈਸੇ ਅਤੇ ਬਾਹੂਬਲ ਦੀ ਰਾਜਨੀਤੀ ਪੰਜਾਬ ਵਿਚ ਕਰਨ ਦੇ ਸਮਰੱਥ ਹਨ ਅਤੇ ਨਾ ਹੀ ਇਨ੍ਹਾਂ ਦਾ ਪੰਜਾਬ ਦੇ ਮਸਲਿਆਂ ਅਤੇ ਸਭਿਆਚਾਰਕ ਹਸਤੀ ਨਾਲ ਕੋਈ ਸਰੋਕਾਰ ਬਣ ਰਿਹਾ ਹੈ। ਪੰਜਾਬ ਦੀ ਰਾਜਨੀਤੀ ਵਿਚ ਸਫਲ ਹੋਣ ਦੇ ਦੋ ਹੀ ਰਾਹ ਹਨ, ਜਾਂ ਤਾਂ ਤੁਹਾਡੇ ਕੋਲ ਚੋਣਾਂ ਜਿੱਤਣ ਅਤੇ ਰਾਜਨੀਤੀ ਵਿਚ ਜਿਉਂਦੇ ਰਹਿਣ ਲਈ ਸਾਧਨ ਹੀ ਬੇਬਹਾ ਹੋਣ ਜਾਂ ਫਿਰ ਤੁਸੀਂ ਪੰਜਾਬ ਦੇ ਲੋਕਾਂ, ਖਾਸ ਕਰਕੇ ਪੰਜਾਬ ਦੀ ਜਵਾਨੀ ਦੀ ਸਭਿਆਚਾਰਕ ਆਤਮਾ ਦੀ ਤਾਰ ਦੀਆਂ ਤਰਬਾਂ ਛੇੜ ਕੇ ਆਪਣੇ ਪਿੱਛੇ ਇਸ ਨੂੰ ਲਾਮਬੰਦ ਕਰ ਸਕੋ। ਅਕਾਲੀਆਂ ਅਤੇ ਕਾਂਗਰਸੀਆਂ ਕੋਲ ਪੰਜਾਬ ਦੀ ਰਾਜਨੀਤੀ ਵਿਚ ਜਿਉਂਦੇ ਰਹਿਣ ਲਈ ਸਾਧਨ ਬੇਅੰਤ ਹਨ। ਅਕਾਲੀ ਕਦੀ ਪੰਜਾਬ ਦੀ ਸਭਿਆਚਾਰਕ ਆਤਮਾ ਦੀ ਵੀ ਅੱਧ ਪਚੱਧੀ ਅਗਵਾਈ ਕਰਦੇ ਸਨ। ਅੱਜ ਉਨ੍ਹਾਂ ਦੀ ਇਹ ਸਮਰੱਥਾ ਮੁੱਕ ਚੁੱਕੀ ਹੈ। ਕਾਲਾ ਧਨ ਅਤੇ ਬਾਹੂਬਲ ਹੀ ਹੁਣ ਉਨ੍ਹਾਂ ਦੀ ਅਸਲ ਸ਼ਕਤੀ ਹੈ। ਬਿਲਕੁਲ ਇਹੋ ਕੁਝ ਪੰਜਾਬ ਕਾਂਗਰਸ ਕੋਲ ਹੈ। ਚੋਣਾਂ ਵੇਲੇ ਇਨ੍ਹਾਂ ਪਾਰਟੀਆਂ ਨੇ ਵੋਟਰਾਂ ਨੂੰ ਕੋਈ ਨਾ ਕੋਈ ਛਲ ਕਪਟ ਵਾਲਾ ਨਾਹਰਾ ਦੇ ਕੇ ਵੋਟਾਂ ਹਾਸਲ ਕਰਨੀਆਂ ਹੁੰਦੀਆਂ ਹਨ। ਦੂਜੇ ਪਾਸੇ ਜਿਹੜੇ ਖੱਬੇ 80ਵਿਆਂ ਵਿਚ ਆਪਣੀ ਅਸਫਲਤਾ ਦਾ ਕਾਰਨ ਖਾੜਕੂਵਾਦ ਨੂੰ ਆਖਦੇ ਰਹੇ ਹਨ। ਖਾੜਕੂਵਾਦ ਦੇ ਦਬਾਏ ਜਾਣ ਤੋਂ ਪਿਛੋਂ 20 ਸਾਲ ਦੇ ਸਮੇਂ ਵਿਚ ਵੀ ਉਹ ਪੰਜਾਬ ਵਿਚ ਆਪਣੇ ਆਪ ਨੂੰ ਮੁੜ ਜਥੇਬੰਦ ਨਹੀਂ ਕਰ ਸਕੇ। ਲੱਗਦਾ ਹੈ ਖੱਬੇਪੱਖੀਆਂ ਦੇ ਪੰਜਾਬ ਨਾਲ ਰਿਸ਼ਤੇ ਦੀ ਸਮੱਸਿਆ ਡੂੰਘੀ ਹੈ। ਇਸ ਹਾਲਤ ਵਿਚ ਪੰਜਾਬ ਨੂੰ ਉਸ ਰਾਜਨੀਤਕ ਪਾਰਟੀ ਦੀ ਉਡੀਕ ਹੈ ਜਿਹੜੀ ਇਥੋਂ ਦੇ ਲੋਕਾਂ ਦੀ ਹਕੀਕਤ ਵਿਚ ਪ੍ਰਤੀਨਿਧਤਾ ਕਰ ਸਕੇ।

## ਠਾਹ-ਸੋਟਾ

-ਚਾਚਾ ਬੋਲਿਹਾਜ਼

### *ਫਾਸ਼ੀਵਾਦੀਆਂ ਦਾ ਹਸ਼ਰ!*

ਢਾਹ ਕੇ ਮਸਜਿਦਾਂ, ਚਰਚਾਂ ਨੂੰ ਅੱਗ ਲਾ ਕੇ,
ਘੱਟ ਗਿਣਤੀਆਂ ਤਾਈਂ ਡਰਾਉਣ ਵਾਲੇ।
ਦਿਲ ਵਿਚ ਮੁਸਲਮਾਨਾਂ ਅਤੇ ਹਿੰਦੂਆਂ ਦੇ,
ਭਰ ਕੇ ਨਫਰਤਾਂ ਅਤਿ ਮਚਾਉਣ ਵਾਲੇ।
ਬੁਰਕਾ ਪਹਿਨ ਕੇ ਧਰਮ-ਨਿਰਪੱਖਤਾ ਦਾ,
ਫਾਸ਼ੀਵਾਦ ਦਾ ਚਿਹਰਾ ਲੁਕਾਉਣ ਵਾਲੇ।
ਆਪੋ ਵਿਚੀਂ ਹੀ ਯੁੱਧ ਮਚਾਉਣ ਲੱਗੇ,
ਹਿੰਦੂ-ਰਾਸ਼ਟਰ 'ਦੇਸ਼' ਬਣਾਉਣ ਵਾਲੇ।
ਵਾਂਗ ਕਟੀ ਪਤੰਗ ਦੇ ਉਡਣ ਲੱਗੇ,
ਬਹੁ-ਗਿਣਤੀ ਲਈ ਹੇਜ ਜਤਾਉਣ ਵਾਲੇ।
ਤੀਲ੍ਹਾ ਤੀਲ੍ਹਾ ਹੋ ਚੱਲੇ ਨੇ ਆਪ ਦੇਖੋ,
ਸਾਕਾ ਜੂਨ ਚੌਰਾਸੀ ਦਾ ਕਰਵਾਉਣ ਵਾਲੇ!

# ਉਮੀਦਾਂ ਤੇ ਸੁਪਨਿਆਂ ਦਾ ਬਾਦਸ਼ਾਹ ਸੀ ਸੈਨੇਟਰ ਐਡਵਰਡ ਕੈਨੇਡੀ

**ਸੱਤਪਾਲ ਗੋਇਲ**

ਮੈਸੀਚਿਊਸਟਸ ਤੋਂ ਸੈਨੇਟਰ ਐਡਵਰਡ ਕੈਨੇਡੀ ਕੈਂਸਰ ਵਾਲੇ ਦਿਮਾਗੀ ਟਿਊਮਰ ਨਾਲ ਲੰਬੀ ਬਿਮਾਰੀ ਨਾਲ ਜੂਝਦੇ ਜੋਏ ਮੰਗਲਵਾਰ 25 ਅਗਸਤ ਨੂੰ ਪ੍ਰਲੋਕ ਸੁਧਾਰ ਗਏ। ਉਹ 77 ਸਾਲਾਂ ਦੇ ਸਨ। ਬੁਧਵਾਰ ਉਨ੍ਹਾਂ ਦੀ ਸੈਨੇਟ ਦੇ ਡੈਸਕ ਉਪਰ ਕਾਲਾ ਮੇਜ਼ਪੋਸ਼ ਤੇ ਸਫੇਦ ਫੁੱਲਾਂ ਦਾ ਗੁਲਦਸਤਾ ਤੇ ਖਾਲੀ ਕੁਰਸੀ ਇਕ ਲੰਬੇ ਸਫ਼ਰ ਦੀ ਗਰਿਮਾ ਤੇ ਵਿਛੜ ਜਾਣ ਦੇ ਗ਼ਮ ਦੀ ਖ਼ਾਮੋਸ਼ੀ ਦਾ ਇਜ਼ਹਾਰ ਕਰ ਰਹੀ ਸੀ।

ਚਾਰ ਕੈਨੇਡੀ ਭਰਾਵਾਂ ਵਿਚੋਂ ਬਚੇ ਆਖਰੀ ਯੋਧੇ ਤੇ ਪਿਆਰ ਨਾਲ 'ਅੰਕਲ ਟੈਡ' ਦੇ ਨਾਂ ਨਾਲ ਪੁਕਾਰੇ ਜਾਂਦੇ ਸੈਨੇਟਰ ਐਡਵਰਡ ਕੈਨੇਡੀ ਆਪਣੇ ਪਰਿਵਾਰ ਦੀ ਸ਼ਾਨ, ਮਾਣ-ਮਰਿਆਦਾ, ਗਲੈਮਰ, ਆਦਰਸ਼ਵਾਦੀ ਚਾਹ, ਪ੍ਰਭਾਵਸ਼ਾਲੀ ਸੂਝ, ਨਜ਼ਾਕਤ, ਥੋੜੀ ਬਹੁਤ ਲਾਪਰਵਾਹੀ ਅਤੇ ਸ਼ਾਹੀ ਅੰਦਾਜ਼ ਨਾਲ ਭਰੀ ਖੁਲ੍ਹਦਿਲੀ ਦੇ ਸ਼ਾਨਦਾਰ ਨਮੂਨੇ ਸਨ। ਦੋ ਭਰਾਵਾਂ ਦੀ ਹਵਾਈ ਹਾਦਸਿਆਂ ਅਤੇ ਦੋ (ਰਾਸ਼ਟਰਪਤੀ ਜਾਨ ਐਫ਼ ਕੈਨੇਡੀ ਤੇ ਰਾਸ਼ਟਰਪਤੀ ਪਦ ਦੇ ਦਾਵੇਦਾਰ ਰਾਬਰਟ ਐਫ਼ ਕੈਨੇਡੀ) ਦੀ ਗੋਲੀ ਨਾਲ ਹੱਤਿਆ ਦਾ ਦੁੱਖ ਆਪਣੇ ਕਲੇਜੇ ਨਾਲ ਲਾਈ ਐਡਵਰਡ ਕੈਨੇਡੀ ਪਰਿਵਾਰਕ ਦੁਖ਼-ਸੁਖ ਤੇ ਮੌਤ ਨੂੰ ਬਹੁਤ ਕਰੀਬੀ ਨਜ਼ਰ ਨਾਲ ਦੇਖ ਚੁਕੇ ਇਕ ਫ਼ੱਕਰ ਪਰ ਸੁਚੇਤ ਸਿਆਸਤਦਾਨ ਸਨ ਜੋ ਹਮੇਸ਼ਾ ਨਵੀਆਂ ਉਚਾਈਆਂ ਨੂੰ ਛੂਹਣ ਦੇ ਉਪਰਾਲੇ ਕਰਦੇ ਰਹੇ। ਐਡਵਰਡ ਕੈਨੇਡੀ ਅਮਰੀਕੀ ਸੈਨੇਟ ਲਈ 7 ਵਾਰ ਚੁਣੇ ਗਏ ਅਤੇ ਉਨ੍ਹਾਂ ਨੇ 46 ਸਾਲ ਤੱਕ ਲੋਕ-ਸੇਵਾ ਕੀਤੀ। ਉਹ ਇਕ ਉਚਕੋਟੀ ਦੇ ਲਿਬਰਲ ਡੈਮੋਕਰੇਟ ਹੀ ਨਹੀਂ ਬਲਕਿ ਅਮਰੀਕੀ ਸਿਆਸਤ ਦੇ ਕੁਸ਼ਲ ਡੀਲਮੇਕਰ, ਕਾਨੂੰਨ-ਸਾਜ਼ੀ ਦੇ ਮਾਹਿਰ ਤੇ ਬਹਾਦਰ ਨਾਇਕ ਵੀ ਸਨ। ਉਨ੍ਹਾਂ ਸੈਨੇਟ ਵਿਚ ਸਿਹਤ ਸੇਵਾ, ਨਾਗਰਿਕ (ਮਤਦਾਤਾ) ਅਧਿਕਾਰ, ਇਮੀਗ੍ਰੇਸ਼ਨ, ਵਿਦਿਆ, ਵਿਦਿਆਰਥੀ ਮਾਇਕ ਸਹਾਇਤਾ, ਵਾਤਾਵਰਣ, ਵਿਸ਼ਵ-ਸ਼ਾਂਤੀ ਲਈ ਪ੍ਰਮਾਣੂ ਹਥਿਆਰਾਂ ਤੇ ਰੋਕ ਅਤੇ ਬਹੁਤ ਸਾਰੇ ਹੋਰ ਮੁੱਦਿਆਂ ਤੇ ਲੋਕਪੱਖੀ ਕਾਨੂੰਨ ਦੀ ਅਗਵਾਈ, ਸੈਨੇਟ ਦੀ ਪ੍ਰਵੀਨਤਾ ਤੇ ਕਾਰਜਕੁਸ਼ਲਤਾ ਉਤੇ ਗਹਿਰੀ ਛਾਪ ਛੱਡੀ।



ਐਡਵਰਡ ਕੈਨੇਡੀ

ਉਨ੍ਹਾਂ ਦੇ ਪਿਤਾ ਆਇਰਲੈਂਡ ਤੋਂ ਅਮਰੀਕਾ ਆਏ ਅਤੇ ਇੰਗਲੈਂਡ 'ਚ ਦੂਸਰੇ ਵਿਸ਼ਵ ਯੁੱਧ ਸਮੇਂ ਅਮਰੀਕੀ ਰਾਜਦੂਤ ਬਣੇ। ਉਚੀ ਵਿਦਿਆ ਤੇ ਇਖ਼ਲਾਕੀ ਸੂਝ ਅਤੇ ਸ਼ੈਕਸਪੀਅਰ ਦੇ ਨਾਇਕ ਉਥੈਲੋ ਜਾਂ ਕਿੰਗ ਲੀਅਰ ਜਿਹੀ ਅਕਾਂਖਿਆ ਤੇ ਕਰਿਸ਼ਮਾ ਕੈਨੇਡੀ ਪਰਿਵਾਰ ਨੂੰ ਰੱਬੀ ਅਸੀਸ ਦੇ ਤੌਰ ਤੇ ਮਿਲੇ। ਐਡ ਕੈਨੇਡੀ (ਆਪਣੇ ਭਰਾ ਜਾਨ ਐਫ਼ ਕੈਨੇਡੀ ਦੀ ਤਰ੍ਹਾਂ) ਸ਼ੈਕਸਪੀਅਰ ਦੇ ਇਕ ਟ੍ਰੈਜਿਕ ਹੀਰੋ ਦੀ ਤਰ੍ਹਾਂ ਜ਼ਿੰਦਗੀ ਦੀ ਸਟੇਜ ਉਪਰ ਆਖਰੀ ਪਰਦਾ ਗਿਰਨ ਤੱਕ ਵੰਨ-ਸਵੰਨੇ ਰੋਲ ਅਦਾ ਕਰਦਾ ਰਿਹਾ ਪਰ ਉਚੇ ਉਡਣ ਦੀ ਤਾਂਘ ਹਮੇਸ਼ਾਂ ਬਰਕਰਾਰ ਰਹੀ। ਇਹ ਕੈਨੇਡੀ ਪਰਿਵਾਰ ਦੀ ਵਿਰਾਸਤ, ਅਮਰੀਕੀ ਸਿਆਸਤ ਦਾ ਵਿਰਸਾ ਅਤੇ ਆਮ ਨਾਗਰਿਕ ਦੇ ਅਮਰੀਕੀ ਸੁਪਨੇ ਦਾ ਕਰਿਸ਼ਮਾ ਤੇ ਕਿਸਮਤ ਦੀ ਸ਼ਾਨਦਾਰ ਖੇਡ ਦਾ ਨਜ਼ਾਰਾ ਸੀ। ਸੈਨੇਟਰ ਕੈਨੇਡੀ ਦਾ ਨਾਅਰਾ: "ਆਸ ਹਮੇਸ਼ਾ ਦਿੱਸਦੀ ਹੈ ਅਤੇ ਸੁਪਨਾ ਸਦਾ ਚਲਦਾ ਰਹਿੰਦਾ ਹੈ (ਹੋਪ ਰਾਈਜ਼ਜ਼ ਅਗੇਨ ਐਂਡ ਦੀ ਡਰੀਮ ਲਿਵਜ਼ ਆਨ)" ਅਮਰੀਕੀ ਸੈਨੇਟ ਅਤੇ ਆਮ ਆਦਮੀ ਲਈ ਹਮੇਸ਼ਾ ਗੂੰਜਦਾ ਰਹੇਗਾ।

ਰਾਸ਼ਟਰਪਤੀ ਪਦ ਦੀ ਲੜਾਈ ਵਿਚ ਕੈਨੇਡੀ ਸੈਨੇਟਰ ਜਿਮੀ ਕਾਰਟਰ ਕੋਲੋਂ ਹਾਰ ਗਏ। ਇਸ ਤੋਂ ਪਹਿਲਾਂ 1961 ਵਿਚ ਜੇ.ਐਫ਼.ਕੇ ਅਮਰੀਕਾ ਦੇ ਰਾਸ਼ਟਰਪਤੀ ਬਣੇ ਸਨ। ਜੇ.ਐਫ਼.ਕੇ ਦਾ ਨਾਂ ਅਮਰੀਕੀ ਕਲਪਨਾ ਨੂੰ ਹਰ ਰੰਗੀਨ ਰੰਗ ਅਤੇ ਕਲਾਤਮਿਕ ਜਾਦੂ ਨਾਲ ਭਰਭੂਰ ਕਰ ਦਿੰਦਾ ਹੈ। ਰਾਸ਼ਟਰਪਤੀ ਕੈਨੇਡੀ ਨਿਕਸਨ ਨਾਲੋਂ ਗੁਣਾ ਵਿਚ ਬਰਾਬਰ ਪਰ ਸਟਾਈਲ ਤੇ ਗਲੈਮਰ ਪੱਖੋਂ ਉਤਮ ਸੀ। ਅਮਰੀਕਾ ਦਾ ਕ੍ਰਿਸ਼ਨ ਸੀ ਉਹ ਸ਼ਾਇਦ! ਐਡਵਰਡ ਕੈਨੇਡੀ ਆਪਣੇ ਭਰਾ (ਜੇ.ਐਫ਼.ਕੇ) ਅਤੇ ਬਰਾਕ ਓਬਾਮਾ ਦੀ ਤਰ੍ਹਾਂ ਇਕ ਸ਼ਾਨਦਾਰ ਅਤੇ ਪ੍ਰਭਾਵਸ਼ਾਲੀ ਭਾਸ਼ਨ-ਕਲਾ ਦਾ ਮਾਹਿਰ ਸੀ। ਉਸਦੀ ਨਿੱਜੀ ਕਹਾਣੀ ਇਹ ਸਿੱਧ ਕਰਦੀ ਹੈ ਕਿ ਆਦਮੀ ਮੁਸ਼ਕਲਾਂ ਤੇ ਰੁਕਾਵਟਾਂ ਨੂੰ ਪਾਰ ਕਰਕੇ ਹੀ ਤਾਕਤਵਰ ਅਤੇ ਉਤਮ ਇਨਸਾਨ ਬਣਦਾ ਹੈ। ਇਸ ਸ਼ਕਤੀ ਦਾ ਇਸਤੇਮਾਲ ਐਡ ਕੈਨੇਡੀ ਨੇ ਸਿਆਸਤ ਅਤੇ ਆਮ ਨਾਗਰਿਕ (ਸਰਬੱਤ) ਦੇ ਭਲੇ ਲਈ ਬਿਨਾ ਕਿਸੇ ਡਰ ਜਾਂ ਲਗਾਓ ਨਾਲ ਕੀਤਾ। ਉਹ ਨਿਰਵੈਰ ਤੇ ਨਿਰਭੈ ਸ਼ਖ਼ਸੀਅਤ ਦੇ ਮਾਲਕ ਸਨ। ਉਹ ਅਕਸਰ ਧਾਰਮਿਕ ਸਥਾਨਾਂ ਤੇ ਹਸਪਤਾਲਾਂ ਦੇ ਸੁਧਾਰ ਲਈ ਯਤਨਸ਼ੀਲ ਰਹੇ। ਵਿਰੋਧੀ ਪਾਰਟੀ ਨਾਲ ਵੀ ਉਹ ਤਾਲਮੇਲ ਕਰਨਾ ਜਾਣਦੇ ਸਨ। ਉਨ੍ਹਾਂ ਨੂੰ ਅਕਸਰ 'ਸੈਨੇਟ ਦਾ ਸ਼ੇਰ' ਕਿਹਾ ਜਾਂਦਾ ਸੀ। ਦੇਸ ਵਿਦੇਸ ਤੋਂ ਉਨ੍ਹਾਂ ਨੂੰ ਇਨਾਮ ਤੇ ਤਗਮੇ ਸਨਮਾਨ ਵਜੋਂ ਦਿਤੇ ਗਏ ਹਨ। ਬਿਹਤਰ ਹੋਵੇ ਭਾਰਤ ਜਿਹੇ ਦੇਸਾਂ ਦੇ ਸਿਆਸਤਦਾਨ ਅਤੇ ਸਰਕਾਰੀ ਕਰਮਚਾਰੀ ਕੈਨੇਡੀ ਦੀ ਜ਼ਿੰਦਗੀ ਤੋਂ ਕੋਈ ਸਬਕ ਸਿੱਖ ਸਕਣ!

ਪਿਛਲੇ ਸਾਲ ਐਡ ਕੈਨੇਡੀ ਨੇ ਰਾਸ਼ਟਰਪਤੀ ਪਦ ਲਈ ਸੈਨੇਟਰ ਬਰਾਕ ਓਬਾਮਾ ਦੀ ਨਾਮਜ਼ਦਗੀ ਦੀ ਪੁਰਜ਼ੋਰ ਹਮਾਇਤ ਕਰਦਿਆਂ ਅਮਰੀਕੀ ਉਮੀਦ ਤੇ ਸੁਪਨੇ ਨੂੰ ਨਵੀਂ ਤੇ ਨੌਜਵਾਨ ਪੀੜੀ ਹੱਥ ਦੇਣ ਦਾ ਸਮੱਰਥਨ ਇਸ ਤਰ੍ਹਾਂ ਕੀਤਾ ਕਿ ਓਬਾਮਾ ਦਾ ਪਾਸਾ ਹਿਲਰੀ ਕਲਿੰਟਨ ਨਾਲੋਂ ਭਾਰੀ ਹੋ ਗਿਆ। ਜਨਵਰੀ 2009 ਵਿਚ ਕੈਨੇਡੀ ਵੀਲ੍ਹਚੇਅਰ 'ਚ ਬੈਠ ਕੇ ਬਾਰਾਕ ਓਬਾਮਾ ਦੇ ਰਾਸ਼ਟਰਪਤੀ ਅਹੁਦੇ ਲਈ ਸਹੁੰ ਚੁਕ ਸਮਾਰੋਹ 'ਚ ਸ਼ਾਮਲ ਹੋਏ। ਰਾਸ਼ਟਰਪਤੀ ਓਬਾਮਾ ਨੇ ਸੈਨੇਟਰ ਕੈਨੇਡੀ ਨੂੰ ਭਾਵ-ਭਰੀ ਸ਼ਰਧਾਂਜਲੀ ਦਿੰਦਿਆਂ ਆਖਿਆ: "ਸੈਨੇਟਰ ਕੈਨੇਡੀ ਆਪਣੇ ਪਰਿਵਾਰ ਦਾ ਵਾਲੀਵਾਰਸ ਸੀ ਪਰ ਅਮਰੀਕਾ ਲਈ ਉਹ ਸਾਡੇ ਸੁਪਨੇ ਦਾ ਰਖਵਾਲਾ ਸੀ"।

ਨਿਊ ਯਾਰਕ ਟਾਈਮਜ਼ ਨੇ ਆਪਣੇ ਸੰਪਾਦਕੀ ਲੇਖ ਵਿਚ ਕਿਹਾ ਹੈ, "ਕੈਨੇਡੀ ਅਧੁਨਿਕ ਸੈਨੇਟ ਦਾ ਮਾਸਟਰ ਕਾਨੂੰਨ-ਸਾਜ਼ ਸੀ ਜਿਸ ਨੇ ਸਿਆਸਤ ਨੂੰ ਮਾਨਵੀ ਲੋੜਾਂ ਦੇ ਰੰਗੀਲੇ ਸ਼ੀਸ਼ੇ (ਪ੍ਰਿਜ਼ਮ) ਵਿਚੋਂ ਦੇਖਣ ਤੇ ਜ਼ੋਰ ਦਿੱਤਾ"। ਵਾਸ਼ਿੰਗਟਨ ਪੋਸਟ ਨੇ ਕੈਨੇਡੀ ਨੂੰ "ਇਕ ਮਹੱਤਵਪੂਰਣ ਨੀਤੀਵਾਨ ਅਤੇ ਇਖ਼ਲਾਕੀ ਕਾਨੂੰਨ-ਸਾਜ਼" ਆਖਦਿਆਂ ਕਿਹਾ ਹੈ ਕਿ ਉਸ ਨੂੰ ਉਨ੍ਹਾਂ "ਸਭ ਲੋਕਾਂ ਨੇ ਮਾਣ ਬਖ਼ਸ਼ਿਆ ਜੋ ਉਸ ਦੇ ਵਿਰੋਧੀ ਸਨ ਅਤੇ ਉਸ ਨਾਲ ਜਾਂ ਉਸ ਲਈ ਕੰਮ ਕਰਦੇ ਸਨ"। ਬੋਸਟਨ ਗਲੋਬ ਨੇ ਕਿਹਾ ਹੈ: "ਕੈਨੇਡੀ ਅਕਸਰ ਨਿਜੀ ਕ੍ਰਿਪਾ ਅਤੇ ਸਿਆਸਤ ਦੀ ਹਮਦਰਦੀ ਵਿਚਲੇ ਫਰਕ ਨੂੰ ਅਸਾਨੀ ਨਾਲ ਮਿਟਾ ਦਿੰਦੇ ਸਨ"।

ਦੁਨੀਆ ਤੋਂ ਤੁਰ ਜਾਣਾ ਵੀ ਇਕ ਕਲਾ ਹੈ। ਪੰਜਾਬ ਟਾਈਮਜ਼ ਦਾ ਹਰ ਪਾਠਕ, ਭਾਰਤੀ ਤੇ ਅਮਰੀਕੀ ਜਨਤਾ ਅਤੇ ਦੁਨੀਆਂ ਦੇ ਕੋਨੇ ਕੋਨੇ 'ਚ ਬੈਠਾ ਹਰ ਵਿਵੇਕ ਇਨਸਾਨ ਸੈਨੇਟਰ ਐਡਵਰਡ ਕੈਨੇਡੀ ਨੂੰ ਸ਼ਰਧਾ ਭਰੀ ਅਲਵਿਦਾ ਆਖਦਾ ਹੈ!

# ਖਾੜਕੂਵਾਦ ਨੂੰ ਮੁੜ ਸਿਰ ਨਹੀਂ ਚੁੱਕਣ ਦਿਆਂਗੇ -ਬਾਦਲ

**ਅੰਮ੍ਰਿਤਸਰ:** ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਰਾਜ ਵਿਚ ਖਾੜਕੂਵਾਦ ਨੂੰ ਮੁੜ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ ਅਤੇ ਇਸ ਦੇ ਮੁੜ ਉਭਰਨ ਦੀ ਕੋਈ ਸੰਭਾਵਨਾ ਨਹੀਂ ਹੈ। ਕੁਝ ਸ਼ਰਾਰਤੀ ਅਨਸਰ ਪੰਜਾਬ ਦੇ ਹਾਲਾਤ ਖਰਾਬ ਕਰਨਾ ਚਾਹੁੰਦੇ ਹਨ ਅਤੇ ਉਨ੍ਹਾਂ ਦੇ ਮਨਸੂਬਿਆਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ।

ਰਾਜ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿਚ ਪਾਰਟੀ ਦੀ ਹੋਈ ਜਿੱਤ ਬਾਅਦ ਸ਼ੁਕਰਾਨੇ ਵਜੋਂ ਸ੍ਰੀ ਦਰਬਾਰ ਸਾਹਿਬ ਵਿਚ ਅਖੰਡ ਪਾਠ ਰਖਵਾਉਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬ ਦੇ ਲੋਕ ਸ਼ਾਂਤੀ ਪਸੰਦ ਹਨ। ਇਸ ਲਈ ਇਥੇ ਮੁੜ ਖਾੜਕੂਵਾਦ ਦੇ ਉਭਰਨ ਦੀ ਕੋਈ ਸੰਭਾਵਨਾ ਨਹੀਂ।

ਉਨ੍ਹਾਂ ਕਿਹਾ ਕਿ ਖਾੜਕੂਆਂ ਦਾ ਫੜਿਆ ਜਾਣਾ ਇਸ ਗੱਲ ਵਲ ਇਸ਼ਾਰਾ ਨਹੀਂ ਕਰਦਾ ਕਿ ਰਾਜ ਵਿਚ ਅਤਿਵਾਦ ਮੁੜ ਸਿਰ ਚੁੱਕ ਰਿਹਾ ਹੈ। ਕੋਈ ਵੀ ਲਹਿਰ ਲੋਕਾਂ ਦੇ ਸਹਿਯੋਗ ਤੋਂ ਬਿਨਾ ਨਹੀਂ ਫੈਲ ਸਕਦੀ ਅਤੇ ਖਾੜਕੂਵਾਦ ਨੂੰ ਪੰਜਾਬ ਦੇ ਲੋਕਾਂ ਦਾ ਕੋਈ ਸਮਰਥਨ ਨਹੀਂ ਹੈ। ਕੁਝ ਸਵਾਰਥੀ ਅਨਸਰਾਂ ਵਲੋਂ ਆਪਣੇ ਸੌੜੇ ਹਿੱਤਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਅਤੇ ਸੂਬੇ ਵਿਚ ਅਮਨ ਭੰਗ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਸੂਬੇ 'ਚ ਫੜੇ ਗਏ ਖਾੜਕੂਆਂ ਬਾਰੇ ਉਨ੍ਹਾਂ ਆਖਿਆ ਕਿ ਇਹ ਸਵਾਰਥੀ ਲੋਕਾਂ ਦੀ ਸ਼ਰਾਰਤ ਹੈ ਅਤੇ ਅਜਿਹੇ ਲੋਕਾਂ ਦੀ ਸ਼ਨਾਖਤ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਵੱਖਵਾਦ ਦੀ ਗੱਲ ਕਰਨ ਵਾਲੇ ਪੰਥਕ ਨਹੀਂ ਹੋ ਸਕਦੇ।

ਉਨ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ 'ਤੇ ਵਾਰ ਕਰਦਿਆਂ ਕਿਹਾ ਕਿ ਉਹ ਕਾਂਗਰਸ ਦੇ ਏਜੰਟ ਹਨ ਅਤੇ ਕਾਂਗਰਸ ਦੀ ਸ਼ਹਿ 'ਤੇ ਪੰਜਾਬ ਵਿਚ ਪੰਥ ਵਿਰੋਧੀ ਗਤੀਵਿਧੀਆਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਗਠਜੋੜ ਕਾਰਨ ਸੂਬੇ ਵਿਚ ਆਪਸੀ ਭਾਈਚਾਰਕ ਸਾਂਝ ਵੀ ਮਜ਼ਬੂਤ ਹੋਈ ਹੈ।

# ਭਵਿੱਖ ਵਲ ਵੇਖੋ ਇਤਿਹਾਸ ਵਲ ਨਹੀਂ

ਚੇਤਨ ਭਗਤ

ਕਦੇ-ਕਦੇ ਮੈਨੂੰ ਹੈਰਾਨੀ ਹੁੰਦੀ ਹੈ ਕਿ ਕੀ ਚੈਨਲ ਵਾਲੇ ਰਾਜਨੇਤਾਵਾਂ ਨੂੰ ਅਸਲ ਜ਼ਿੰਦਗੀ ਵਿਚ ਵੀ ਨਾਟਕ ਕਰਨ ਲਈ ਪੈਸੇ ਦਿੰਦੇ ਹਨ। ਨਹੀਂ ਤਾਂ ਕਿਵੇਂ ਸਾਡੇ ਦੇਸ਼ ਦੀ ਇਕ ਪ੍ਰਮੁੱਖ ਪਾਰਟੀ ਦੇ ਸੀਨੀਅਰ ਨੇਤਾ ਇਕ ਇਤਿਹਾਸਕ ਚਰਿੱਤਰ 'ਤੇ ਬਹਿਸ ਕਰਦੇ, ਕਿਤਾਬ ਨੂੰ ਪ੍ਰਤਿਬੰਧਤ ਕਰਦੇ ਅਤੇ ਕਿਤਾਬ ਦੇ ਲੇਖਕ ਨੂੰ 30 ਸਾਲਾਂ ਦੇ ਕਾਰਜਕਾਲ ਤੋਂ ਬਾਅਦ ਬਰਖ਼ਾਸਤ ਕਰਦੇ ਹੋਏ, ਕਈ-ਕਈ ਦਿਨ ਬਿਤਾ ਸਕਦੇ ਹਨ। ਮੇਰੇ ਮਨ ਵਿਚ ਭਾਜਪਾ ਪ੍ਰਤੀ (ਜਾਂ ਕਾਂਗਰਸ ਪ੍ਰਤੀ ਵੀ) ਕੋਈ ਦੁਰਭਾਵਨਾ ਨਹੀਂ ਹੈ। ਸੱਚ ਤਾਂ ਇਹ ਹੈ ਕਿ ਮੈਂ ਇਨ੍ਹਾਂ ਦੋਵਾਂ ਪਾਰਟੀਆਂ ਨੂੰ ਜਿੰਨਾ ਹੋ ਸਕੇ, ਉਨਾਂ ਮਜ਼ਬੂਤ ਹੁੰਦੇ ਦੇਖਣਾ ਚਾਹਾਂਗਾ, ਤਾਂ ਕਿ ਭਾਰਤੀ ਵੋਟਰਾਂ ਨੂੰ ਦੋ ਬੇਹਤਰੀਨ ਵਿਕਲਪਾਂ ਵਿਚੋਂ ਇਕ ਚੁਨਣ ਦਾ ਮੌਕਾ ਮਿਲ ਸਕੇ। ਹਾਲਾਂਕਿ ਚੋਣਾਂ ਤੋਂ ਬਾਅਦ ਭਾਜਪਾ ਨੇ ਆਪਣੇ ਲਈ, ਜਿਹੜਾ ਕਿਸ਼ਤਾਂ ਵਿਚ ਆਤਮਹੱਤਿਆ ਦਾ ਰਸਤਾ ਚੁਣਿਆ ਸੀ, ਉਹ ਸਿਰਫ ਪਾਰਟੀ ਲਈ ਹੀ ਨਹੀਂ, ਬਲਕਿ ਪੂਰੇ ਰਾਸ਼ਟਰ ਲਈ ਬਹੁਤ ਘਾਤਕ ਹੈ। ਕੋਈ ਦੂਜਾ ਵਿਸ਼ਵਾਸਯੋਗ ਵਿਕਲਪ ਨਾ ਹੋਣ ਦੀ ਹਾਲਤ ਵਿਚ ਲੋਕਤੰਤਰ ਵਿਚ ਇਕੋ ਹੀ ਪਾਰਟੀ ਦਾ ਕਬਜ਼ਾ ਹੋ ਜਾਣ ਦਾ ਖ਼ਤਰਾ ਰਹੇਗਾ। ਸੰਭਵ ਤੌਰ 'ਤੇ ਲੰਬੇ ਸਮੇਂ ਤੋਂ ਇਹ ਦੇਸ਼ ਲਈ ਚੰਗਾ ਨਹੀਂ ਹੋਵੇਗਾ।

ਸੱਚਾਈ ਤਾਂ ਇਹ ਹੈ ਕਿ ਆਪਣੇ ਸਾਰੇ ਨੇਕ ਇਰਾਦਿਆਂ ਦੇ ਬਾਵਜੂਦ ਭਾਜਪਾ ਅੱਜ ਦੀ ਨੌਜਵਾਨ ਪੀੜ੍ਹੀ ਦੇ ਨੇੜੇ ਨਹੀਂ ਹੈ। ਹੋਰ ਗੱਲਾਂ ਵਾਂਗ ਹਾਲ ਹੀ ਵਿਚ ਜਿਨਾਹ ਵਾਲੀ ਕਿਤਾਬ ਅਤੇ ਜਸਵੰਤ ਸਿੰਘ ਵਾਲਾ ਘਟਨਾਕਰਮ ਵੀ ਇਨ੍ਹਾਂ ਤੱਥਾਂ ਦੀ ਪੁਸ਼ਟੀ ਕਰਦੇ ਹਨ। ਭਾਜਪਾ ਰੌਲ਼ਾ ਪਾ ਰਹੀ ਹੈ ਕਿ ਜਿਨਾਹ ਅਸਲ ਵਿਚ ਓਨਾ ਧਰਮ ਨਿਰਪੱਖ ਨਹੀਂ ਸੀ, ਜਿਵੇਂ ਕਿ ਜਸਵੰਤ ਸਿੰਘ ਨੇ ਦਾਅਵਾ ਕੀਤਾ ਹੈ। ਟੈਲੀਵਿਜ਼ਨ ਤੇ ਮਾਹਿਰ 1932 ਦੀਆਂ ਘਟਨਾਵਾਂ ਦਾ ਹਵਾਲਾ ਦੇ ਰਹੇ ਹਨ, ਜਿਸ ਨਾਲ ਇਹ ਸਿੱਧ ਹੁੰਦਾ ਹੈ ਕਿ ਜਿਨਾਹ ਇਕ ਚੰਗੇ ਇਨਸਾਨ ਸਨ ਅਤੇ ਉਨੀ ਹੀ ਗਿਣਤੀ ਵਿਚ ਮਾਹਿਰ ਇਸ ਗੱਲ ਦਾ ਖੰਡਨ ਵੀ ਕਰ ਰਹੇ ਹਨ ਅਤੇ ਉਨ੍ਹਾਂ ਘਟਨਾਵਾਂ ਦੀ ਉਦਾਹਰਣ ਪੇਸ਼ ਕਰ ਰਹੇ ਹਨ, ਜਿਨ੍ਹਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਜਿਨਾਹ ਨੇ ਭਿਆਨਕ ਕੰਮ ਕੀਤੇ।

ਜਿਨਾਹ ਦੇ ਇਕ ਸਵਾਲ ਦੇ ਜਵਾਬ ਵਿਚ ਮੈਨੂੰ ਨੌਜਵਾਨ ਪੀੜ੍ਹੀ ਦੇ ਨਜ਼ਰੀਏ ਨਾਲ ਜਵਾਬ ਦੇਣ ਦਿਓ, ਜੋ ਇਹ ਹੈ "ਕੌਣ ਪਰਵਾਹ ਕਰਦਾ ਹੈ?"

ਸੱਚ ਹੀ ਜੇਕਰ ਜਿਨਾਹ ਨੇ ਬਹੁਤ ਸ਼ਾਨਦਾਰ ਕੰਮ ਕੀਤੇ ਹੋਣ ਜਾਂ ਬਹੁਤ ਖਤਰਨਾਕ ਕੰਮ ਕੀਤੇ ਹੋਣ ਤੇ ਤੁਹਾਡੀ ਪਾਰਟੀ ਇਨ੍ਹਾਂ ਵਿਚੋਂ ਜਿਹੜਾ ਵੀ ਦ੍ਰਿਸ਼ਟੀਕੋਣ ਅਪਨਾਉਣਾ ਚਾਹੁੰਦੀ ਹੋਵੇ, ਇਸ ਗੱਲ ਨਾਲ ਕਿਸ ਨੂੰ ਕੀ ਮਤਲਬ ਹੋ ਸਕਦਾ ਹੈ? ਇਹ ਗੱਲ ਉਸ ਭਾਰਤ ਲਈ ਕਿਸ ਤਰ੍ਹਾਂ ਪ੍ਰਸੰਗਿਕ ਹੈ, ਜਿਸ ਦਾ ਅੱਜ ਅਸੀਂ ਨਿਰਮਾਣ ਕਰਨਾ ਹੈ? ਅਸੀਂ ਭਾਰਤ ਦੇ ਭਵਿੱਖ ਲਈ ਨੇਤਾਵਾਂ ਦੀ ਚੋਣ ਕਰ ਰਹੇ ਹਾਂ ਜਾਂ ਕੋਈ ਇਤਿਹਾਸ ਦਾ ਸਿੱਖਿਅਕ ਚੁਣ ਰਹੇ ਹਾਂ? ਸਭ ਤੋਂ ਅਜੀਬ ਗੱਲ ਇਹ ਹੈ ਕਿ ਮੀਡੀਆ ਵੀ ਜਿਨਾਹ ਚੰਗਾ ਸੀ ਜਾਂ ਮਾੜਾ ਸੀ, ਦੀ ਇਸ ਬੇਅਰਥੀ ਬਹਿਸ ਨੂੰ ਚੁੱਕ ਰਿਹਾ ਹੈ। ਘੰਟਿਆਂਬੱਧੀ ਇਸ ਵਿਸ਼ੇ 'ਤੇ ਬਹਿਸ ਹੋ ਰਹੀ ਹੈ, ਦੇਸ਼ ਭਰ ਵਿਚੋਂ ਮਾਹਿਰਾਂ ਨੂੰ ਸੱਦਿਆ ਜਾ ਰਿਹਾ ਹੈ ਅਤੇ ਜਿਨਾਹ ਦੀਆਂ ਫਾਈਲ ਫੋਟੋਆਂ ਖੋਦ-ਖੋਦ ਕੇ ਕੱਢੀਆਂ ਜਾ ਰਹੀਆਂ ਹਨ।

ਇਹ ਹਰਕਤਾਂ ਇਸ ਪੂਰੇ ਮਾਮਲੇ ਨੂੰ ਜਾਇਜ਼ ਠਹਿਰਾ ਰਹੀਆਂ ਹਨ। ਇਸ ਨਾਲ ਨੌਜਵਾਨ ਪੀੜ੍ਹੀ ਇਹ ਸਮਝਣ ਤੋਂ ਅਸਮਰਥ ਹੈ ਕਿ ਕਿਉਂ ਸਾਡੇ ਰਾਜਨੇਤਾ ਅਤੀਤ ਦੇ ਇਨ੍ਹਾਂ ਤੱਥਾਂ ਨੂੰ ਬਚਾਉਣ ਲਈ ਇਸ ਹੱਦ ਤੱਕ ਕਾਹਲੇ ਹਨ? ਇਹੋ ਜਿਹੀਆਂ ਜ਼ਿੱਦੀ ਬਹਿਸਾਂ ਇਸ ਬਾਰੇ ਕਿਉਂ ਨਹੀਂ ਕੀਤੀਆਂ ਜਾਂਦੀਆਂ ਕਿ ਕਿੰਨੀ ਜਲਦੀ ਅਤੇ ਤੇਜ਼ੀ ਨਾਲ ਅਸੀਂ ਸੜਕਾਂ, ਕਾਲਜ, ਪੁਲ ਅਤੇ ਪਾਵਰ ਪਲਾਂਟ ਬਣਾਵਾਂਗੇ? ਇਤਿਹਾਸਕ ਦ੍ਰਿਸ਼ਟੀਕੋਣ ਦੀ ਬਜਾਏ ਇਸ ਆਧਾਰ 'ਤੇ ਲੋਕਾਂ ਨੂੰ ਕੱਢਿਆ ਕਿਉਂ ਨਹੀਂ ਜਾਂਦਾ ਕਿ ਉਹ ਠੀਕ ਤਰ੍ਹਾਂ ਕੰਮ ਨਹੀਂ ਕਰਦੇ?

ਮਰੇ ਲੋਕਾਂ ਬਾਰੇ ਕਿਤਾਬਾਂ 'ਤੇ ਪਾਬੰਦੀ ਲਾਉਣ ਦੀ ਥਾਂ ਅਸੀਂ ਕਾਗਜ਼ਾਂ 'ਤੇ ਹੋ ਰਹੇ ਬੇਅਰਥੇ ਸਰਕਾਰੀ ਕੰਮਾਂ ਨੂੰ ਪ੍ਰਤੀਬੰਧਿਤ ਕਿਉਂ ਨਹੀਂ ਕਰਦੇ। ਹਰ ਭਾਰਤੀ ਵਿਦਿਆਰਥੀ ਅਤੀਤ ਦੇ ਸਾਡੇ ਮਹਾਨ ਨੇਤਾਵਾਂ ਬਾਰੇ ਪੜ੍ਹਦਾ ਹੈ। ਅਸੀਂ ਉਨ੍ਹਾਂ ਦੀਆਂ ਜੀਵਨੀਆਂ ਪੜ੍ਹਦੇ ਹਾਂ, ਉਨ੍ਹਾਂ ਦੇ ਜਨਮ ਦਿਨ ਮਨਾਉਂਦੇ ਹਾਂ ਅਤੇ ਉਨ੍ਹਾਂ ਨੂੰ ਇਕ ਪ੍ਰੇਰਣਾ ਵਾਂਗ ਦੇਖਦੇ ਹਾਂ।

ਜਿਨ੍ਹਾਂ ਚੀਜ਼ਾਂ ਨੇ ਇਨ੍ਹਾਂ ਲੋਕਾਂ ਨੂੰ ਏਨਾ ਮਹਾਨ ਬਣਾਇਆ, ਉਹ ਇਹ ਕਿ ਉਹ ਬਿਹਤਰ ਭਵਿੱਖ ਲਈ ਆਪਣੇ ਸਮੇਂ ਨੂੰ ਵਰਤਣ ਵਿਚ ਸਫਲ ਰਹੇ। ਅਤੀਤ ਦੇ ਸਾਡੇ ਉਨ੍ਹਾਂ ਨੇਤਾਵਾਂ ਦੇ ਪ੍ਰਸ਼ੰਸਕ ਅਤੇ ਭਗਤ ਹੋਣ ਦਾ ਦਾਅਵਾ ਕਰਨ ਤੋਂ ਪਹਿਲਾਂ ਕੀ ਸਾਡੇ ਨੇਤਾ ਇਸ ਗੱਲ ਨੂੰ ਮਹਿਸੂਸ ਕਰਦੇ ਸਨ? ਸਿੱਧੀ ਜਿਹੀ ਗੱਲ ਇਹ ਹੈ ਕਿ ਆਪਣੀਆਂ ਬਾਹਵਾਂ ਨੂੰ ਤਿਆਰ ਕਰਕੇ ਬਦਲਾਅ ਨੂੰ ਸਚਮੁਚ ਸੰਭਵ ਬਣਾਉਣ ਤੋਂ ਜ਼ਿਆਦਾ ਆਸਾਨ ਹੈ, ਅਤੀਤ 'ਤੇ ਬਹਿਸ ਕਰਦੇ ਰਹਿਣਾ।

ਭਾਜਪਾ ਦਾ ਸਚਮੁੱਚ ਇਨ੍ਹਾਂ ਗੱਲਾਂ ਤੋਂ ਕੋਈ ਲੈਣਾ ਦੇਣਾ ਨਹੀਂ ਹੈ। ਭਾਜਪਾਈ ਅਸਲ ਵਿਚ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੀ ਪਾਰਟੀ ਜਿਨਾਹ ਬਾਰੇ ਜੋ ਕੁਝ ਸੋਚਦੀ ਹੈ, ਭਾਰਤ ਦੀ ਵੋਟਿੰਗ ਪ੍ਰਕ੍ਰਿਆ 'ਤੇ ਉਸਦਾ ਪ੍ਰਭਾਵ ਪਵੇਗਾ। ਉਨ੍ਹਾਂ ਦਾ ਸੋਚਣਾ ਹੈ ਕਿ ਜੇਕਰ ਉਹ ਕੱਟੜ ਹਿੰਦੂਤਵ ਦੀ ਰਾਹ 'ਤੇ ਚਲਦੇ ਹਨ (ਜਿਸ ਦਾ ਅਰਥ ਹੈ ਮੁਸਲਮਾਨ ਵਿਰੋਧੀ ਹੋਣਾ) ਤਾਂ ਲੋਕ ਸਿਰਫ ਇਸ ਕਾਰਨ ਹੀ ਉਨ੍ਹਾਂ ਨੂੰ ਵੋਟ ਦੇਣਗੇ। ਸੰਭਵ ਹੈ ਅਤੀਤ ਵਿਚ ਕਦੇ ਰਾਸ਼ਟਰ ਦਾ ਮਾਨਸ ਅਜਿਹਾ ਰਿਹਾ ਹੋਵੇ। ਇਸੇ ਕਰਕੇ 11 ਸਤੰਬਰ ਦਾ ਹਮਲਾ ਹੋਇਆ ਅਤੇ ਸਾਡੇ ਨੇੜੇ ਸਾਡੇ ਘਰ ਵਿਚ ਸੰਸਦ 'ਤੇ ਹਮਲਾ ਹੋਇਆ ਪਰ ਅੱਜ ਨੌਜਵਾਨ ਪੀੜ੍ਹੀ ਇਸ ਤਰ੍ਹਾਂ ਨਹੀਂ ਸੋਚਦੀ। ਕਿਸੇ ਸੰਪ੍ਰਦਾਇਕ ਵਿਸ਼ੇ ਦੇ ਪੱਖ ਵਿਚ ਜਾਂ ਉਸ ਖਿਲਾਫ ਕਿਸੇ ਨੇਤਾ ਦੇ ਬੜਬੋਲੇਪਨ ਨੂੰ ਇਸ ਰੂਪ ਵਿਚ ਦੇਖਿਆ ਜਾਂਦਾ ਹੈ ਕਿ ਇਹ ਉਸ ਦਾ ਸਚਮੁੱਚ ਵਿਚ ਕੁਝ ਠੋਸ ਕਾਰਜ ਕਿਤੇ ਬਿਨਾ ਸਿਰਫ ਵੋਟ ਬਟੋਰਨ ਦਾ ਹਥਿਆਰ ਹੈ। ਇਸ ਸਮੁੱਚੇ ਦ੍ਰਿਸ਼ ਵਿਚ ਭਾਜਪਾ ਉਹ ਸਭ ਕਰਦੀ ਨਜ਼ਰ ਆਉਂਦੀ ਹੈ, ਜੋ ਉਹ ਕਰ ਸਕਦੀ ਹੈ। ਪਰ ਭਾਜਪਾ ਹੁਣ ਵੀ ਬਹੁਤ ਕੁਝ ਕਰ ਸਕਦੀ ਹੈ। ਭਾਜਪਾ ਸਿਰਫ ਇਕ ਹਿੰਦੂ ਪਾਰਟੀ ਨਹੀਂ ਹੈ। ਆਰਥਿਕ ਨੀਤੀਆਂ ਦੇ ਦ੍ਰਿਸ਼ਟੀਕੋਣ ਤੋਂ ਭਾਜਪਾ ਇਕ ਸੱਜੇਪੱਖੀ ਪਾਰਟੀ ਵੀ ਹੈ। ਸੱਜੇਪੱਖੀ ਆਰਥਿਕ ਨੀਤੀਆਂ ਵਿਚ ਵੱਡੀ ਪੱਧਰ 'ਤੇ ਨਿੱਜੀਕਰਨ, ਘੱਟ ਸਬਸਿਡੀ, ਚੰਗੇ ਆਰਥਿਕ ਪ੍ਰਬੰਧ, ਵਪਾਰ ਅਤੇ ਨੌਕਰੀਆਂ ਦੇ ਵਿਕਾਸ 'ਤੇ ਜ਼ੋਰ ਅਤੇ ਆਰਥਿਕ ਉਨਤੀ ਲਈ ਨਿੱਜੀ ਪੂੰਜੀ ਨੂੰ ਆਕਰਸ਼ਿਤ ਕਰਨਾ ਸ਼ਾਮਲ ਹੈ। ਦੱਖਣਪੰਥੀ ਆਰਥਿਕ ਏਜੰਡੇ ਨੂੰ ਇਸ ਕਦਰ ਭੁਲਾ ਦਿੱਤਾ ਗਿਆ ਹੈ ਕਿ ਭਾਰਤ ਵਿਚ ਲੋਕ ਸੱਜੇਪੱਖ ਨੂੰ ਸੰਪ੍ਰਦਾਇਕ ਏਜੰਡੇ ਨਾਲ ਜੋੜਨ ਲੱਗੇ ਹਨ, ਜਦਕਿ ਸੱਜੇਪੱਖ ਦਾ ਇਹ ਅਰਥ ਬਿਲਕੁਲ ਨਹੀਂ ਹੈ। ਮੇਰਾ ਪੱਕਾ ਵਿਸ਼ਵਾਸ ਹੈ ਕਿ ਸੱਜੇਪੱਖੀ ਆਰਥਿਕ ਨੀਤੀਆਂ ਦੇਸ਼ ਨੂੰ ਮਹੱਤਵਪੂਰਨ ਲਾਭ ਪਹੁੰਚਾ ਸਕਦੀਆਂ ਹਨ। ਸਵਾਲ ਇਹ ਹੈ ਕਿ ਉਸ ਵਿਚ ਨਵੀਂ ਪੀੜ੍ਹੀ ਦਾ ਵਿਸ਼ਵਾਸ ਕਿਵੇਂ ਪੈਦਾ ਕੀਤਾ ਜਾਵੇ? ਜੇਕਰ ਭਾਜਪਾ ਇਹ ਕਹਿ ਸਕਦੀ ਹੈ ਤਾਂ ਉਹ ਵੋਟਾਂ ਦੇ ਅੰਤਰ ਨੂੰ ਵੀ ਘੱਟ ਕਰ ਸਕਦੀ ਹੈ ਅਤੇ ਜ਼ਿਆਦਾ ਸੀਟਾਂ ਨਾਲ ਫਿਰ ਤੋਂ ਵਾਪਸ ਆਉਣ ਦੀ ਉਮੀਦ ਕਰ ਸਕਦੀ ਹੈ।

ਭਾਜਪਾ ਦੀ ਕਥਿਤ ਰੀੜ ਦੀ ਹੱਡੀ ਕਹੀ ਜਾਂਦੀ ਆਰ.ਐਸ.ਐਸ. ਬਾਰੇ ਵੀ ਕੁਝ ਸ਼ਬਦ ਕਹਿਣਾ ਚਾਹਾਂਗਾ। ਸੰਭਵ ਹੈ ਅਤੀਤ ਵਿਚ ਕਦੇ ਸੰਘ ਦਾ ਮਕਸਦ ਹਿੰਦੂ ਹਿੱਤਾਂ ਦੀ ਰੱਖਿਆ ਕਰਨਾ ਰਿਹਾ ਹੋਵੇ, ਪਰ ਅੱਜ ਉਨ੍ਹਾਂ ਦੇ ਅਕਸ ਨਾਲ ਜ਼ਬਰਦਸਤ ਮੁਸ਼ਕਲ ਹੈ। ਕੋਈ ਵੀ ਸਿੱਖਿਅਤ, ਨੌਜਵਾਨ ਅਤੇ ਸ਼ਹਿਰੀ ਭਾਰਤੀ ਸੰਘ ਨੂੰ ਬਹੁਤ ਸ਼ੱਕ ਦੀ ਨਜ਼ਰ ਨਾਲ ਦੇਖਦਾ ਹੈ।

ਬਹੁਤੇ ਲੋਕ ਇਸ ਕਾਰਨ ਭਾਜਪਾ ਨੂੰ ਵੋਟ ਨਹੀਂ ਦਿੰਦੇ ਅਤੇ ਨਾ ਹੀ ਦੇਣਗੇ, ਜੇਕਰ ਉਹ ਗੁਜਰਾਤ ਅਤੇ ਮੱਧ ਪ੍ਰਦੇਸ਼ ਵਿਚ ਭਾਜਪਾ ਵਲੋਂ ਕੀਤੇ ਗਏ ਵਿਕਾਸ ਕਾਰਜਾਂ ਦੀ ਤਰੀਫ਼ ਕਰਦੇ ਹਨ। ਆਰ.ਐਸ.ਐਸ. ਨੂੰ ਇਕ ਮੁਸ਼ਕਲ ਫੈਸਲਾ ਲੈਣ ਦੀ ਜ਼ਰੂਰਤ ਹੈ। ਜੇਕਰ ਭਾਜਪਾ ਮੁਸਲਮਾਨਾਂ ਨਾਲ ਨਫਰਤ ਨਾ ਕਰੇ ਅਤੇ ਸਭ ਕੁਝ ਤੋਂ ਉੱਪਰ ਉੱਠ ਕੇ ਸਿਰਫ ਇਕ ਉਨਤ ਭਾਰਤ ਦੇਖਣਾ ਚਾਹੇ ਤਾਂ ਕੀ ਸੰਘ ਭਾਜਪਾ ਦਾ ਸਮਰਥਨ ਕਰੇਗਾ?

ਮੈਂ ਸਮਝਦਾ ਹਾਂ ਕਿ ਸੰਘ ਇਹ ਬਦਲਾਅ ਲਿਆ ਸਕਦਾ ਹੈ ਅਤੇ ਸਹਿਣਸ਼ੀਲਤਾ ਅਤੇ ਸਵੀਕਾਰਤਾ ਦੇ ਹਿੰਦੂਤਵ ਨੂੰ ਉਤਸ਼ਾਹਿਤ ਕਰ ਸਕਦਾ ਹੈ। ਵਰਤਮਾਨ ਭਾਰਤ ਲਈ ਇਹ ਜ਼ਿਆਦਾ ਪ੍ਰਸੰਗਿਕ ਹੈ ਅਤੇ ਹਮੇਸ਼ਾ ਤੋਂ ਹਿੰਦੂਤਵ ਦਾ ਇਹੀ ਮਕਸਦ ਰਿਹਾ ਹੈ। ਇਸ ਵਿਚ ਜਿਨਾਹ ਨੂੰ ਸ਼ਾਂਤੀ ਨਾਲ ਆਰਾਮ ਕਰਨ ਦੇਣ। ਕਿਤਾਬ ਜਿਥੇ ਹੈ ਉਥੇ ਰਹਿਣ ਦੇਣ, ਕਿਉਂਕਿ ਇੰਟਰਨੈੱਟ ਦੇ ਇਸ ਯੁੱਗ ਵਿਚ ਕਿਸੇ ਕਿਤਾਬ ਨੂੰ ਪ੍ਰਤੀਬੰਧਿਤ ਕਰਨਾ, ਉਦਾਂ ਵੀ ਮੂਰਖਤਾਪੂਰਣ ਹੈ। ਇਤਿਹਾਸ ਜਿਹੇ ਵਿਸ਼ੇ ਨੂੰ ਲੈ ਕੇ ਬਹੁਤ ਜ਼ਿਆਦਾ ਚਿੰਤਤ ਨਾ ਹੋਵੋ। ਇਕ ਨਵਾਂ ਵਿਸ਼ਾ ਨਿਰਮਤ ਕਰੋ, ਜਿਸ ਦਾ ਨਾਮ ਹੈ ਭਵਿੱਖ।




***ਸਚਮੁਚ ਜੇਕਰ ਜਿਨਾਹ ਨੇ ਬਹੁਤ ਸ਼ਾਨਦਾਰ ਕੰਮ ਕੀਤੇ ਹੋਣ ਜਾਂ ਬਹੁਤ ਖਤਰਨਾਕ ਕੰਮ ਕੀਤੇ ਹੋਣ ਅਤੇ ਤੁਹਾਡੀ ਪਾਰਟੀ ਇਨ੍ਹਾਂ ਵਿਚੋਂ ਜੋ ਵੀ ਦ੍ਰਿਸ਼ਟੀਕੋਣ ਅਪਨਾਉਣਾ ਚਾਹੁੰਦੀ ਹੋਵੇ, ਇਸ ਗੱਲ ਦੀ ਕਿਸੇ ਨੂੰ ਕੀ ਭਾਅ? ਇਹ ਗੱਲ ਉਸ ਭਾਰਤ ਲਈ ਕਿਸ ਤਰ੍ਹਾਂ ਪ੍ਰਸੰਗਿਕ ਹੈ, ਜਿਸ ਦਾ ਅੱਜ ਅਸੀਂ ਨਿਰਮਾਣ ਕਰਨਾ ਹੈ? ਅਸੀਂ ਭਾਰਤ ਦੇ ਭਵਿੱਖ ਲਈ ਨੇਤਾਵਾਂ ਦੀ ਚੋਣ ਕਰ ਰਹੇ ਹਾਂ ਜਾਂ ਕੋਈ ਇਤਿਹਾਸ ਦਾ ਸਿੱਖਿਅਕ ਚੁਣ ਰਹੇ ਹਾਂ? ਸਭ ਤੋਂ ਅਜੀਬ ਗੱਲ ਇਹ ਹੈ ਕਿ ਮੀਡੀਆ ਵੀ ਜਿਨਾਹ ਚੰਗਾ ਸੀ ਜਾਂ ਮਾੜਾ ਦੀ ਇਸ ਬੇਅਰਥੀ ਬਹਿਸ ਨੂੰ ਚੁੱਕ ਰਿਹਾ ਹੈ। ਘੰਟਿਆਂਬੱਧੀ ਇਸ ਵਿਸ਼ੇ 'ਤੇ ਬਹਿਸ ਹੋ ਰਹੀ ਹੈ, ਦੇਸ਼ ਭਰ ਤੋਂ ਮਾਹਿਰਾਂ ਨੂੰ ਸੱਦਿਆ ਜਾ ਰਿਹਾ ਹੈ ਅਤੇ ਜਿਨਾਹ ਦੀਆਂ ਫਾਈਲ ਫੋਟੋਆਂ ਖੋਦ-ਖੋਦ ਕੇ ਕੱਢੀਆਂ ਜਾ ਰਹੀਆਂ ਹਨ। ਇਹ ਹਰਕਤਾਂ ਇਸ ਪੂਰੇ ਘਟਨਾਕ੍ਰਮ ਨੂੰ ਜਾਇਜ਼ ਠਹਿਰਾ ਰਹੀਆਂ ਹਨ। ਇਸ ਨਾਲ ਨੌਜਵਾਨ ਪੀੜ੍ਹੀ ਇਹ ਸਮਝਣ ਤੋਂ ਅਸਮਰਥ ਹੈ ਕਿ ਕਿਉਂ ਸਾਡੇ ਰਾਜਨੇਤਾ ਅਤੀਤ ਦੇ ਇਨ੍ਹਾਂ ਤੱਥਾਂ ਨੂੰ ਬਚਾਉਣ ਲਈ ਇਸ ਹੱਦ ਤੱਕ ਕਾਹਲੇ ਹਨ? ਇਹੋ ਜਿਹੀਆਂ ਜ਼ਿੱਦੀ ਬਹਿਸਾਂ ਇਸ ਬਾਰੇ ਵਿਚ ਕਿਉਂ ਨਹੀਂ ਕੀਤੀਆਂ ਜਾਂਦੀਆਂ ਕਿ ਕਿੰਨੀ ਜਲਦੀ ਅਤੇ ਤੇਜ਼ੀ ਨਾਲ ਅਸੀਂ ਸੜਕਾਂ, ਕਾਲਜ, ਪੁਲ ਅਤੇ ਪਾਵਰ ਪਲਾਂਟ ਬਣਾਵਾਂਗੇ? ਇਤਿਹਾਸਕ ਦ੍ਰਿਸ਼ਟੀਕੋਣ ਦੀ ਬਜਾਏ ਇਸ ਆਧਾਰ 'ਤੇ ਲੋਕਾਂ ਨੂੰ ਕੱਢਿਆ ਕਿਉਂ ਨਹੀਂ ਜਾਂਦਾ ਕਿ ਉਹ ਠੀਕ ਤਰ੍ਹਾਂ ਕੰਮ ਨਹੀਂ ਕਰਦੇ? ਮਰੇ ਲੋਕਾਂ ਬਾਰੇ ਕਿਤਾਬਾਂ 'ਤੇ ਪਾਬੰਦੀ ਲਾਉਣ ਦੀ ਬਜਾਏ ਅਸੀਂ ਕਾਗਜ਼ਾਂ 'ਤੇ ਹੋ ਰਹੇ ਬੇਅਰਥ ਸਰਕਾਰੀ ਕੰਮਾਂ 'ਤੇ ਪਾਬੰਦੀ ਕਿਉਂ ਨਹੀਂ ਲਾਉਂਦੇ।***

***ਰਿਲਾਇੰਸ ਨੇ ਇਸ ਸਾਲ 2 ਅਪ੍ਰੈਲ 2009 ਨੂੰ ਗੈਸ ਦਾ ਉਤਪਾਦਨ ਸ਼ੁਰੂ ਕਰ ਦਿੱਤਾ ਸੀ ਤੇ ਉਸ ਨੇ ਖਾਦ ਬਣਾਉਣ ਵਾਲੀਆਂ 15 ਇਕਾਈਆਂ ਤੇ ਬਿਜਲੀ ਬਣਾਉਣ ਵਾਲੇ 19 ਪ੍ਰਾਜੈਕਟਾਂ ਨਾਲ ਗੈਸ ਦੀ ਵਿਕਰੀ ਲਈ ਸਮਝੌਤੇ ਕੀਤੇ ਹਨ। ਹੁਣ ਅਹਿਮ ਗੱਲ ਇਹ ਹੈ ਕਿ ਗੈਸ ਦੀ ਕੀਮਤ ਕੀ ਹੋਣੀ ਚਾਹੀਦੀ ਹੈ। ਰਿਲਾਇੰਸ ਨੇ ਸਰਕਾਰੀ ਬਿਜਲੀ ਕੰਪਨੀ ਐਨ.ਟੀ.ਪੀ.ਸੀ. ਨਾਲ ਸਮਝੌਤਾ ਕੀਤਾ ਸੀ ਕਿ ਉਹ ਉਸ ਨੂੰ 2.34 ਡਾਲਰ ਪ੍ਰਤੀ ਯੂਨਿਟ (ਐਮ.ਐਮ.ਬੀ.ਟੀ.ਯੂ.) ਦੇ ਹਿਸਾਬ ਨਾਲ ਗੈਸ ਦੇਵੇਗਾ, ਪਰ ਹੁਣ ਰਿਲਾਇੰਸ ਇੰਡਸਟਰੀਜ਼ ਨੇ 4.20 ਡਾਲਰ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਗੈਸ ਦੇਣ ਦੀ ਇੱਛਾ ਪ੍ਰਗਟਾਈ ਹੈ।***

# ਰਿਲਾਇੰਸ ਖੁਸ਼ ਰਹੇ ਦੇਸ਼ ਭਾਵੇਂ ਘਾਟਾ ਝੱਲੇ!

**ਪੀ.ਡੀ. ਸ਼ਰਮਾ**

ਦੇਸ਼ ਦੇ ਜਿੰਨੇ ਵੀ ਸਾਧਨ ਹਨ, ਉਨ੍ਹਾਂ 'ਤੇ ਦੇਸ਼ ਦੇ ਹਰੇਕ ਵਿਅਕਤੀ ਦਾ ਹੱਕ ਹੈ ਤੇ ਸਰਕਾਰ ਸਿਰਫ਼ ਇਕ ਟਰੱਸਟੀ ਹੈ। ਭਾਰਤ ਵਿਚ ਹੁਣ ਹਾਲਾਤ ਇਹ ਬਣ ਰਹੇ ਹਨ ਕਿ ਦੇਸ਼ ਦੇ ਸਿਆਸੀ ਲੋਕ ਆਮ ਜਨਤਾ ਨਾਲ ਵਿਸ਼ਵਾਸਘਾਤ ਕਰਕੇ ਦੇਸ਼ ਦੇ ਕੁਝ ਖਾਸ ਪਰਿਵਾਰਾਂ ਜਾਂ ਘਰਾਣਿਆਂ ਦੇ ਹਿੱਤ 'ਚ ਫੈਸਲੇ ਕਰ ਰਹੇ ਹਨ। ਭਾਰਤ ਵਿਚ 72 ਪਰਿਵਾਰ ਅਜਿਹੇ ਹਨ, ਜਿਨ੍ਹਾਂ ਦੀ ਇਕ ਮਿੰਟ ਦੀ ਆਮਦਨ 20 ਹਜ਼ਾਰ ਰੁਪਏ ਤੋਂ ਜ਼ਿਆਦਾ ਹੈ, ਜਦਕਿ ਦੇਸ਼ 'ਚ 84 ਕਰੋੜ ਲੋਕ ਅਜਿਹੇ ਹਨ, ਜਿਨ੍ਹਾਂ ਦੀ ਰੋਜ਼ਾਨਾ ਆਮਦਨ 20 ਰੁਪਏ ਹੈ।

ਦੇਸ਼ 'ਚ ਰਿਲਾਇੰਸ ਪਰਿਵਾਰ 'ਤੇ ਸਿਆਸੀ ਲੋਕਾਂ ਦੀ ਵਿਸ਼ੇਸ਼ ਕ੍ਰਿਪਾ ਹੈ। ਰਾਜਗ ਸਰਕਾਰ ਦੇ ਦੌਰ 'ਚ ਕਿਸੇ ਕੇਂਦਰੀ ਮੰਤਰੀ ਨੇ ਇਸ ਪਰਿਵਾਰ 'ਤੇ ਵਿਸ਼ੇਸ਼ ਕ੍ਰਿਪਾ ਕੀਤੀ ਸੀ ਤਾਂ ਵੇਲੇ ਦੇ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਉਸ ਮੰਤਰੀ ਨੂੰ ਅਹੁਦੇ ਤੋਂ ਹਟਾ ਦਿੱਤਾ ਸੀ। ਹੁਣ ਕੇਂਦਰ ਸਰਕਾਰ ਵਲੋ ਰਿਲਾਇੰਸ ਪਰਿਵਾਰ 'ਤੇ ਲਗਾਤਾਰ ਕ੍ਰਿਪਾ ਕੀਤੀ ਜਾ ਰਹੀ ਹੈ, ਪਰ ਉਸ 'ਤੇ ਕੋਈ ਰੋਕ-ਟੋਕ ਨਹੀਂ ਹੈ। ਅੱਜ ਭਾਰਤ ਆਪਣੀ ਊਰਜਾ ਦੀ ਪੂਰਤੀ ਲਈ ਗੈਸ ਅਤੇ ਤੇਲ 'ਤੇ ਕਾਫੀ ਹੱਦ ਤਕ ਨਿਰਭਰ ਹੈ। ਦੇਸ਼ 'ਚ ਲਗਭਗ 6,60,000 ਬੈਰਲ ਤੇਲ ਇਕ ਦਿਨ 'ਚ ਕੱਢਿਆ ਜਾ ਰਿਹਾ ਹੈ। ਗੈਸ ਦਾ ਉਤਪਾਦਨ ਤੇਲ ਦੀ ਦੀ ਤੁਲਨਾ ਵਿਚ 6,76,000 ਬੈਰਲ ਪ੍ਰਤੀ ਦਿਨ ਦੇ ਹਿਸਾਬ ਨਾਲ ਹੋ ਰਿਹਾ। ਇਸ ਵਿਚ ਰਿਲਾਇੰਸ ਵਲੋਂ ਕੱਢੀ ਜਾ ਰਹੀ ਗੈਸ ਦਾ ਹਿੱਸਾ 35 ਫੀਸਦੀ ਹੈ। ਰਿਲਾਇੰਸ ਨੇ ਗੈਸ ਦੀ ਖੋਜ 2002 'ਚ ਹੀ ਕਰ ਲਈ ਸੀ, ਪਰ ਅਜੇ ਤੱਕ ਇਸ ਨੂੰ ਪੂਰੀ ਸਮਰੱਥਾ ਤੇ ਵੰਡ ਪ੍ਰਣਾਲੀ ਤੱਕ ਨਹੀਂ ਲਿਆਂਦਾ ਜਾ ਸਕਿਆ।

ਰਿਲਾਇੰਸ ਆਪਣੀ ਪੂਰੀ ਸਮਰੱਥਾ ਨਾਲ 80 ਮਿਲੀਅਨ ਸਟੈਂਡਰਡ ਕਿਊਬਿਕ ਮੀਟਰ ਪ੍ਰਤੀ ਦਿਨ ਦੇ ਹਿਸਾਬ ਨਾਲ ਗੈਸ ਕੱਢੇਗੀ ਤੇ ਇਹ ਮਾਤਰਾ ਤੇਲ ਦੇ 5,28,000 ਬੈਰਲ ਪ੍ਰਤੀ ਦਿਨ ਦੇ ਬਰਾਬਰ ਹੋਵੇਗੀ।

ਇਸੇ ਤਰ੍ਹਾਂ ਗੁਜਰਾਤ ਦੀਆਂ ਤੇ ਕੁਝ ਹੋਰ ਕੰਪਨੀਆਂ ਵਲੋਂ ਵੀ ਗੈਸ ਦੀ ਖੋਜ ਦੇ ਕੰਮ 'ਚ ਯੋਗਦਾਨ ਪਾਇਆ ਗਿਆ ਹੈ। 2008-09 ਵਿਚ ਦੇਸ਼ 'ਚ ਗੈਸ ਦਾ ਉਤਪਾਦਨ ਤੇਲ ਦੀ ਬਰਾਬਰੀ 'ਤੇ 214 ਮਿਲੀਅਨ ਬੈਰਲ ਰੋਜ਼ਾਨਾ ਸੀ, ਜੋ ਤੇਲ ਦੇ 245 ਮਿਲੀਅਨ ਬੈਰਲ ਦੇ ਬਰਾਬਰ ਸੀ। ਇਸ ਤਰ੍ਹਾਂ ਗੈਸ ਦੇਸ਼ ਦੀ ਊਰਜਾ ਸੁਰੱਖਿਆ ਲਈ ਇਕ ਅਹਿਮ ਸੋਮਾ ਬਣ ਕੇ ਉਭਰ ਰਹੀ ਹੈ। ਗੈਸ ਨੂੰ ਜੇ ਅਸੀਂ ਆਰਥਿਕ ਨਜ਼ਰੀਏ ਤੋਂ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਰਿਲਾਇੰਸ ਵਲੋਂ ਕੀਤੀ ਗਈ ਗੈਸ ਦੀ ਖੋਜ ਜਦੋਂ ਆਪਣੇ ਪੂਰੇ ਉਤਪਾਦਨ 'ਤੇ ਪਹੁੰਚੇਗੀ ਤਾਂ ਦੇਸ਼ ਨੂੰ ਤੇਲ ਆਦਿ ਦੀ ਦਰਾਮਦ ਵਿਚ 830 ਕਰੋੜ ਡਾਲਰ ਦੀ ਬੱਚਤ ਹੋਵੇਗੀ, ਜੋ ਸਾਡੇ ਦੇਸ਼ ਦੀ ਜੀ.ਡੀ.ਪੀ. ਦਾ 0.7 ਫੀਸਦੀ ਹਿੱਸਾ ਹੈ ਤੇ ਜੋ ਤੇਲ ਦੀ 2.6 ਕਰੋੜ ਟਨ ਬਰਾਮਦ ਦੇ ਬਰਾਬਰ ਹੈ।


ਰਿਲਾਇੰਸ ਨੇ ਇਸ ਸਾਲ 2 ਅਪ੍ਰੈਲ 2009 ਨੂੰ ਗੈਸ ਦਾ ਉਤਪਾਦਨ ਸ਼ੁਰੂ ਕਰ ਦਿੱਤਾ ਸੀ ਤੇ ਉਸ ਨੇ ਖਾਦ ਬਣਾਉਣ ਵਾਲੀਆਂ 15 ਇਕਾਈਆਂ ਤੇ ਬਿਜਲੀ ਬਣਾਉਣ ਵਾਲੇ 19 ਪ੍ਰਾਜੈਕਟਾਂ ਨਾਲ ਗੈਸ ਦੀ ਵਿਕਰੀ ਲਈ ਸਮਝੌਤੇ ਕੀਤੇ ਹਨ। ਹੁਣ ਅਹਿਮ ਗੱਲ ਇਹ ਹੈ ਕਿ ਗੈਸ ਦੀ ਕੀਮਤ ਕੀ ਹੋਣੀ ਚਾਹੀਦੀ ਹੈ। ਰਿਲਾਇੰਸ ਨੇ ਸਰਕਾਰੀ ਬਿਜਲੀ ਕੰਪਨੀ ਐਨ.ਟੀ.ਪੀ.ਸੀ. ਨਾਲ ਸਮਝੌਤਾ ਕੀਤਾ ਸੀ ਕਿ ਉਹ ਉਸ ਨੂੰ 2.34 ਡਾਲਰ ਪ੍ਰਤੀ ਯੂਨਿਟ (ਐਮ.ਐਮ.ਬੀ.ਟੀ.ਯੂ.) ਦੇ ਹਿਸਾਬ ਨਾਲ ਗੈਸ ਦੇਵੇਗਾ, ਪਰ ਹੁਣ ਰਿਲਾਇੰਸ ਇੰਡਸਟਰੀਜ਼ ਨੇ 4.20 ਡਾਲਰ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਗੈਸ ਦੇਣ ਦੀ ਇੱਛਾ ਪ੍ਰਗਟਾਈ ਹੈ, ਕਿਉਂਕਿ ਸਾਡੀ ਭਾਰਤ ਸਰਕਾਰ ਰਿਲਾਇੰਸ ਇੰਡਸਟਰੀਜ਼ 'ਤੇ ਬਹੁਤ ਮਿਹਰਬਾਨ ਹੈ ਤੇ ਉਸੇ ਨੇ ਇਹ ਕੀਮਤ ਕੱਢੀ ਹੈ। ਹੁਣ ਮੁੰਬਈ ਹਾਈਕੋਰਟ ਨੇ ਆਪਣੇ ਫੈਸਲੇ 'ਚ ਇਹ ਵੀ ਕਿਹਾ ਹੈ ਕਿ ਜੇ ਰਿਲਾਇੰਸ ਇੰਡਸਟਰੀਜ਼ ਆਪਣੀ ਗੈਸ 2.34 ਡਾਲਰ ਪ੍ਰਤੀ ਇਕਾਈ ਦੇ ਹਿਸਾਬ ਨਾਲ ਵੀ ਦਿੰਦੀ ਹੈ ਤਾਂ ਵੀ ਉਸ ਨੂੰ ਫਾਇਦਾ ਹੀ ਹੋਵੇਗਾ। ਇਸ ਤਰ੍ਹਾਂ ਰਿਲਾਇੰਸ ਇੰਡਸਟਰੀਜ਼ ਵਲੋਂ ਗੈਸ ਦੀ ਕੀਮਤ 44 ਫੀਸਦੀ ਵਧਾਉਣ ਦੀ ਕੀ ਤੁਕ ਹੈ?

ਹੁਣ ਗੈਸ ਦੀ ਕਾਨੂੰਨੀ ਲੜਾਈ 'ਚ ਬਹੁਤ ਸਾਰੇ ਪੱਖ ਸ਼ਾਮਲ ਹੋ ਗਏ ਹਨ ਤੇ ਇਹ ਮਾਮਲਾ ਉਲਝਦਾ ਜਾ ਰਿਹਾ ਹੈ। ਪਤਾ ਨਹੀਂ ਇਸ ਨੂੰ ਸੁਲਝਾਉਣ 'ਚ ਅਜੇ ਹੋਰ ਕਿੰਨਾ ਸਮਾਂ ਲੱਗ ਜਾਵੇ। ਦੂਜੇ ਪਾਸੇ ਦੇਸ਼ ਬਿਜਲੀ ਦੀ ਕਮੀ ਕਾਰਨ ਬਹੁਤ ਜ਼ਿਆਦਾ ਨੁਕਸਾਨ ਵੀ ਉਠਾ ਰਿਹਾ ਹੈ। ਜਿਸ ਤਰ੍ਹਾਂ ਭਾਰਤ ਸਰਕਾਰ ਰਿਲਾਇੰਸ ਇੰਡਸਟਰੀਜ਼ ਦੀ ਗੈਸ ਦੀ ਵੰਡ ਦੇ ਮਾਮਲੇ ਨੂੰ ਉਲਝਾ ਰਹੀ ਹੈ, ਉਸ ਨਾਲ ਦੇਸ਼ 'ਚ ਇਸ ਖੇਤਰ ਵਿਚ ਨਿੱਜੀ ਨਿਵੇਸ਼ ਨੂੰ ਠੇਸ ਲੱਗੇਗੀ।

ਦੇਸ਼ ਦੇ ਵਿੱਤ ਮੰਤਰੀ ਵੀ ਸ਼ਾਇਦ ਰਿਲਾਇੰਸ ਇੰਡਸਟਰੀਜ਼ 'ਤੇ ਮਿਹਰਬਾਨ ਲੱਗ ਰਹੇ ਹਨ, ਕਿਉਂਕਿ ਇਸ ਸਾਲ ਦੇ ਬਜਟ 'ਚ ਰਿਲਾਇੰਸ ਦੀ ਗੈਸ ਨੂੰ ਮਿਲੀ ਟੈਕਸ ਸਹੂਲਤ ਅੰਕੜਿਆਂ 'ਚ ਲੁਕੀ ਲੱਗਦੀ ਹੈ। ਗੈਸ ਦੀ ਕੀਮਤ, ਜੋ ਸਰਕਾਰ ਵਲੋਂ ਤੈਅ ਕੀਤੀ ਗਈ ਹੈ, ਉਹ ਪ੍ਰਤੀ ਇਕਾਈ 4.20 ਡਾਲਰ ਹੈ। ਇਹ ਅੰਕੜਾ ਕਈ ਬੁਝਾਰਤਾਂ ਨੂੰ ਨੰਗਾ ਕਰਦਾ ਹੈ। ਦੱਸਿਆ ਜਾਂਦਾ ਹੈ ਕਿ ਗੈਸ ਦੀ ਇਸ ਵਧਾਈ ਹੋਈ ਕੀਮਤ ਨਾਲ ਭਾਰਤ ਸਰਕਾਰ ਨੂੰ 30 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋ ਸਕਦਾ ਹੈ।

# ਰੋਟੀ ਹੱਕ ਦੀ ਖਾਈਏ ਜੀ !

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਦੇ ਕੁਝ ਜਾਣਕਾਰ, ਰਾਤ ਦੇ ਸਮੇਂ ਹਜ਼ਰਤ ਸਾਹਿਬ ਨੂੰ ਮਿਲਣ ਵਾਸਤੇ ਉਨ੍ਹਾਂ ਦੇ ਘਰੇ ਚਲੇ ਗਏ। ਪਰਿਵਾਰਕ ਮੈਂਬਰਾਂ ਨੇ ਉਨ੍ਹਾਂ ਮਹਿਮਾਨਾਂ ਨੂੰ ਦੱਸਿਆ ਕਿ ਨਬੀ-ਏ-ਪਾਕਿ ਅੰਦਰ ਦੀਵੇ ਦੀ ਲੋਅ ਵਿਚ ਕੁਝ ਲਿਖਣ ਵਿਚ ਮਸਰੂਫ਼ ਹਨ। ਨਬੀ ਜੀ ਦੀ ਇਜਾਜ਼ਤ ਨਾਲ ਉਨ੍ਹਾਂ ਨੂੰ ਅੰਦਰ ਜਾਣ ਦਿੱਤਾ ਗਿਆ। ਰਸਮੀ ਦੁਆ-ਸਲਾਮ ਤੋਂ ਬਾਅਦ ਹਜ਼ਰਤ ਸਾਹਿਬ ਨੇ ਆਏ ਹੋਏ ਸੱਜਣਾਂ ਨੂੰ ਆਪਣੇ ਪਾਸ ਹੀ ਬਿਠਾ ਲਿਆ। ਬਿਨਾ ਕੋਈ ਹੋਰ ਗੱਲ-ਬਾਤ ਕੀਤਿਆਂ ਮੁਹੰਮਦ ਸਾਹਿਬ, ਲਿਖਣ 'ਚ ਰੁੱਝੇ ਰਹੇ। ਆਪਣੇ ਰਹਿਬਰ ਦੇ ਸਤਿਕਾਰ ਵਜੋਂ, ਆਏ ਮਹਿਮਾਨਾਂ ਨੇ ਖਾਮੋਸ਼ੀ ਧਾਰਨ ਕਰੀ ਰੱਖੀ। ਉਨ੍ਹਾਂ ਕਿਸੇ ਵੀ ਤਰ੍ਹਾਂ ਦੀ ਕੋਈ ਕਾਹਲ ਨਾ ਦਿਖਾਈ।

ਕਈ ਘੜੀਆਂ ਬੀਤ ਜਾਣ ਬਾਅਦ ਹਜ਼ਰਤ ਨੇ ਲਿਖਣ ਦਾ ਕੰਮ ਬੰਦ ਕਰਦਿਆਂ ਆਪਣੀ ਕਲਮ ਦਵਾਤ ਅਤੇ ਪੋਥੀ ਇਕ ਪਾਸੇ ਰੱਖ ਦਿੱਤੇ ਅਤੇ ਉਸੇ ਪਲ ਦੀਵੇ ਨੂੰ ਫੂਕ ਮਾਰ ਕੇ ਬੁਝਾ ਦਿੱਤਾ। ਇਕ ਦਮ ਹਨੇਰਾ ਪਸਰਿਆ ਦੇਖ ਕੇ ਮਹਿਮਾਨ ਹੱਕੇ ਬੱਕੇ ਰਹਿ ਗਏ।

''ਹੇ ਨਬੀ, ਅਸੀਂ ਲੰਬੇ ਅਰਸੇ ਤੋਂ ਆਪ ਜੀ ਨਾਲ ਕੋਈ ਵਚਨ-ਬਿਲਾਸ ਕਰਨ ਦੀ ਤਾਂਘ 'ਚ ਚੁੱਪ-ਚਾਪ ਬੈਠੇ ਰਹੇ ਹਾਂ ਪਰ ਆਪ ਨੇ ਲਿਖਣ-ਕਾਰਜ ਤੋਂ ਵਿਹਲੇ ਹੁੰਦਿਆਂ ਸਾਰ ਦੀਵਾ ਹੀ ਬੁਝਾ ਦਿੱਤਾ ਹੈ?'' ਜਕਦਿਆਂ ਜਕਦਿਆਂ ਮਹਿਮਾਨਾਂ ਨੇ ਆਪਣੇ ਰਹਿਬਰ ਨੂੰ ਪੁੱਛਿਆ।

''ਹੇ ਮੋਮਨੋ!'' ਬੜੀ ਮਧੁਰਤਾ ਅਤੇ ਨਿਮਰਤਾ ਨਾਲ ਹਜ਼ਰਤ ਸਾਹਿਬ ਨੇ ਫੁਰਮਾਇਆ- ''ਮੈਂ ਦੀਨ (ਇਸਲਾਮਿਕ ਕੌਮ) ਦਾ ਕੰਮ ਕਰ ਰਿਹਾ ਸਾਂ। ਇਸ ਦੀਵੇ ਵਿਚ ਦੀਨੀ ਭਾਈਆਂ ਦੀ ਹੱਕ-ਹਲਾਲ ਦੀ ਕਮਾਈ ਨਾਲ ਖਰੀਦਿਆ ਹੋਇਆ ਤੇਲ ਬਲ ਰਿਹਾ ਸੀ। ਇਸ ਤੇਲ ਨਾਲ ਬਲਦੇ ਦੀਵੇ ਦੀ ਰੌਸ਼ਨੀ ਵਿਚ ਮੈਂ ਸਿਰਫ ਦੀਨ ਦਾ ਕੰਮ ਹੀ ਕਰਦਾ ਹਾਂ। ਤੁਸੀਂ ਮੇਰੇ ਨਾਲ ਨਿੱਜੀ ਗੱਲਾਂ ਕਰਨ ਵਾਸਤੇ ਆਏ ਹੋ। ਗੱਲਾਂ ਤੁਸੀਂ ਮੂੰਹ ਨਾਲ ਕਰਨੀਆਂ ਨੇ ਤੇ ਮੈਂ ਕੰਨਾਂ ਨਾਲ ਸੁਣਨੀਆਂ ਹਨ। ਮੈਂ ਨਹੀਂ ਚਾਹੁੰਦਾ ਕਿ ਮੇਰੀਆਂ ਨਿੱਜੀ ਗੱਲਾਂ ਦੌਰਾਨ ਮੇਰੇ ਦੀਨੀ ਭਾਈਆਂ ਦਾ ਤੇਲ ਜਲੇ!

***

ਇਕ ਹੁਕਮਰਾਨ ਜਦੋਂ ਆਪਣੀ ਰਾਜਧਾਨੀ ਦੇ ਬਾਹਰਵਾਰ ਸੈਰ ਨੂੰ ਨਿਕਲਦਾ ਤਾਂ ਉਸਨੂੰ ਬੜੇ ਹੀ ਨੂਰਾਨੀ ਚਿਹਰੇ ਵਾਲਾ ਇੱਕ ਫੱਕਰ ਅਕਸਰ ਹੀ ਰਾਹ ਵਿਚ ਮਿਲ ਪੈਂਦਾ। ਉਸ ਦੇ ਜਲਾਲ ਭਰੇ ਚਿਹਰੇ ਤੋਂ ਉਹ ਹੁਕਮਰਾਨ ਬਹੁਤ ਮੁਤਾਸਿਰ ਹੁੰਦਾ। ਇਕ ਦਿਨ ਹੁਕਮਰਾਨ ਦੇ ਮਨ ਵਿਚ ਰੀਝ ਪੈਦਾ ਹੋਈ ਕਿ ਕਿਉਂ ਨਾ ਇਸ ਸਾਈਂ ਲੋਕ ਨੂੰ ਰਾਜ ਮਹਿਲਾਂ 'ਚ ਲਿਜਾ ਕੇ ਸ਼ਰਧਾ ਸਹਿਤ ਪ੍ਰਸ਼ਾਦਾ ਛਕਾਇਆ ਜਾਵੇ?

ਆਮ ਵਾਂਗ ਸੈਰ ਨੂੰ ਨਿਕਲਣ ਸਮੇਂ ਇੱਕ ਦਿਨ ਹੁਕਮਰਾਨ ਨੇ ਦੋਵੇਂ ਹੱਥ ਜੋੜ ਕੇ ਉਸ ਫੱਕਰ ਅੱਗੇ ਆਪਣੇ ਮਨ ਦੀ ਇੱਛਾ ਪ੍ਰਗਟਾਈ। ਜਿਸਨੂੰ ਫੱਕਰ ਨੇ ਪ੍ਰਵਾਨ ਤਾਂ ਕਰ ਲਿਆ ਪਰ ਨਾਲ ਇਕ ਸ਼ਰਤ ਰੱਖ ਦਿੱਤੀ ਕਿ ਮੈਂ ਸਿਰਫ ਇਕ ਰੋਟੀ ਹੀ ਖਾਂਦਾ ਹਾਂ, ਉਹ ਵੀ ਹੱਕ ਦੀ। ਸੱਦਾ ਦੇਣ ਵਾਲੇ ਹੁਕਮਰਾਨ ਨੇ ਇਹ ਸੋਚ ਕੇ, ਕਿ ਇਹ ਕਿਹੜੀ ਕੁ ਵੱਡੀ ਗੱਲ ਹੈ? ਜੇ ਭਲਾ ਮੇਰੇ ਰਾਜ ਮਹਿਲਾਂ 'ਚ ਹੱਕ ਦੀ ਰੋਟੀ ਨਾ ਵੀ ਮਿਲੀ ਤਾਂ ਕਿਤਿਉਂ ਹੋਰ ਇੰਤਜ਼ਾਮ ਕਰ ਲਵਾਂਗੇ, ਫੱਕਰ ਨੂੰ ਦਿਨ ਤੇ ਸਮਾਂ ਨਿਯਤ ਕਰ ਕੇ ਪ੍ਰਸ਼ਾਦਾ ਛਕਣ ਲਈ ਆਖ ਦਿੱਤਾ।

ਰਾਜ-ਭਵਨ 'ਚ ਵਾਪਸ ਆ ਕੇ ਹੁਕਮਰਾਨ ਨੇ ਸਰਕਾਰੀ ਰਸੋਈਆ ਸੱਦ ਲਿਆ। ਉਸਨੂੰ ਪੁੱਛਿਆ ਗਿਆ ਕਿ ਉਹ ਹੱਕ ਦੀ ਰੋਟੀ ਬਣਾ ਸਕਦਾ ਹੈ? ਨਾਂਹ 'ਚ ਸਿਰ ਹਿਲਾਉਂਦਿਆਂ ਰਸੋਈਆ ਆਖਣ ਲੱਗਾ; ''ਰਾਜ-ਘਰਾਣੇ ਵਿਚ ਹੱਕ ਦੀ ਰੋਟੀ ਕਿੱਥੇ! ਇੱਥੇ ਤਾਂ ਪਤਾ ਨਹੀਂ ਕਿੱਥੋਂ ਖੋਹਾ-ਖਿੰਜੀ ਕਰਕੇ ਅਨਾਜ ਲਿਆਂਦਾ ਜਾਂਦਾ ਹੈ। ਕਿਸ ਕਿਸ ਗਰੀਬ ਕਿਸਾਨ ਦੇ ਖੂਨ-ਪਸੀਨੇ ਨਾਲ ਉਗਾਈਆਂ ਦਾਲਾਂ-ਸਬਜ਼ੀਆਂ ਬਣਾਈਆਂ ਜਾਂਦੀਆਂ ਹਨ। ਹੁਕਮਰਾਨਾਂ ਦੇ ਰਾਜ-ਮਹਿਲਾਂ ਵਿਚ ਹੋਰ ਸਭ ਕੁਝ ਹੋ ਸਕਦਾ ਹੈ ਪਰ ਹੱਕ ਦੀ ਰੋਟੀ ਕਤਈ ਨਹੀਂ ਹੋ ਸਕਦੀ।-ਇਸ ਦਾ ਬੰਦੋਬਸਤ ਤਾਂ ਕਿਤੇ ਲਾਂਭਿਉਂ ਹੀ ਕਰਨਾ ਪਵੇਗਾ!''

ਰਸੋਈਏ ਦਾ ਜਵਾਬ ਸੁਣ ਕੇ, ਹੁਕਮਰਾਨ ਨੇ ਆਪਣੇ ਸਾਰੇ ਅਮਲੇ-ਫੈਲੇ ਨੂੰ ਹੁਕਮ ਚਾੜ੍ਹ ਦਿੱਤਾ ਕਿ ਫਲਾਣੇ ਦਿਨ ਐਨੇ ਵਜੇ ਤੱਕ ਹੱਕ ਦੀ ਇੱਕ ਰੋਟੀ ਲੈ ਕੇ ਆਉ। ਭਾਵੇਂ ਜਿੱਥੋਂ ਮਰਜ਼ੀ ਲਿਆਉ? ਨੌਕਰ-ਚਾਕਰ ਆਲੇ-ਦੁਆਲੇ ਇਲਾਕੇ 'ਚ ਲੱਗ ਪਏ ਘੁੰਮਣ। ਉਹ ਵੱਖ-ਵੱਖ ਕਿੱਤੇ ਕਰਨ ਵਾਲਿਆਂ ਦੇ ਘਰੀਂ ਗਏ। ਉਂਜ ਤਾਂ ਸਾਰੇ ਰੋਟੀ ਦੇਣ ਨੂੰ ਤਿਆਰ ਹੋ ਜਾਣ, ਪਰ ਹੱਕ ਦੀ ਰੋਟੀ ਦਾ ਨਾਂ ਸੁਣ ਕੇ ਸਭ ਗੁੰਮ-ਸੁੰਮ ਹੋ ਜਾਣ। ਕੋਈ ਕਿਸੇ ਦਾ ਹੱਕ ਮਾਰੇ ਹੋਣ ਦੀ ਗੱਲ ਕਰੇ ਕੋਈ ਕਿਸੇ ਦਾ। ਹਾਰ-ਹੰਭ ਕੇ ਵਾਪਸ ਆ ਰਹੇ ਇਕ ਅਹਿਲਕਾਰ ਦੀ ਨਜ਼ਰ, ਆਪਣੇ ਦਰਾਂ 'ਚ ਬਹਿ ਕੇ ਚਰਖਾ ਕੱਤ ਰਹੀ ਇਕ ਬੁਢੜੀ ਮਾਈ 'ਤੇ ਪਈ। ਸ਼ਕਲ-ਸੂਰਤ ਤੋਂ ਗਰੀਬਣੀ ਜਿਹੀ ਜਾਪ ਰਹੀ ਇਸ ਮਾਤਾ ਕੋਲੋਂ, ਅਹਿਲਕਾਰ ਨੇ ਹੱਕ ਦੀ ਇਕ ਰੋਟੀ ਮੰਗੀ। ਕੁਝ ਚਿਰ ਸੋਚੀਂ ਪੈਣ ਬਾਅਦ ਮਾਤਾ ਕਹਿੰਦੀ;''ਭਰਾਵਾ, ਰੋਟੀ ਤਾਂ ਮੇਰੇ ਪਾਸ ਇੱਕ ਹੈਗੀ ਐ, ਪਰ ਉਹ ਅੱਧੀ ਹੱਕ ਦੀ ਅਤੇ ਅੱਧੀ ਨਾ-ਹੱਕੀ ਹੈ।''

ਮਾਤਾ ਦੀ ਇਹ ਅਜੀਬ ਜਿਹੀ ਗੱਲ ਸੁਣ ਕੇ ਅਹਿਲਕਾਰ ਹੋਰ ਅਚੰਭੇ 'ਚ ਪੈ ਗਿਆ-ਅੱਧੀ ਹੱਕ ਦੀ ਤੇ ਅੱਧੀ ਨਾ-ਹੱਕੀ! ਇਹ ਭਲਾ ਕੀ ਗੱਲ ਹੋਈ? ਬਜ਼ੁਰਗ ਮਾਤਾ ਵਲੋਂ ਮਿਲਿਆ ਇਹ ਜਵਾਬ, ਹੁਕਮਰਾਨ ਨੂੰ ਹੂ-ਬ-ਹੂ ਸੁਣਾਇਆ ਗਿਆ। ਮਾਤਾ ਨੂੰ ਰਾਜ-ਮਹਿਲਾਂ 'ਚ ਬੁਲਾ ਕੇ 'ਹੱਕੀ ਅੱਧੀ ਨਾ-ਹੱਕੀ' ਦਾ ਮਤਲਬ ਪੁੱਛਿਆ ਗਿਆ। ਸਿਆਣੀ ਮਾਤਾ ਨੇ ਇਸ ਦਾ ਭੇਤ ਇਉਂ ਖੋਲ੍ਹਿਆ-''ਆਪਣੇ ਚਰਖੇ ਨਾਲ ਕੱਤਿਆ ਹੋਇਆ ਸੂਤ ਵੇਚ ਕੇ ਮੈਂ ਆਪਣਾ ਗੁਜ਼ਾਰਾ ਚਲਾ ਰਹੀ ਹਾਂ। ਕੱਲ ਮੈਨੂੰ ਚਰਖਾ ਕੱਤਦਿਆਂ ਦਿਨ ਛਿਪ ਗਿਆ। ਮੇਰਾ ਗਲੋਟਾ ਵੀ ਪੂਰਾ ਨਹੀਂ ਸੀ ਹੋਇਆ ਤੇ ਪੂਣੀਆਂ ਵੀ ਬਚ ਗਈਆਂ। ਘਰ 'ਚ ਭਾਵੇਂ ਹਨੇਰਾ ਹੋ ਗਿਆ ਸੀ ਪਰ ਬਾਹਰ ਗਲੀ ਵਿਚ ਬਾਦਸ਼ਾਹ ਦੇ ਨੌਕਰ-ਚਾਕਰ ਮਸ਼ਾਲਾਂ ਲੈ ਕੇ ਖੜ੍ਹੇ ਸਨ ਕਿਉਂਕਿ ਉਸ ਗਲੀ ਵਿਚੋਂ ਜਲੂਸ ਨੇ ਗੁਜ਼ਰਨਾ ਸੀ। ਮੈਨੂੰ ਮਸ਼ਾਲਾਂ ਦੀ ਰੌਸ਼ਨੀ ਦਾ ਲਾਲਚ ਹੋ ਗਿਆ। ਚਰਖਾ ਗਲੀ ਵਿਚ ਨੂੰ ਕਰਕੇ ਮੈਂ ਬਚਦੀਆਂ ਪੂਣੀਆਂ ਵੀ ਮੁਕਾ ਲਈਆਂ ਤੇ ਗਲੋਟਾ ਵੀ ਪੂਰਾ ਕਰ ਲਿਆ। ਉਹ ਸੂਤ ਵੇਚ ਕੇ ਮੈਂ ਖਾਣ ਲਈ ਇੱਕ ਰੋਟੀ ਤਾਂ ਬਣਾ ਲਈ ਪਰ ਰਾਜੇ ਦੇ ਤੇਲ ਨਾਲ ਜਲਦੀਆਂ ਮਸ਼ਾਲਾਂ ਦੀ ਰੌਸ਼ਨੀ ਵਿਚ ਕੱਤਿਆ ਹੋਇਆ ਸੂਤ, ਮੇਰੀ ਹੱਕ ਦੀ ਕਮਾਈ ਨਹੀਂ ਹੋ ਸਕਦੀ। ਇਸ ਤਰ੍ਹਾਂ ਮੇਰੀ ਅੱਧੀ ਰੋਟੀ ਹੱਕੀ ਹੈ ਅਤੇ ਅੱਧੀ ਨਾ-ਹੱਕੀ!''

ਤੀਸਰੀ ਵਾਰਤਾ ਮੇਰੇ ਨਿੱਜ ਨਾਲ ਸਬੰਧਿਤ ਹੈ। ਇਹ ਸੱਠਵੇਂ ਦਹਾਕੇ ਦੇ ਕਿਸੇ ਸਾਲ ਦੀ ਗੱਲ ਹੈ। ਪੰਜਾਬ ਵਿਚ ਕਾਲ ਵਰਗੀ ਸਥਿਤੀ ਬਣੀ ਹੋਈ ਸੀ। ਕਹਿੰਦੇ ਕਹਾਉਂਦੇ ਪਰਿਵਾਰਾਂ ਦੇ ਘਰਾਂ ਵਿਚ ਵੀ ਦਾਣੇ ਖਤਮ ਹੋ ਗਏ ਸਨ। ਸਰਕਾਰੀ ਡਿਪੂਆਂ ਤੋਂ ਰਾਸ਼ਨ ਕਾਰਡ 'ਤੇ ਲਾਲੀ ਦੀ ਭਾਅ ਮਾਰਦੀ ਕਣਕ ਵੰਡੀ ਗਈ ਸੀ,ਜਿਸਨੂੰ ਉਦੋਂ 'ਮੈਕਸੀਕਣ ਕਣਕ' ਕਹਿੰਦੇ ਸਨ। ਲੋਕਾਂ 'ਚ ਕਈ ਤਰ੍ਹਾਂ ਦੀਆਂ ਅਫ਼ਵਾਹਾਂ ਉਡਾਈਆਂ ਜਾ ਰਹੀਆਂ ਸਨ। ਹਰ ਕੋਈ ਕਿਤਿਉਂ ਨਾ ਕਿਤਿਉਂ ਇੱਕ ਪੀਹਣ ਜੋਗੀ ਕਣਕ ਪ੍ਰਾਪਤ ਕਰਨ ਦੇ ਓਹੜ-ਪੋਹੜ ਕਰਨ ਲੱਗਿਆ ਹੋਇਆ ਸੀ।

ਸਾਡੇ ਘਰ ਦੇ ਵੀ ਗੁਆਂਢੀ ਪਿੰਡ ਵਿਚਲੇ ਇੱਕ ਡੇਰੇ ਦੇ ਬਾਬੇ ਕੋਲੋਂ ਪੱਚੀ ਤੀਹ ਕਿਲੋ ਕਣਕ ਮੁੱਲ ਲੈ ਆਏ। ਇਸ ਡੇਰੇ ਵਿਚ ਚੜ੍ਹਾਵੇ ਦੇ ਰੂਪ ਵਿਚ ਚੜ੍ਹੀ ਹੋਈ ਕਣਕ ਨੂੰ ਜਦੋਂ ਮੇਰੀ ਮਾਂ ਛੱਟਣ ਸੁਆਰਨ ਲੱਗੀ ਤਾਂ ਇਹਦੇ ਵਿਚੋਂ ਭਾਨ ਨਿਕਲਣ ਲੱਗੀ, ਕਿਉਂਕਿ ਉਸ ਡੇਰੇ ਦੇ ਸੰਚਾਲਕ ਬਾਬੇ ਦੀ ਨਜ਼ਰ ਜ਼ਿਆਦਾ ਹੀ ਕਮਜ਼ੋਰ ਹੁੰਦੀ ਸੀ, ਤੇ ਉਹ ਪੈਸਿਆਂ-ਧੇਲਿਆਂ ਸਮੇਤ ਕਣਕ ਇਕੱਠੀ ਕਰ ਕੇ, ਥੈਲਿਆਂ ਵਿਚ ਪਾਈ ਗਿਆ। ਇੰਜ ਸਾਡੇ ਘਰੇ ਆਏ ਥੈਲੇ ਵਿਚੋਂ ਕੁੱਲ ਤੇਰਾਂ ਰੁਪਏ ਦੀ ਭਾਨ ਨਿਕਲੀ। ਯਾਦ ਰਹੇ ਇਹ ਉਨ੍ਹਾਂ ਭਲੇ ਵੇਲਿਆਂ ਦੀ ਗੱਲ ਹੈ ਜਦੋਂ ਕਣਕ ਦਾ ਮੁੱਲ ਸ਼ਾਇਦ ਚਾਲੀ ਜਾਂ ਪੰਜਾਹ ਰੁਪਏ ਕਵਿੰਟਲ ਹੁੰਦਾ ਹੋਏਗਾ। ਮੇਰੀਆਂ ਅੱਖਾਂ ਸਾਹਮਣੇ ਉਹ ਦ੍ਰਿਸ਼ ਹੂ-ਬ-ਹੂ ਆ ਜਾਂਦਾ ਹੈ, ਜਦੋਂ ਮੇਰੇ ਬਾਪ ਨੇ ਉਹ ਸਾਰੀ ਭਾਨ ਇਕ ਮੋਮਜਾਮੇ ਦੇ ਲਿਫਾਫੇ 'ਚ ਪਾ ਕੇ ਉਸੇ ਸ਼ਾਮ ਸਾਧ ਨੂੰ ਮੋੜ ਆਂਦੀ ਸੀ। ਅਸੀਂ ਨਿਆਣੇ ਭਾਵੇਂ ਐਨੀ ਸਾਰੀ ਭਾਨ ਵਲ ਲਲਚਾਈਆਂ ਨਜ਼ਰਾਂ ਨਾਲ ਦੇਖ ਰਹੇ ਸਾਂ, ਪਰ ਮੇਰੇ ਪਿਉ ਨੇ ਆਖਿਆ ਸੀ ਕਿ ਪਰਾਇਆ ਧਨ ਤਾਂ ਪਾਰੇ ਦੇ ਬਰਾਬਰ ਹੁੰਦਾ ਹੈ।

ਸਾਡੇ ਗਰੀਬ ਮਾਂ-ਬਾਪ ਨੇ ਪਰਾਏ ਧਨ ਦੀਆਂ ਜ਼ਹਿਰਾਂ ਤੋਂ ਬਚਾਅ ਕੇ ਸਾਡੀ ਪਾਲਣਾ-ਪੋਸ਼ਣਾ ਕੀਤੀ। 'ਹੱਕ ਪਰਾਇਆ ਨਾਨਕਾ' ਵਾਲਾ ਪਾਠ, ਨਿਰਾ ਸਾਨੂੰ ਪੜ੍ਹਾਇਆ ਹੀ ਨਹੀਂ, ਸਗੋਂ ਸਾਨੂੰ ਇਸ 'ਤੇ ਅਮਲ ਕਰਨ ਦੀ ਤਾਈਦ ਵੀ ਕੀਤੀ। ਲੇਕਿਨ ਇਸ ਘਟਨਾ ਦਾ ਮੁਕਾਬਲਾ, ਜਦੋਂ ਮੈਂ ਆਪਣੇ ਬੱਚਿਆਂ ਦੀ ਪਰਵਰਿਸ਼ ਦੇ ਸਮਿਆਂ ਨਾਲ ਕਰਦਾ ਹਾਂ, ਤਾਂ ਇਹ ਨਮੋਸ਼ੀ ਭਰਿਆ ਸਵਾਲ ਸਾਹਮਣੇ ਆਉਂਦਾ ਹੈ ਕਿ ਕੀ ਅਸੀਂ ਆਪਣੇ ਬਾਪ ਵਾਲੀ ਦ੍ਰਿੜਤਾ 'ਤੇ ਪਹਿਰਾ ਦੇ ਸਕੇ ਹਾਂ?

ਹੱਕ ਜਾਂ ਨਾ-ਹੱਕ ਦੇ ਅਮਲ ਨੂੰ ਆਪਣੀ ਤਰਜ਼ੇ ਜ਼ਿੰਦਗੀ 'ਚ ਲਿਆਉਣ ਦੀ ਥਾਂ ਸਾਡੀ ਪੀੜ੍ਹੀ ਨੇ ਤਾਂ ਆਪਣੀ ਔਲਾਦ ਨੂੰ ਡਫਲੀਆਂ ਵਜਾ ਵਜਾ ਕੇ ਇਹ ਗੀਤ ਹੀ ਸੁਣਾਏ ਹਨ;

ਰੋਟੀ ਹੱਕ ਦੀ ਖਾਈਏ ਜੀ
ਭਾਵੇਂ ਬੂਟ ਪਾਲਿਸ਼ਾਂ....!

**ਸਾਡੇ ਘਰ ਦੇ ਗੁਆਂਢੀ ਪਿੰਡ ਵਿਚਲੇ ਇੱਕ ਡੇਰੇ ਦੇ ਬਾਬੇ ਕੋਲੋਂ ਪੱਚੀ ਤੀਹ ਕਿਲੋ ਕਣਕ ਮੁੱਲ ਲੈ ਆਏ। ਇਸ ਡੇਰੇ ਵਿਚ ਚੜ੍ਹਾਵੇ ਦੇ ਰੂਪ ਵਿਚ ਚੜ੍ਹੀ ਹੋਈ ਕਣਕ ਨੂੰ ਜਦੋਂ ਮੇਰੀ ਮਾਂ ਛੱਟਣ ਸੁਆਰਨ ਲੱਗੀ ਤਾਂ ਇਹਦੇ ਵਿਚੋਂ ਭਾਨ ਨਿਕਲਣ ਲੱਗੀ, ਕਿਉਂਕਿ ਉਸ ਡੇਰੇ ਦੇ ਸੰਚਾਲਕ ਬਾਬੇ ਦੀ ਨਜ਼ਰ ਜ਼ਿਆਦਾ ਹੀ ਕਮਜ਼ੋਰ ਹੁੰਦੀ ਸੀ, ਤੇ ਉਹ ਪੈਸਿਆਂ ਧੇਲਿਆਂ ਸਮੇਤ ਕਣਕ ਇਕੱਠੀ ਕਰ ਕੇ, ਥੈਲਿਆਂ ਵਿਚ ਪਾਈ ਗਿਆ। ਇੰਜ ਸਾਡੇ ਘਰੇ ਆਏ ਥੈਲੇ ਵਿਚੋਂ ਕੁੱਲ ਤੇਰਾਂ ਰੁਪਏ ਦੀ ਭਾਨ ਨਿਕਲੀ। ਯਾਦ ਰਹੇ ਇਹ ਉਨ੍ਹਾਂ ਭਲੇ ਵੇਲਿਆਂ ਦੀ ਗੱਲ ਹੈ ਜਦੋਂ ਕਣਕ ਦਾ ਮੁੱਲ ਸ਼ਾਇਦ ਚਾਲੀ ਜਾਂ ਪੰਜਾਹ ਰੁਪਏ ਕਵਿੰਟਲ ਹੁੰਦਾ ਹੋਏਗਾ। ਮੇਰੀਆਂ ਅੱਖਾਂ ਸਾਹਮਣੇ ਉਹ ਦ੍ਰਿਸ਼ ਹੂ-ਬ-ਹੂ ਆ ਜਾਂਦਾ ਹੈ, ਜਦੋਂ ਮੇਰੇ ਬਾਪ ਨੇ ਉਹ ਸਾਰੀ ਭਾਨ ਇੱਕ ਮੋਮਜਾਮੇ ਦੇ ਲਿਫਾਫੇ 'ਚ ਪਾ ਕੇ ਉਸੇ ਸ਼ਾਮ ਸਾਧ ਨੂੰ ਮੋੜ ਆਂਦੀ ਸੀ। ਅਸੀਂ ਨਿਆਣੇ ਭਾਵੇਂ ਐਨੀ ਸਾਰੀ ਭਾਨ ਵਲ ਲਲਚਾਈਆਂ ਨਜ਼ਰਾਂ ਨਾਲ ਦੇਖ ਰਹੇ ਸਾਂ, ਪਰ ਮੇਰੇ ਪਿਉ ਨੇ ਆਖਿਆ ਸੀ ਕਿ ਪਰਾਇਆ ਧਨ ਤਾਂ ਪਾਰੇ ਦੇ ਬਰਾਬਰ ਹੁੰਦਾ ਹੈ।**

# 11 ਸਤੰਬਰ:ਅਤਿਵਾਦ ਤੇ ਰਾਸ਼ਟਰੀ ਸੁਰੱਖਿਆ

**ਸੱਤਪਾਲ ਗੋਇਲ**

11 ਸਤੰਬਰ 2001 ਅਮਰੀਕਾ ਲਈ ਬੜਾ ਬਦਸ਼ਗਨ ਵਾਲਾ ਦਿਨ ਸੀ। ਇਸ ਦਿਨ ਚਾਰ ਹਵਾਈ ਜਹਾਜ਼ ਅਗਵਾ ਕੀਤੇ ਗਏ ਸਨ। ਦੋ ਹਵਾਈ ਜਹਾਜ਼ ਨਿਊ ਯਾਰਕ ਸਥਿਤ ਵਰਲਡ ਟ੍ਰੇਡ ਸੈਂਟਰ 'ਤੇ ਇਕ ਜਹਾਜ਼ ਪੈਂਟਾਗਾਨ ਨਾਲ ਟਕਰਾਇਆ। ਚੌਥਾ ਜਹਾਜ਼ ਪੈਨਸਿਲਵੇਨੀਆ ਦੇ ਇਕ ਪਿੰਡ 'ਚ ਜਾ ਗਿਰਿਆ। ਇਸ ਹਵਾਈ ਹਮਲੇ 'ਚ ਸੈਂਕੜੇ ਲੋਕ ਮਾਰੇ ਗਏ ਤੇ ਕਈ ਹਜ਼ਾਰ ਜ਼ਖ਼ਮੀ ਹੋਏ। ਕਰੋੜਾਂ ਡਾਲਰਾਂ ਦੀ ਜਾਇਦਾਦ ਤੇ ਦਫ਼ਤਰਾਂ ਦੇ ਰਿਕਾਰਡ ਦਾ ਬੇਸ਼ੁਮਾਰ ਨੁਕਸਾਨ ਹੋਇਆ। ਜਾਨੀ ਤੇ ਮਾਲੀ ਨੁਕਸਾਨ ਤੋਂ ਇਲਾਵਾ ਦੁਨੀਆਂ ਦੀ ਹਵਾਈ ਸੇਵਾ, ਵਿੱਤੀ ਸੰਸਥਾਵਾਂ ਤੇ ਆਮ ਇਨਸਾਨ ਦੇ ਮਾਨਸਿਕ ਸਤੁੰਲਨ ਨੂੰ ਇਕ ਖ਼ਤਰਨਾਕ ਝਟਕਾ ਲੱਗਿਆ। ਸੂਚਨਾ, ਸੰਚਾਰ ਤੇ ਇੰਟਰਨੈਟ ਸੇਵਾਵਾਂ ਤੇ ਅਮਰੀਕੀ ਆਰਥਿਕ ਤੇ ਵਿਦੇਸ਼ ਨੀਤੀਆਂ ਉਪਰ ਵੀ ਬਹੁਤ ਅਸਰ ਹੋਇਆ। ਇਹ ਦਹਿਸ਼ਤਵਾਦੀ ਹਮਲੇ ਅਲ-ਕਾਇਦਾ ਦੁਆਰਾ ਤਿਆਰ ਕੀਤੀ ਗਈ ਯੋਜਨਾ ਅਨੁਸਾਰ ਕੀਤੇ ਗਏ ਜਿਸ ਵਿਚ 19 ਨੌਜਵਾਨ ਆਤਮਘਾਤੀ ਪਾਇਲਟ ਇਸਲਾਮੀ ਜੇਹਾਦ ਦੀ ਆੜ ਵਿਚ ਬਲੀ ਦੇ ਬੱਕਰੇ ਬਣੇ।

11 ਸਤੰਬਰ ਦੀ ਘਟਨਾ ਬਾਅਦ ਅਮਰੀਕਾ ਨੇ ਸੈਨਿਕ ਕਾਰਵਾਈ ਸ਼ੁਰੂ ਕਰ ਦਿੱਤੀ। ਪਹਿਲਾਂ ਅਫ਼ਗਾਨਿਸਤਾਨ ਤੇ ਫੇਰ ਇਰਾਕ ਵਿਚ ਯੁੱਧ ਸ਼ੁਰੂ ਕੀਤਾ ਗਿਆ। ਅਫ਼ਗਾਨਿਸਤਾਨ 'ਚ ਤਾਲਿਬਾਨ ਸਰਕਾਰ ਤੇ ਆਤੰਕਵਾਦੀ ਢਾਂਚੇ ਨੂੰ ਮੂੰਹ ਦੀ ਮਾਰ ਖਾਣੀ ਪਈ ਪਰ ਅਲ-ਕਾਇਦਾ ਨਾਲ ਜੁੜੇ ਮੁੱਲਾ ਉਮਰ ਤੇ ਕੁਝ ਹੋਰ ਅਤਿਵਾਦੀ ਬਚ ਨਿਕਲੇ ਅਤੇ ਅਲ-ਕਾਇਦਾ ਦਾ ਪੂਰਾ ਖ਼ਾਤਮਾ ਕਰਨ ਵਿਚ ਅਮਰੀਕਾ ਤੇ ਉਸ ਦੇ ਸਹਿਯੋਗੀ ਸੈਨਿਕ ਅਸਫ਼ਲ ਰਹੇ। ਬਿਨ ਲਾਦਿਨ ਅਜੇ ਵੀ ਫ਼ਰਾਰ ਹੈ। ਇਰਾਕ ਯੁੱਧ ਲੰਬਾ ਖਿਚਿਆ ਗਿਆ ਅਤੇ ਬੁਸ਼ ਸਰਕਾਰ ਨੇ ਅਤਿਵਾਦ ਨਾਲ ਜੂਝਣ ਲਈ ਵਿਦੇਸ਼ ਨੀਤੀ ਨੂੰ ਗਿਰਵੀ ਰੱਖ ਦਿਤਾ। ਦਹਿਸ਼ਤਵਾਦ ਵਿਰੁੱਧ ਸ਼ੁਰੂ ਕੀਤੀ ਲੜਾਈ ਰਾਜਨੀਤਕ ਸੰਘਰਸ਼ ਬਣ ਕੇ ਰਹਿ ਗਈ ਜਿਸ ਨਾਲ ਦੇਸ਼ ਦੇ ਆਰਥਿਕ ਵਿਕਾਸ ਅਤੇ ਰਾਸ਼ਟਰ ਤੇ ਨਾਗਰਿਕਾਂ ਦੀ ਹਿਫ਼ਾਜ਼ਤ ਦੇ ਮੁੱਦੇ ਵਿਸ਼ਵ ਵਿਚ ਤਣਾਓ ਅਤੇ ਆਰਥਿਕ ਮੰਦੀ ਨੂੰ ਗਲੋਬਲ ਪੱਧਰ ਉਤੇ ਫੈਲਾਉਂਦੇ ਨਜ਼ਰ ਆਉਣ ਲਗੇ।

ਰਾਸ਼ਟਰਪਤੀ ਬਾਰਾਕ ਓਬਾਮਾ ਨੇ ਦਹਿਸ਼ਤਵਾਦ ਵਿਰੁੱਧ ਸੰਘਰਸ਼ ਨੂੰ ਇਕ ਨਵਾਂ ਮੋੜ ਦਿੱਤਾ। ਇਸ ਯੋਜਨਾ ਲਈ ਇਕ ਬਹੁ-ਪੱਖੀ ਪਹੁੰਚ ਨੂੰ ਲਾਗੂ ਕੀਤਾ ਗਿਆ ਹੈ ਜਿਸ ਅੰਦਰ ਆਰਥਿਕ ਵਿਕਾਸ, ਸਾਧਨਾਂ ਦੀ ਨਵ-ਉਸਾਰੀ,



ਰੋਜ਼ਗਾਰ, ਨਵੇਂ ਹੁਨਰਾਂ ਦੀ ਸਿਖਲਾਈ, ਖ਼ੁਫ਼ੀਆ ਏਜੰਸੀਆਂ ਦੀ ਰੂਪਬਦਲੀ, ਇਰਾਕ ਯੁੱਧ ਦਾ ਖ਼ਾਤਮਾ, ਅਫ਼ਗਾਨਿਸਤਾਨ-ਪਾਕਿਸਤਾਨ ਦੀ ਨਵੀਂ ਵਿਦੇਸ਼ ਨੀਤੀ ਆਦਿ ਸ਼ਾਮਲ ਹਨ। ਆਪਣੇ ਰਾਸ਼ਟਰਪਤੀ ਉਦਘਾਟਨੀ ਸਮਾਰੋਹ ਦੇ ਭਾਸ਼ਣ ਤੋਂ ਲੈ ਕੇ ਕਾਹਿਰਾ ਤੋਂ ਪ੍ਰਸਾਰਤ ਤਕਰੀਰ ਤੱਕ ਓਬਾਮਾ ਨੇ ਇਹ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਅਮਰੀਕਾ ਦੀ ਇਸਲਾਮ ਪ੍ਰਤੀ ਕੋਈ ਦੁਸ਼ਮਣੀ ਨਹੀਂ ਹੈ। ਲੜਾਈ ਉਨ੍ਹਾਂ ਦਹਿਸ਼ਤਵਾਦੀਆਂ ਅਤੇ ਉਨ੍ਹਾਂ ਨਾਲ ਜੁੜੇ ਸੰਗਠਨਾਂ ਖ਼ਿਲਾਫ਼ ਹੈ ਜੋ ਇਸਲਾਮ ਦੀ ਆੜ ਵਿਚ ਜੇਹਾਦ ਦੇ ਨਾਂ 'ਤੇ ਮਾਸੂਮ ਲੋਕਾਂ ਦਾ ਕਤਲੇਆਮ ਕਰਦੇ ਹਨ। ਅਲ-ਕਾਇਦਾ ਤੇ ਉਸ ਨਾਲ ਮਿਲੇ ਤਾਲਿਬਾਨ ਜਿਹੇ ਹੋਰ ਗਰੁੱਪਾਂ ਜਾਂ ਸੰਸਥਾਵਾਂ ਅਤੇ ਉਨ੍ਹਾਂ ਦੇ ਦਹਿਸ਼ਤ-ਸਿਖਲਾਈ ਕੇਂਦਰਾਂ ਨੂੰ ਤਬਾਹ ਕਰਨਾ, ਦਹਿਸ਼ਤਪਸੰਦੀ ਵਿਰੁਧ ਸਾਰੀਆਂ (ਰਾਜਨੀਤਕ, ਆਰਥਿਕ ਤੇ ਫ਼ੌਜੀ) ਸ਼ਕਤੀਆਂ ਦਾ ਇਸਤੇਮਾਲ ਕਰਨਾ, ਸਿਆਸੀ ਦਬਾਅ ਪਾਉਣਾ, ਗਰੀਬੀ ਦੂਰ ਕਰਨਾ ਆਦਿ ਪਹਿਲੂਆਂ ਤੇ ਓਬਾਮਾ ਸਰਕਾਰ ਦਾ ਪੂਰਾ ਜ਼ੋਰ ਹੈ। ਜਾਨ ਓ ਬ੍ਰੈਨਨ ਜੋ ਸੀ.ਆਈ. ਦੇ ਪੁਰਾਣੇ ਅਫ਼ਸਰ ਰਹਿ ਚੁੱਕੇ ਹਨ ਅਤੇ ਓਬਾਮਾ ਸਰਕਾਰ ਲਈ ਰਾਸ਼ਟਰੀ ਸੁਰੱਖਿਆ ਤੇ ਕਾਉਂਟਰਟੈਰਿਜ਼ਮ ਦੇ ਸਹਾਇਕ ਹਨ। ਅਫ਼ਗਾਨਿਸਤਾਨ-ਪਾਕਿਸਤਾਨ ਦੇ ਵਿਸ਼ੇਸ਼ ਦੂਤ ਰਿਚਰਡ ਹੋਲਬਰੁੱਕ ਰਾਸ਼ਟਰਪਤੀ ਓਬਾਮਾ ਸਰਕਾਰ ਦੀ ਅਫ਼ਗਾਨ-ਪਾਕਿ ਨੀਤੀ ਦੇ ਕਰਤਾ-ਧਰਤਾ ਅਤੇ ਬਹੁਤ ਗਹਿਰੀ ਸੂਝ ਵਾਲੇ ਡਿਪਲੋਮੈਟ ਤੇ ਦੱਖਣੀ ਏਸ਼ੀਆ ਦੇ ਮਾਹਰ ਹਨ। ਇਹ ਦੋ ਅਫ਼ਸਰ ਇਸ ਨਵੀਂ ਯੋਜਨਾ ਦੇ ਮਹੱਤਵਪੂਰਣ ਆਗੂ ਹਨ।

11 ਸਤੰਬਰ ਤੋਂ ਬਾਅਦ ਮੁੰਬਈ ਤੇ ਲੰਦਨ 'ਚ ਰੇਲ ਵਿਸਫੋਟ, ਨਵੰਬਰ 2008 ਦੇ ਮੁੰਬਈ 'ਚ ਅਤਿਵਾਦੀ ਹਮਲੇ, ਤੇ ਮਈ 2009 ਵਿਚ ਸ੍ਰੀ ਲੰਕਾ 'ਚ ਤਾਮਿਲ ਟਾਈਗਰਜ਼ ਨਾਲ ਕਈ ਦਹਾਕਿਆਂ ਦੀ ਖਾਨਾਜੰਗੀ ਖ਼ਤਮ ਹੋਣ ਤੋਂ ਇਹ ਜ਼ਾਹਿਰ ਹੈ ਕਿ ਅਤਿਵਾਦ ਹਰ ਦੇਸ਼ ਲਈ ਸਮੱਸਿਆ ਤੇ ਖ਼ਤਰਾ ਬਣਿਆ ਹੋਇਆ ਹੈ। ਅਤਿਵਾਦ ਇਕ ਅਜਿਹੀ ਬਿਮਾਰੀ ਹੈ ਜੋ ਅਕਸਰ ਹਿੰਸਾ, ਧਮਕੀਆਂ ਤੇ ਡਰ ਪੈਦਾ ਕਰਕੇ ਆਮ ਆਦਮੀ ਦੀ ਰੋਜ਼ਾਨਾ ਦੀ ਜ਼ਿੰਦਗੀ ਨੂੰ ਤਹਿਸ-ਨਹਿਸ ਕਰਦੀ ਹੈ। ਕੋਈ ਵੀ ਰਸਾਇਣ ਵਿਦਿਆ ਇਸ ਭਿਆਨਕ ਬਿਮਾਰੀ ਦਾ ਇਲਾਜ਼ ਨਹੀਂ ਕਰ ਸਕਦੀ। ਸਾਡੀ ਸੂਝ-ਬੂਝ, ਨੈਤਿਕ ਅਸੂਲ, ਵਿਸ਼ਾਲ ਦ੍ਰਿਸ਼ਟੀ, ਮਾਨਵੀ ਭਾਈਚਾਰਾ, ਅਖੰਡਤਾ ਦੀ ਚਾਹ, ਸਿਆਸੀ ਨੇਤਾਵਾਂ ਦੀ ਜ਼ਿੰਦਾਦਿਲੀ ਤੇ ਆਪਸੀ ਪਿਆਰ ਅਤਿਵਾਦੀ ਅਤੇ ਵੱਖਵਾਦੀ ਸਰਗਰਮੀਆਂ ਨਾਲ ਨਿਪਟਣ ਲਈ ਸਾਡੀ ਮਦਦ ਕਰ ਸਕਦੇ ਹਨ। ਜੀਓ ਤੇ ਜੀਣ ਦਿਓ (ਨਾ ਕਿ ਮਰੋ ਤੇ ਮਾਰੋ) ਦਾ ਨਾਅਰਾ ਜ਼ਿੰਦਗੀ ਦੇ ਇਕ ਆਮ ਸੱਚ ਨੂੰ ਬੜੇ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਬਿਆਨ ਕਰਦਾ ਹੈ।

# ਕੈਨੇਡਾ ਸਰਕਾਰ ਵਲੋਂ ਪੰਜਾਬ ਪੁਲਿਸ ਦੇ ਕਈ ਅਫਸਰ ਬਲੈਕ ਲਿਸਟ

**ਚੰਡੀਗੜ੍ਹ :** ਪੰਜਾਬ ਪੁਲਿਸ ਦੇ ਕੁਝ ਅਧਿਕਾਰੀਆਂ ਨੂੰ ਕੈਨੇਡਾ ਸਰਕਾਰ ਨੇ ਕਥਿਤ ਤੌਰ 'ਤੇ 'ਬਲੈਕ ਲਿਸਟ' ਕਰਾਰ ਦੇ ਦਿੱਤਾ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਵਿਦੇਸ਼ ਜਾਣ ਦੇ ਚਾਹਵਾਨ ਇਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਕੈਨੇਡਾ ਸਰਕਾਰ ਵੀਜ਼ੇ ਦੇਣ ਤੋਂ ਨਾਂਹ ਕਰਨ ਲੱਗੀ ਹੈ। ਕੈਨੇਡੀਅਨ ਹਾਈ ਕਮਿਸ਼ਨ ਨੇ ਇਹ ਰੁੱਖ ਉਨ੍ਹਾਂ ਪੁਲਿਸ ਅਧਿਕਾਰੀਆਂ ਪ੍ਰਤੀ ਅਖਤਿਆਰ ਕੀਤਾ ਹੈ, ਜੋ ਅੱਤਵਾਦ ਦੇ ਸਮੇਂ ਦੌਰਾਨ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਸਮੇਤ ਕੁਝ ਹੋਰਨਾਂ ਅਹਿਮ ਥਾਵਾਂ 'ਤੇ ਤਾਇਨਾਤ ਰਹੇ ਹਨ। ਇਨ੍ਹਾਂ ਪੁਲਿਸ ਅਧਿਕਾਰੀਆਂ ਵਿਰੁਧ, ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਲੜਦੇ ਕੁਝ ਸਿੱਖ ਸੰਗਠਨਾਂ ਨੇ ਪੰਜਾਬ 'ਚ ਖਾੜਕੂਵਾਦ ਸਮੇਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀਆਂ ਸ਼ਿਕਾਇਤਾਂ ਕੀਤੀਆਂ ਸਨ ਤੇ ਇਨ੍ਹਾਂ ਦੇ ਨਾਵਾਂ ਦੀਆਂ ਸੂਚੀਆਂ ਵੀ ਕੈਨੇਡਾ ਦੇ ਹਾਈ ਕਮਿਸ਼ਨ ਨੂੰ ਦਿੱਤੀਆਂ ਗਈਆਂ ਸਨ।

ਵਿਦੇਸ਼ੀ ਦੂਤਘਰ ਵਲੋਂ ਅਖਤਿਆਰ ਕੀਤੇ ਇਸ ਰਵੱਈਏ ਕਾਰਨ ਪੰਜਾਬ ਪੁਲਿਸ ਦੇ ਅਧਿਕਾਰੀਆਂ ਵਿਚ ਰੋਸ ਵੀ ਹੈ ਅਤੇ ਮਾਯੂਸੀ ਵੀ। ਸੂਤਰਾਂ ਮੁਤਾਬਕ ਜਿਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਕੈਨੇਡਾ ਦੇ ਵੀਜ਼ੇ ਤੋਂ ਨਾਂਹ ਕੀਤੀ ਗਈ ਹੈ, ਉਨ੍ਹਾਂ 'ਚ ਡੀ.ਐਸ.ਪੀ. ਰੈਂਕ ਤੋਂ ਲੈ ਕੇ ਐਡੀਸ਼ਨਲ ਡੀ.ਜੀ.ਪੀ. ਦੇ ਅਹੁਦੇ 'ਤੇ ਤਾਇਨਾਤ ਅਫਸਰ ਸ਼ਾਮਲ ਹਨ। ਦਿਲਚਸਪ ਤੱਥ ਇਹ ਹੈ ਕਿ ਕਈ ਅਧਿਕਾਰੀ ਇਸ ਤੋਂ ਪਹਿਲਾਂ ਕੈਨੇਡਾ ਦਾ ਇਕ ਤੋਂ ਵਧ ਵਾਰੀ ਦੌਰਾ ਕਰ ਚੁੱਕੇ ਹਨ, ਪਰ ਹੁਣ ਮਨੁੱਖੀ ਅਧਿਕਾਰ ਸੰਗਠਨਾਂ ਦੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਉਨ੍ਹਾਂ ਨੂੰ ਵੀਜ਼ਾ ਦੇਣਾ ਬੰਦ ਕਰ ਦਿੱਤਾ ਗਿਆ ਹੈ। ਏ.ਡੀ.ਜੀ.ਪੀ. ਰੈਂਕ ਦੇ ਇਕ ਅਧਿਕਾਰੀ ਨੂੰ ਪਿਛਲੇ ਸਮੇਂ ਦੌਰਾਨ ਇਸੇ ਬਹਾਨੇ ਕੈਨੇਡਾ ਦਾ ਵੀਜ਼ਾ ਨਹੀਂ ਦਿੱਤਾ ਗਿਆ। ਇਸ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਦਿਆਂ ਇਸ ਤੱਥ ਦੀ ਪੁਸ਼ਟੀ ਕੀਤੀ। ਇਹ ਅਧਿਕਾਰੀ ਪਹਿਲਾਂ ਕਈ ਵਾਰ ਕੈਨੇਡਾ ਜਾ ਚੁੱਕਾ ਹੈ। ਇਸੇ ਤਰ੍ਹਾਂ ਐਸ.ਪੀ. ਰੈਂਕ ਦੇ ਇਕ ਹੋਰ ਅਧਿਕਾਰੀ ਨੂੰ ਵੀ ਇਸੇ ਕਾਰਨ ਵੀਜ਼ਾ ਨਹੀਂ ਦਿੱਤਾ ਗਿਆ। ਇਹ ਅਧਿਕਾਰੀ ਅੱਤਵਾਦ ਦੇ ਸਮੇਂ ਮਾਝੇ ਦੇ ਜ਼ਿਲ੍ਹਿਆਂ 'ਚ ਪੁਲਿਸ ਮੁਖੀ ਰਹਿ ਚੁੱਕਾ ਹੈ ਤੇ ਅੱਜ ਕੱਲ ਵੀ ਇਸ ਦਾ ਨਾਮ ਚਰਚਿਤ ਅਧਿਕਾਰੀਆਂ 'ਚ ਸ਼ੁਮਾਰ ਹੈ।

ਪੰਜਾਬ ਪੁਲਿਸ ਦੇ ਸੂਤਰਾਂ ਮੁਤਾਬਕ ਹੁਣ ਤੱਕ ਅੱਧੀ ਦਰਜਨ ਦੇ ਕਰੀਬ ਪੁਲਿਸ ਅਫਸਰਾਂ ਨੂੰ ਵੀਜ਼ੇ ਤੋਂ ਨਾਂਹ ਕੀਤੀ ਜਾ ਚੁੱਕੀ ਹੈ। ਪੁਲਿਸ ਅਫਸਰਾਂ ਨੂੰ ਹੈਰਾਨੀ ਇਸ ਗੱਲ ਦੀ ਹੈ ਕਿ ਕੈਨੇਡੀਅਨ ਹਾਈ ਕਮਿਸ਼ਨ ਕੋਲ ਪੁਲਿਸ ਅਫਸਰਾਂ ਦੇ ਨਾਵਾਂ ਦੀਆਂ ਸੂਚੀਆਂ ਤੋਂ ਇਲਾਵਾ ਕਿਸ ਸਮੇਂ ਦੌਰਾਨ ਕਿਸ ਜ਼ਿਲ੍ਹੇ ਵਿਚ ਉਨ੍ਹਾਂ ਦੀ ਤਾਇਨਾਤੀ ਰਹੀ ਤੇ ਉਸ ਸਮੇਂ ਦੌਰਾਨ ਕਿਸ ਤਰ੍ਹਾਂ ਦੀਆਂ ਉਲੰਘਣਾਵਾਂ ਹੋਈਆਂ, ਦੀ ਵਿਸਥਾਰ 'ਚ ਜਾਣਕਾਰੀ ਹੈ। ਆਈ.ਜੀ. ਰੈਂਕ ਦੇ ਇਕ ਪੁਲਿਸ ਅਫਸਰ ਨੇ ਤਾਂ ਇਹ ਵੀ ਦੱਸਿਆ ਕਿ ਕੈਨੇਡੀਅਨ ਹਾਈ ਕਮਿਸ਼ਨ ਨੇ ਪੰਜਾਬ ਦੇ ਪੁਲਿਸ ਅਫਸਰਾਂ ਤੋਂ ਹਰ ਕਿਸਮ ਦੀ ਜਾਣਕਾਰੀ ਲੈਣ ਲਈ ਇਕ ਵਿਸ਼ੇਸ਼ ਕਿਸਮ ਦਾ ਪ੍ਰੋਫਾਰਮਾ ਵੀ ਭਰਵਾਉਣਾ ਸ਼ੁਰੂ ਕਰ ਦਿੱਤਾ ਹੈ।

ਪੁਲਿਸ ਅਫਸਰਾਂ ਨੂੰ ਤੌਖਲਾ ਇਸ ਗੱਲ ਦਾ ਹੈ ਕਿ ਜਿਸ ਤਰ੍ਹਾਂ ਕੱਟੜਪੰਥੀ ਜਥੇਬੰਦੀਆਂ ਪੰਜਾਬ ਪੁਲਿਸ ਦੇ ਅਫਸਰਾਂ ਦਾ ਕੈਨੇਡਾ 'ਚ 'ਦਾਖਲਾ' ਬੰਦ ਕਰਾਉਣ 'ਚ ਕਾਮਯਾਬ ਹੋਈਆਂ ਹਨ, ਉਸੇ ਤਰ੍ਹਾਂ ਦਾ ਰੁਝਾਨ ਕੁਝ ਹੋਰ ਮੁਲਕਾਂ ਵਿਚ ਵੀ ਸ਼ੁਰੂ ਹੋ ਸਕਦਾ ਹੈ। ਪੰਜਾਬ ਪੁਲਿਸ ਦੇ ਅਜਿਹੇ ਦਰਜਨਾਂ ਅਫਸਰ ਹਨ, ਜਿਨ੍ਹਾਂ 'ਤੇ ਅੱਤਵਾਦ ਦੇ ਸਮੇਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾ ਦੇ ਦੋਸ਼ ਲੱਗੇ ਸਨ। ਇਹ ਸਾਰੇ ਅੱਜ-ਕੱਲ੍ਹ ਉੱਚ ਅਹੁਦਿਆਂ 'ਤੇ ਤਾਇਨਾਤ ਹਨ। ਜ਼ਿਕਰਯੋਗ ਹੈ ਕਿ ਵਿਦੇਸ਼ਾਂ 'ਚ ਬੈਠੇ ਸੈਂਕੜੇ ਸਿੱਖਾਂ ਦੀਆਂ ਕਾਲੀਆਂ ਸੂਚੀਆਂ (ਬਲੈਕ ਲਿਸਟਾਂ) ਭਾਰਤ ਸਰਕਾਰ ਨੇ ਤਿਆਰ ਕੀਤੀਆਂ ਹੋਈਆਂ ਸਨ। ਇਨ੍ਹਾਂ ਕਾਲੀਆਂ ਸੂਚੀਆਂ ਕਾਰਨ ਇਹ ਵਿਅਕਤੀ ਪੰਜਾਬ ਆਉਣ ਲਈ ਤਰਸ ਰਹੇ ਹਨ। ਹੁਣ ਇਹ ਕਾਲੀਆਂ ਸੂਚੀਆਂ ਪੰਜਾਬ ਪੁਲਿਸ ਨੂੰ ਪੁੱਠੀਆਂ ਪੈਣ ਲੱਗੀਆਂ ਹਨ।

ਪੰਜਾਬ ਸੀ.ਆਈ.ਡੀ. ਵਿੰਗ ਦੇ ਮੁਖੀ ਸ੍ਰੀ ਸੁਰੇਸ਼ ਅਰੋੜਾ ਨੇ ਕਿਹਾ ਕਿ ਕੈਨੇਡੀਅਨ ਹਾਈ ਕਮਿਸ਼ਨ ਵਲੋਂ ਵੀਜ਼ਾ ਨਾ ਦੇਣ ਦੇ ਦੋ ਕੁ ਮਾਮਲੇ ਸਾਹਮਣੇ ਆਏ ਹਨ, ਜਿਸ ਸਬੰਧੀ ਅਜੇ ਤੱਕ ਪੰਜਾਬ ਜਾਂ ਕੇਂਦਰ ਸਰਕਾਰ ਨਾਲ ਕੋਈ ਗੱਲਬਾਤ ਨਹੀਂ ਕੀਤੀ ਗਈ। ਪੰਜਾਬ ਦੇ ਪ੍ਰਮੁੱਖ ਸਕੱਤਰ (ਗ੍ਰਹਿ) ਸ੍ਰੀ ਏ.ਆਰ. ਤਲਵਾੜ ਨੇ ਕਿਹਾ, "ਪੰਜਾਬ ਪੁਲਿਸ ਦੇ ਅਧਿਕਾਰੀਆਂ ਨੂੰ ਕੈਨੇਡੀਅਨ ਹਾਈ ਕਮਿਸ਼ਨ ਵਲੋਂ ਵੀਜ਼ੇ ਨੂੰ ਨਾਂਹ ਕੀਤੇ ਜਾਣ ਦਾ ਮਾਮਲਾ ਅਜੇ ਤੱਕ ਗ੍ਰਹਿ ਵਿਭਾਗ ਦੇ ਧਿਆਨ 'ਚ ਨਹੀਂ ਆਇਆ। ਜੇ ਕੋਈ ਮਾਮਲਾ ਉਠਾਵੇਗਾ ਤਾਂ ਦੇਖਿਆ ਜਾਵੇਗਾ।

# 'ਮਰ ਚੁੱਕੀ' ਪਤਨੀ, ਪਤੀ ਦੇ ਬਚਾਅ ਲਈ ਨਿੱਤਰੀ

**ਚੰਡੀਗੜ੍ਹ:** 'ਮਰੀ ਹੋਈ' ਪਤਨੀ ਆਪਣੇ ਪਤੀ ਦੇ ਬਚਾਅ 'ਚ ਨਿੱਤਰ ਆਈ ਹੈ। ਦਸ-ਬਾਰਾਂ ਕੁ ਦਿਨ ਪਹਿਲਾਂ ਪਤਨੀ ਦੀ 'ਹੱਤਿਆ' ਦੇ ਦੋਸ਼ 'ਚ ਕਾਨੂੰਨ ਦੀ ਗ੍ਰਿਫਤ 'ਚ ਲਏ ਗਏ ਚਮਕੌਰ ਸਿੰਘ ਦੀ ਪਤਨੀ ਚਰਨਜੀਤ ਕੌਰ ਸਵੇਰੇ ਪੰਜਾਬ ਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ 'ਚ ਪੇਸ਼ ਹੋਈ ਤੇ ਉਹਨੇ ਦੱਸਿਆ ਕਿ ਕਿਵੇਂ ਪੁਲਿਸ ਨੇ ਪਹਿਲਾਂ ਉਹਦੇ ਮਾਪਿਆਂ ਤੋਂ ਚਾਰ ਲੱਖ ਰੁਪਏ ਠੱਗਣ ਅਤੇ ਫਿਰ ਆਪਣੀ ਚਮੜੀ ਬਚਾਉਣ ਲਈ ਉਹਦੇ ਪਤੀ ਨੂੰ ਉਹਦੀ 'ਹੱਤਿਆ' ਦੇ ਦੋਸ਼ 'ਚ ਧਰ ਲਿਆ ਸੀ। ਇਹੀ ਨਹੀਂ ਤੱਥਾਂ ਨੂੰ ਪਕਿਆਈ ਦੇਣ ਲਈ ਪੁਲਿਸ ਵਾਲਿਆਂ ਨੇ ਮ੍ਰਿਤਕ ਦੀ ਦੇਹ ਵੀ ਪੈਦਾ ਕਰ ਲਈ ਤੇ ਪੋਸਟਮਾਰਟਮ ਲਈ ਭੇਜ ਦਿੱਤੀ। ਜਸਟਿਸ ਐਲ.ਐਨ. ਮਿੱਤਲ ਅੱਗੇ ਜਲਾਲਾਬਾਦ ਦੀ ਚਰਨਜੀਤ ਕੌਰ ਦੀ ਪਟੀਸ਼ਨ ਜਦੋਂ ਪੇਸ਼ ਕੀਤੀ ਗਈ ਤਾਂ ਉਹਦੇ ਵਕੀਲ ਗੁਰਜੀਤ ਸਿੰਘ ਨੇ ਉਹਦੇ ਨਾਲ ਖਲੋ ਕੇ ਦੱਸਿਆ ਕਿ ਉਹ ਚੰਗੀ ਭਲੀ ਜਿਉਂਦੀ ਜਾਗਦੀ ਹੈ, ਜਦੋਂ ਕਿ ਉਹਦਾ ਪਤੀ ਚਮਕੌਰ ਸਿੰਘ ਉਹਦੀ ਹੱਤਿਆ ਦੇ ਦੋਸ਼ 'ਚ ਨਿਆਂਇਕ ਹਿਰਾਸਤ 'ਚ ਹੈ।

ਚਰਨਜੀਤ ਕੌਰ ਅਤੇ ਉਹਦੇ ਸਹੁਰੇ ਜ਼ੋਰਾ ਸਿੰਘ ਨੇ ਦੱਸਿਆ ਕਿ ਆਜ਼ਾਦੀ ਦਿਵਸ ਤੋਂ ਇਕ ਦਿਨ ਪਹਿਲਾਂ ਪੁਲਿਸ ਵਲੋਂ ਚੁੱਕੇ ਗਏ ਚਮਕੌਰ ਸਿੰਘ 'ਤੇ ਪੁਲਿਸ ਨੇ ਬਹੁਤ ਤਸ਼ੱਦਦ ਢਾਹਿਆ। ਐਸ.ਐਚ.ਓ. ਭੁਪਿੰਦਰ ਕੌਰ ਤੇ ਡੀ.ਐਸ.ਪੀ. ਗੁਰਦਰਸ਼ਨ ਸਿੰਘ ਨੇ ਉਹਦੀ ਰਿਹਾਈ ਲਈ ਚਾਰ ਲੱਖ ਰੁਪਏ ਮੰਗੇ ਸਨ। ਹਾਈਕੋਰਟ ਵਲੋਂ ਨਿਯੁਕਤ ਵਾਰੰਟ ਅਫਸਰ ਨੇ 20 ਅਗਸਤ ਨੂੰ ਉਹਨੂੰ ਗੈਰ-ਕਾਨੂੰਨੀ ਢੰਗ ਨਾਲ ਬੰਦੀ ਬਣਾਏ ਨੂੰ ਛੁਡਾਇਆ ਸੀ। ਮਗਰੋਂ ਭੁਪਿੰਦਰ ਕੌਰ ਨੇ ਦਾਅਵਾ ਕੀਤਾ ਕਿ ਚਮਕੌਰ ਸਿੰਘ ਵਿਰੁਧ ਆਪਣੀ ਪਤਨੀ ਦੀ ਹੱਤਿਆ ਸਬੰਧੀ ਆਈ.ਪੀ.ਸੀ. ਦੇ ਸੈਕਸ਼ਨ 302 ਅਧੀਨ ਐਫ.ਆਈ.ਆਰ. ਦਰਜ ਹੈ। ਪਟੀਸ਼ਨਰ ਅਨੁਸਾਰ ਇਥੋਂ ਤਕ ਕਿ ਦੋਵੇਂ ਪੁਲਿਸ ਅਧਿਕਾਰੀਆਂ ਨੇ ਕਿਸੇ ਔਰਤ ਦੀ ਦੇਹ ਵੀ ਸਾਹਮਣੇ ਲੈ ਆਂਦੀ। ਇਹ ਲਾਸ਼ ਜ਼ੀਰਾ ਸਿਵਲ ਹਸਪਤਾਲ ਪੋਸਟ ਮਾਰਟਮ ਲਈ ਭੇਜੀ ਗਈ ਤੇ ਮਗਰੋਂ ਫਰੀਦਕੋਟ ਮੈਡੀਕਲ ਕਾਲਜ ਰੈਫਰ ਕਰ ਦਿੱਤੀ ਗਈ।

ਪਟੀਸ਼ਨਰਾਂ ਨੇ ਕਿਹਾ ਕਿ ਇਹ ਸਾਰੀ ਕਹਾਣੀ ਉਦੋਂ ਘੜੀ ਗਈ, ਜਦੋਂ ਚਮਕੌਰ ਤੇ ਚਰਨਜੀਤ ਵਿਚਾਲੇ ਮਾੜਾ ਮੋਟਾ ਝਗੜਾ ਹੋਣ 'ਤੇ ਪਤਨੀ ਦੇ ਪਿਤਾ ਨੇ ਦੋਵੇਂ ਪੁਲਿਸ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਪਟੀਸ਼ਨਰ ਨੇ ਸੀ.ਬੀ.ਆਈ. ਜਾਂਚ ਦੀ ਮੰਗ ਕਰਦਿਆਂ ਕਿਹਾ ਹੈ ਕਿ ਇਸ ਮਾਮਲੇ 'ਚ ਉਪਰਲੇ ਅਧਿਕਾਰੀਆਂ ਦੇ ਸ਼ਾਮਲ ਹੋਣ ਨਾਲ ਇਹ ਸੰਗੀਨ ਬਣ ਜਾਂਦਾ ਹੈ। ਜਸਟਿਸ ਮਿੱਤਲ ਨੇ ਰਾਜ ਸਰਕਾਰ ਤੇ ਹੋਰਨਾਂ ਨੂੰ 9 ਸਤੰਬਰ ਲਈ ਨੋਟਿਸ ਜਾਰੀ ਕੀਤੇ ਹਨ।

ਜਾਪਦਾ ਹੈ ਲਾਸ਼ਾਂ ਪੇਸ਼ ਕਰਨ ਦੀ ਪੰਜਾਬ ਪੁਲਿਸ ਦੀ ਆਦਤ ਬਣਦੀ ਜਾ ਰਹੀ ਹੈ। ਹਾਲ ਹੀ 'ਚ ਇਕ ਵਿਅਕਤੀ ਨਛੱਤਰ ਸਿੰਘ ਨੇ ਵਾਅਵਾ ਕੀਤਾ ਸੀ ਕਿ ਜਿਸ ਦੇ 'ਕਤਲ' ਲਈ ਉਹਨੇ ਪੰਜ ਸਾਲ ਜੇਲ੍ਹ ਕੱਟੀ ਉਹ ਜਿਉਂਦਾ ਹੈ। ਉਸ ਮਾਮਲੇ 'ਚ ਵੀ ਪੀੜਤ ਕਹੇ ਗਏ ਜਗਸੀਰ ਸਿੰਘ ਦੀ 'ਲਾਸ਼' ਨਹਿਰ 'ਚੋਂ ਕੱਢੀ ਗਈ ਸੀ ਤੇ ਉਸ ਦੇ ਪਿਤਾ ਨੇ ਉਸ ਦੀ ਸ਼ਨਾਖਤ ਕੀਤੀ ਸੀ। ਇਹ ਮਾਮਲਾ ਜਸਟਿਸ ਮਹਿਤਾਬ ਸਿੰਘ ਗਿੱਲ ਦੇ ਬੈਂਚ ਅੱਗੇ ਪਿਆ ਹੈ।

# ਜ਼ੀ-ਟੀ.ਵੀ. ਤੋਂ ਨਵਾਂ ਡਰਾਮਾ 12/24 ਕਰੋਲ ਬਾਗ ਮੱਧਵਰਗੀ ਪਰਿਵਾਰ ਦੀ ਕਹਾਣੀ ਕਹੇਗਾ

**ਡੈਲਸ, ਟੈਕਸਸ:** ਜ਼ੀ-ਟੀ.ਵੀ. (ਯੂ.ਐਸ.ਏ.) ਵਲੋਂ ਸਤੰਬਰ ਦੇ ਪਹਿਲੇ ਹਫਤੇ ਇਕ ਨਵਾਂ ਟੈਲੀਵਿਜ਼ਨ ਡਰਾਮਾ 12 ਬਟੇ 24 ਕਰੋਲ ਬਾਗ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਡਰਾਮੇ ਵਿਚ ਦਿੱਲੀ ਦੇ ਇਕ ਮੱਧਵਰਗੀ ਸੇਠੀ ਪਰਿਵਾਰ ਵਿਚ ਤਿੰਨ ਭੈਣਾਂ ਦਰਮਿਆਨ ਪਿਆਰ ਅਤੇ ਖੁਸ਼ੀ ਲਈ ਚੱਲਦੀ ਕਸ਼ਮਕਸ਼ ਨੂੰ ਦਿਖਾਇਆ ਗਿਆ ਹੈ। ਇਸ ਡਰਾਮੇ ਦੇ ਪ੍ਰੋਡਿਊਸਰ ਸਨ-ਸ਼ਾਈਨ ਪ੍ਰੋਡਕਸ਼ਨ ਦੇ ਸੁਧੀਰ ਸ਼ਰਮਾ ਹਨ।



12/24 ਕਰੋਲ ਬਾਗ ਤਿੰਨ ਭੈਣਾਂ ਦੇ ਪਿਆਰ ਦੀ ਕਹਾਣੀ ਹੈ ਜਿਸ ਰਾਹੀਂ ਇਸ ਪਰਿਵਾਰ ਦੇ ਹਰ ਜੀਅ ਦੀਆਂ ਅਕਾਂਖਿਆਵਾਂ ਉਮੀਦਾਂ ਅਤੇ ਮਾਨਸਿਕ ਹਲਚਲ ਉਤੇ ਟਿਕੀ ਹੋਈ ਹੈ। ਇਸ ਕਹਾਣੀ ਦਾ ਸੂਤਰ ਇਹ ਵਿਸ਼ਵਾਸ ਹੈ ਕਿ ਜ਼ਿੰਦਗੀ ਉਨਾਂ ਚਿਰ ਤੱਕ ਸਵਰਗ ਹੈ ਜਿੰਨਾ ਚਿਰ ਤੱਕ ਉਹ ਇਕੱਠੀਆਂ ਰਹਿੰਦੀਆਂ ਹਨ। ਇਕੋ ਛੱਤ ਹੇਠ ਰਹਿੰਦਿਆਂ ਪਰਿਵਾਰਕ ਰਿਸ਼ਤੇ ਉਭਰ ਕੇ ਸਾਹਮਣੇ ਆਉਂਦੇ ਹਨ। ਇਸ ਸੰਘਰਸ਼ ਹੈ ਆਪੋ ਆਪਣੇ ਸੁਪਨਿਆਂ ਨੂੰ ਪੂਰੇ ਕਰਨ ਦਾ। ਦਿੱਲੀ ਵਿਚ ਫਿਲਮਾਏ ਗਏ ਇਸ ਡਰਾਮੇ ਦਾ ਤੱਤਸਾਰ ਹੈ- ਯਹਾਂ ਬਸਤੇ ਹੈਂ ਕੁਛ ਸਪਨੇ।

ਜ਼ੀ-ਟੀ.ਵੀ (ਯੂ.ਐਸ.ਏ.) ਦੇ ਸੀ.ਈ.ਓ. ਸੁਬਰਤੋ ਭੱਟਾਚਾਰੀਆ ਦਾ ਕਹਿਣਾ ਹੈ ਕਿ ਜਿਹੜੇ ਲੋਕ ਦਿੱਲੀ ਵਿਚ ਰਹਿੰਦੇ ਰਹੇ ਹਨ ਜਾਂ ਰਹਿ ਰਹੇ ਹਨ ਉਨ੍ਹਾਂ ਲਈ ਕਿਸੇ ਮੱਧਵਰਗੀ ਪਰਿਵਾਰ ਦਾ ਸੰਘਰਸ਼ ਕੋਈ ਨਵੀਂ ਗੱਲ ਨਹੀਂ ਹੈ। ਸਾਨੂੰ ਉਮੀਦ ਹੈ ਕਿ ਦਰਸ਼ਕ ਇਸ ਸ਼ੋਅ ਵਿਚ ਦਿੱਲੀ ਦੀ ਰੋਜ਼ਮੱਰਾ ਜ਼ਿੰਦਗੀ ਦੀ ਪੇਸ਼ਕਾਰੀ ਨੂੰ ਪਸੰਦ ਕਰਨਗੇ।

# ਸਰਗਰਮ ਖਾੜਕੂਆਂ ਦਾ ਹੱਥ ਨਾ ਆਉਣਾ ਪੁਲਿਸ ਲਈ ਵੱਡੀ ਪ੍ਰੇਸ਼ਾਨੀ

**ਚੰਡੀਗੜ੍ਹ :** ਪੰਜਾਬ ਅੰਦਰ ਹਾਲ ਹੀ 'ਚ ਵਾਪਰੀਆਂ ਕਈ ਹਿੰਸਕ ਘਟਨਾਵਾਂ ਦੀ ਗੁੱਥੀ ਸੁਲਝਾਉਣ ਦਾ ਦਾਅਵਾ ਕਰਦਿਆਂ ਪੰਜਾਬ ਪੁਲਿਸ ਬਲਬੀਰ ਸਿੰਘ ਬੀਰਾ ਅਤੇ ਹੋਰਨਾਂ ਵਿਅਕਤੀਆਂ ਦੀ ਗ੍ਰਿਫ਼ਤਾਰੀ ਨੂੰ ਵੱਡੀ ਪ੍ਰਾਪਤੀ ਤਾਂ ਦੱਸ ਰਹੀ ਹੈ, ਪਰ ਪਿਛਲੇ ਕੁਝ ਸਮੇਂ ਤੋਂ ਸਰਗਰਮ ਖਾੜਕੂਆਂ ਦਾ ਪੁਲਿਸ ਦੇ ਹੱਥ ਨਾ ਆਉਣਾ ਪੁਲਿਸ ਲਈ ਵੱਡੀ ਪ੍ਰੇਸ਼ਾਨੀ ਤੇ ਨਮੋਸ਼ੀ ਦਾ ਕਾਰਨ ਬਣਿਆ ਹੋਇਆ ਹੈ।

ਪੁਲਿਸ ਸੂਤਰਾਂ ਮੁਤਾਬਕ ਗੋਆ ਦੇ ਇਕ ਗੁਰਦੁਆਰੇ 'ਚ ਬੈਠ ਕੇ ਪੰਜਾਬ 'ਚ ਅੱਤਵਾਦੀ ਗਤੀਵਿਧੀਆਂ ਲਈ ਵਿਸਫੋਟਕ ਸਮੱਗਰੀ ਭੇਜਣ ਵਾਲਾ ਹਰਿਮੰਦਰ ਸਿੰਘ ਅਤੇ ਅੱਧੀ ਦਰਜਨ ਹੋਰ ਸਰਗਰਮ ਵਿਅਕਤੀ ਅਜੇ ਤੱਕ ਪੁਲਿਸ ਦੀ ਪਹੁੰਚ ਤੋਂ ਬਾਹਰ ਹਨ। ਖੁਫੀਆ ਏਜੰਸੀਆਂ ਅਤੇ ਪੁਲਿਸ ਅਧਿਕਾਰੀ ਡੇਰਾ ਸੱਚਾ ਸੌਦਾ ਤੇ ਸਿੱਖ ਜਥੇਬੰਦੀਆਂ ਦਰਮਿਆਨ ਛਿੜੇ ਵਿਵਾਦ ਦੇ ਕਿਸੇ ਤਣ-ਪੱਤਣ ਨਾ ਲੱਗਣ ਕਾਰਨ ਵੀ ਬੇਹੱਦ ਪ੍ਰੇਸ਼ਾਨ ਹਨ। ਖੁਫੀਆ ਏਜੰਸੀਆਂ ਨਾਲ ਜੁੜੇ ਸੀਨੀਅਰ ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਡੇਰਾ ਵਿਵਾਦ ਦੋ ਸਾਲ ਤੋਂ ਵੀ ਵਧ ਸਮਾਂ ਚਾਲੂ ਰਹਿਣ ਕਾਰਨ ਪੰਜਾਬ 'ਚ ਸਰਗਰਮ ਖਾੜਕੂ ਜਥੇਬੰਦੀਆਂ ਨੂੰ ਸਿੱਖ ਨੌਜਵਾਨਾਂ ਦੀ ਭਰਤੀ ਦਾ ਇਕ ਪਲੇਟਫਾਰਮ ਮਿਲ ਗਿਆ ਹੈ।

ਸੂਤਰਾਂ ਮੁਤਾਬਕ ਹਰਮਿੰਦਰ ਸਿੰਘ ਜਲੰਧਰ ਜ਼ਿਲ੍ਹੇ ਦੇ ਕਸਬਾ ਭੋਗਪੁਰ ਨੇੜਲੇ ਪਿੰਡ ਡੱਲਾ ਦਾ ਰਹਿਣ ਵਾਲਾ ਹੈ ਤੇ ਪਿਛਲੇ ਕਈ ਸਾਲਾਂ ਤੋਂ ਗੋਆ 'ਚ ਹੀ ਰਹਿ ਰਿਹਾ ਸੀ। ਉਹ ਪਿਛਲੇ 10 ਕੁ ਮਹੀਨਿਆਂ ਤੋਂ ਭਗੌੜਾ ਹੈ। ਲੁਧਿਆਣਾ (ਦਿਹਾਤੀ) ਪੁਲਿਸ ਵਲੋਂ ਫੜੀ ਵਿਸਫੋਟਕ ਸਮੱਗਰੀ ਦੇ ਮਾਮਲੇ 'ਚ ਹਰਮਿੰਦਰ ਸਿੰਘ ਦਾ ਨਾਮ ਉੱਭਰ ਕੇ ਸਾਹਮਣੇ ਆਇਆ ਸੀ। ਇਸੇ ਤਰ੍ਹਾਂ ਦਲਜੀਤ ਸਿੰਘ ਨਾਮ ਦਾ ਇਕ ਵਿਅਕਤੀ ਵੀ ਪੁਲਿਸ ਦੇ ਹੱਥ ਨਹੀਂ ਆ ਰਿਹਾ।

ਸੂਤਰਾਂ ਦਾ ਦੱਸਣਾ ਹੈ ਕਿ ਇਸ ਤਰ੍ਹਾਂ ਦੇ ਅੱਧੀ ਦਰਜਨ ਵਿਅਕਤੀ ਹਨ, ਜੋ ਭਾਰਤ 'ਚ ਰਹਿ ਕੇ ਪੰਜਾਬ 'ਚ ਖਾੜਕੂ ਸਰਗਰਮੀਆਂ ਨੂੰ ਹੁਲਾਰਾ ਦਿੰਦੇ ਹਨ, ਪੁਲਿਸ ਦੇ ਕਾਬੂ ਨਹੀਂ ਆਏ। ਪੰਜਾਬ 'ਚ ਖਾੜਕੂ ਸਰਗਰਮੀਆਂ ਜਾਰੀ ਰੱਖਣ ਲਈ ਵਿਦੇਸ਼ਾਂ ਤੋਂ ਫੰਡ ਵੀ ਬਾਦਸਤੂਰ ਜਾਰੀ ਹਨ। ਪੁਲਿਸ ਦਾ ਦਾਅਵਾ ਹੈ ਕਿ ਅਮਰੀਕਾ, ਇੰਗਲੈਂਡ, ਜਰਮਨੀ ਅਤੇ ਕੈਨੇਡਾ ਆਦਿ ਮੁਲਕਾਂ ਤੋਂ ਹਰ ਸਾਲ ਕਰੋੜਾਂ ਰੁਪਏ ਹਵਾਲਾ ਰਾਹੀਂ ਆਉਂਦੇ ਹਨ। ਅਜਿਹੇ ਤੱਥ ਹੁਣ ਤੱਕ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪੁੱਛਗਿੱਛ ਦੌਰਾਨ ਸਾਹਮਣੇ ਆ ਚੁੱਕੇ ਹਨ। ਪੰਜਾਬ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਅਕਸਰ ਵਿਦੇਸ਼ ਭੇਜਣ ਦਾ ਝਾਂਸਾ ਵੀ ਦਿੱਤਾ ਜਾਂਦਾ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਬਲਬੀਰ ਸਿੰਘ ਬੀਰਾ ਦੀ ਗ੍ਰਿਫ਼ਤਾਰੀ ਨਾਲ ਖਾੜਕੂਵਾਦ ਦੀਆਂ ਘਟਨਾਵਾਂ ਨਾਲ ਜੁੜੇ ਤਿੰਨ ਕੁ ਮਾਮਲੇ ਹੱਲ ਹੋ ਗਏ ਹਨ। ਇਹ ਮਾਮਲੇ ਡੇਰਾ ਸੱਚਾ ਸੌਦਾ ਨਾਲ ਸਬੰਧਤ ਘਟਨਾਵਾਂ ਨਾਲ ਹੀ ਜੁੜੇ ਹੋਏ ਹਨ। ਪੁਲਿਸ ਲਈ ਚਿੰਤਾ ਦਾ ਵਿਸ਼ਾ ਇਹ ਵੀ ਹੈ ਕਿ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦੀ ਸ਼ਾਖਾ ਰਾਸ਼ਟਰੀ ਸਿੱਖ ਸੰਗਤ ਦੀ ਪੰਜਾਬ ਇਕਾਈ ਦੇ ਮੁਖੀ ਰੁਲਦਾ ਸਿੰਘ ਦੇ ਕਤਲ ਦਾ ਕੋਈ ਸੁਰਾਗ ਅਜੇ ਹੱਥ ਨਹੀਂ ਲੱਗਾ। ਬਲਬੀਰ ਸਿੰਘ ਨੇ ਵੀ ਰੁਲਦਾ ਸਿੰਘ ਦੇ ਕਤਲ ਬਾਬਤ ਅਜੇ ਤੱਕ ਕੋਈ ਸੁਰਾਗ ਨਹੀਂ ਦਿੱਤਾ।

ਪੰਜਾਬ ਪੁਲਿਸ ਪਿਛਲੇ ਥੋੜ੍ਹੇ ਹੀ ਸਮੇਂ ਦੌਰਾਨ 24 ਕਿਲੋ ਦੇ ਕਰੀਬ ਆਰ.ਡੀ.ਐਕਸ. ਬਰਾਮਦ ਕਰਕੇ ਕਈ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ। ਪਰ ਪੰਜਾਬ 'ਚ ਖਾੜਕੂ ਸਰਗਰਮੀਆਂ ਅਜੇ ਵੀ ਜਾਰੀ ਹਨ। ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਬਲਬੀਰ ਸਿੰਘ ਬੀਰਾ ਦੀ ਗ੍ਰਿਫ਼ਤਾਰੀ ਅਚਨਚੇਤ ਵਾਪਰੀ ਘਟਨਾ ਹੈ।


*Visit us on the web:*
***punjabtimesusa.com***
***To Advertise with us call:***
***847-359-0746***



ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States



KARN GILL
REALTOR®
44644 Ann Arbor Rd.
Plymouth, MI 48170
(734) 612-9984
www.KarnGill.Com
KarnGill@Hotmail.Com
COLDWELL BANKER
Preferred, Realtors
Either Buying or Selling a Home in Michigan
"Always Go with the Winner"



# ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਰਥ ਅਮਰੀਕਾ



ਸ. ਪ੍ਰਕਾਸ਼ ਸਿੰਘ ਬਾਦਲ
(ਪ੍ਰਧਾਨ ਸ਼੍ਰੋਮਣੀ ਅਕਾਲੀ ਦਲ)



ਸ. ਸੁਖਬੀਰ ਸਿੰਘ ਬਾਦਲ
(ਕਾਰਜਕਾਰੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ)



ਸ. ਸੁਰਜੀਤ ਸਿੰਘ ਰੱਖੜਾ
(ਪ੍ਰਧਾਨ ਐਨ.ਆਰ.ਆਈ. ਵਿੰਗ)



ਸ. ਬਲਦੇਵ ਸਿੰਘ ਸੱਲਾਂ
(ਮੀਤ ਪ੍ਰਧਾਨ, ਅਕਾਲੀ ਦਲ, ਅਮਰੀਕਾ)

ਸ. ਕਿਰਨਜੀਤ ਸਿੰਘ (ਕਿੱਟੂ) ਬਾਵਾ ਨੂੰ ਅਕਾਲੀ ਦਲ (ਬਾਦਲ) ਦੇ ਐਨ.ਆਰ.ਆਈ. ਵਿੰਗ ਮਿਡਵੈਸਟ ਅਮਰੀਕਾ ਦਾ ਪ੍ਰਧਾਨ ਅਤੇ ਸ. ਨਰਿੰਦਰ ਸਿੰਘ ਮੁੰਦਰ ਨੂੰ ਜਨਰਲ ਸਕੱਤਰ ਨਿਯੁਕਤ ਹੋਣ ’ਤੇ

## ਲੱਖ ਲੱਖ ਵਧਾਈ



ਸ. ਮਨਜੀਤ ਸਿੰਘ ਦਸੂਹਾ
(ਪ੍ਰਧਾਨ, ਅਕਾਲੀ ਦਲ, ਅਮਰੀਕਾ)



ਸ. ਕਿਰਨਜੀਤ ਸਿੰਘ (ਕਿੱਟੂ) ਬਾਵਾ
(ਪ੍ਰਧਾਨ, ਅਕਾਲੀ ਦਲ, ਮਿਡਵੈਸਟ ਯੂਨਿਟ)
ਫੋਨ:574-320-3242



ਸ. ਨਰਿੰਦਰ ਸਿੰਘ ਮੁੰਦਰ
(ਜਨਰਲ ਸਕੱਤਰ, ਅਕਾਲੀ ਦਲ, ਮਿਡਵੈਸਟ ਯੂਨਿਟ)
ਫੋਨ:269-273-6500

**Best Wishes from**

Avtar Singh
Mukhtiar Singh
Manjit Singh
Sarwan Singh
Onkar Singh
Harbhajan Singh

Gurbachan Singh Pappu
Gurmail Singh
Gurcharan Singh
Binder Singh
Surinder Singh

Amarjit Singh
Gurdev Singh
Ramandeep Singh
Joginder Singh
Tarlok Singh
Satbir Singh

Shamsher Singh
Brham Singh
Rawel Singh
Kulbir Singh
Sukhwinder Singh
Balwinder Singh

Ajay Singh
Mankamalpreet Singh
Narinder Singh
Sarabjit Singh
Inderjit Singh Dalla

ੴ ਸਤਿਗੁਰ ਪ੍ਰਸਾਦਿ॥

# Sikh Cultural Society of Indiana

12800 Day Rd. Mishawaka, IN, 46545, Tel: (574) 255-7400

## ਗੁਰਦੁਆਰਾ ਗੁਰੂ ਨਾਨਕ ਦਰਬਾਰ, ਮਿਸ਼ਵਾਕਾ

## ਜਾਗਤਿ ਜੋਤਿ ਸਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪਵਿੱਤਰ ਪਹਿਲੇ ਪ੍ਰਕਾਸ਼ ਦਿਵਸ ਦੀ ਸਮੂਹ ਸਿੱਖ ਸੰਗਤਾਂ ਨੂੰ ਸਾਊਥਬੈਂਡ ਤੇ ਮਿਸ਼ਵਾਕਾ (ਇੰਡੀਆਨਾ) ਦੀਆਂ ਸੰਗਤਾਂ ਵਲੋਂ

# ਲੱਖ ਲੱਖ ਵਧਾਈ




ਆਓ ਸਾਰੇ ਇਸ ਪਾਵਨ ਦਿਹਾੜੇ 'ਤੇ ਗੁਰੂ ਵਲੋਂ ਦਿੱਤੀ ਮੱਤ ਨੂੰ ਧਾਰ ਕੇ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਹੋਈਏ

ਇਸ ਪਵਿਤਰ ਦਿਹਾੜੇ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਇੰਡੀਆਨਾ ਸਾਊਥਬੈਂਡ ਵਿਖੇ ਸਾਊਥਬੈਂਡ ਤੇ ਮਿਸ਼ਵਾਕਾ ਦੀਆਂ ਸੰਗਤਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦਾ ਅਰੰਭ 5 ਸਤੰਬਰ ਨੂੰ ਸਵੇਰੇ ਹੋਵੇਗਾ ਅਤੇ ਭੋਗ 7 ਸਤੰਬਰ ਦਿਨ ਸੋਮਵਾਰ ਨੂੰ 11:30 ਵਜੇ ਪਵੇਗਾ। ਉਪਰੰਤ 12:00 ਤੋਂ 12:30 ਤੱਕ ਭਾਈ ਅਮਰਜੀਤ ਸਿੰਘ (ਹੈਡ ਗ੍ਰੰਥੀ) ਅਤੇ 12:30 ਤੋਂ 2:30 ਵਜੇ ਤੱਕ ਭਾਈ ਬਲਵਿੰਦਰ ਸਿੰਘ ਰੰਗੀਲਾ (ਚੰਡੀਗੜ੍ਹ ਵਾਲੇ) ਸੰਗਤਾਂ ਨੂੰ ਸ਼ਬਦ ਕੀਰਤਨ ਨਾਲ ਨਿਹਾਲ ਕਰਨਗੇ।

**ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਮੌਕੇ ਹਾਜ਼ਰ ਹੋ ਕੇ ਗੁਰ ਸ਼ਬਦ ਦਾ ਲਾਹਾ ਲੈ ਜੀਵਨ ਸਫਲਾ ਕਰੋ ਜੀ**



ਭਾਈ ਬਲਵਿੰਦਰ ਸਿੰਘ ਰੰਗੀਲਾ (ਚੰਡੀਗੜ੍ਹ ਵਾਲੇ) ਅਤੇ ਸਾਥੀ

**ਹੋਰ ਜਾਣਕਾਰੀ ਲਈ ਕਾਲ ਕਰੋ:(574)320-3242, (574)255-7400**

ਨੋਟ:ਅਖੰਡ ਪਾਠ ਦੀ ਸੇਵਾ ਸ. ਬਿੰਦਰ ਸਿੰਘ ਗੋਜਰਾ ਬੈਂਸਾਂ ਅਤੇ ਪਰਿਵਾਰ ਵਲੋਂ ਹੋਵੇਗੀ

# ਖ਼ੂਬ ਭਰਵਾਂ ਰਿਹਾ ਸਿਨਸਿਨੈਟੀ ਦਾ ਦੂਜਾ ਖੇਡ ਮੇਲਾ

**ਸਿਨਸਿਨੈਟੀ, ਓਹਾਇਓ (ਪ੍ਰਿੰ. ਸਰਵਣ ਸਿੰਘ, ਪੰਜਾਬ ਟਾਈਮਜ਼ ਬਿਊਰੋ):**

ਮੇਲਾ ਮੇਲਾ ਕਰਦੇ ਬੇਲੀਓ,
ਹੋਇਆ 'ਕੱਠ ਬਥੇਰਾ
ਲੋਕ ਕਾਰਾਂ 'ਤੇ ਚੜ੍ਹ ਕੇ
ਆ'ਗੇ ਲਾ ਬੂੰਢੜੀ ਲਾ ਠੇਰਾ
ਝਾਤੀ ਮਾਰ ਕੇ ਜਿਧਰ ਵੇਖਦੇ
ਭਰਿਆ ਚਾਰ ਚੁਫੇਰਾ
ਜੇ ਤੈਨੂੰ ਧੁੱਪ ਲੱਗਦੀ
ਲੈ ਲੈ ਚਾਦਰਾ ਮੇਰਾ, ਜੇ ਤੈਨੂੰ...

ਖ਼ੈਰ ਚਾਦਰੇ ਲੈਣ ਦੀ ਨੌਬਤ ਤਾਂ ਨਹੀਂ ਆਈ ਪਰ ਧੁੱਪ ਵੀ ਚੜ੍ਹੀ ਤੇ ਨਿੱਕੀ ਨਿੱਕੀ ਕਣੀ ਦਾ ਮੀਂਹ ਵੀ ਪਿਆ। ਸੂਰਜ ਦੀ ਲੁਕਣਮੀਚੀ ਤੇ ਬੱਦਲਾਂ ਦੀ ਪੈੜ ਚਾਲ ਨੇ ਆਪਣੀ ਖੇਡ ਅੱਡ ਜਾਰੀ ਰੱਖੀ। ਸਿਨਸਿਨੈਟੀ ਵਾਲਿਆਂ 'ਤੇ ਕੁਦਰਤ ਮਿਹਰਬਾਨ ਰਹੀ ਜਿਸ ਕਰਕੇ ਉਨ੍ਹਾਂ ਦਾ ਦੂਜਾ ਖੇਡ ਮੇਲਾ ਵੀ ਪਹਿਲੇ ਖੇਡ ਮੇਲੇ ਵਾਂਗ ਸੁੱਕਪੱਕੇ ਵਿਚ ਸਿਰੇ ਚੜ੍ਹਿਆ। ਨਾ ਕੋਈ ਰੌਲਾ ਰੱਪਾ ਪਿਆ ਤੇ ਨਾ ਕਿਸੇ ਖਿਡਾਰੀ ਦੇ ਸੱਟ ਫੇਟ ਲੱਗੀ। ਪੰਜ ਛੇ ਸੌ ਪਰਿਵਾਰਾਂ ਦਾ ਸੋਹਣਾ ਮੇਲ ਮਿਲਾਪ ਹੋ ਗਿਆ।

ਪਿਛਲੇ ਸਾਲ ਸਿਨਸਿਨੈਟੀ ਦਾ ਪਹਿਲਾ ਖੇਡ ਮੇਲਾ ਵੀ ਮੈਂ ਵੇਖਿਆ ਸੀ। ਮੇਲੇ ਵਿਚ ਬੱਚਿਆਂ ਤੇ ਬੀਬੀਆਂ ਦਾ ਭਰਪੂਰ ਇਕੱਠ ਸੀ ਜੋ ਟੋਰਾਂਟੋ ਤੇ ਵੈਨਕੂਵਰ ਵੱਲ ਦੇ ਖੇਡ ਮੇਲਿਆਂ 'ਤੇ ਬੜਾ ਘੱਟ ਹੁੰਦੈ। ਇੰਗਲੈਂਡ ਦੇ ਕਬੱਡੀ ਮੇਲਿਆਂ ਵਿਚ ਵੀ ਔਰਤਾਂ ਤੇ ਬੱਚੇ ਬੜੇ ਘੱਟ ਜਾਂਦੇ ਨੇ। ਜਿਨ੍ਹਾਂ ਖੇਡ ਮੇਲਿਆਂ ਵਿਚ ਨਿਰੇ ਮਰਦ ਹੀ ਸ਼ਾਮਲ ਹੋਣ ਉਨ੍ਹਾਂ 'ਚ ਦਾਰੂ ਸਿੱਕਾ ਬਹੁਤ ਚਲਦੈ ਜਿਸ ਕਰਕੇ ਲੜਾਈ ਝਗੜੇ ਦਾ ਖਦਸ਼ਾ ਬਣਿਆ ਰਹਿੰਦੈ। ਜਿਨ੍ਹਾਂ ਮੇਲਿਆਂ 'ਚ ਸਮੁੱਚੇ ਪਰਿਵਾਰ ਸ਼ਾਮਲ ਹੁੰਦੇ ਹਨ ਉਥੇ ਮਰਿਆਦਾ ਬਣੀ ਰਹਿੰਦੀ ਹੈ ਤੇ ਮੇਲਾ ਸੁੱਖ-ਸ਼ਾਂਤੀ ਨਾਲ ਸਿਰੇ ਚੜ੍ਹਦੈ। ਸ਼ਿਕਾਗੋ ਤੇ ਆਲੇ-ਦੁਆਲੇ ਲੱਗਣ ਵਾਲੇ ਪੰਜਾਬੀ ਖੇਡ ਮੇਲੇ ਮੈਨੂੰ ਪਰਿਵਾਰਕ ਮੇਲੇ ਲੱਗੇ ਹਨ।

ਸਿਨਸਿਨੈਟੀ ਤਿੰਨ ਸਟੇਟਾਂ ਇੰਡੀਆਨਾ, ਕੈਂਟੱਕੀ ਤੇ ਓਹਾਇਓ ਦੀ ਹੱਦ ਉਤੇ ਵਸਿਆ ਹੋਇਆ ਹੈ। ਇਥੇ ਅਮਰੀਕਨ ਏਅਰ ਫੋਰਸ ਦਾ ਤਕੜਾ ਬੇਸ ਹੈ। ਇਸ ਦੇ ਆਲੇ ਦੁਆਲੇ ਹਜ਼ਾਰ ਕੁ ਪੰਜਾਬੀ ਪਰਿਵਾਰ ਰਹਿੰਦੇ ਹਨ। ਜ਼ਮੀਨ, ਮਕਾਨ, ਗੈਸ ਸਟੇਸ਼ਨ ਤੇ ਸਟੋਰ ਨਿਸਬਤਨ ਸਸਤੇ ਹਨ ਤੇ ਟੈਕਸ ਵੀ ਕੁਝ ਘੱਟ ਹਨ। ਨਿਊ ਯਾਰਕ ਤੇ ਕੈਲੀਫੋਰਨੀਆ ਵੱਲੋਂ ਕਾਫੀ ਪੰਜਾਬੀ ਪਰਿਵਾਰ ਏਧਰ ਧਾਈਆਂ ਕਰ ਰਹੇ ਹਨ।

ਪਿਛਲੇ ਸਾਲ ਮੈਂ ਟੋਰਾਂਟੋ ਤੋਂ ਅਠਾਰਾਂ ਸੀਟਾਂ ਵਾਲੇ ਛੋਟੇ ਹਵਾਈ ਜਹਾਜ਼ 'ਤੇ ਡੇਅਟਨ ਗਿਆ ਸਾਂ ਜਿਥੋਂ ਮੈਨੂੰ ਗੁਰਿੰਦਰ ਢਿੱਲੋਂ, ਗਿੱਲ ਤੇ ਮਾਵੀ ਹੋਰੀਂ ਸਿਨਸਿਨੈਟੀ ਲੈ ਗਏ ਸਨ। ਜਹਾਜ਼ ਹਵਾ 'ਚ ਡੋਲਦਾ ਗਿਆ ਸੀ। ਏਨੇ ਛੋਟੇ ਜਹਾਜ਼ 'ਤੇ ਸਫ਼ਰ ਕਰਨ ਦਾ ਉਹ ਮੇਰਾ ਪਹਿਲਾ ਤਜਰਬਾ ਸੀ। ਮੈਨੂੰ ਲੱਗਦਾ ਰਿਹਾ ਜਹਾਜ਼ ਡਿੱਗਾ ਕਿ ਡਿੱਗਾ। ਮੈਂ ਮੇਲੇ ਬਾਰੇ ਲਿਖਦਿਆਂ ਜ਼ਿਕਰ ਕੀਤਾ ਸੀ, ਜੇ ਜਹਾਜ਼ ਡਿੱਗ ਪੈਂਦਾ ਤਾਂ ਪੰਜਾਬੀ ਦੇ ਅਖ਼ਬਾਰਾਂ ਨੇ ਲਿਖਣਾ ਸੀ, ਅਗਲੀ ਵਾਰ ਪ੍ਰਿੰਸੀਪਲ ਦਾ ਲੇਖ ਪੜ੍ਹ ਲਿਓ, "ਜਦੋਂ ਮੈਂ ਜਹਾਜ਼ ਤੋਂ ਡਿੱਗਾ!" ਉਸ ਦੇ ਪਿੰਡ 'ਚ ਉਸ ਨੂੰ ਢੱਟੇ ਨੇ ਢਾਹ ਲਿਆ ਸੀ ਤੇ ਉਹਨੇ ਲਿਖਿਆ ਸੀ, "ਜਦੋਂ ਮੈਨੂੰ ਢੱਟੇ ਨੇ ਢਾਹਿਆ।" ਉਹ ਉਹਦੀ ਕਿਤਾਬ 'ਫੇਰੀ ਵਤਨਾਂ ਦੀ' ਵਿਚ ਦਰਜ ਹੈ।



ਐਤਕੀਂ ਗੁਰਿੰਦਰ ਢਿੱਲੋਂ ਨੇ ਟੋਰਾਂਟੋ ਰਹਿੰਦੇ ਗੜ੍ਹੀ ਮਹਾਂ ਸਿੰਘ ਦੇ ਗਾਇਕ ਗੀਤੇ ਜ਼ੈਲਦਾਰ ਨੂੰ ਕਹਿ ਦਿੱਤਾ ਸੀ ਕਿ ਉਹੀ ਮੈਨੂੰ ਵੈਨ ਵਿਚ ਬਹਾਈ ਲਿਆਵੇ। ਵੈਨ 'ਤੇ ਟੋਰਾਂਟੋ ਤੋਂ ਸਿਨਸਿਨੈਟੀ ਸੱਤ ਅੱਠ ਘੰਟਿਆਂ ਦਾ ਰਾਹ ਹੈ। ਮੈਂ ਗੱਡੇ, ਬੋਤੇ, ਸਾਈਕਲਾਂ ਤੇ ਟ੍ਰੈਕਟਰਾਂ ਟਰਾਲੀਆਂ 'ਤੇ ਚੜ੍ਹਦਾ ਹਵਾਈ ਜਹਾਜ਼ਾਂ ਦਾ ਸਵਾਰ ਬਣਿਆ ਹਾਂ। ਅਸੀਂ ਇਕ ਵਜੇ ਡੇਅਟਨ ਦੇ ਬੁੱਕ ਕੀਤੇ ਹੋਟਲ ਵਿਚ ਪਹੁੰਚ ਸਕੇ। ਰਸਤੇ ਵਿਚ ਕੁਝ ਕਸਬੇ ਤੇ ਸ਼ਹਿਰ ਆਏ ਤੇ ਹਰੀ ਪੱਧਰੀ ਧਰਤੀ ਦੇ ਦਰਸ਼ਨ ਹੁੰਦੇ ਗਏ। ਹਜ਼ਾਰਾਂ ਏਕੜਾਂ 'ਚ ਬੀਜੀ ਸੰਘਣੀ ਮੱਕੀ ਛੱਲੀਆਂ 'ਤੇ ਆਈ ਹੋਈ ਸੀ। ਡੇਅਟਨ ਤੋਂ ਖੇਡ ਮੇਲੇ 'ਚ ਜਾਂਦਿਆਂ ਇਕ ਘੰਟਾ ਹੋਰ ਲੱਗ ਗਿਆ।

ਅਮਰੀਕਾ ਦੇ ਪੰਜਾਬੀ ਖੇਡ ਅਤੇ ਸਭਿਆਚਾਰਕ ਮੇਲਿਆਂ ਦੇ ਨਕਸ਼ੇ ਉਤੇ ਦੋ ਸਾਲ ਪਹਿਲਾਂ ਤਾਂ ਸਿਨਸਿਨੈਟੀ ਦਾ ਨਾਂ ਲੱਭਣਾ ਔਖਾ ਸੀ ਪਰ ਇਨ੍ਹਾਂ ਦੋ ਸਾਲਾਂ ਵਿਚ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸਿਨਸਿਨੈਟੀ ਦੇ ਉਦਮ ਨਾਲ ਇਸ ਪੱਖੋਂ ਸਿਨਸਿਨੈਟੀ ਦਾ ਵਾਹਵਾ ਨਾਂ ਹੋ ਗਿਆ ਹੈ। ਇਨ੍ਹਾਂ ਦੋ ਸਾਲਾਂ ਵਿਚ ਨਾ ਸਿਰਫ ਸਭਿਆਚਾਰਕ ਪ੍ਰੋਗਰਾਮ ਹੀ ਕਰਵਾਏ ਗਏ ਸਗੋਂ ਦੋ ਵੱਡੇ ਖੇਡ ਮੇਲੇ ਵੀ। ਇਸ ਸਾਲ ਦੇ ਖੇਡ ਮੇਲੇ ਵਿਚ ਕਬੱਡੀ ਦੀਆਂ ਛੇ ਅਤੇ ਵਾਲੀਬਾਲ ਦੀਆਂ 18 ਟੀਮਾਂ ਦਾ ਸ਼ਾਮਲ ਹੋਣਾ ਆਪਣੇ ਆਪ ਵਿਚ ਇਸ ਖੇਡ ਮੇਲੇ ਦੇ ਭਰਪੂਰ ਹੋਣ ਵੱਲ ਸੰਕੇਤ ਹਨ।

ਮੇਲੇ ਵਿਚ ਨਾ ਸਿਰਫ ਓਹਾਇਓ ਸਗੋਂ ਨਿਊ ਯਾਰਕ, ਨਿਊ ਜਰਸੀ, ਪੈਨਸਿਲਵੇਨੀਆ, ਇੰਡੀਆਨਾ, ਮਿਸ਼ੀਗਨ, ਸ਼ਿਕਾਗੋ ਤੇ ਮਿਲਵਾਕੀ ਤੋਂ ਵੀ ਦਰਸ਼ਕ ਪਹੁੰਚੇ।

ਮੇਲੇ ਦਾ ਅਰੰਭ ਗੁਰੂ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਨਾਲ ਹੋਇਆ। ਸਵੇਰ ਵੇਲੇ ਬੱਦਲਵਾਈ ਅਤੇ ਹਵਾ ਕਾਰਨ ਗਰਮੀ ਦੀ ਇਸ ਰੁੱਤ ਵਿਚ ਵੀ ਦੰਦੋੜਿੱਕੇ ਵਾਲੀ ਠੰਡ ਸੀ ਪਰ ਜਿਉਂ ਜਿਉਂ ਦਿਨ ਅੱਗੇ ਵਧਦਾ ਗਿਆ ਮੌਸਮ ਵੀ ਨਿੱਘਾ ਹੁੰਦਾ ਗਿਆ। ਜੇ ਕੋਈ ਕਸਰ ਬਾਕੀ ਸੀ ਤਾਂ ਗਰਮਾ-ਗਰਮ ਚਾਹ, ਗਰਮਾ-ਗਰਮ ਜਲੇਬੀਆਂ ਤੇ ਸਮੋਸਿਆਂ ਨੇ ਪੂਰੀ ਕਰ ਦਿਤੀ।



ਇਸ ਖੇਡ ਮੇਲੇ ਵਿਚ ਗਿਣਤੀ ਪੱਖੋਂ ਸਭ ਤੋਂ ਵੱਧ ਟੀਮਾਂ ਵਾਲੀਬਾਲ ਦੀਆਂ ਸਨ ਪਰ ਦਰਸ਼ਕਾਂ ਦੇ ਉਤਸ਼ਾਹ ਪੱਖੋਂ ਬਾਜੀ ਕਬੱਡੀ ਦੇ ਹੱਕ ਵਿਚ ਹੀ ਗਈ। ਇਨ੍ਹਾਂ ਦੋਹਾਂ ਖੇਡਾਂ ਤੋਂ ਇਲਾਵਾ ਨੰਨ੍ਹੇ ਮੁੰਨੇ ਚਾਰ ਸਾਲ ਤੱਕ ਦੇ ਬੱਚਿਆਂ ਦੀਆਂ ਦੌੜਾਂ ਤੋਂ ਲੈ ਕੇ ਵੱਡੀ ਉਮਰ ਦੇ ਮੁੰਡਿਆਂ ਅਤੇ ਕੁੜੀਆਂ ਦੀਆਂ ਦੌੜਾਂ, ਸੌਕਰ, ਬਾਸਕਿਟਬਾਲ, ਰੱਸਾਕਸ਼ੀ, ਗੋਲਾ, ਬੱਚਿਆਂ ਦੀਆਂ ਦੌੜਾਂ, ਬਾਬਿਆਂ ਦੀ ਦੌੜ, ਰੱਸੀ ਟੱਪਣਾ, ਚਮਚਾ ਦੌੜ, ਤਿੰਨ ਟੰਗੀ ਦੌੜ ਤੇ ਮਿਊਜ਼ੀਕਲ ਚੇਅਰ ਰੇਸ ਅਤੇ ਹੋਰ ਖੇਡਾਂ ਦੇ ਮੁਕਾਬਲੇ ਕਰਵਾਏ ਗਏ।

ਜੇਤੂਆਂ ਨੂੰ ਟਰਾਫੀਆਂ ਦੇ ਕੇ ਨਿਵਾਜਿਆ ਗਿਆ। ਕਬੱਡੀ ਦਾ ਇਕ ਦਿਲਚਸਪ ਸ਼ੋਅ ਮੈਚ ਵੀ ਹੋਇਆ ਜਿਸ ਵਿਚ ਸਿਨਸਿਨੈਟੀ ਦੇ ਹੀ ਬੱਚਿਆਂ ਨੇ ਹਿੱਸਾ ਲਿਆ ਜੋ ਕਿ ਸਾਰੇ ਇਥੋਂ ਦੇ ਹੀ ਜੰਮਪਲ ਸਨ। ਸੱਤ ਤੋਂ ਸੋਲਾਂ ਸਾਲ ਦੀ ਉਮਰ ਦੇ ਇਨ੍ਹਾਂ ਬੱਚਿਆਂ ਵਿਚ ਕਬੱਡੀ ਦਾ ਸ਼ੌਕ ਵੇਖ ਕੇ ਵੱਡੀ ਉਮਰ ਦੇ ਕਬੱਡੀ ਦੇ ਸ਼ੌਕੀਨ ਖੁਸ਼ ਹੋ ਰਹੇ ਸਨ। ਛੋਟੇ ਛੋਟੇ ਬੱਚੇ ਵੀ ਰੇਡਰਾਂ ਅਤੇ ਸਟਾਪਰਾਂ ਦੀ ਗੱਲ ਕਰ ਰਹੇ ਸਨ। ਛੋਟੇ ਬੱਚਿਆਂ ਵਿਚ ਕਬੱਡੀ ਪ੍ਰਤੀ ਅਜਿਹੀ ਦਿਲਚਸਪੀ ਘੱਟ ਹੀ ਨਜ਼ਰ ਆਇਆ ਕਰਦੀ ਹੈ।

ਮੇਲਾ ਵਾਇਸ ਆਫ਼ ਅਮੈਰਿਕਾ ਪਾਰਕ, ਵੈਸਟਚੈਸਟਰ ਵਿਚ ਸੀ। ਪਾਰਕਿੰਗ ਹਾਤੇ 'ਚ ਸੈਂਕੜੇ ਕਾਰਾਂ ਖੜ੍ਹੀਆਂ ਸਨ। ਲੱਗਦਾ ਸੀ ਮੇਲਾ ਪਹਿਲੇ ਸਾਲ ਨਾਲੋਂ ਦੂਣਾ ਭਰਿਐ। ਮਾਈਕ ਤੋਂ ਹਰਬੰਸ ਗਿੱਲ ਆਇਆਂ ਗਿਆਂ ਨੂੰ ਜੀ ਆਇਆਂ ਕਹਿ ਰਿਹਾ ਸੀ ਤੇ ਟੀਮਾਂ ਨੂੰ ਸੱਦੇ ਦੇ ਰਿਹਾ ਸੀ। ਦਾਨੀਆਂ ਦੇ ਨਾਂ ਬੋਲ ਕੇ ਉਨ੍ਹਾਂ ਦਾ ਧੰਨਵਾਦ ਕੀਤਾ ਜਾ ਰਿਹਾ ਸੀ। ਝੰਡੇ ਝੂਲ ਰਹੇ ਸਨ ਤੇ ਕੱਪ ਲਿਸ਼ਕਾਂ ਮਾਰ ਰਹੇ ਸਨ। ਸਪਾਂਸਰਾਂ ਦਾ ਸਨਮਾਨ ਕਰਨ ਲਈ ਦਰਜਨਾਂ ਪਲੇਕਾਂ ਪਈਆਂ ਸਨ। ਕਿਧਰੇ ਕਬੱਡੀ ਖੇਡੀ ਜਾ ਰਹੀ ਸੀ, ਕਿਧਰੇ ਵਾਲੀਬਾਲ ਤੇ ਕਿਧਰੇ ਬੱਚਿਆਂ ਦੀਆਂ ਦੌੜਾਂ ਲੱਗ ਰਹੀਆਂ ਸਨ। ਮੱਖਣ ਸਿੰਘ ਹਕੀਮਪੁਰੀ ਦੀ ਕੁਮੈਂਟਰੀ ਗੂੰਜ ਰਹੀ ਸੀ-ਧਰਿਆ ਧੌਣ 'ਤੇ ਹੱਥ, ਭਰੀਆਂ ਬਗਲਾਂ, ਮਾਰੀ ਕੈਂਚੀ, ਪਾਇਆ ਲੱਕ ਨੂੰ ਲਪੇਟਾ, ਵਾਹ ਬਈ ਵਾਹ!

ਜਦੋਂ ਕੋਈ ਧਾਵੀ ਹੰਦਿਆਂ 'ਤੇ ਆ ਕੇ ਭੁਲੇਖਾ ਖਾਂਦਾ ਤਾਂ ਉਹ ਕਹਿੰਦਾ-ਰਾਹ ਭੁੱਲਗੀ ਮੋੜ 'ਤੇ ਆ ਕੇ ਲੰਮੀ ਸੀਟੀ ਮਾਰ ਮਿੱਤਰਾ।

ਸ਼ਾਮ ਨੂੰ ਗਾਇਕੀ ਦਾ ਅਖਾੜਾ ਸੀ। ਲੰਗਰ ਵਰਤ ਰਿਹਾ ਸੀ ਜਿਸ ਵਿਚ ਚਾਹ ਪਾਣੀ ਤੋਂ ਲੈ ਕੇ ਬੱਕਰੇ ਦਾ ਮੀਟ ਤੇ ਨਾਨ ਭਟੂਰੇ ਸਨ। ਫਲ ਫਰੂਟ ਵਾਧੂ ਸੀ। ਮੱਕੀ ਦੇ ਦਾਣੇ ਭੁੰਨਣ ਵਾਲੀ ਮਸ਼ੀਨ ਲਿਆਂਦੀ ਖੜ੍ਹੀ ਸੀ। ਪਾਣੀ ਦੀਆਂ ਬੰਦ ਬੋਤਲਾਂ ਤੇ ਠੰਢੇ ਮਿੱਠਿਆਂ ਦੀ ਭਰਮਾਰ ਸੀ। ਪਕੌੜਿਆਂ ਦੀ ਕਰਾਰੀ ਵਾਸ਼ਨਾ ਤੇ ਦਾਲ ਭਾਜੀ ਨੂੰ ਲੱਗ ਰਹੇ ਤੜਕੇ ਦੀਆਂ ਮਹਿਕਾਂ ਖਿਲਰ ਰਹੀਆਂ ਸਨ। ਵਿਚੇ ਵੈਜੀਟੇਰੀਅਨ ਸੀ ਤੇ ਵਿਚੇ ਨਾਨ ਵੈਜੀਟੇਰੀਅਨ। ਦੁਪਹਿਰ ਬਾਰਾਂ ਵਜੇ ਤੋਂ ਤਿੰਨ ਵਜੇ ਤੱਕ ਭੋਜਨ-ਪਾਣੀ ਬਿਲਕੁਲ ਮੁਫਤ ਸੀ। ਵਗਦੀ ਹਵਾ 'ਚ ਬਾਬਿਆਂ ਦੀਆਂ ਦਾੜ੍ਹੀਆਂ ਲਹਿਰਾ ਰਹੀਆਂ ਸਨ ਤੇ ਬੀਬੀਆਂ ਦੀਆਂ ਚੁੰਨੀਆਂ ਦੇ ਪੱਲੇ ਉੱਡ ਰਹੇ ਸਨ।

ਲੁਕਵੀਂ ਛਿਪਵੀਂ ਲਾਉਣ ਵਾਲੇ ਕਾਰਾਂ ਦੀਆਂ ਡਿੱਕੀਆਂ 'ਚ ਸਿਰ ਦੇਈ ਖੜ੍ਹੇ ਸਨ। ਇਕ ਜਣਾ ਦੂਜੇ ਦਾ ਉਹਲਾ ਬਣਿਆ ਖੜ੍ਹਾ ਸੀ।













ਬੀਬੀਆਂ ਲਈ ਕਰਵਾਈਆਂ ਗਈਆਂ ਖੇਡਾਂ ਵਿਚ ਦੌੜਾਂ, ਗੋਲਾ ਸੁੱਟਣ ਅਤੇ ਵਾਲੀਬਾਲ ਦੇ ਮੁਕਾਬਲੇ ਸ਼ਾਮਲ ਸਨ। ਮਹਿਲਾਵਾਂ ਦੀ ਵਾਲੀਬਾਲ ਦਾ ਪਹਿਲਾ ਇਨਾਮ ਸਿਨਸਿਨੈਟੀ ਦੀ ਟੀਮ ਨੇ ਜਿੱਤਿਆ ਜਿਸ ਲਈ 1100 ਡਾਲਰ ਦਾ ਨਕਦ ਅਤੇ ਟਰਾਫੀ ਨਿੰਮਾ ਗਰੇਵਾਲ ਨੇ ਦਿੱਤੇ। ਦੂਜਾ ਇਨਾਮ ਡੇਅਟਨ ਦੀ ਟੀਮ ਦੇ ਹਿੱਸੇ ਆਇਆ ਇਸ ਲਈ 700 ਡਾਲਰ ਨਕਦ ਅਤੇ ਟਰਾਫੀ ਅਵਤਾਰ ਸਿੰਘ ਸਪਰਿੰਗਫੀਲਡ ਨੇ ਦਿੱਤੇ।

ਬੱਚਿਆਂ ਦੀ ਬਾਸਕਿਟਬਾਲ ਦੇ ਵੀ ਇਨਾਮੀ ਮੁਕਾਬਲੇ ਹੋਏ। 500 ਡਾਲਰ ਦਾ ਪਹਿਲਾ ਇਨਾਮ ਤੇ ਟਰਾਫੀ ਸਿਨਸਿਨੈਟੀ 'ਏ' ਟੀਮ ਨੇ ਜਿਤਿਆ ਜਦੋਂਕਿ ਅਮਰਜੀਤ ਅਗਰਵਾਲ ਵਲੋਂ ਸਪਾਂਸਰ ਕੀਤਾ ਗਿਆ 300 ਡਾਲਰ ਦਾ ਨਕਦ ਇਨਾਮ ਅਤੇ ਟਰਾਫੀ ਸਿਨਸਿਨੈਟੀ 'ਬੀ' ਦੇ ਹਿੱਸੇ ਆਏ।

ਖੇਡ ਮੇਲੇ ਵਿਚ ਇਕ ਲੱਕੀ ਡਰਾਅ ਵੀ ਕੱਢਿਆ ਗਿਆ ਜਿਸ ਵਿਚ 42 ਇੰਚ ਦਾ ਫਲੈਟ ਸਕਰੀਨ ਟੀ.ਵੀ. ਪਹਿਲਾ, ਲੈਪਟਾਪ ਦੂਜਾ ਅਤੇ ਪਲੇਅ ਸਟੇਸ਼ਨ ਤੀਜਾ ਇਨਾਮ ਸੀ। ਪਹਿਲਾ ਇਨਾਮ ਇੰਡੀਆਨਾ ਦੇ ਇਕ ਵਿਅਕਤੀ ਨੇ ਜਿਤਿਆ ਜਦੋਂਕਿ ਦੂਜਾ ਪੂਨਮ ਬੈਨੀਪਾਲ ਅਤੇ ਤੀਜਾ ਇਨਾਮ ਅਮਰਜੀਤ ਅਗਰਵਾਲ ਦੇ ਹਿੱਸੇ ਆਇਆ।

ਮਰਦਾਂ ਦੇ ਬਾਸਕਿਟਬਾਲ ਮੁਕਾਬਲਿਆਂ ਵਿਚ 700 ਡਾਲਰ ਦਾ ਪਹਿਲਾ ਇਨਾਮ ਇੰਡੀਅਨਐਪੋਲਿਸ 'ਏ' ਟੀਮ ਨੇ ਅਤੇ ਦੂਜਾ 500 ਡਾਲਰ ਦਾ ਇਨਾਮ ਇੰਡੀਅਨਐਪੋਲਿਸ ਦੀ ਹੀ 'ਬੀ' ਟੀਮ ਨੇ ਜਿਤਿਆ। ਪਹਿਲਾ ਇਨਾਮ

ਅਮਰਜੀਤ ਤੱਖਰ ਤੇ ਪਰਮਿੰਦਰ ਤੱਖਰ ਨੇ ਅਤੇ ਦੂਜਾ ਇਨਾਮ ਗੁਰਮਿੰਦਰ ਸਿੰਘ ਸੰਧੂ ਨੇ ਸਪਾਂਸਰ ਕੀਤਾ ਸੀ।

ਮਰਦਾਂ ਦੇ ਵਾਲੀਬਾਲ ਮੁਕਾਬਲਿਆਂ ਲਈ ਆਈਆਂ 18 ਟੀਮਾਂ ਦੇ ਚਾਰ ਪੂਲ ਬਣਾਏ ਗਏ ਸਨ ਇਨ੍ਹਾਂ ਟੀਮਾਂ ਵਿਚ ਸਿਨਸਿਨੈਟੀ, ਕੈਲੀਫੋਰਨੀਆ, ਕੈਨੇਡਾ, ਸ਼ਿਕਾਗੋ ਅਤੇ ਕਲੀਵਲੈਂਡ ਤੋਂ ਵੀ ਆਈਆਂ ਟੀਮਾਂ ਸ਼ਾਮਲ ਸਨ। ਸ਼ਿਕਾਗੋ ਦੀ ਟੋਨੀ ਸੰਘੇੜਾ ਦੀ ਟੀਮ ਪਹਿਲੇ ਨੰਬਰ 'ਤੇ ਰਹੀ ਅਤੇ ਸੁਰਜੀਤ ਸਿੰਘ ਮਾਵੀ ਵਲੋਂ ਸਪਾਂਸਰ ਕੀਤਾ ਗਿਆ 1500 ਡਾਲਰ ਦਾ ਇਨਾਮ ਅਤੇ ਟਰਾਫੀ ਲੈਣ ਦੀ ਹੱਕਦਾਰ ਬਣੀ। ਟਿਵਾਣਾ ਪੈਟਰੋਲੀਅਮ ਵਲੋਂ ਸਪਾਂਸਰ ਕੀਤਾ ਗਿਆ ਦੂਜਾ ਇਨਾਮ ਪੰਜਾਬ ਸਪੋਰਟਸ ਕਲੱਬ ਓਹਾਇਓ ਦੇ ਹਿੱਸੇ ਆਇਆ। ਵਾਲੀਬਾਲ ਦਾ ਫਾਈਨਲ ਮੁਕਾਬਲਾ ਬਹੁਤ ਹੀ ਦਿਲਚਸਪ ਰਿਹਾ। ਸਾਕਰ ਦੇ ਮੁਕਾਬਲੇ ਵਿਚ ਸਿਨਸਿਨੈਟੀ ਨੇ ਪਹਿਲਾ ਅਤੇ ਡੇਅਟਨ ਨੇ ਦੂਜਾ ਇਨਾਮ ਜਿਤਿਆ।

ਹਰ ਪੰਜਾਬੀ ਮੇਲੇ ਵਾਂਗ ਇਸ ਖੇਡ ਮੇਲੇ ਵਿਚ ਵੀ ਦਰਸ਼ਕਾਂ ਦੀ ਸਭ ਤੋਂ ਵੱਧ ਦਿਲਚਸਪੀ ਕਬੱਡੀ ਦੇ ਮੈਚਾਂ ਵਿਚ ਸੀ। ਮੈਚ ਵੀ ਚੰਗੇ ਫਸਵੇਂ ਸਨ। ਕਬੱਡੀ ਨੇ ਦਰਸ਼ਕਾਂ ਨੂੰ ਰੱਜ ਕੇ ਨਿਹਾਲ ਕੀਤਾ ਤੇ ਉਨ੍ਹਾਂ ਨੇ ਵੀ ਖਿਡਾਰੀਆਂ ਤੋਂ ਡਾਲਰ ਵਾਰਨ ਦੀ ਕਸਰ ਨਹੀਂ ਛੱਡੀ। ਕਬੱਡੀ ਓਪਨ ਦੇ ਫਾਈਨਲ ਵਿਚ ਪੰਜਾਬ ਸਪੋਰਟਸ ਗੋਲਡ ਕਲੱਬ, ਓਹਾਇਓ ਪਹਿਲਾ ਇਨਾਮ ਜਿੱਤਣ ਵਿਚ ਕਾਮਯਾਬ ਰਹੀ ਜਦੋਂਕਿ ਦੂਜਾ ਇਨਾਮ ਇੰਡੀਅਨਐਪੋਲਿਸ ਦੀ ਟੀਮ ਦੇ ਹਿੱਸੇ ਆਇਆ। 5100 ਡਾਲਰ ਦਾ ਪਹਿਲਾ ਇਨਾਮ ਅਮਨਦੀਪ ਸਿੰਘ ਧਾਰਨੀ ਵਲੋਂ ਦਿੱਤਾ ਗਿਆ ਸੀ ਜਦੋਂਕਿ 3100 ਡਾਲਰ ਨਕਦ ਅਤੇ ਟਰਾਫੀ ਦਾ ਦੂਜਾ ਇਨਾਮ ਗੁਰਮੁੱਖ ਸਿੰਘ ਭੱਟੀ (ਨਿਊ ਯਾਰਕ ਅਪ ਸਟੇਟ) ਵਲੋਂ ਸਪਾਂਸਰ ਕੀਤਾ ਗਿਆ ਸੀ।

ਹੋਰ ਤਸਵੀਰਾਂ ਸਫਾ 20 ਤੇ 21 ਉਤੇ

ਮੇਲੇ ਦੇ ਸਭਿਆਚਾਰਕ ਹਿੱਸੇ ਵਿਚ ਮਿਸ ਪੂਜਾ ਨਾਲ 'ਸੀਟੀ ਮਾਰ ਕੇ ਬੁਲਾਉਣੋਂ ਹਟ ਜਾ...' ਗੀਤ ਗਾ ਕੇ ਮਸ਼ਹੂਰ ਹੋਏ ਗੀਤੇ ਜੈਲਦਾਰ ਅਤੇ ਮਿਸ ਪ੍ਰਿਆ ਕੌਰ ਨੇ ਗਾਇਕੀ ਦੇ ਅਖਾੜੇ ਦਾ ਚੰਗਾ ਰੰਗ ਬੰਨ੍ਹਿਆ ਅਤੇ ਸਰੋਤਿਆਂ ਦਾ ਦਿਲ ਲੁੱਟਿਆ। ਚਾਂਦੀ ਰੰਗੇ ਸਤਾਰਿਆਂ ਵਾਲੇ ਨੀਲੇ ਸੂਟ 'ਚ ਸਜੀ ਪ੍ਰਿਆ ਕੌਰ ਨੇ 'ਲਾਜ ਮੇਰੀ ਰੱਖਿਓ' ਗਾ ਕੇ ਸੂਈ 'ਦਿਲ ਲੈ ਗਿਆ, ਹਾਏ ਵੇ ਦਿਲ ਲੈ ਗਿਆ' ਉਤੇ ਧਰ ਦਿੱਤੀ। ਫਿਰ ਗਾਉਣ ਲੱਗੀ- ਕੋਈ ਡਾਲਰਾਂ ਤੇ ਮਰਦੀ, ਕੋਈ ਜੁਆਨੀ 'ਤੇ ਮਰਦੀ, ਕੋਈ ਸੂਟਾਂ 'ਤੇ ਮਰਦੀ ਤੇ ਕੋਈ ਲਿਸ਼ ਲਿਸ਼ ਕਰਦੇ ਫੌਜੀਆਂ ਦੇ ਬੂਟਾਂ 'ਤੇ ਮਰਦੀ...।

ਫਿਰ ਹੈਪੀ ਹੀਰ ਨੇ ਗੀਤੇ ਜ਼ੈਲਦਾਰ ਨੂੰ ਦਰਸ਼ਕਾਂ ਦੇ ਸਨਮੁੱਖ ਕੀਤਾ। ਗੁਰਦਾਸ ਮਾਨ ਵਾਂਗ ਬਣਦਾ ਫੱਬਦਾ ਉਹ ਗਾਇਕ ਪਹਿਲੇ ਬੋਲ ਨਾਲ ਹੀ ਪੰਡਾਲ ਵਿਚ ਛਾ ਗਿਆ। ਉਸ ਨੇ ਗਾਇਆ-ਟਲ ਜਾ ਸ਼ੁਕੀਨਾਂ, ਪੂਰਾ ਹੋ ਗਿਆ ਮਹੀਨਾ, ਤੂੰ ਜਾਣ ਕੇ ਗਲੀ 'ਚ ਸਾਡੇ ਗੇੜੇ ਮਾਰਦੈਂ...। ਕੁੜੀ ਦੇ ਨਾਗਾਂ ਵਰਗੇ ਨੈਣ, ਕੁੜੀ ਦੇ...। ਚਿੱਟੇ ਸੂਟ 'ਤੇ ਦਾਗ਼ ਪੈ ਗਏ, ਗਲੀ ਤੇਰੀ ਵਿਚ ਗਾਰਾ, ਕਣੀਆਂ 'ਚ ਮੈਂ ਭਿੱਜ ਗਈ ਤੈਨੂੰ ਮਿਲਣ ਆਉਂਦੀ ਦਿਲਦਾਰਾ...। ਲਗਭਗ ਇਕ ਘੰਟਾ ਗਾ ਕੇ ਉਸ ਨੇ ਆਪਣੇ ਪਾਪੂਲਰ ਗੀਤ ਸੀਟੀ ਮਾਰ ਕੇ ਬੁਲਾਉਣੋਂ ਹੱਟ ਜਾਹ, ਤੂੰ ਵੀ ਵੰਗਾਂ ਛਣਕਾਉਣੋਂ ਹਟ ਜਾਹ... ਨਾਲ ਬੱਸ ਕੀਤੀ।

ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਵਿਚ ਖੇਡ ਮੇਲੇ ਦੇ ਮੁੱਖ ਮਹਿਮਾਨ ਹੋਟਲ/ਮੋਟਲ ਮਾਲਕ ਹਰਵਿੰਦਰ ਸਿੰਘ ਵਾਲੀਆ ਨੇ ਹੱਥ ਵਟਾਇਆ, ਜੋ ਆਪਣੇ ਸਾਥੀਆਂ ਨਾਲ ਉਚੇਚਾ ਨਿਊ ਯਾਰਕ ਤੋਂ ਇਥੇ ਪਹੁੰਚੇ ਸਨ।


ਮੇਲੇ ਵਿਚ ਤਹਿਰਾਨ ਦੀਆਂ ਏਸ਼ਿਆਈ ਖੇਡਾਂ 'ਚੋਂ ਚਾਂਦੀ ਦਾ ਤਮਗ਼ਾ ਜਿੱਤਣ ਵਾਲਾ ਨਿਰਮਲ ਸਿੰਘ ਵੀ ਆਇਆ ਤੇ ਭਾਰਤੀ ਕਿਸਾਨ ਯੂਨੀਅਨ ਦੇ ਸਾਬਕਾ ਪ੍ਰਧਾਨ ਤੇ ਰਾਜ ਸਭਾ ਦੇ ਸਾਬਕਾ ਮੈਂਬਰ ਭੁਪਿੰਦਰ ਸਿੰਘ ਮਾਨ ਨੇ ਵੀ ਦਰਸ਼ਨ ਦਿੱਤੇ। ਨਿਊ ਯਾਰਕ ਤੋਂ ਜਗੀਰ ਸਿੰਘ ਸਬਜ਼ੀ ਮੰਡੀ ਪੂਰਾ ਜਥਾ ਲੈ ਕੇ ਢੁੱਕਾ। ਪ੍ਰਧਾਨ ਸੇਖੋਂ ਦੇ ਤਿੰਨੇ ਬੇਟੇ ਸੁਖਵਿੰਦਰ, ਰਾਜਵਿੰਦਰ ਤੇ ਛਿੰਦਰਪਾਲ ਬੀਵੀਆਂ ਤੇ ਬੱਚਿਆਂ ਸਮੇਤ ਬਿਰਾਜਮਾਨ ਸਨ। 20 ਸਤੰਬਰ 2009 ਨੂੰ ਨਿਊਯਾਰਕ ਵਿਚ ਕਬੱਡੀ ਦਾ ਕੌਮਾਂਤਰੀ ਟੂਰਨਾਮੈਂਟ ਕਰਾ ਰਹੇ ਮਹਿੰਦਰ ਸਿੰਘ ਸਿੱਧੂ ਦਾ ਸੱਦਾ ਸੀ ਕਿ ਖਿਡਾਰੀ ਤੇ ਦਰਸ਼ਕ ਨਿਊਯਾਰਕ ਵੀ ਪੁੱਜਣ।

ਅਕਾਲੀ ਦਲ (ਬਾਦਲ) ਦੇ ਐਨ.ਆਰ.ਆਈ. ਵਿੰਗ ਮਿਡਵੈਸਟ ਦੇ ਨਵੇਂ ਨਿਯੁਕਤ ਹੋਏ ਪ੍ਰਧਾਨ ਬਲਦੇਵ ਸਿੰਘ ਸੱਲਾਂ ਉਚੇਚਾ ਇੰਡੀਅਨਐਪੋਲਿਸ ਤੋਂ ਸਤਵੰਤ ਸਿੰਘ ਨਿੱਝਰ, ਪ੍ਰਿਤਪਾਲ ਸਿੰਘ ਘੋਤੜਾ ਅਤੇ ਜਿੰਮੀ ਨੂੰ ਨਾਲ ਲੈ ਕੇ ਇੰਡੀਆਨਾ ਤੋਂ ਪਹੁੰਚੇ ਹੋਏ ਸਨ। ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਮਿਡਵੈਸਟ ਦੇ ਮੌਜੂਦਾ ਪ੍ਰਧਾਨ ਹੈਪੀ ਹੀਰ ਆਪਣੇ ਸਾਥੀਆਂ ਅਜਮੇਰ ਸਿੰਘ ਪੰਨੂ, ਅਜੈਬ ਸਿੰਘ ਲੱਖਣ ਅਤੇ ਬਲਵਿੰਦਰ ਸਿੰਘ ਏ-ਵਨ ਕਾਰਪੈਟਸ ਨੂੰ ਨਾਲ ਲੈ ਕੇ ਰੌਣਕ ਵਧਾ ਰਹੇ ਸਨ। ਜ਼ਿਕਰਯੋਗ ਹੈ ਕਿ ਬਲਵਿੰਦਰ ਸਿੰਘ ਏ-ਵਨ ਕਾਰਪੈਟਸ ਸ਼ਿਕਾਗੋ ਦੇ ਪੰਜਾਬੀਆਂ ਵਿਚੋਂ ਉਹ ਸ਼ਖ਼ਸ ਹਨ ਜਿਨ੍ਹਾਂ ਨੂੰ ਰਾਸ਼ਟਰਪਤੀ ਓਬਾਮਾ ਨਿਜੀ ਤੌਰ 'ਤੇ ਜਾਣਦੇ-ਪਛਾਣਦੇ ਹਨ ਕਿਉਂਕਿ ਬਲਵਿੰਦਰ ਸਿੰਘ ਸ੍ਰੀ ਓਬਾਮਾ ਦੇ ਸੈਨੇਟਰ ਹੋਣ ਦੇ ਵੇਲੇ ਤੋਂ ਕਰੀਬ ਚਲੇ ਆ ਰਹੇ ਹਨ। ਮਿਲਵਾਕੀ ਤੋਂ ਲਾਲੀ ਸਿੱਧੂ,

*(ਬਾਕੀ ਸਫਾ 25 ਤੇ)*

***ਤਸਵੀਰਾਂ:ਸਿਆਨ ਵੀਡੀਓ***
***ਫੋਨ:734-261-0936***





























# ਸ਼ੇਰ-ਏ-ਪੰਜਾਬ ਸਪੋਰਟਸ ਐ

# ਸ਼ਿਕਾਗੋ ਕਬੱਡੀ ਕੱਪ-20

ਕਬੱਡੀ ਦਾ
ਪਹਿਲਾ ਇਨਾਮ



ਗੁਰਜੇਪਾਲ ਸਿੰਘ ਭੱਟੀ
ਦੀ ਯਾਦ ਵਿਚ
(ਸਰਦਾਰਨੀ ਅਤੇ ਸ.
ਹਰਕਿਸ਼ਨ ਸਿੰਘ ਭੱਟੀ ਵਲੋਂ)

*Let's celebrate labor day in Punjabi way. Come with families!*

## ਆਓ, ਲੇਬਰ ਡੇ ਪੰਜਾਬੀ ਤਰਜ ਨਾਲ ਮਨਾਈਏ

***Invite you to join us on the Occasion of***

# Chicago Kabaddi Cup 2009

***And***

# Volleyball & Cultural Programme

## SUNDAY, SEPTEMBER 6, 2009 At 9 am

**BUSSE WOODS FOREST PRESERVE SOUTH,Elk Grove Village- IL**

ਕਬੱਡੀ ਦਾ



ਜਸਵਿੰਦਰ ਸਿੰਘ ਗਿੱਲ

ਗਿੱਲ ਬ੍ਰਦਰਜ਼ ਆਫ ਵਾਕੀਗ

**Advisory Committee:**
Dr. Mukhtar Singh Nandra (Chairman),
Dr. Amardeep Sangha,
Mat Singh Dhillon,
Harkishan S Bhatti,
Dr.Rashpal Bajwa,
Shamsher S Boparai,
Rajinder S Bains,
Amritpal S Gill,
Jaswinder S Gill,
Lally Ranbir S Dhaliwal,
Kulwinder S. Gill,
Beant S Boparai,
Parminder S. Goldy

e-mail: sepscc@yahoo.com,
sherepunjabchicago@yahoo.com

***RSVP: Board Members:***
*Gurbachan Singh Pappu (Chairman)*
*Jindi Khangura (President) 847-529-1464*
*Parminder S Walia 847-477-1613*
*Amardev Badesha 708-612-7963*
*Balbir S Baidwan 224-588-6025*
*Deepa Badesha 815-546-0525*
*Satnam S Minhas 773-593-9898*
*Jaswinder Singh Jassi 773-507-7557*
*Jinder S Benipal 773-895-2041*
*Hardeep S Gill 847-226-2515*
*Sukhwinder S Mander 224-520-3140*
*Rajinder S Virk 847-409-9174*
*Jodh S Sidhu 630-669-7175*
*Ravinder S Khaira 708-259-4298*
*Lalli Nijjar, 815-405-8073, Babbi Bath 847-366-3826,*
*Rachpal S Khangura 847-361-4908, Pritpal Singh 847-845-2343*
Tirath Singh -Captain Kabaddi Team



ਸ. ਗੁਰਬਚਨ ਸਿੰਘ ਪੱਪੂ

## *Chief Guest*



***Padma Shree Charanjit Singh***
***(Former Indian Hockey Team Captain and Four Time Olympian)***



**ਪਲਾਟੀਨਮ ਸਪਾਂਸਰ (ਕਰਾਊਨ ਪੁਆਇੰਟ, ਇੰਡੀਆਨਾ)**

ਸ਼ਮਸ਼ੇਰ ਸਿੰਘ ਬੋਪਾਰਾਏ, ਵਿਰਕ ਬ੍ਰਦਰਜ਼-ਕੇ. ਵਿਰਕ, ਰਾਜਿੰਦਰ ਸਿੰਘ ਬੈਂਸ, ਜਸਪਾਲ ਸਿੰਘ ਜੱਸੀ, ਗੁਰਿੰਦਰ ਸਿੰਘ ਗਿੱਲ, ਮਨਦੀਪ ਸਿੰਘ ਭੂਰਾ, ਸੁਰਜੀਤ ਸਿੰਘ ਗਿਲਜੀਆਂ, ਗੁਰਨਾਮ ਸਿੰਘ ਸਿੱਧੂ, ਸੁਰਜੀਤ ਸਿੰਘ ਗਰੇਵਾਲ, ਕੁਲਦੀਪ ਸਿੰਘ ਟਾਂਡਾ, ਸਿਕੰਦਰ ਸਿੰਘ ਬਿੱਟੂ, ਤੇਜਾ ਸਿੰਘ ਨਾਰੰਗ, ਮਨਜੀਤ ਸਿੰਘ ਕਹਿਲ, ਮੱਖਣ ਸਿੰਘ ਗਿੱਲ, ਲਖਵੀਰ ਸਿੰਘ ਚੀਮਾ, ਵਰਿੰਦਰ ਸਿੰਘ ਨਾਗਰਾ, ਹਰਨਿੰਦਰ ਸਿੰਘ ਨਿੰਦੀ, ਨਿਧਾਨ ਸਿੰਘ, ਮੇਜਰ ਸਿੰਘ ਢਿੱਲੋਂ, ਰਤਨਦੀਪ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਬਸਰਾ, ਪਾਲੀ ਗਰੇਵਾਲ, ਅਮਰੀਕ ਸਿੰਘ ਬਸਰਾ, ਜਸਵੀਰ ਸਿੰਘ ਹੋਠੀ, ਰਣਜੀਤ ਸਿੰਘ ਰੈਂਡੀ, ਜਸਪਾਲ ਸਿੰਘ ਮੁਲਤਾਨੀ, ਰਣਜੀਤ ਸਿੰਘ ਕਾਹਲੋਂ (ਤੰਦੂਰ), ਇਕਬਾਲ ਸਿੰਘ ਮਿਆਣੀ, ਬਲਵਿੰਦਰ ਸਿੰਘ ਪਿੰਦਾ, ਟੇਸਟ ਆਫ ਇੰਡੀਆ (ਜੱਸੀ), ਜਸਪਾਲ ਸਿੰਘ-ਪ੍ਰਧਾਨ, ਸੁਰਿੰਦਰ ਸਿੰਘ ਪਾਲੀਆ, ਪੀ.ਏ.ਵਾਈ.ਸੀ. ਆਫ ਇੰਡੀਆਨਾ, ਗੁਰਪ੍ਰੀਤ ਸਿੰਘ ਬੌਬੀ, ਸੁਰਿੰਦਰਪਾਲ ਸਿੰਘ, ਬਲਰਾਜ ਸਿੰਘ

**ਗਰੈਂਡ ਸਪਾਂਸਰ**

ਮਿਲਵਾਕੀ: ਸਤਵੰਤ ਸਿੰਘ ਕਾਲੇਕਾ, ਕੈਪਟਨ ਕਮਲਜੀਤ ਸਿੰਘ ਬਾਜਵਾ, ਬੇਅੰਤ ਸਿੰਘ ਬੋਪਾਰਾਏ, ਪਰਮਿੰਦਰ ਸਿੰਘ ਗੋਲਡੀ, ਬਿਕਰਮਜੀਤ ਸਿੰਘ ਸੇਖੋਂ, ਇੰਦਰਜੀਤ ਸਿੰਘ ਢਿੱਲੋਂ, ਹਰਿੰਦਰ ਸਿੰਘ ਧਾਲੀਵਾਲ, ਜਗਜੀਤ ਸਿੰਘ ਸਿੱਧੂ, (ਆਇਓਵਾ):ਸੰਤੋਖ ਸਿੰਘ ਨਾਗਰਾ, ਪਰਵਿੰਦਰ ਸਿੰਘ ਗਰੇਵਾਲ, ਜਰਨੈਲ ਸਿੰਘ ਗਰੇਵਾਲ, ਸ਼ਿਕਾਗੋ: ਹਰਕ੍ਰਿਸ਼ਨ ਸਿੰਘ ਭੱਟੀ, ਡਾ. ਮੁਖਤਿਆਰ ਸਿੰਘ ਨੰਦਰਾ, ਲਾਲੀ ਤੇ ਪਾਲੀ ਭਰਾ, ਭੁਪਿੰਦਰ ਸਿੰਘ ਹੁੰਦਲ, ਬਿਕਰਮ ਸਿੰਘ ਸਿੱਧੂ, ਗੁਲਜ਼ਾਰ ਸਿੰਘ ਮੁਲਤਾਨੀ, ਮੇਜਰ ਸਿੰਘ ਮੱਲ੍ਹੀ, ਸੰਨੀ ਗਿੱਲ (ਮੈਰਾਥਨ), ਹਰਵਿੰਦਰ ਸਿੰਘ ਕੰਗ, ਨਰਿੰਦਰ ਸਿੰਘ ਮੁੰਦਰ, ਚਰਨ ਸਿੰਘ ਐਂਡ ਪੁਸ਼ਪਿੰਦਰ ਪੁਨੀਆ (ਦੀਵਾਨ ਤੇ ਕਲਾਰਕ ਆਟੋ ਰਿਪੇਅਰ), ਅਮਰੀਕ ਸਿੰਘ-ਅਮਰ ਕਾਰਪੈਟਸ, ਡਾ. ਪਾਲ ਬਦੇਸ਼ਾ ਤੇ ਪਰਿਵਾਰ, ਪਰਮਿੰਦਰ ਸਿੰਘ ਵਾਲੀਆ, ਸ਼ਿਕਾਗੋ ਟੈਕਸੀ ਪਾਰਟਸ ਇੰਕ, ਲਵ ਮਿਨਹਾਸ

**ਸਿਲਵਰ ਸਪਾਂਸਰ:**ਹਰਜੀਤ ਸਿੰਘ, ਗੁਰਦੇਵ ਸਿੰਘ ਭੱਠਲ ਤੇ ਪਰਿਵ
ਭਰਾ, ਜਸਬੀਰ ਸਿੰਘ ਸੋਢੀ, ਗੁਰਦੇਵ ਸਿੰਘ, ਗਲੋਬ ਟੈਕਸੀ, ਸੁਰਿੰਦਰਪ
ਭੱਟੀ, ਭਜਨ ਸਿੰਘ ਕਲਸੀ, ਕਿਰਪਾਲ ਸਿੰਘ ਭੰਗੂ, ਗੁਰਦੇਵ ਸਿੰਘ ਗਿੱਲ,
ਸਿੰਘ, ਤਰਲੋਚਨ ਸਿੰਘ, ਗੁਰਦੇਵ ਸਿੰਘ ਕਿਨੇਸ਼ਾ, ਸੰਨੀ ਗਿੱਲ, ਸੰਨੀ
ਹਰਦਿਆਲ ਸਿੰਘ ਦਿਓਲ, ਗੁਰਦਿਆਲ ਸਿੰਘ ਬਸਰਾਨ, ਰਵਿੰਦਰ ਸਿੰਘ (
ਕਾਰਪੈਟਸ), ਇੰਦਰ-ਪੰਜਾਬੀ ਢਾਬਾ, ਬਲੂ ਰਿਬਨ ਟੈਕਸੀ, ਦਰਸ਼ਨ ਸਿੰਘ,
ਸਿੰਘ ਗਾਖਲ, ਬਲਦੇਵ ਸਿੰਘ ਬਾਗੜੀ, ਸਟਾਰ ਫੂਡ ਐਂਡ ਗਿਫਟ ਇੰਕ.,
ਸਿੰਘ ਸਿੱਧੂ, ਕਿਰਪਾਲ ਐਂਡ ਜਸਪਾਲ-ਬਾਜਵਾ ਬ੍ਰਦਰਜ਼, ਦਰਸ਼ਨ ਸਿੰਘ
ਹਰਜਾਪ ਸੰਘਾ ਫਾਊਂਡੇਸ਼ਨਜ਼, ਹਰਲੀਨ ਐਂਟਰਪ੍ਰਾਈਜਿਜ਼, ਗੁਰਦਿੱਤ ਸਿੰ
ਬਲਤੇਜ ਕਾਹਲੋਂ, ਲਖਬੀਰ ਸੰਧੂ, ਮਿੰਦਰ ਤੇ ਤਾਲੀ-ਭੱਠਲ ਭਰਾ,
ਢਿੱਲੋਂ, ਲਖਬੀਰ ਸਿੰਘ ਚਾਹਲ, ਵਰਿੰਦਰ ਸਿੰਘ ਪਰਮਾਰ, ਨਿਲੇਸ਼ ਟੋ
ਮਲਕੀਤ ਸਿੰਘ ਮਾਈਕ, ਸ਼੍ਰੋਮਣੀ ਅਕਾਲੀ ਦਲ (ਅ) ਸ਼ਿਕਾਗੋ ਯੂਨਿਟ
ਆਟੋ, ਬਿੱਲਾ ਭਾਅ ਜੀ-ਰਸੀਨ, ਪੰਡਿਤ ਜੀ ਸਤੀਸ਼, ਅਲਮਦੀਨਾ ਆਟੋ
ਜਗਜੀਤ ਸਿੰਘ ਢੀਂਡਸਾ, ਮਲਿੰਦਰ ਸਿੰਘ ਮਿਨਹਾਸ, ਅੰਮ੍ਰਿਤਪਾਲ ਸਿੰ
ਹੌਬੀ ਗਰੇਵਾਲ, ਹਰਵੰਤ ਸਿੰਘ, ਸਰਬਜੀਤ ਸਿੰਘ ਤੇ ਬਲਹਾਰ ਸਿੰਘ,
ਸਿੰਘ ਨੰਨਣ, ਮਨਜੀਤ ਸਿੰਘ, ਗੁਰਦੇਵ ਸਿੰਘ, ਸਤੀਸ਼ ਕੁਮਾਰ, ਲਖਬ
ਚਾਹਲ, ਹਾਲਸਟੱਡ ਆਟੋ, ਇੰਦਰਜੀਤ ਸਿੰਘ ਮੱਕੜ

# ਂਡ ਕਲਚਰਲ ਕਲੱਬ ਸ਼ਿਕਾਗੋ

## 009




ਪ੍ਰਸਿੱਧ ਕਬੱਡੀ ਕੁਮੈਂਟੇਟਰ ਸੁਖਚੈਨ ਸਿੰਘ ਬਰਾੜ ਕੁਮੈਂਟਰੀ ਕਰਨਗੇ

### ਦੂਸਰਾ ਇਨਾਮ



ਨਾਜਰ ਸਿੰਘ ਗਿੱਲ

ਨ (ਪਿੰਡ ਗਿੱਲ, ਲੁਧਿਆਣਾ) ਵਲੋਂ

## ਖਾਣੇ ਦਾ ਇੰਤਜਾਮ ਰਮੀ ਗਰੇਵਾਲ (ਪੰਜਾਬ ਸਵੀਟਸ, ਸ਼ਿਕਾਗੋ)



**ਕੌਮਾਂਤਰੀ ਪੱਧਰ ਦੇ ਰੇਡਰ ਤੇ ਸਟਾਪਰ-** ਬਲਜਿੰਦਰ ਨੀਲੋਂ, ਰਣਜੀਤ ਸਿੰਘ, ਸ਼ੁਕੀਨ ਜੱਜ, ਕਿੰਦੂ ਰਮੀਦੀਵਾਲਾ, ਜੌਨੀ ਗਿੱਲ, ਸੰਨੀ ਕੰਦੋਲਾ, ਅੰਕਿਤ, ਸਾਬੀ, ਕਾਲਾ ਨੀਲੋਂ, ਵਿੱਕੀ ਸ਼ੰਮੀਪੁਰੀਆ, ਤੀਰਥ ਗਾਖਲ, ਅਰਸ਼ੀ, ਧੰਨਾ, ਹਨੀ ਖੰਘੂੜਾ, ਮੰਨਾ ਲੱਛਰ, ਲੈਰੀ ਬ੍ਰਦਰਜ਼, ਡੈਂਟੇ (ਕਾਲਾ), ਜੱਸਾ ਭਲਵਾਨ, ਲਾਲੀ, ਮੌਲਾ, ਦੁੱਲਾ, ਹੀਰ, ਢੋਲਾ, ਤਾਰੀ, ਦੁਸਾਂਝ ਭਰਾ, ਕਮਲ, ਗੁਰਬਖ਼ਸ਼ ਤੇ ਬਲਜੀਤ ਕਬੱਡੀ ਦੇ

**ਕਬੱਡੀ ਖੇਡ ਪ੍ਰੋਮੋਟਰ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ-ਬਲਜੀਤ ਸੰਧੂ, ਜਸਵਿੰਦਰ ਸੋਹਲ, ਲੱਛਰ ਭਰਾ, ਅਮਰਜੀਤ ਸੰਘਾ ਅਤੇ ਬਲਜੀਤ ਸਹੋਤਾ**

## ਪੰਜਾਬੀ ਲੋਕ ਗਾਇਕ ਸ਼ਾਨਦਾਰ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ



ਗਾਇਕ ਸੁਰਿੰਦਰ ਛਿੰਦੇ ਦਾ ਕਲੱਬ ਵਲੋਂ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ



ਭੁਪਿੰਦਰ ਬੱਬਲ



ਸੁਖਵੰਤ ਸੁੱਖੀ

## ਮੁਫਤ ਦਾਖਲਾ *ਮੁਫਤ ਪਾਰਕਿੰਗ

ਰ, ਮਾਨ
ਾਲ ਸਿੰਘ
ਕੁਲਵਿੰਦਰ
ਕੁਲਾਰ,
ਆਰ.ਕੇ.
ਅਰਵਿੰਦ
ਹਰਵਿੰਦਰ
ਬਸਰਾਨ,
ਘ ਸੈਣੀ,
ਰੂਪ ਸਿੰਘ
ਪੀਵਾਲਾ,
, ਸਟਾਰ
ਵਰਕਸ,
ਘ ਗਿੱਲ,
ਮਨਜੀਤ
ੀਰ ਸਿੰਘ

**ਸਪਾਂਸਰ:** ਮਨਜੀਤ ਸਿੰਘ ਗਰੇਵਾਲ, ਸੈਫਰਨ ਇੰਡੀਅਨ ਕੁਜ਼ੀਨ, ਮਨਜੀਤ ਸਿੰਘ (ਹਾਲਸਟੈਡ ਆਟੋ ਰਿਪੇਅਰ), ਚਮਨ ਲਾਲ, ਸ਼ਮਸ਼ੇਰ ਸਿੰਘ ਧਾਲੀਵਾਲ, ਗੁਰਮੁਖ ਸਿੰਘ, ਸੁਰਜੀਤ ਸਿੰਘ, ਗੁਰਚਰਨ ਸਿੰਘ, ਅਰਵਿੰਦ ਸਿੰਘ, ਪ੍ਰੀਤ ਪੈਟਰੋਲੀਅਮ, ਸਰਬਜੀਤ ਸਿੱਧੂ, ਰਛਪਾਲ ਸਿੰਘ, ਚਰਨਜੀਤ ਸਿੰਘ, ਜੁਝਾਰ ਸਿੰਘ, ਲਖਪਾਲ ਸਿੰਘ ਜੌਹਲ, ਗੁਰਮੀਤ ਸਿੰਘ ਅਟਵਾਲ, ਤਰਲੋਚਨ ਸਿੰਘ ਗਿੱਲ, ਸ਼ੇਰਵੁੱਡ ਫੂਡ, ਇੰਦਰਜੀਤ ਸਿੰਘ ਮੱਕੜ, ਮੁਖਤਿਆਰ ਸਿੰਘ, ਸ਼ੇਰੇ ਪੰਜਾਬ ਰੈਸਟੋਰੈਂਟ, ਸੋਨੂੰ ਢਿੱਲੋਂ, ਪਰਸ਼ਨ ਸਿੰਘ ਮਾਨ, ਗੁਰਚਰਨ ਸਿੰਘ ਗਿੱਲ, ਜੈਜ਼ੀ ਗਿੱਲ, ਜਗਤਾਰ ਸਿੰਘ, ਕਸ਼ਮੀਰ ਸਿੰਘ, ਕੇ.ਬੀ.ਐਸ. ਇੰਕ ਸ਼ਿਕਾਗੋ, ਸਾਧੂ ਸਿੰਘ ਰਿਖੀਰਾਜ, ਸਵਰਨ ਸਿੱਧੂ, ਡਾ. ਜਰਨੈਲ ਸਿੰਘ ਗਿੱਲ, ਮੁੰਦਰ ਪਰਿਵਾਰ, ਭੁਪਿੰਦਰ ਸਿੰਘ, ਸਤਵੰਤ ਸਿੰਘ ਅਟੱਲ, ਕਾਬਲ ਸਿੰਘ ਭੁੱਲਰ, ਬਲਜੀਤ ਸਿੰਘ ਮੰਗੀ, ਗੁਰਮੀਤ ਸਿੰਘ ਨਾਗਰਾ, ਕੁਲਵੰਤ ਸਿੰਘ ਨਾਗਰਾ, ਹਰਪਾਲ ਸਿੰਘ, ਹਰਵੰਤ ਸਿੰਘ, ਰਣਜੀਤ ਸਿੰਘ ਗਿੱਲ, ਜਾਵਰ ਇੰਕ., ਗੁਰਮੇਲ ਸਿੰਘ ਅਟਵਾਲ, ਪਾਲ ਸਿੰਘ (ਸਨ ਸ਼ਾਈਨ ਡੀ.ਜੇ.), ਰਘਵਿੰਦਰ ਸਿੰਘ ਮਾਹਲ, ਜਸਪਾਲ ਸਿੰਘ ਭਿੰਦਰ, ਦਲਜੀਤ ਸਿੰਘ, ਭੁਪਿੰਦਰ ਸਿੰਘ ਬਿੰਦਰਾ, ਗੁਰਚਰਨ ਸਿੰਘ ਗਿੱਲ (ਵਾਕੀਗਨ), ਇੰਦਰਜੀਤ ਸਿੰਘ ਕੇਨੋਸ਼ਾ, ਹਰਚੰਦ ਸਿੰਘ ਧਾਲੀਵਾਲ, ਗੁਰਮੇਲ ਸਿੰਘ, ਬਲਵਿੰਦਰਜੀਤ ਸਿੰਘ ਛੱਤਾ, ਵਰਿੰਦਰ ਧਾਲੀਵਾਲ, ਪਰਮਜੀਤ ਸਿੰਘ, ਵੈਲਿਊ ਟਰੈਵਲ ਐਂਡ ਟੂਰ, ਸਤਵਿੰਦਰ ਸਿੰਘ ਬਾਜਵਾ, ਮੁਖਤਿਆਰ ਸਿੰਘ ਤਾਰੀ, **(ਮਿਸ਼ੀਗਨ):** ਕੁਲਵਿੰਦਰ ਗਿੱਲ, ਕੁਲਦੀਪ ਗਿੱਲ, ਬਲਦੇਵ ਸਿੰਘ, ਹਰਦੇਵ ਸਿੰਘ, ਅਵਤਾਰ ਸਿੰਘ, ਸਕੰਦਰ ਸਿੰਘ, ਪਲਵਿੰਦਰ ਕਾਕਾ, ਮਨਜਿੰਦਰ ਬੈਣੀਪਾਲ, ਦਲਬਾਰਾ ਮਾਂਗਟ,

**ਸਹਿਯੋਗੀ ਸੰਸਥਾਵਾਂ:** ਪੰਜਾਬੀ ਅਮੈਰਿਕਨਜ਼ ਆਰਗੇਨਾਈਜੇਸ਼ਨ (ਪੀ.ਏ.ਓ.), ਪੰਜਾਬੀ ਕਲਚਰਲ ਸੁਸਾਇਟੀ ਆਫ ਸ਼ਿਕਾਗੋ, ਸਿੱਖ ਰਿਲੀਜੀਅਸ ਸੁਸਾਇਟੀ ਆਫ ਸ਼ਿਕਾਗੋ, ਗੁਰਦੁਆਰਾ ਸਾਹਿਬ ਆਫ ਦੀਵਾਨ, ਐਸ.ਆਰ.ਐਸ. ਇੰਡੀਆਨਾ, ਪੰਜਾਬੀ ਅਮੈਰਿਕਨ ਯੂਥ ਕਲੱਬ ਆਫ ਇੰਡੀਆਨਾ, ਯੰਗ ਸਪੋਰਟਸ ਕਲੱਬ-ਇੰਡੀਅਨਐਪੋਲਿਸ, ਗੁਰੂ ਹਰਗੋਵਿੰਦ ਸਾਹਿਬ ਸੁਸਾਇਟੀ, ਗਰੀਨਵੁੱਡ-ਇੰਡੀਆਨਾ, ਪੀ.ਸੀ.ਓ. ਵਿਸਕਾਨਸਿਨ, ਪੀ.ਸੀ.ਐਸ. ਮਿਸ਼ੀਗਨ, ਸਾਊਥ-ਵੈਸਟ ਮਿਸ਼ੀਗਨ ਕਲਚਰਲ ਸੁਸਾਇਟੀ ਆਫ ਕੈਲਮਜ਼ੂ, ਸਿੱਖ ਕਲਚਰਲ ਸੁਸਾਇਟੀ ਆਫ ਕੈਲਮਜ਼ੂ, ਸੰਤ ਬਾਬਾ ਪ੍ਰੇਮ ਸਿੰਘ ਸੁਸਾਇਟੀ ਆਫ ਇੰਡੀਆਨਾ, ਪੰਜ ਦਰਿਆ ਐਂਟਰਟੇਨਮੈਂਟ-ਇੰਡੀਅਨਐਪੋਲਿਸ, ਬਾਬਾ ਮੱਖਣ ਸ਼ਾਹ ਲੁਬਾਣਾ ਸੁਸਾਇਟੀ, ਦੋਆਬਾ ਸਪੋਰਟਸ ਕਲੱਬ ਸ਼ਿਕਾਗੋ, ਸਿੱਖ ਕਲਚਰਲ ਸੁਸਾਇਟੀ ਆਫ ਬੈਟਲ ਕਰੀਕ, ਸਿੱਖ ਕਲਚਰਲ ਸੁਸਾਇਟੀ ਆਫ ਸਾਊਥ ਬੈਂਡ, ਗੁਰੂ ਨਾਨਕ ਸਿੱਖ ਸੈਂਟਰ-ਲੈਨਸਿੰਗ, ਪੀ.ਸੀ.ਐਸ. ਫੋਰਟਵਿਨ, ਸ਼ੇਰੇ ਪੰਜਾਬ ਸਪੋਰਟਸ ਕਲੱਬ-ਕੈਲੀਫੋਰਨੀਆ, ਬੇ-ਏਰੀਆ ਸਪੋਰਟਸ ਕਲੱਬ, ਸੈਨ ਹੋਜ਼ੇ-ਮਾਡੈਸਟੋ ਸਪੋਰਟਸ ਕਲੱਬ, ਸਿੱਖ ਟੈਂਪਲ ਆਫ ਵਿਸਕਾਨਸਿਨ-ਓਕ ਕਰੀਕ, ਰੰਗਲਾ ਪੰਜਾਬ, ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਇਲੀਨਾਏ ਸਿੱਖ ਕਮਿਊਨਿਟੀ ਸੈਂਟਰ-ਬੋਲਿੰਗ ਬਰੁੱਕ, ਪੰਜਾਬੀ ਟਰੱਕ ਯੂਨੀਅਨ-ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ ਸਿਆਟਲ, ਪੰਜਾਬ ਸਪੋਰਟਸ ਕਲੱਬ-ਕੈਲਮਜ਼ੂ, ਯੰਗ ਸਪੋਰਟਸ ਕਲੱਬ, ਗਰੀਨਵੁੱਡ-ਇੰਡੀਆਨਾ, ਸਿੱਖ ਸਟਡੀ ਸੈਂਟਰ ਸੇਂਟ ਲੁਇਸ, ਸਿੱਖ ਕਲਚਰਲ ਸੁਸਾਇਟੀ ਆਫ ਸਾਊਥਬੈਂਡ, ਇੰਡੀਆਨਾ, ਆਇਓਵਾ ਸਿੱਖ ਐਸੋਸੀਏਸ਼ਨ

### ਮੀਡੀਆ ਸਪਾਂਸਰ

ਪੰਜਾਬ ਟਾਈਮਜ਼
ਦੇਸੀ ਜੰਕਸ਼ਨ 1530 ਏ.ਐਮ.
ਰੌਣਕ ਮੇਲਾ 1590 ਏ.ਐਮ.
ਸਿੱਖ ਟੀ.ਵੀ.
ਇੰਡੀਅਨ ਰਿਪੋਰਟਰ
ਇੰਡੀਆ ਪੋਸਟ
ਦੇਸੀ ਟਾਕ
ਇੰਡੀਆ ਬੁਲਿਟਨ
ਟੀ.ਵੀ. ਏਸ਼ੀਆ
ਡੇਲੀ ਅਜੀਤ
ਸਾਡਾ ਪੰਜਾਬ ਡਾਟ ਕਾਮ
ਸਾਊਥ ਏਸ਼ੀਆ ਵੰਨ
ਜਸ ਪੰਜਾਬੀ ਟੀ ਵੀ

# ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸਿਨਸਿਨੈਟੀ (ਓਹਾਇਓ ) ਦਾ ਖੇਡ ਮੇਲਾ ਤਸਵੀਰਾਂ ਦੀ ਜ਼ੁਬਾਨੀ

## ਸਾਡੇ ਸਪਾਂਸਰ

**ਡਾਇਮੰਡ ਸਪਾਂਸਰ:**ਅਮਨਦੀਪ ਸਿੰਘ ਧਾਰਨੀ, ਸੁਰਜੀਤ ਸਿੰਘ ਮਾਵੀ, ਮੁਖਤਿਆਰ ਸਿੰਘ ਸੇਖੋਂ, ਅਮਰਜੀਤ ਤੱਖਰ, ਪਰਮਿੰਦਰ ਤੱਖਰ, ਗੁਰਮੁਖ ਸਿੰਘ ਭੱਟੀ।

**ਗੋਲਡ ਸਪਾਂਸਰ:**ਨਿੰਮਾ ਗਰੇਵਾਲ, ਦਵਿੰਦਰ ਸਿੰਘ ਮੁੰਡੀ, ਗੁਰਮਿੰਦਰ ਸਿੰਘ ਸੰਧੂ, ਅਮਰਜੀਤ ਅਗਰਵਾਲ, ਅਵਤਾਰ ਸਿੰਘ ਸਪਰਿੰਗਫੀਲਡ, ਟਿਵਾਣਾ ਪੈਟਰੋਲੀਅਮ, ਰਵਿੰਦਰ ਸਿੰਘ, ਪਲਵਿੰਦਰ ਸਿੰਘ ਢਿੱਲੋਂ, ਸੁਖਵੀਰ ਖਰੌੜ, ਬਲਦੇਵ ਸਿੰਘ ਸੱਲਾਂ, ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਮਿਡਵੈਸਟ।

**ਸਿਲਵਰ ਸਪਾਂਸਰ:**ਹਰਿੰਦਰ ਕੰਗ, ਜਗਦੇਵ ਗਿੱਲ, ਦਵਿੰਦਰ ਕਾਹਲੋਂ, ਗੁਰਮੀਤ ਭੱਟੀ, ਸੁਰਿੰਦਰ ਚੀਮਾ, ਪਰਮਿੰਦਰ ਬਾਗੀ, ਭੁਪਿੰਦਰ ਸਿੰਘ, ਜਸਵੰਤ ਸਿੰਘ, ਜੋਗਿੰਦਰ ਗਿੱਲ, ਭੁਪਿੰਦਰ ਸਿੰਘ ਮਾਵੀ, ਲਖਵੀਰ ਸਿੰਘ, ਹੈਪੀ ਮਤੌਤ, ਸਾਹਿਬ ਪੈਟਰੋਲੀਅਮ, ਟੀ.ਐਚ. ਪੈਟਰੋਲੀਅਮ, ਬ੍ਰਿਜ ਮੋਹਨ ਸਵੀਟਸ, ਨਿਊ ਕ੍ਰਿਸ਼ਨਾ ਰੈਸਟੋਰੈਂਟ, ਅੰਬਰ ਇੰਡੀਆ ਰੈਸਟੋਰੈਂਟ।
























*Sponsored Page*





































*Sponsored Page*

# ਇੰਡੀਅਨਐਪੋਲਿਸ ਦਾ ਗੁਰਮਤਿ ਕੈਂਪ:ਤਸਵੀਰਾਂ ਦੀ ਜ਼ੁਬਾਨੀ









ਗੁਰਦੁਆਰਾ ਸਿੱਖ ਸੰਗਤ ਇੰਡੀਅਨਐਪੋਲਿਸ ਅਤੇ ਗੁਰਦੁਆਰਾ ਹਰਗੋਬਿੰਦ ਜੀ ਗਰੀਨਵੁੱਡ ਦੇ ਸਹਿਯੋਗ ਨਾਲ ਪਿਛਲੇ ਦਿਨੀਂ ਇਕ ਗੁਰਮਤਿ ਕੈਂਪ ਲਾਇਆ ਗਿਆ ਜਿਸ ਵਿਚ ਬੱਚਿਆਂ ਨੂੰ ਸਿੱਖ ਇਤਿਹਾਸ ਦੇ ਨਾਲ ਨਾਲ ਗੁਰਮਤਿ ਰਹਿਣੀ-ਬਹਿਣੀ ਬਾਰੇ ਜਾਣਕਾਰੀ ਦਿੱਤੀ ਗਈ। ਬੱਚਿਆਂ ਦੇ ਵੱਖ ਵੱਖ ਤਰ੍ਹਾਂ ਦੇ ਮੁਕਾਬਲੇ ਵੀ ਕਰਵਾਏ ਗਏ। ਇਸ ਕੈਂਪ ਦੀਆਂ ਕੁਝ ਤਸਵੀਰਾਂ।

***ਤਸਵੀਰਾਂ***
***ਪਰਮਜੀਤ ਸਿੰਘ ਆਹਲੂਵਾਲੀਆ***
























*Sponsored Page*



# ਕਮਲਿਆਂ ਦਾ ਟੱਬਰ ਅਤੇ ਬੂਰ ਮਾਜਰੇ ਵਾਲਾ ਬਾਈ ਗੁਰਮੇਲ

**ਰੰਗ-ਬੇਰੰਗ**

**ਅਮੋਲਕ ਸਿੰਘ ਜੰਮੂ**

ਕਮਲਿਆਂ ਦਾ ਟੱਬਰ ਯਾਨਿ ਮਨਿੰਦਰ ਮੇਰੀ ਹਮਜਮਾਤਣ ਸੀ ਜਦੋਂਕਿ ਗੁਰਮੇਲ ਸਿੰਘ ਕੰਗ ਮੇਰੇ ਤੋਂ ਇਕ ਸਾਲ ਪਿਛੇ। ਦੋਹਾਂ ਦੀ ਮੇਰੇ ਨਾਲ ਸਾਂਝ ਇਸ ਤਰ੍ਹਾਂ ਹੈ ਕਿ ਗੁਰਮੇਲ ਪਿਛਲੇ 34 ਸਾਲ ਤੋਂ ਮੇਰੇ ਨਾਲ ਲਗਾਤਾਰ ਸੰਪਰਕ ਵਿਚ ਹੈ ਜਦੋਂਕਿ ਮਨਿੰਦਰ ਮੈਨੂੰ ਪੂਰੇ 31 ਸਾਲਾਂ ਦੇ ਵਕਫੇ ਬਾਅਦ ਮਿਲੀ। ਕੋਈ ਤਿੰਨ ਸਾਲ ਪਹਿਲਾਂ ਜਦੋਂ ਮਨਿੰਦਰ ਦਾ ਮੈਨੂੰ ਕੈਨੇਡਾ ਤੋਂ ਪਹਿਲੀ ਵਾਰ ਫੋਨ ਆਇਆ ਸੀ ਤਾਂ ਮੈਂ ਇਹ ਗੱਲ ਗੁਰਮੇਲ ਨੂੰ ਦੱਸੀ ਸੀ ਤੇ ਗੁਰਮੇਲ ਦੇ ਮੂੰਹੋਂ ਵੀ ਝੱਟ ਨਿਕਲਿਆ ਸੀ, 'ਓਹੀ ਮਨਿੰਦਰ ਕਮਲਿਆਂ ਦਾ ਟੱਬਰ' ਜਦੋਂ ਮੈਂ ਆਖਿਆ, 'ਹਾਂ' ਤਾਂ ਉਸ ਦਾ ਜਵਾਬ ਸੀ, 'ਮੈਨੂੰ ਅੱਜ ਵੀ ਚੇਤੇ ਹੈ ਉਹਨੇ ਮੇਰਾ ਬੱਸ ਪਾਸ ਗਵਾ ਦਿੱਤਾ ਸੀ। ਜਿਹਨੂੰ ਫਿਰ ਬਣਵਾਉਣ ਲਈ ਮੈਨੂੰ ਤਿੰਨ ਮਹੀਨੇ ਲੱਗੇ ਸਨ ਤੇ ਹਰ ਰੋਜ਼ ਚਾਰ ਰੁਪਏ ਖਰਚ ਕੇ ਪੜ੍ਹਨ ਆਉਣਾ ਪੈਂਦਾ ਸੀ।'

ਸ਼ਾਇਦ ਹੋਇਆ ਇਸ ਤਰ੍ਹਾਂ ਸੀ ਕਿ ਗੁਰਮੇਲ ਨੇ ਆਪਣੇ ਪਿੰਡ ਦਾਓ ਮਾਜਰਾ ਜਿਥੇ ਕਿ ਉਹ ਆਪਣੀ ਭੈਣ ਪਾਸ ਰਹਿੰਦਾ ਸੀ, ਤੋਂ ਚੰਡੀਗੜ੍ਹ ਲਈ ਬੱਸ ਪਾਸ ਬਣਵਾਇਆ ਸੀ ਜਿਸ 'ਤੇ ਥੋੜ੍ਹੇ ਜਿਹੇ ਪੈਸੇ ਖਰਚ ਹੁੰਦੇ ਸਨ। ਪਤਾ ਨਹੀਂ ਕਿਵੇਂ ਉਹ ਬੱਸ ਪਾਸ ਚਾਚੇ ਗੁਲਾਟੀ ਦੀ ਕੰਟੀਨ 'ਤੇ ਬੈਠੇ ਅਸੀਂ ਮੁੰਡੇ ਕੁੜੀਆਂ ਵੇਖਣ ਲੱਗ ਪਏ। ਸ਼ਾਇਦ ਗੁਰਮੇਲ ਦੀ ਤਸਵੀਰ ਉਤੇ ਆਪੋ ਆਪਣੇ ਕੁਮੈਂਟ ਦੇਣ ਲੱਗ ਪਏ। ਗੁਰਮੇਲ ਦੀ ਦਾਹੜੀ ਉਨ੍ਹਾਂ ਦਿਨਾਂ ਵਿਚ ਠੋਡੀ ਦੁਆਲੇ ਜ਼ਿਆਦਾ ਹੁੰਦੀ ਸੀ। ਗੁਰਮੇਲ ਸ਼ਾਇਦ ਆਪਣੀ ਕਲਾਸ ਲਾਉਣ ਚਲਾ ਗਿਆ ਤੇ ਉਹਦਾ ਬੱਸ ਪਾਸ ਸਾਡੇ ਪਾਸ ਹੀ ਰਹਿ ਗਿਆ ਤੇ ਅਖੀਰ ਮਨਿੰਦਰ ਦੇ ਹੱਥਾਂ ਵਿਚ ਚਲਾ ਗਿਆ। ਡਿਪਾਰਟਮੈਂਟ ਛੁੱਟੀ ਹੋਈ ਤਾਂ ਮਨਿੰਦਰ ਬੱਸ ਪਾਸ ਆਪਣੇ ਨਾਲ ਹੀ ਹੋਸਟਲ ਲੈ ਗਈ। ਸ਼ਾਇਦ ਰਾਹ ਦੇ ਵਿਚ ਹੀ ਉਸ ਦੇ ਹੱਥੋਂ ਇਹ ਬੱਸ ਪਾਸ ਕਿਧਰੇ ਡਿੱਗ ਪਿਆ। ਹਰ ਰੋਜ਼ ਗੁਰਮੇਲ ਨੇ ਮਨਿੰਦਰ ਤੋਂ ਪੁੱਛਿਆ ਕਰਨਾ 'ਮੇਰਾ ਪਾਸ ਕਿਥੇ ਹੈ?' ਤਾਂ ਮਨਿੰਦਰ ਨੇ ਕਿਹਾ ਕਰਨਾ 'ਮੈਨੂੰ ਹੋਸਟਲ ਵਿਚ ਹੀ ਭੁੱਲ ਗਿਆ।' ਮਨਿੰਦਰ ਨੂੰ ਉਹ ਬੱਸ ਪਾਸ ਮੁੜ ਕਦੇ ਨਾ ਲੱਭਾ ਗੁਰਮੇਲ ਨੂੰ ਹਰ ਰੋਜ਼ ਦੋ ਰੁਪਏ ਸਵੇਰੇ ਤੇ ਦੋ ਰੁਪਏ ਸ਼ਾਮ ਬੱਸ ਦਾ ਪੂਰਾ ਕਿਰਾਇਆ ਖਰਚਣਾ ਪੈਂਦਾ।

ਗੁਰਮੇਲ ਨਾਲ ਮੇਰੀ ਮੁਲਾਕਾਤ ਵੀ ਦਿਲਚਸਪ ਹੈ। ਐਮ ਏ ਵਿਚ ਅਡਮਿਸ਼ਨ ਲੈਣ ਲਈ ਗੁਰਮੇਲ ਪੰਜਾਬੀ ਵਿਭਾਗ ਆਇਆ ਸੀ। ਗੁਰਮੇਲ ਅਤੇ ਇਕ ਹੋਰ ਮੁੰਡਾ ਮੇਜਰ ਸਿੰਘ ਦੋਵੇਂ ਮੈਨੂੰ ਡਿਪਾਰਟਮੈਂਟ ਦੇ ਦਫਤਰ ਅੱਗੇ ਮਿਲ ਪਏ। ਗੁਰਮੇਲ ਦੇ ਦਾਖਲੇ ਲਈ ਕੋਈ ਨਿਕੀ ਜਿਹੀ ਅੜਿਚਣ ਸੀ ਜੋ ਯੂਨੀਵਰਸਿਟੀ ਦੇ ਪ੍ਰਸ਼ਾਸਕੀ ਦਫਤਰ, ਜਿਹਨੂੰ ਅਸੀਂ ਸਾਰੇ ਐਡਮ ਬਲਾਕ ਕਰਕੇ ਹੀ ਜਾਣਦੇ ਸਾਂ, ਵਿਚ ਜਾ ਕੇ ਹੀ ਦੂਰ ਹੋ ਸਕਦੀ ਸੀ। ਜਦੋਂ ਮੈਂ ਸਰਸਰੀ ਪੁੱਛ ਲਿਆ, 'ਕਿਉਂ ਦਾਖਲਾ ਹੋ ਗਿਆ?' ਤਾਂ ਗੁਰਮੇਲ ਨੇ ਮੈਨੂੰ ਆਪਣੀ ਮੁਸ਼ਕਿਲ ਦੱਸੀ। ਯੂਨੀਵਰਸਿਟੀ ਵਿਚ ਦੋ ਸਾਲ ਪਹਿਲਾਂ ਆ ਗਏ ਹੋਣ ਕਾਰਨ ਮੈਨੂੰ ਪ੍ਰਸ਼ਾਸਕੀ ਬਲਾਕ ਦੀ ਪੂਰੀ ਜਾਣ ਪਛਾਣ ਸੀ। ਮੈਂ ਨਾਲ ਜਾ ਕੇ ਉਸ ਦੀ ਇਹ ਅੜਿਚਣ ਦੂਰ ਕਰਵਾ ਦਿੱਤੀ। ਬਾਅਦ ਵਿਚ ਅਸੀਂ ਹੋਸਟਲ ਦੀ ਮੈਸ ਵਿਚ ਖਾਣਾ ਖਾਣ ਆ ਗਏ। ਬੱਸ ਉਸ ਦਿਨ ਤੋਂ ਹੀ ਗੁਰਮੇਲ ਨਾਲ ਇਕ ਰਿਸ਼ਤਾ ਜਿਹਾ ਬਣ ਗਿਆ ਜੋ ਲਗਾਤਾਰ ਅੱਜ ਤੱਕ ਵਧਦਾ ਹੀ ਗਿਆ।

ਰੋਪੜ ਜ਼ਿਲੇ ਵਿਚ ਮੋਰਿੰਡੇ ਤੋਂ ਪਿੰਡਾਂ ਵਿਚ ਦੀ ਇਕ ਰਾਸਤਾ ਰੋਪੜ ਸ਼ਹਿਰ ਨੂੰ ਜਾਂਦਾ ਹੈ। ਇਸੇ ਸੜਕ ਉਤੇ ਗੁਰਮੇਲ ਦਾ ਪਿੰਡ ਹੈ ਬੂਰ ਮਾਜਰਾ। ਅਨੰਦਪੁਰ ਸਾਹਿਬ ਤੋਂ ਚਮਕੌਰ ਨੂੰ ਜਾਂਦਿਆਂ ਗੁਰੂ ਗੋਬਿੰਦ ਸਿੰਘ ਜੀ ਇਸ ਪਿੰਡ ਵੀ ਕੁਝ ਸਮੇਂ ਲਈ ਰੁਕੇ ਸਨ ਜਿਥੇ ਗੁਰਦੁਆਰਾ ਸੁਸ਼ੋਭਿਤ ਹੈ। ਸਾਡੇ ਤੋਂ ਥੋੜ੍ਹਾ ਜਿਹਾ ਸੀਨੀਅਰ ਆਪਣੇ ਵੇਲਿਆਂ ਦਾ ਮੋਢੀ ਵਿਦਿਆਰਥੀ ਆਗੂ ਅਤੇ ਬਾਅਦ ਵਿਚ ਪੰਜਾਬ ਦਾ ਮੰਤਰੀ ਰਿਹਾ ਜਗਮੋਹਨ ਸਿੰਘ ਕੰਗ ਵੀ ਇਸੇ ਪਿੰਡ ਦਾ ਹੈ। ਮਾਈ ਮੋਹਣੋ ਯਾਨਿ ਜਗਮੋਹਨ ਕੌਰ ਵੀ ਇਸੇ ਪਿੰਡ ਦੀ ਸੀ। ਸਾਡੇ ਨਾਲ ਪੜ੍ਹਦਿਆਂ ਗੁਰਮੇਲ ਆਪਣੇ ਪਿੰਡ ਨਹੀਂ ਸਗੋਂ ਆਪਣੀ ਭੈਣ ਦੇ ਪਿੰਡ ਦਾਓ ਮਾਜਰੇ ਰਹਿੰਦਾ ਸੀ। ਉਸ ਦੇ ਭਣੋਈਏ ਦੀ ਜਵਾਨੀ ਉਮਰੇ ਹੀ ਮੌਤ ਹੋ ਗਈ ਸੀ ਜਿਸ ਕਰਕੇ ਭੈਣ ਦੀ ਮਦਦ ਲਈ ਉਹ ਉਥੇ ਰਹਿੰਦਾ ਸੀ। ਉਂਜ ਗੁਰਮੇਲ ਹੋਰਾਂ ਦਾ ਪਰਿਵਾਰ ਵੀ ਆਪਣੇ ਆਪ ਵਿਚ ਇਕ ਮਿਸਾਲ ਹੈ। ਉਹ ਛੇ ਭਰਾ ਹਨ। ਗੁਰਮੇਲ ਅਤੇ ਉਸ ਤੋਂ ਵੱਡਾ ਸੁਰਿੰਦਰ ਅਮਰੀਕਾ ਵਿਚ ਹੀ ਵੱਸਦੇ ਹਨ ਅਤੇ ਬਾਕੀ ਚਾਰ ਪਿੰਡ ਬੂਰ ਮਾਜਰੇ। ਦਿਲਚਸਪ ਗੱਲ ਇਹ ਹੈ ਕਿ ਵੱਡੇ ਭਰਾ ਪੁੱਤ-ਪੋਤਿਆਂ ਵਾਲੇ ਹੋ ਗਏ ਹਨ ਪਰ ਸਭ ਦੀ ਰੋਟੀ ਅਜੇ ਵੀ ਇਕੋ ਚੁੱਲ੍ਹੇ ਪੱਕਦੀ ਹੈ। ਖੇਤੀ-ਬਾੜੀ ਵੀ ਸਾਂਝੀ ਹੈ। ਪਿੰਡ ਜੋ ਜ਼ਮੀਨ ਜਾਇਦਾਦ ਬਣਦੀ ਹੈ ਸਾਰਿਆਂ ਦੀ ਸਾਂਝੀ ਹੈ।



ਬਾਈ ਗੁਰਮੇਲ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਬਲਵਿੰਦਰ ਕੌਰ

ਐਮ ਏ ਦਾ ਪਹਿਲਾ ਭਾਗ ਕਰਨ ਤੋਂ ਬਾਅਦ ਗੁਰਮੇਲ ਨੇ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਮੈਂ ਛੇਤੀ ਹੀ ਬਾਹਰ ਚਲੇ ਜਾਣਾ ਹੈ। ਉਸ ਦਾ ਵੱਡਾ ਭਰਾ ਸੁਰਿੰਦਰ ਜੋ ਕਿ ਅੱਜ ਕੱਲ ਇਥੇ ਕੈਲਮਜ਼ੂ, ਮਿਸ਼ੀਗਨ ਵੱਸਦਾ ਹੈ, ਉਨ੍ਹੀਂ ਦਿਨੀਂ ਸ਼ਿਪ ਉਤੇ ਕੰਮ ਕਰਦਾ ਸੀ। ਗੁਰਮੇਲ ਨੇ ਕਿਹਾ ਕਰਨਾ ਮੇਰੇ ਭਰਾ ਨੇ ਮੇਰੇ ਨਾਲ ਵਾਅਦਾ ਕੀਤਾ ਹੈ ਕਿ ਮੈਨੂੰ ਬਾਹਰ ਲੈ ਜਾਵੇਗਾ। ਫਿਰ ਐਮ ਏ ਪੂਰੀ ਹੋਣ ਵਿਚ ਅਜੇ ਕੁਝ ਮਹੀਨੇ ਬਾਕੀ ਹੀ ਸਨ ਜਦੋਂ ਅਚਾਨਕ ਉਸ ਨੇ ਇਕ ਦਿਨ ਆ ਕੇ ਮੈਨੂੰ ਹੋਸਟਲ ਵਿਚ ਹੀ ਦੱਸਿਆ ਕਿ ਮੈਂ ਬਾਹਰ ਜਾ ਰਿਹਾ ਹਾਂ। ਕੁਝ ਹੀ ਦਿਨਾਂ ਬਾਅਦ ਗੁਰਮੇਲ ਸ਼ਿਪ ਉਤੇ ਜਾ ਚੜ੍ਹਿਆ। ਜਦੋਂ ਮਹੀਨਾ ਭਰ ਸ਼ਿਪ ਸਮੁੰਦਰ ਵਿਚ ਹੀ ਤਰਦਾ ਰਿਹਾ ਤਾਂ ਗੁਰਮੇਲ ਨੂੰ ਬੜੀ ਉਦਾਸੀ ਹੋਈ। ਉਸ ਮੈਨੂੰ ਸ਼ਿਪ ਵਿਚੋਂ ਹੀ ਚਿੱਠੀ ਲਿਖੀ। ਜਿਸ ਵਿਚੋਂ ਇਕੱਲ ਅਤੇ ਬੀਤੇ ਦਿਨਾਂ ਦਾ ਹੇਰਵਾ ਡੁੱਲ੍ਹ ਡੁੱਲ੍ਹ ਪੈਂਦਾ ਸੀ। ਉਸ ਲਿਖਿਆ ਸੀ ਮੇਰਾ ਜੀ ਕਰਦਾ ਮੈਂ ਭੱਜ ਕੇ ਪਿੰਡ ਪਹੁੰਚ ਜਾਵਾਂ। ਉਹ ਸ਼ਿਪ 'ਤੇ ਜਾ ਕੇ ਖੁਸ਼ ਹੁੰਦਿਆਂ ਵੀ ਖੁਸ਼ ਨਹੀਂ ਸੀ। ਬਾਅਦ ਵਿਚ ਗੁਰਮੇਲ ਸਾਲ ਪਿਛੋਂ ਕਦੀ ਦੋ ਸਾਲ ਪਿਛੋਂ ਚੱਕਰ ਮਾਰਦਾ। ਜਿੰਨੀ ਵਾਰੀ ਵੀ ਇੰਡੀਆ ਆਉਂਦਾ ਮੈਨੂੰ ਮਿਲੇ ਬਿਨਾ ਨਾ ਜਾਂਦਾ। ਜੇ ਗੁੜ ਦਾ ਸੀਜ਼ਨ ਹੁੰਦਾ ਤਾਂ ਆਪਣੇ ਘਰ ਦਾ ਕੱਢਿਆ ਗੁੜ ਮੈਨੂੰ ਪਹੁੰਚਦਾ ਕਰਨ ਤੋਂ ਨਾ ਉਕਦਾ। 1981-82 ਦੇ ਨੇੜੇ ਗੁਰਮੇਲ ਪੱਕੇ ਤੌਰ 'ਤੇ ਅਮਰੀਕਾ ਟਿਕ ਗਿਆ। ਫਿਰ ਉਸ ਨੇ ਰਿਚਮੰਡ, ਵਰਜੀਨੀਆ ਵਿਚ ਪੱਕੇ ਪੈਰ ਜਮਾ ਲਏ। ਉਸ ਦੀਆਂ ਦੋ ਬੜੀਆਂ ਪਿਆਰੀਆਂ ਧੀਆਂ ਹਨ-ਸਵੀਟੀ ਤੇ ਪ੍ਰੀਤੀ। ਸਵੀਟੀ ਡਾਕਟਰੀ ਕਰ ਰਹੀ ਹੈ। ਨਿੱਕੀ ਪ੍ਰੀਤੀ ਵੀ ਕਾਲਜ ਵਿਚ ਹੈ। ਉਸ ਦੀ ਪਤਨੀ ਬਲਵਿੰਦਰ ਪੇਸ਼ੇ ਵਜੋਂ ਨਰਸ ਹੈ। ਬੜੀ ਮਿਲਣਸਾਰ ਅਤੇ ਦੂਜਿਆਂ ਦੀ ਮਦਦ ਕਰਨ ਵਾਲੀ। ਜਦੋਂ ਦੀ ਮੇਰੀ ਸਿਹਤ ਖਰਾਬ ਹੋਈ ਹੈ ਉਹ ਕੋਈ ਬਹਾਨਾ ਐਸਾ ਨਹੀਂ ਜਾਣ ਦਿੰਦੀ ਜਦੋਂ ਗੁਰਮੇਲ ਨੂੰ ਉਹ ਮੇਰੇ ਪਾਸ ਨਾ ਭੇਜੇ। ਪਿਛਲੇ ਸਾਲ ਜਦੋਂ ਮਨਿੰਦਰ ਨੇ ਮੈਨੂੰ ਮਿਲਣ ਆਉਣ ਦਾ ਪ੍ਰੋਗਰਾਮ ਬਣਾਇਆ ਤਾਂ ਮੈਂ ਗੁਰਮੇਲ ਨੂੰ ਵੀ ਇਸ ਬਾਰੇ ਦੱਸਿਆ। ਗੁਰਮੇਲ ਨੇ ਆਪਣੀ ਪਤਨੀ ਬਲਵਿੰਦਰ ਨੂੰ ਅਤੇ ਦੋਹਾਂ ਨੇ ਝੱਟ ਮਨਿੰਦਰ ਦੇ ਨਾਲ ਹੀ ਮੇਰੇ ਕੋਲ ਆਉਣ ਦਾ ਪ੍ਰੋਗਰਾਮ ਬਣਾ ਲਿਆ। ਇਕ ਹਫਤਾ ਅਸੀਂ ਸਾਰੇ ਜਿਵੇਂ ਅੱਜ ਤੋਂ ਤੀਹ ਸਾਲ ਪਹਿਲਾਂ ਦੇ ਸਮੇਂ ਵਿਚ ਹੀ ਵਿਚਰਦੇ ਰਹੇ।

ਟ੍ਰਿਬਿਊਨ ਦੀ ਨੌਕਰੀ ਕਰਦਿਆਂ ਗੁਰਮੇਲ ਨੇ ਜਦੋਂ ਮੈਨੂੰ ਮਿਲਣ ਆਉਣਾ ਤਾਂ ਮੈਂ ਹਾਸੇ ਵਿਚ ਕਹਿਣਾ ਕਦੀ ਮੈਨੂੰ ਵੀ ਆਪਣਾ ਅਮਰੀਕਾ ਵਿਖਾ ਦੇ। ਉਸ ਬੱਸ ਹੱਸ ਛੱਡਣਾ ਤੇ ਆਖਣਾ ਅਮਰੀਕਾ ਦੂਰੋਂ ਹੀ ਸੋਹਣਾ ਲੱਗਦਾ ਹੈ। 1996 ਵਿਚ ਜਦੋਂ ਮੇਰਾ ਅਮਰੀਕਾ ਆਉਣ ਦਾ ਪ੍ਰੋਗਰਾਮ ਬਣਿਆ ਤਾਂ ਮੈਂ ਜਾਣਬੁੱਝ ਕੇ ਇਸ ਬਾਰੇ ਗੁਰਮੇਲ ਨੂੰ ਨਾ ਦੱਸਿਆ। ਨਿਊ ਯਾਰਕ ਪਹੁੰਚਿਆ ਤਾਂ ਮੈਂ ਆਪਣੇ ਦੋਸਤ ਜਗਰਾਜ ਸਿੰਘ ਅਟਵਾਲ ਪਾਸ ਰੁਕਿਆ ਜੋ ਅੱਜ ਕੱਲ੍ਹ ਮਸਕੀਗਨ, ਮਿਸ਼ੀਗਨ ਵੱਸਦਾ ਹੈ। ਮੈਂ ਗੁਰਮੇਲ ਨੂੰ ਫੋਨ ਕੀਤਾ ਤਾਂ ਉਹ ਬੱਸ ਬਾਗੋਬਾਗ ਹੀ ਹੋ ਗਿਆ। ਜਗਰਾਜ ਨੂੰ ਉਸ ਮਨਾ ਲਿਆ ਕਿ ਅਗਲੇ ਦਿਨ ਹੀ ਮੈਨੂੰ ਉਹ ਵਾਸ਼ਿੰਗਟਨ ਲਈ ਬੱਸ ਵਿਚ ਬਿਠਾ ਦੇਵੇ, ਅੱਗੋਂ ਉਹ ਆਪੇ ਆ ਕੇ ਲੈ ਲਵੇਗਾ। ਜਦੋਂ ਮੈਂ ਵਾਸ਼ਿੰਗਟਨ ਪਹੁੰਚਿਆ ਤਾਂ ਸੱਚਮੁੱਚ ਹੀ ਉਹ ਬੱਸ ਅੱਡੇ 'ਤੇ ਖੜ੍ਹਾ ਮੈਨੂੰ ਉਡੀਕ ਰਿਹਾ ਸੀ। ਮੈਂ ਉਸ ਪਾਸ ਦੋ ਦਿਨ ਰਿਹਾ। ਇਹ ਦੋਵੇਂ ਦਿਨ ਉਹ ਮੈਨੂੰ ਬੜੇ ਪਿਆਰ ਨਾਲ ਅਮਰੀਕਾ ਵਿਚ ਲੋਕਾਂ ਦੇ ਰਹਿਣ-ਬਹਿਣ ਅਤੇ ਉਨ੍ਹਾਂ ਦੇ ਘਰ ਜਾਣ ਦੇ ਸਲੀਕੇ ਸਮਝਾਉਂਦਾ ਰਿਹਾ। ਇਸ ਪੱਖੋਂ ਮੈਂ ਅੱਜ ਤੱਕ ਆਪਣੇ ਆਪ ਨੂੰ ਉਸ ਦਾ ਦੇਣਦਾਰ ਸਮਝਦਾ ਹਾਂ। ਬੜੀਆਂ ਨਿੱਕੀਆਂ ਨਿੱਕੀਆਂ ਗੱਲਾਂ ਜਿਨ੍ਹਾਂ ਵੱਲ ਸਾਡਾ ਆਮ ਧਿਆਨ ਨਹੀਂ ਜਾਂਦਾ ਪਰ ਜੇ ਖਿਆਲ ਰੱਖਿਆ ਜਾਵੇ ਤਾਂ ਦੂਜੇ ਦੇ ਘਰ ਖਲਲ ਪੈਣੋਂ ਬਚ ਜਾਂਦਾ ਹੈ।

ਮੈਂ ਸ਼ਿਕਾਗੋ ਆ ਵੱਸਿਆ ਅਤੇ ਇਸ ਪਿਛੋਂ ਥੋੜ੍ਹੇ ਥੋੜ੍ਹੇ ਦਿਨਾਂ ਬਾਅਦ ਗੁਰਮੇਲ ਦਾ ਫੋਨ ਆਉਣਾ ਬਾਦਸਤੂਰ ਜਾਰੀ ਹੈ। ਮੈਂ ਫੋਨ ਕਰਾਂ ਜਾਂ ਨਾ ਕਰਾਂ ਉਸ ਨੇ ਕਰਨਾ ਹੀ ਹੈ। ਸੰਨ 2000 ਵਿਚ ਜਦੋਂ ਮੈਂ ਪੰਜਾਬ ਟਾਈਮਜ਼ ਸ਼ੁਰੂ ਕੀਤਾ ਤਾਂ ਗੁਰਮੇਲ ਨੇ ਆਪਣੀ ਤਰਫੋਂ ਮਾਲੀ ਮਦਦ ਤੁਰਤ ਭੇਜੀ। ਹਰ ਸਾਲ ਜਦੋਂ ਪੰਜਾਬ ਟਾਈਮਜ਼ ਦਾ ਸਾਲਾਨਾ ਪ੍ਰੋਗਰਾਮ ਹੁੰਦਾ ਹੈ ਤਾਂ ਉਹ ਬਾਦਸਤੂਰ ਹਾਜ਼ਰ ਹੁੰਦਾ ਹੈ। ਆਪਣੀ ਸਮਰਥਾ ਅਨੁਸਾਰ ਮਾਲੀ ਮਦਦ ਵੀ ਹਾਜ਼ਰ ਕਰਦਾ ਹੈ। ਪਿਛਲੇ ਦੋ ਸਾਲਾਂ ਤੋਂ ਉਸ ਦੀ ਪਤਨੀ ਬਲਵਿੰਦਰ ਵੰਨ ਸਵੰਨੇ ਮੇਵੇ ਪਾ ਕੇ ਪਿੰਨੀਆਂ ਬਣਾ ਕੇ ਨਾਲ ਲਿਆਉਂਦੀ ਹੈ। ਆਪ ਨਾ ਆਉਣਾ ਹੋਵੇ ਤਾਂ ਉਸ ਦੇ ਹੱਥ ਭੇਜਦੀ ਹੈ। ਪੰਜਾਬ ਟਾਈਮਜ਼ ਦੇ ਦਫਤਰ ਆਉਣ ਵਾਲੇ ਸਭ ਹੀ ਇਨ੍ਹਾਂ ਪਿੰਨੀਆਂ ਦੇ ਸਵਾਦ ਤੋਂ ਵਾਕਫ ਹੋ ਚੁੱਕੇ ਹਨ। ਜਦੋਂ ਪਿੰਨੀਆਂ ਦੀ ਅਗਲੀ ਖੇਪ ਪਹੁੰਚਦੀ ਹੈ ਤਾਂ ਖਾਣ ਲੱਗਿਆਂ ਆਏ ਸਨੇਹੀ ਦੇ ਮੂੰਹੋਂ ਨਿਕਲ ਜਾਂਦਾ ਹੈ, 'ਗੁਰਮੇਲ ਬਾਈ ਨੇ ਭੇਜੀਆਂ?'

ਇਸ ਸਾਲ ਪੰਜਾਬ ਟਾਈਮਜ਼ ਨਾਈਟ 'ਤੇ ਮੈਂ ਮਨਿੰਦਰ ਅਤੇ ਗੁਰਮੇਲ ਦੋਹਾਂ ਨੂੰ ਸੱਦਾ ਦਿੱਤਾ ਤਾਂ ਦੋਹਾਂ ਨੇ ਹੀ ਨਾ ਆ ਸਕਣ ਲਈ ਮਾਫੀ ਮੰਗੀ। ਗੁਰਮੇਲ ਨੇ ਹਾਜ਼ਰੀ ਲਵਾਉਣ ਲਈ ਆਪਣੇ ਭਤੀਜੇ ਪਾਲ ਅਤੇ ਆਪਣੀ ਵੱਡੀ ਧੀ ਸਵੀਟੀ ਨੂੰ ਭੇਜ ਦਿਤਾ ਅਤੇ ਨਾਲ ਪਿੰਨੀਆਂ ਦਾ ਇਕ ਵੱਡਾ ਭੰਡਾਰ ਵੀ। ਪਰ ਗੁਰਮੇਲ ਤੇ ਮਨਿੰਦਰ ਨੇ ਆਪਸ ਵਿਚ ਮਤਾ ਕੀਤਾ ਕਿ ਇਸ ਸਮਾਗਮ ਦੇ ਰੌਲੇ ਗੌਲੇ 'ਚ ਜਾਣ ਦੀ ਥਾਂ ਹਫਤਾ-ਪੰਦਰਾਂ ਦਿਨ ਬਾਅਦ ਜਾਇਆ ਜਾਵੇ ਅਤੇ ਉਹ ਵੀ ਮੈਨੂੰ ਦੱਸੇ ਬਿਨਾ। ਉਨ੍ਹਾਂ ਇਹ ਵੀ ਤੈਅ ਕਰ ਲਿਆ ਕਿ ਮਨਿੰਦਰ ਟੋਰਾਂਟੋ ਤੋਂ ਪਹਿਲਾਂ ਗੁਰਮੇਲ ਕੋਲ ਪਹੁੰਚ ਜਾਵੇ ਅਤੇ ਉਥੋਂ ਗੁਰਮੇਲ, ਉਸ ਦੀ ਪਤਨੀ ਬਲਵਿੰਦਰ ਅਤੇ ਮਨਿੰਦਰ ਤਿੰਨੇ ਹੀ ਕਾਰ ਵਿਚ ਸਿੱਧੇ ਬਿਨਾ ਦੱਸਿਆਂ ਮੇਰੇ ਘਰ ਆ ਧਮਕਣ। ਮੈਨੂੰ ਅਸਚਰਜ ਕਰਨ ਲਈ। ਪਰ ਕਿਸੇ ਕਾਰਨ ਉਨ੍ਹਾਂ ਦਾ ਇਹ ਪ੍ਰੋਗਰਾਮ ਐਨ ਆਖਰੀ ਮੌਕੇ ਰੱਦ ਹੋ ਗਿਆ। ਪਰ ਗੁਰਮੇਲ ਅਤੇ ਉਸ ਦੀ ਧੀ ਸਵੀਟੀ ਦੋ ਹਫਤਿਆਂ ਬਾਅਦ ਪਿੰਨੀਆਂ ਦੀ ਇਕ ਹੋਰ ਖੇਪ ਲੈ ਕੇ ਪਹੁੰਚ ਗਏ। ਉਦੋਂ ਹੀ ਗੁਰਮੇਲ ਨੇ ਆਪਣੇ ਰੱਦ ਹੋਏ ਪ੍ਰੋਗਰਾਮ ਬਾਰੇ ਦੱਸਿਆ। ਹੁਣ ਜਦੋਂ ਗੁਰਮੇਲ ਅਤੇ ਮਨਿੰਦਰ ਨਾਲ ਕੁਝ ਦਿਨ ਗੱਲ ਨਹੀਂ ਹੁੰਦੀ ਤਾਂ ਮੈਨੂੰ ਭਾਸਣ ਲੱਗਦਾ ਹੈ ਕਿ ਪਤਾ ਨਹੀਂ ਕਦੋਂ ਇਹ ਤਿੰਨੇ ਵਿਹੜੇ ਵਿਚ ਕਾਰ ਆ ਖੜ੍ਹੀ ਕਰਨ।

# ਸ਼ਾਨਾਂਮੱਤੀ ਭਾਰਤੀ ਹਾਕੀ ਦਾ ਇਕ ਹੋਰ ਥੰਮ ਚਰਨਜੀਤ ਸਿੰਘ

ਅੱਜ ਭਾਵੇਂ ਭਾਰਤੀ ਹਾਕੀ ਦੀ ਉਹ ਸ਼ਾਨ ਨਹੀਂ ਰਹੀ ਜੋ ਕਿਸੇ ਵੇਲੇ ਹੋਇਆ ਕਰਦੀ ਸੀ। ਕੁਝ ਹਾਕੀ ਵਿਚ ਕਈ ਤਰ੍ਹਾਂ ਦੀ ਸਿਆਸਤ ਵੜ ਜਾਣ ਕਰਕੇ ਅਤੇ ਕੁਝ ਕ੍ਰਿਕਟ ਦੇ ਬਹੁਤ ਜ਼ਿਆਦਾ ਬਾਜ਼ਾਰ-ਮੁਖੀ ਹੋ ਜਾਣ ਕਰਕੇ। ਪਿਛਲੇ ਚਾਰ ਦਹਾਕਿਆਂ ਤੋਂ ਮਾਹੌਲ ਕੁਝ ਇਸ ਤਰ੍ਹਾਂ ਦਾ ਬਣਿਆ ਕਿ ਉਹੋ ਹੀ ਖੇਡ ਜ਼ਿਆਦਾ ਲੋਕਪ੍ਰਿਅ ਹੋ ਜਾਂਦੀ ਹੈ ਜਿਸ ਦੇ ਪਿਛੇ ਵਪਾਰਕ ਕੰਪਨੀਆਂ ਪੈਸਾ ਲਾਉਂਦੀਆਂ ਹਨ। ਪਰ ਕਿਸੇ ਜ਼ਮਾਨੇ ਵਿਚ ਭਾਰਤੀ ਹਾਕੀ ਦੀਆਂ ਸ਼ਾਨਾਂ ਹੀ ਅਲੱਗ ਸਨ। ਧਿਆਨ ਚੰਦ ਦੀ ਹਾਕੀ ਵਿਚ ਕੁਝ ਅਜਿਹਾ ਜਾਦੂ ਸੀ ਕਿ ਉਸ ਦੀ ਪਰਖ ਕੀਤੀ ਜਾਂਦੀ ਕਿ ਇਸ ਵਿਚ ਕਿਧਰੇ ਹੋਈ ਸੱਚ ਮੁੱਚ ਦਾ ਜਾਦੂ ਤੇ ਨਹੀਂ। ਪਦਮਸ੍ਰੀ ਚਰਨਜੀਤ ਸਿੰਘ ਵੀ ਭਾਰਤੀ ਹਾਕੀ ਦੇ ਸ਼ਾਨਾਂਮੱਤੇ ਇਤਿਹਾਸ ਦੇ ਇਕ ਥੰਮ੍ਹ ਹਨ ਜਿਨ੍ਹਾਂ ਦੀ ਕਪਤਾਨੀ ਹੇਠ 1964 ਵਿਚ ਭਾਰਤੀ ਹਾਕੀ ਟੀਮ ਨੇ ਟੋਕੀਓ ਉਲੰਪਿਕ ਹਾਕੀ ਜਿੱਤੀ ਸੀ।

ਹਾਕੀ ਉਲੰਪਿਅਨ ਪਦਮਸ੍ਰੀ ਚਰਨਜੀਤ ਸਿੰਘ ਦਾ ਜਨਮ 22 ਨਵੰਬਰ, 1930 ਨੂੰ ਉਦੋਂ ਦੇ ਪੰਜਾਬ ਅਤੇ ਅਜੋਕੇ ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲੇ ਦੇ ਪਿੰਡ ਮੈੜੀ ਵਿਚ ਹੋਇਆ। ਉਨ੍ਹਾਂ ਆਪਣੇ ਸਕੂਲ ਦੀ ਸਿਖਿਆ ਗੁਰਦਾਸਪੁਰ ਅਤੇ ਲਾਇਲਪੁਰ (ਹੁਣ ਪਾਕਿਸਤਾਨ) ਦੇ ਖਾਲਸਾ ਸਕੂਲਾਂ ਤੋਂ ਹਾਸਲ ਕੀਤੀ। ਬੀ.ਐਸ.ਸੀ. (ਖੇਤੀ) ਦੀ ਸਿਖਿਆ ਉਨ੍ਹਾਂ ਸਰਕਾਰੀ ਕਾਲਜ ਲੁਧਿਆਣਾ ਤੋਂ ਕੀਤੀ। ਕਿਸੇ ਵਿਦਿਆਰਥੀ ਦਾ ਪੜ੍ਹਾਈ ਅਤੇ ਖੇਡਾਂ ਦੋਹਾਂ ਹੀ ਖੇਤਰਾਂ ਵਿਚ ਹੁਸ਼ਿਆਰ ਹੋਣਾ ਵਿਰਲੇ ਵਾਂਝੇ ਦੇ ਹੀ ਹਿੱਸੇ ਆਉਂਦਾ ਹੈ ਪਰ ਚਰਨਜੀਤ ਸਿੰਘ ਨੇ ਛੋਟੀ ਉਮਰੇ ਪੜ੍ਹਾਈ ਦੇ ਨਾਲ ਨਾਲ ਹਾਕੀ ਵਿਚ ਵੀ ਮੱਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਉਹ ਆਪਣੇ ਸਕੂਲ ਦੀ ਹਾਕੀ ਟੀਮ ਵਿਚ ਸ਼ਾਮਲ ਸੀ।

ਸਾਲ 1949 ਵਿਚ ਉਹ ਪੰਜਾਬ ਯੂਨੀਵਰਸਿਟੀ ਲਈ ਖੇਡੇ ਅਤੇ 1950 ਵਿਚ ਚਰਨਜੀਤ ਸਿੰਘ ਨੂੰ ਪੰਜਾਬ ਯੂਨੀਵਰਸਿਟੀ ਦੀ ਹਾਕੀ ਟੀਮ ਦਾ ਕਪਤਾਨ ਬਣਾ ਦਿੱਤਾ ਗਿਆ। ਇਸੇ ਹੀ ਸਾਲ ਉਹ ਪੰਜਾਬ ਪੁਲਿਸ ਵਿਚ ਚਲੇ ਗਏ ਅਤੇ ਇਸ ਸਾਲ ਦੇਸ਼ ਵਿਚ ਹੋਏ ਸਾਰੇ ਵੱਡੇ ਟੂਰਨਾਮੈਂਟਾਂ ਵਿਚ ਉਹ ਹਾਕੀ ਖੇਡੇ। 1951 ਅਤੇ 1955 ਵਿਚ ਪਾਕਿਸਤਾਨ ਖੇਡਣ ਗਈ ਭਾਰਤੀ ਟੀਮ ਵਿਚ ਉਹ ਵੀ ਸ਼ਾਮਲ ਸਨ। 1958 ਵਿਚ ਚਰਨਜੀਤ ਸਿੰਘ ਪੰਜਾਬ ਦੀ ਹਾਕੀ ਟੀਮ ਦੇ ਕਪਤਾਨ ਬਣੇ। ਇਸੇ ਹੀ ਸਾਲ ਉਨ੍ਹਾਂ ਨੂੰ ਕੌਮੀ ਟੀਮ ਵਿਚ ਲੈ ਲਿਆ ਗਿਆ। ਭਾਰਤੀ ਕੌਮੀ ਹਾਕੀ ਟੀਮ ਦੇ ਮੈਂਬਰ ਵਜੋਂ ਉਨ੍ਹਾਂ 1959 ਵਿਚ ਯੂਰਪ ਦਾ ਟੂਰ ਲਾਇਆ।

1960 ਵਿਚ ਰੋਮ ਵਿਚ ਹੋਈਆਂ ਉਲੰਪਿਕ ਖੇਡਾਂ ਵਿਚ ਚਰਨਜੀਤ ਸਿੰਘ ਵੀ ਸ਼ਾਮਲ ਹੋਏ ਪਰ ਬਦਕਿਸਮਤੀ ਨਾਲ ਉਨ੍ਹਾਂ ਦੀ ਲੱਤ ਉਤੇ ਸੱਟ ਲੱਗ ਗਈ ਅਤੇ ਉਹ ਪਾਕਿਸਤਾਨ ਦੇ ਖਿਲਾਫ ਫਾਈਨਲ ਮੈਚ ਨਾ ਖੇਡ ਸਕੇ। ਇਸ ਮੈਚ ਵਿਚ ਪਾਕਿਸਤਾਨ ਭਾਰਤ ਨੂੰ ਹਰਾਉਣ ਵਿਚ ਕਾਮਯਾਬ



ਚਰਨਜੀਤ ਸਿੰਘ

ਹੋ ਗਿਆ। ਭਾਰਤ ਲਈ ਇਹ ਬਦਕਿਸਮਤੀ ਵਾਲੀ ਗੱਲ ਸੀ ਕਿ ਚਰਨਜੀਤ ਸਿੰਘ ਵਰਗਾ ਵੱਡਾ ਖਿਡਾਰੀ ਸੱਟ ਲੱਗਣ ਕਰਕੇ ਖੇਡ ਨਾ ਸਕਿਆ। 1961 ਵਿਚ ਨਿਊਜ਼ੀਲੈਂਡ ਅਤੇ ਆਸਟਰੇਲੀਆ ਦੇ ਦੌਰੇ ਸਮੇਂ ਭਾਰਤੀ ਹਾਕੀ ਟੀਮ ਦਾ ਉਨ੍ਹਾਂ ਨੂੰ ਉਪ ਕਪਤਾਨ ਬਣਾ ਦਿੱਤਾ ਗਿਆ। ਉਨ੍ਹਾਂ 1962 ਵਿਚ ਜਕਾਰਤਾ ਵਿਚ ਹੋਈਆਂ ਏਸ਼ੀਅਨ ਗੇਮਾਂ ਵਿਚ ਵੀ ਹਿੱਸਾ ਲਿਆ। 1962 ਵਿਚ ਅਹਿਮਦਾਬਾਦ ਵਿਚ ਇਕ ਕੌਮਾਂਤਰੀ ਹਾਕੀ ਟੂਰਨਾਮੈਂਟ ਹੋਇਆ ਜਿਸ ਵਿਚ ਉਨ੍ਹਾਂ ਭਾਰਤੀ ਟੀਮ ਦੀ ਕਪਤਾਨੀ ਕਰਕੇ ਜਿੱਤ ਭਾਰਤ ਦੇ ਪੱਲੇ ਪੁਆਈ। ਫਰਾਂਸ ਵਿਚ 1963 ਵਿਚ ਹੋਏ ਲਿਓਨਜ਼ ਹਾਕੀ ਮੇਲੇ ਵਿਚ ਚਰਨਜੀਤ ਸਿੰਘ ਦੀ ਕਪਤਾਨੀ ਹੇਠ ਭਾਰਤੀ ਟੀਮ ਦੀ ਫਿਰ ਸਰਦਾਰੀ ਰਹੀ। ਵਿਸ਼ਵ ਦੀ ਬੈਸਟ ਟੀਮ, ਹਾਕੀ ਤਕਨੀਕ ਵਿਚ ਬੈਸਟ ਟੀਮ ਅਤੇ ਬੈਸਟ ਆਲ ਰਾਊਂਡਰ ਦੇ ਖਿਤਾਬ ਉਨ੍ਹਾਂ ਦੇ ਹਿੱਸੇ ਆਏ।

1964 ਵਿਚ ਜਦੋਂ ਚਰਨਜੀਤ ਸਿੰਘ ਦੀ ਕਪਤਾਨੀ ਹੇਠ ਭਾਰਤੀ ਹਾਕੀ ਟੀਮ ਨੇ ਟੋਕੀਓ ਵਿਚ ਪਾਕਿਸਤਾਨ ਨੂੰ ਹਰਾ ਕੇ ਉਲੰਪਿਕ ਖਿਤਾਬ ਜਿਤਿਆ, ਉਹ ਸਮਾਂ ਚਰਨਜੀਤ ਸਿੰਘ ਦਾ ਸੁਨਹਿਰੀ ਸਮਾਂ ਆਖਿਆ ਜਾ ਸਕਦਾ ਹੈ। ਖੇਡਾਂ ਦੇ ਖੇਤਰ ਵਿਚ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਨੂੰ ਮੁੱਖ ਰੱਖਦਿਆਂ ਭਾਰਤ ਸਰਕਾਰ ਨੇ 1963 ਵਿਚ ਉਨ੍ਹਾਂ ਨੂੰ ਅਰਜਨ ਐਵਾਰਡ ਦੇ ਕੇ ਨਿਵਾਜਿਆ। ਅਗਲੇ ਸਾਲ ਉਲੰਪਿਕ ਹਾਕੀ ਵਿਚ ਜਿੱਤ ਨਾਲ ਉਨ੍ਹਾਂ ਨੂੰ ਪਦਮਸ੍ਰੀ ਐਵਾਰਡ ਮਿਲਿਆ। ਇਸ ਤੋਂ ਇਲਾਵਾ ਅਗਲੇ ਸਾਲਾਂ ਵਿਚ ਚੰਡੀਗੜ੍ਹ ਸਪੋਰਟਸ ਜਰਨਲਿਸਟਸ ਐਵਾਰਡ, ਹਿਮਾਚਲ ਪ੍ਰਦੇਸ਼ ਸਪੋਰਟਸ ਜਰਨਲਿਸਟਸ ਐਵਾਰਡ, ਹਿਮਾਚਲ ਸਟੇਟ ਕੌਂਸਲ ਐਵਾਰਡ ਅਤੇ ਪੰਜਾਬ ਸਟੇਟ ਕੌਂਸਲ ਐਵਾਰਡ ਸਮੇਤ ਕਈ ਪੁਰਸਕਾਰ ਉਨ੍ਹਾਂ ਦੀ ਝੋਲੀ ਵਿਚ ਪਏ।

ਸਰਗਰਮ ਖਿਡਾਰੀ ਦੇ ਕੈਰੀਅਰ ਤੋਂ ਸਨਿਆਸ ਲੈਣ ਉਪਰੰਤ ਚਰਨਜੀਤ ਸਿੰਘ ਦੇਸ਼ ਦੀਆਂ ਵੱਖ ਵੱਖ ਸੰਸਥਾਵਾਂ ਵਿਚ ਕਈ ਅਹਿਮ ਅਹੁਦਿਆਂ ਉਤੇ ਰਹੇ, ਜਿਨ੍ਹਾਂ ਵਿਚ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦਾ ਫੈਲੋ, ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ ਵਿਚ ਫਿਜ਼ੀਕਲ ਐਜੂਕੇਸ਼ਨ ਐਂਡ ਯੂਥ ਪ੍ਰੋਗਰਾਮ ਡਾਇਰੈਕਟਰ, ਪੰਜਾਬ ਅਤੇ ਹਰਿਆਣਾ ਖੇਤੀ ਯੂਨੀਵਰਸਿਟੀ ਵਿਚ ਡਾਇਰੈਕਟਰ ਸਟੂਡੈਂਟਸ ਵੈਲਫੇਅਰ, ਸੈਕਟਰੀ ਹਿਮਾਚਲ ਪ੍ਰਦੇਸ਼ ਉਲੰਪਿਕ ਐਸੋਸੀਏਸ਼ਨ, ਮੈਂਬਰ ਐਗਜ਼ੈਕਟਿਵ ਕਮੇਟੀ ਇੰਡੀਅਨ ਉਲੰਪਿਕ ਐਸੋਸੀਏਸ਼ਨ, ਮੈਂਬਰ ਹਿਮਾਚਲ ਪ੍ਰਦੇਸ਼ ਸਪੋਰਟਸ ਕੌਂਸਲ ਅਤੇ ਐਕਸਪਰਟ ਮੈਂਬਰ ਹਿਮਾਚਲ ਪ੍ਰਦੇਸ਼ ਪਬਲਿਕ ਸਰਵਿਸ ਕਮਿਸ਼ਨ ਦੇ ਅਹੁਦੇ ਵੀ ਸ਼ਾਮਲ ਹਨ। ਉਹ ਵੱਖ ਵੱਖ ਹਾਕੀ ਟੀਮਾਂ ਦੇ ਚੋਣਕਾਰਾਂ ਵਿਚ ਵੀ ਸ਼ਾਮਲ ਰਹੇ। ਇਸ ਤੋਂ ਇਲਾਵਾ ਉਹ ਆਲ ਇੰਡੀਆ ਰੇਡੀਓ ਸ਼ਿਮਲਾ ਅਤੇ ਸਟੇਟ ਸਿੱਖਿਆ ਬੋਰਡ ਦੇ ਸਲਾਹਕਾਰ ਮੈਂਬਰ ਵੀ ਰਹੇ।

6 ਸਤੰਬਰ ਨੂੰ ਸ਼ਿਕਾਗੋ ਵਿਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਵਲੋਂ ਕਰਵਾਏ ਜਾ ਰਹੇ ਦੂਜੇ ਕਬੱਡੀ ਕੱਪ ਮੁਕਾਬਲੇ ਵਿਚ ਸ੍ਰੀ ਚਰਨਜੀਤ ਸਿੰਘ ਮੁੱਖ ਮਹਿਮਾਨ ਵਜੋਂ ਪਹੁੰਚ ਰਹੇ ਹਨ।

# ਖੇਡਾਂ ਦੇ ਨਿਯਮਾਂ ਦਾ ਪਾਲਣ ਕਰਨਾ ਜ਼ਰੂਰੀ

**ਖੇਡ-ਜਗਤ**

**ਦਲਬਾਰਾ ਸਿੰਘ ਮਾਂਗਟ**

ਖੇਡ ਭਾਵੇਂ ਫੁੱਟਬਾਲ ਹੋਵੇ, ਹਾਕੀ ਜਾਂ ਕਬੱਡੀ, ਉੱਚ ਪੱਧਰ ਦੇ ਰੈਫਰੀ, ਜੱਜ ਜਾਂ ਅੰਪਾਇਰ ਦਾ ਹੋਣਾ ਬਹੁਤ ਜ਼ਰੂਰੀ ਹੈ ਜਿਸ ਨੂੰ ਉਸ ਖੇਡ ਦੇ ਨਿਯਮਾਂ ਬਾਰੇ ਪੂਰੀ ਜਾਣਕਾਰੀ ਹੋਵੇ। ਇਹ ਆਮ ਦੇਖਿਆ ਜਾਂਦਾ ਹੈ ਕਿ ਬਹੁਤ ਸਾਰੇ ਮੈਚ ਬਿਨਾ ਨਤੀਜੇ ਤੋਂ ਸਮਾਪਤ ਹੋ ਜਾਂਦੇ ਹਨ, ਜਿਸ ਦਾ ਵੱਡਾ ਕਾਰਨ ਜਾਂ ਤਾਂ ਰੈਫਰੀ-ਜੱਜਾਂ ਦੀ ਘਟੀਆ ਜੱਜਮੈਂਟ ਜਾਂ ਫਿਰ ਖਿਡਾਰੀਆਂ ਵਲੋਂ ਹਰ ਗੱਲ 'ਤੇ ਨੁਕਤਾਚੀਨੀ ਕਰਨਾ ਹੁੰਦਾ ਹੈ। ਇਹੋ ਨਹੀਂ ਬਲਕਿ ਕਈ ਵਾਰੀ ਖਿਡਾਰੀ ਅਤੇ ਰੈਫਰੀ ਦਰਸ਼ਕਾਂ ਵਲੋਂ ਆਪਣੇ ਮਨ ਪਰਚਾਵੇਂ ਜਾਂ ਮੈਚਾਂ ਦਾ ਵਧੀਆ ਨਜ਼ਾਰਾ ਲੈਣ ਲਈ ਉਨ੍ਹਾਂ ਦੀ ਗਲਤ ਹੱਲਾਸ਼ੇਰੀ ਦਾ ਸ਼ਿਕਾਰ ਬਣ ਜਾਂਦੇ ਹਨ ਅਤੇ ਟੀਮਾਂ ਅਕਸਰ ਮੈਚ ਅੱਧ ਵਿਚਾਲੇ ਹੀ ਛੱਡ ਕੇ ਚਲੀਆਂ ਜਾਂਦੀਆਂ ਹਨ। ਇਸ ਨੂੰ ਸਪੋਰਟਸਮੈਨਸ਼ਿਪ ਨਹੀਂ ਕਿਹਾ ਜਾ ਸਕਦਾ।

ਦਰਸ਼ਕਾਂ ਦੀ ਬੇਥਵੀ ਦਖ਼ਲਅੰਦਾਜ਼ੀ ਕਰਕੇ ਕਈ ਵਾਰ ਟੀਮਾਂ ਅਤੇ ਰੈਫਰੀ ਨੂੰ ਸੱਟਾਂ ਵੀ ਲੱਗ ਜਾਂਦੀਆਂ ਹਨ ਅਤੇ ਇਹੋ ਜਿਹੇ ਹਾਲਾਤ ਪੈਦਾ ਹੋ ਜਾਂਦੇ ਹਨ ਕਿ ਮੈਚਾਂ ਦੇ ਮਸਲੇ ਕੋਰਟ ਕਚਹਿਰੀਆਂ ਤੱਕ ਪਹੁੰਚ ਜਾਂਦੇ ਹਨ, ਜਿਹੜਾ ਇਕ ਮਹਿੰਗਾ ਸੌਦਾ ਸਾਬਤ ਹੋ ਸਕਦਾ ਹੈ। ਇਸੇ ਕਰਕੇ ਅੱਜ ਕੱਲ੍ਹ ਰੈਫਰੀ ਅਤੇ ਟੀਮਾਂ ਨੂੰ ਪੁਲਿਸ ਜਾਂ ਹੋਰ ਫੋਰਸ ਦੀ ਸੁਰੱਖਿਆ ਲੈਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਇਸ ਗੱਲ ਦਾ ਸਬੂਤ ਟੋਰਾਂਟੋ (ਕੈਨੇਡਾ) ਦੇ ਡੌਮ ਵਿਚ ਹੋਏ ਕਬੱਡੀ ਵਰਲਡ ਕੱਪ ਤੋਂ ਲਗਾਇਆ ਜਾ ਸਕਦਾ ਹੈ ਜਿਸ ਵਿਚ ਮੈਚ ਬਰਾਬਰ ਖ਼ਤਮ ਹੋਣ 'ਤੇ ਟੀਮਾਂ ਵਿਚ ਆਪਸੀ ਮਤਭੇਦ ਪੈਦਾ ਹੋਏ ਸਨ, ਜਿਸ ਦਾ ਕਾਰਨ ਟੈਕਨੀਕਲ ਕਮੇਟੀ ਵਲੋਂ ਨਿਯਮਾਂ ਦੀ ਉਲੰਘਣਾ ਕਰਨਾ ਸੀ ਜਾਂ ਫਿਰ ਰੈਫਰੀ ਦੀ ਅਣਗਹਿਲੀ, ਕਿਉਂਕਿ ਜੇਕਰ ਪਹਿਲੇ ਰੇਡਰ ਵਲੋਂ ਡੇਢ ਪੁਆਇੰਟ ਦੇਣ ਲੈਣ ਦੀ ਧਾਰਾ ਲਾਗੂ ਕੀਤੀ ਗਈ ਹੁੰਦੀ, ਮੈਚ ਦਾ ਫੈਸਲਾ ਹਰ ਹਾਲ ਵਿਚ ਸਮੇਂ ਸਿਰ ਹੋਣਾ ਲਾਜ਼ਮੀ ਬਣਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਕੁਝ ਚੰਗੇ ਰੈਫਰੀ-ਜੱਜ ਜਾਂ ਅੰਪਾਇਰ ਵੀ ਹਨ, ਜਿਹੜੇ ਮੈਚਾਂ ਨੂੰ ਬੜੇ ਸੁਚੱਜੇ ਢੰਗ ਨਾਲ ਖਿਡਾਉਂਦੇ ਹਨ ਪਰ ਆਮ ਤੌਰ 'ਤੇ ਟੂਰਨਾਮੈਂਟ ਜਾਂ ਨੈਸ਼ਨਲ ਚੈਂਪੀਅਨਸ਼ਿਪ ਵਿਚ ਸਾਡਾ ਸਟੈਂਡਰਡ ਵਿਦੇਸ਼ਾਂ ਦੇ ਮੁਕਾਬਲੇ ਬਹੁਤ ਘਟੀਆ ਹੈ। ਇਹੀ ਕਾਰਨ ਹੈ ਕਿ ਅੱਜ ਤੱਕ ਸਾਡਾ ਕੋਈ ਵੀ ਰੈਫਰੀ ਜਾਂ ਅੰਪਾਇਰ ਵਿਸ਼ਵ ਕੱਪ ਜਾਂ ਉਲੰਪਿਕ ਵਿਚ ਲੋੜੀਂਦਾ ਸਥਾਨ ਪ੍ਰਾਪਤ ਨਹੀਂ ਕਰ ਸਕਿਆ। ਜਦੋਂ ਕਿ ਛੋਟੇ ਛੋਟੇ ਮੁਲਕ ਜਿਵੇਂ ਸਕਾਟਲੈਂਡ ਅਤੇ ਆਇਰਲੈਂਡ ਦੇ ਰੈਫਰੀ-ਜੱਜ ਅੱਜ ਵੀ ਫਾਈਨਲ ਖਿਡਾ ਰਹੇ ਹਨ। ਇਸੇ ਦਾ ਸਿੱਟਾ ਹੈ ਕਿ ਫੈਡਰੇਸ਼ਨਾਂ ਦੇ ਨਜ਼ਦੀਕੀ ਸੱਜਣ ਹੀ ਸੀਟੀ ਵਜਾਉਂਦੇ ਜਾਂ ਹੱਥ ਵਿਚ 'ਸਟਾਪ ਵਾਚ' ਫੜ੍ਹ ਕੇ ਡਿਊਟੀ ਨਿਭਾਉਂਦੇ ਦੇਖੇ ਜਾਂਦੇ ਹਨ, ਜਿਨ੍ਹਾਂ ਨੇ ਸੰਬੰਧਤ ਖੇਡ ਦੇ ਨਿਯਮਾਂ ਦੀ ਕਿਤਾਬ ਨੂੰ ਕਦੇ ਹੱਥ ਵੀ ਨਹੀਂ ਲਾਇਆ ਹੁੰਦਾ। ਸਾਡੀਆਂ ਰਾਸ਼ਟਰੀ ਫੈਡਰੇਸ਼ਨਾਂ ਅਖ਼ਬਾਰਾਂ ਜਾਂ ਟੀ.ਵੀ. 'ਤੇ ਇੰਟਰਵਿਊ ਦੇਣ ਲੱਗਿਆਂ ਹਵਾਈ ਵਾਅਦੇ ਤਾਂ ਕਰਦੀਆਂ ਦੇਖੀਆਂ ਜਾ ਸਕਦੀਆਂ ਹਨ, ਪਰ



ਅਮਲੀ ਜਾਮਾ ਪਹਿਨਾਉਣ ਦਾ ਕੰਮ ਦੂਰ ਨਜ਼ਰ ਆਉਂਦਾ ਹੈ। ਇਹੀ ਕਾਰਨ ਹੈ ਕਿ ਮੈਚ ਖ਼ਤਮ ਹੋਣ ਮਗਰੋਂ ਟੀਮਾਂ ਵਲੋਂ ਰੈਫਰੀਆਂ ਖਿਲਾਫ ਸ਼ਿਕਾਇਤ ਜਾਂ ਪਰੋਟੈਸਟ ਫਾਈਲ ਕੀਤੇ ਜਾਂਦੇ ਹਨ। ਇਹ ਸੁਭਾਵਿਕ ਹੈ ਕਿ ਰੈਫਰੀ ਵਲੋਂ ਹੋਈ ਗਲਤੀ ਕਾਰਨ ਖਿਡਾਰੀਆਂ ਦੀ ਕੀਤੀ ਮਹੀਨਿਆਂ-ਸਾਲਾਂ ਦੀ ਟਰੇਨਿੰਗ ਅਤੇ ਤਿਆਰੀ ਮਿੱਟੀ ਵਿਚ ਮਿਲ ਜਾਂਦੀ ਹੈ।

ਆਮ ਤੌਰ 'ਤੇ ਰਾਸ਼ਟਰੀ ਪੱਧਰ ਦੇ ਟੂਰਨਾਮੈਂਟ ਵਿਚ ਫਸਟ ਕਲਾਸ ਦੇ ਰੈਫਰੀ-ਅੰਪਾਇਰ ਚੁਣੇ ਜਾਂਦੇ ਹਨ, ਜਿਸ ਵਿਚ ਦੇਸ਼ ਦੇ ਉੱਘੇ ਖਿਡਾਰੀ ਹਿੱਸਾ ਲੈਂਦੇ ਹਨ ਅਤੇ ਉਨ੍ਹਾਂ ਵਿਚੋਂ ਅੰਤਰਰਾਸ਼ਟਰੀ ਮੈਚਾਂ ਲਈ ਟੀਮ ਦੀ ਚੋਣ ਕੀਤੀ ਜਾਂਦੀ ਹੈ। ਇਹੀ ਸਭ ਤੋਂ ਵਧੀਆ ਮੌਕਾ ਹੁੰਦਾ ਹੈ ਕਿ ਰੈਫਰੀ-ਜੱਜ ਆਪਣਾ ਬੇਹਤਰੀਨ ਪ੍ਰਦਰਸ਼ਨ ਕਰਕੇ ਖਿਡਾਰੀਆਂ ਦੀਆਂ ਪੁਰਾਣੀਆਂ ਅਤੇ ਮਾੜੀਆਂ ਆਦਤਾਂ ਨੂੰ ਦੂਰ ਕਰ ਸਕਦੇ ਹਨ। ਜਦੋਂ ਸਾਡੇ ਖਿਡਾਰੀ ਬਾਹਰ ਖੇਡਣ ਜਾਣ ਤਾਂ ਉਨ੍ਹਾਂ ਨੂੰ ਇਹੋ ਜਿਹੀ ਸਥਿਤੀ ਦਾ ਸਾਹਮਣਾ ਨਾ ਕਰਨਾ ਪਵੇ। ਸਾਡੀ ਮੰਦੀ ਖੇਡ ਦੇ ਨਤੀਜੇ ਵੀ ਘਟੀਆ ਰੈਫਰੀ/ਅੰਪਾਇਰਿੰਗ ਹਨ। ਜਦੋਂ ਨੈਸ਼ਨਲ ਪੱਧਰ 'ਤੇ ਕੋਈ ਸੁਧਾਰ ਨਹੀਂ ਕੀਤਾ ਜਾਂਦਾ ਤਾਂ ਸਾਡੀਆਂ ਟੀਮਾਂ ਜਾਂ ਖਿਡਾਰੀ ਅੰਤਰਰਾਸ਼ਟਰੀ ਮੈਚਾਂ ਵਿਚ ਗਲਤੀਆਂ ਕਰਕੇ ਹਾਰਾਂ ਦਾ ਸ਼ਿਕਾਰ ਹੋ ਜਾਂਦੇ ਹਨ। ਐਫ.ਆਈ.ਐਚ. ਦੇ ਪ੍ਰਧਾਨ ਰੇਨੇ ਫਰੈਂਕ ਨੇ ਭਾਰਤੀ ਅੰਪਾਇਰਾਂ ਨੂੰ ਅਨਫਿੱਟ ਕਰਾਰ ਦਿੱਤਾ ਸੀ, ਜਿਸ ਕਰਕੇ ਵਿਦੇਸ਼ੀ ਟੀਮਾਂ ਨੂੰ ਕਈ ਵਾਰ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਕਰਕੇ ਬਹੁਤ ਸਾਰੀਆਂ ਟੀਮਾਂ ਸਾਡੇ ਰੈਫਰੀ-ਅੰਪਾਇਰਾਂ ਬਾਰੇ ਚੰਗਾ ਨਹੀਂ ਸੋਚਦੀਆਂ ਅਤੇ ਅੱਜ ਵੀ ਅੰਤਰਰਾਸ਼ਟਰੀ ਨਿਯਮ ਬੋਰਡ ਵਿਚ ਸਾਡਾ ਕੋਈ ਵੀ ਮੈਂਬਰ ਨਹੀਂ ਲਿਆ ਜਾਂਦਾ। ਇਨ੍ਹਾਂ ਗੱਲਾਂ ਨੂੰ ਮੁੱਖ ਰੱਖਦਿਆਂ ਨੈਸ਼ਨਲ ਸਪੋਰਟਸ ਫੈਡਰੇਸ਼ਨਾਂ ਨੂੰ ਰੈਫਰੀ/ਅੰਪਾਇਰ ਅਤੇ ਜੱਜਾਂ ਬਾਰੇ ਨਵਾਂ ਅਕਸ ਪੈਦਾ ਕਰਨ ਲਈ ਸਖ਼ਤ ਕਦਮ ਚੁੱਕਣ ਦੀ ਲੋੜ ਹੈ। ਇਸ ਮਕਸਦ ਲਈ ਅੰਤਰਰਾਸ਼ਟਰੀ ਪੱਧਰ 'ਤੇ ਸੈਮੀਨਾਰ ਅਤੇ ਕਲੀਨਿਕ ਕਰਵਾਏ ਜਾਣ ਅਤੇ ਸਮੇਂ ਸਮੇਂ 'ਤੇ ਫਿਜ਼ੀਕਲ ਫਿਟਨੈਸ ਟੈਸਟ ਇਕ ਵਧੀਆ ਸ਼ੁਰੂਆਤ ਕਿਹਾ ਜਾ ਸਕਦਾ ਹੈ।

ਕਿਸੇ ਵੀ ਟੂਰਨਾਮੈਂਟ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਟੀਮਾਂ ਦੇ ਮੈਨੇਜਰ ਤੇ ਕੋਚਾਂ ਨੂੰ ਨਿਯਮ ਅਤੇ ਯੂਨੀਫਾਰਮ ਕੋਡ ਬਾਰੇ ਗਾਈਡ ਲਾਈਨ ਤਿਆਰ ਕਰਕੇ ਇਕ ਸੰਮੇਲਨ ਦੌਰਾਨ ਲੋੜੀਂਦੀਆਂ ਹਦਾਇਤਾਂ ਦੇ ਦਿੱਤੀਆਂ ਜਾਣ। ਇਸ ਨਾਲ ਰੌਲੇ ਰੱਪੇ ਦੀ ਗੁੰਜਾਇਸ਼ ਘੱਟ ਜਾਂਦੀ ਹੈ। ਹਰ ਟੂਰਨਾਮੈਂਟ ਦੀ ਟੈਕਨੀਕਲ ਕਮੇਟੀ ਨੂੰ ਚਾਹੀਦਾ ਹੈ ਕਿ ਮੈਚਾਂ ਦੌਰਾਨ ਖਿਡਾਰੀ-ਟੀਮਾਂ ਜਾਂ ਰੈਫਰੀ-ਜੱਜਾਂ ਤੋਂ ਇਲਾਵਾ ਕੋਈ ਵੀ ਬਾਹਰੋਂ ਦਖ਼ਲ ਅੰਦਾਜ਼ੀ ਨਾ ਹੋਵੇ। ਖੇਡ ਨਿਯਮਾਂ ਦਾ ਜਾਇਜ਼ਾ ਲੈਂਦਿਆਂ 1975 ਵਿਚ ਭਾਰਤੀ ਹਾਕੀ ਫੈਡਰੇਸ਼ਨ ਦੇ ਇਕ 'ਸਿਲਵਰ ਜੁਬਲੀ' ਮੈਚ ਦੌਰਾਨ ਟੈਕਨੀਕਲ ਕਮੇਟੀ ਨੇ ਭਾਰਤੀ ਕਰਤਾ-ਧਰਤਾਵਾਂ ਦੀਆਂ ਫੋਟੋ ਲੈਣ ਲਈ ਡਾਹੀਆਂ ਕੁਰਸੀਆਂ ਗਰਾਊਂਡ ਵਿਚੋਂ ਅੱਧੇ ਸਮੇਂ ਵੇਲੇ ਬਾਹਰ ਕਰਵਾ ਦਿੱਤੀਆਂ ਸਨ।

ਰੈਫਰੀ/ਅੰਪਾਇਰ ਨੂੰ ਕੇਵਲ ਨਿਯਮਾਂ ਜਾਣਕਾਰੀ ਹੋਣਾ ਹੀ ਜ਼ਰੂਰੀ ਨਹੀਂ, ਬਲਕਿ ਇਨ੍ਹਾਂ ਉਤੇ ਅਮਲ ਕਰਨਾ ਵੀ ਇਕ ਚੈਲੇਂਜ ਤੋਂ ਘੱਟ ਨਹੀਂ। ਇਸ ਕਰਕੇ ਰੈਫਰੀ ਆਪਣੀ ਡਿਊਟੀ ਤੱਕ ਹੀ ਸੀਮਤ ਹੋਵੇ ਅਤੇ ਦਰਸ਼ਕਾਂ ਜਾਂ ਟੀਮ ਦੇ ਪੱਖ ਵਿਚ ਪਲੜਾ ਦੇਖ ਕੇ ਕੋਈ ਫੈਸਲਾ ਨਾ ਦੇਵੇ। ਇਕ ਸੀਤਲ ਸੁਭਾਅ ਅਤੇ ਹਰ ਫਸਵੇਂ ਮੈਚ ਨੂੰ ਸੰਭਾਲਣ ਦੀ ਕਲਾਕਾਰੀ ਦਾ ਹੋਣਾ ਰੈਫਰੀ ਦੇ ਤਜ਼ਰਬੇ ਦੀ ਨਿਸ਼ਾਨੀ ਹੁੰਦੀ ਹੈ। ਹਰ ਮੈਚ ਵਿਚ ਰੈਫਰੀ ਨੂੰ ਕੁਝ ਸੀਨੀਅਰ ਖਿਡਾਰੀਆਂ ਬਾਰੇ ਚੌਕਸ ਰਹਿਣਾ ਚਾਹੀਦਾ ਹੈ ਤਾਂ ਕਿ ਉਹ ਤੁਹਾਡੀ ਕਮਜ਼ੋਰੀ ਦਾ ਗਲਤ ਫਾਇਦਾ ਨਾ ਉਠਾ ਸਕਣ। ਇਸ ਦੌਰਾਨ 'ਵਾਰਨਿੰਗ' ਆਦਿ ਵਿਚ ਢਿੱਲ ਨਹੀਂ ਹੋਣੀ ਚਾਹੀਦੀ ਪਰ ਰਵੱਈਆ ਪੁਲਿਸ ਵਾਂਗ ਨਾ ਹੋਵੇ, ਕਿਉਂਕਿ ਇਹ ਖੇਡ ਮੈਦਾਨ ਹੈ ਨਾ ਕਿ ਨਾਕਾਬੰਦੀ।

ਚੰਗਾ ਰੈਫਰੀ ਖਿਡਾਰੀਆਂ ਦੀ ਖੇਡ ਨੂੰ ਉੱਚਾ ਚੁੱਕਣ ਵਿਚ ਮਦਦ ਕਰਦਾ ਹੈ, ਜਿਵੇਂ ਕਿ ਟੈਨਿਸ ਵਿਚ ਸੈਂਪਰਸ-ਆਗਾਸੀ ਅਤੇ ਰੋਜ਼ਰ-ਨਾਡਾਲ ਆਦਿ ਤਾਜ਼ਾ ਉਦਾਹਰਣਾਂ ਹਨ। ਰੈਫਰੀ ਵਿਚ ਉਪਰ ਉੱਠਣ ਦੀ ਭਾਵਨਾ ਹੋਣੀ ਚਾਹੀਦੀ ਹੈ, ਕਿਉਂਕਿ ਉਹ ਹਰ ਮੈਚ ਦੀ ਜਿੰਦ-ਜਾਨ ਹੁੰਦੇ ਹਨ ਪਰ ਤਾਰੀਫ ਦੀ ਉਮੀਦ ਨਾ ਰੱਖੋ, ਕਿਉਂਕਿ ਹਾਰਨ ਵਾਲਾ ਕਦੀ ਵੀ ਖ਼ੁਸ਼ ਨਹੀਂ ਹੁੰਦਾ।

ਖਿਡਾਰੀਆਂ ਨੂੰ ਪੂਰਾ ਹੱਕ ਹੈ ਕਿ ਜੇਕਰ ਕੋਈ ਸ਼ੰਕਾ ਵਾਲੀ ਗੱਲ ਹੈ ਤਾਂ ਰੈਫਰੀ-ਅੰਪਾਇਰ ਨੂੰ ਪੁੱਛ ਸਕਦਾ ਹੈ ਨਾ ਕਿ ਹੱਥੋਂ ਪਾਈ ਜਾਂ ਕੋਈ ਗਾਲੀ-ਗਲੋਚ ਕਰ ਸਕਦਾ ਹੈ। ਅਜਿਹਾ ਕਰਨਾ ਇਕ 'ਮਿਸਕੰਡਕਟ' ਦੇ ਤੌਰ 'ਤੇ ਲਿਆ ਜਾਂਦਾ ਹੈ। ਅੱਜ ਕੱਲ ਤਾਂ ਕੈਮਰਾ ਅਤੇ ਹੋਰ ਆਡੀਓ ਸਹੂਲਤਾਂ ਮੌਜੂਦ ਹਨ, ਜਿਸ ਦਾ ਸਹਾਰਾ ਲੈ ਕੇ ਬਾਰੀਕੀ ਵਿਚ ਦੇਖਿਆ ਜਾ ਸਕਦਾ ਹੈ ਅਤੇ ਫੈਸਲਿਆਂ ਵਿਚ ਬਦਲਾਅ ਕੀਤੇ ਜਾਂਦੇ ਹਨ। ਪਰ ਖਿਡਾਰੀ ਕੋਈ ਐਸੀ ਹਰਕਤ ਨਾ ਕਰ ਬੈਠੇ, ਜਿਸ ਨਾਲ ਉਸਨੂੰ ਮੈਚ ਵਿਚੋਂ ਖਾਰਜ ਜਾਂ ਪੱਕੇ ਤੌਰ 'ਤੇ ਕੱਢ ਦੇਣ ਦੀ ਨੌਬਤ ਆ ਜਾਵੇ। ਜਿਵੇਂ ਕਿ ਬੰਗਲਾਦੇਸ਼ ਦੇ ਢਾਕਾ ਸ਼ਹਿਰ ਵਿਚ ਏਸ਼ੀਆ ਕੱਪ ਵੇਲੇ ਰਾਜਿੰਦਰ ਸਿੰਘ ਜੂਨੀਅਰ ਨਾਲ ਹੋਇਆ ਸੀ। ਉਸ ਨੂੰ ਅੰਤਰਰਾਸ਼ਟਰੀ ਹਾਕੀ ਨੂੰ ਹਮੇਸ਼ਾ ਵਾਸਤੇ ਅਲਵਿਦਾ ਕਹਿਣਾ ਪਿਆ। ਅਜਿਹਾ ਹੀ ਇਟਲੀ-ਫਰਾਂਸ ਵਿਚ ਫੁਟਬਾਲ ਵਰਲਡ ਕੱਪ ਦੇ ਫਾਈਨਲ ਮੈਚ ਵਿਚ ਵਾਪਰਿਆ ਸੀ, ਜਦੋਂ ਫਰਾਂਸ ਦੇ ਇਕ ਖਿਡਾਰੀ ਨੇ ਇਟਲੀ ਦੇ ਖਿਡਾਰੀ ਨੂੰ ਸਿਰ ਮਾਰਿਆ ਅਤੇ ਲਾਲ ਕਾਰਡ ਜ਼ਰੀਏ ਕੱਢ ਦਿੱਤਾ ਗਿਆ। ਨਤੀਜਾ ਇਹ ਹੋਇਆ ਕਿ ਟਾਈ ਬਰੇਕਰ ਵਿਚ ਫਰਾਂਸ ਨੂੰ ਹਾਰ ਖਾਣੀ ਪਈ। ਇਹ ਜਿੱਤਾਂ-ਹਾਰਾਂ ਖੇਡ ਦਾ ਹਿੱਸਾ ਹਨ ਅਤੇ ਕੁਦਰਤ ਦਾ ਅਸੂਲ ਹੈ ਕਿ ਇਹ ਤਮਗੇ, ਚੈਂਪੀਅਨਸ਼ਿਪ, ਕੱਪ ਆਦੀ ਹਮੇਸ਼ਾ ਇਕ ਤੋਂ ਦੂਜੇ ਤੱਕ ਤਬਦੀਲ ਹੁੰਦੇ ਆਏ ਹਨ ਅਤੇ ਖਿਡਾਰੀ ਵਿਚ ਹਰ ਵੇਲੇ ਜਿੱਤਣ ਦੀ ਭਾਵਨਾ ਹੋਣੀ ਚਾਹੀਦੀ ਹੈ। ਇਹ ਜਿੱਤ ਖੇਡ ਨਿਯਮਾਂ ਦੇ ਪੂਰੇ ਪਾਲਣ ਤਹਿਤ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ, ਜਿਵੇਂ ਬਾਕਸਿੰਗ ਵਿਚ ਮੁਹੰਮਦ ਅਲੀ, ਬਾਸਕਟਬਾਲ ਵਿਚ ਮਾਈਕਲ ਜੌਰਡਨ, ਗੌਲਫ ਵਿਚ ਟਾਈਗਰ ਵੁੱਡ ਅਤੇ ਟੈਨਿਸ ਵਿਚ ਰੋਜਰ ਫੈਡਰਰ ਜਿੱਤ ਪ੍ਰਾਪਤ ਕਰਦੇ ਹਨ।

ਸ਼ੇਰੇ-ਏ-ਪੰਜਾਬ ਸਪੋਰਟਸ ਕਲੱਬ (ਸ਼ਿਕਾਗੋ) ਵਲੋਂ ਦੂਸਰਾ ਕਬੱਡੀ ਟੂਰਨਾਮੈਂਟ 6 ਸਤੰਬਰ ਦਿਨ ਐਤਵਾਰ ਨੂੰ ਸ਼ਿਕਾਗੋ ਦੇ ਬਸੀਵੁਡਜ਼ ਗਰਾਊਂਡ ਵਿਚ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਅਮਰੀਕਾ ਦੀਆਂ ਨਾਮੀ ਟੀਮਾਂ ਜਿਵੇਂ ਕਿ ਮਾਡੈਸਟੋ, ਬੇ-ਏਰੀਆ, ਇੰਡੀਅਨਐਪੋਲਿਸ ਹਿੱਸਾ ਲੈ ਰਹੀਆਂ ਹਨ। ਮੈਚ ਨੂੰ ਉੱਚ ਪੱਧਰ ਦੇ ਰੈਫਰੀ ਖਿਡਾਉਣਗੇ, ਪਰ ਦੇਖਣਾ ਇਹ ਹੈ ਕਿ ਕਿਥੋਂ ਖੇਡ ਨਿਯਮਾਂ ਦਾ ਪਾਲਣਾ ਹੋਵੇਗਾ।

## ਮੋਦਗਿਲ ਹੋਣਗੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਨਵੇਂ ਚੀਫ ਜਸਟਿਸ?

**ਚੰਡੀਗੜ੍ਹ:** ਦਿੱਲੀ ਹਾਈਕੋਰਟ ਦੇ ਜਸਟਿਸ ਮੁਕਲ ਮੋਦਗਿਲ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਦਾ ਚੀਫ ਜਸਟਿਸ ਨਿਯੁਕਤ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਸੁਪਰੀਮ ਕੋਰਟ ਦੇ ਚੋਣ ਮੰਡਲ ਨੇ ਚੀਫ ਜਸਟਿਸ ਤੀਰਥ ਸਿੰਘ ਠਾਕੁਰ ਨੂੰ ਤਰੱਕੀ ਦੇ ਕੇ ਸਿਖਰਲੀ ਅਦਾਲਤ ਵਿਚ ਲਿਜਾਏ ਜਾਣ ਲਈ ਸਹਿਮਤੀ ਦੇ ਦਿੱਤੀ ਹੈ। ਸਮਝਿਆ ਜਾ ਰਿਹਾ ਹੈ ਕਿ ਚੀਫ ਜਸਟਿਸ ਠਾਕੁਰ ਨੂੰ ਭਾਰਤ ਦੇ ਚੀਫ ਜਸਟਿਸ ਬਣਨ ਦਾ ਮੌਕਾ ਵੀ ਮਿਲੇਗਾ ਅਤੇ ਉਹ ਇਸ ਅਹੁਦੇ 'ਤੇ ਲਗਭਗ ਦੋ ਸਾਲ ਰਹਿਣਗੇ।

ਜਸਟਿਸ ਜੇ.ਐਸ. ਖੇਹਰ ਨੂੰ ਉਤਰਾਖੰਡ ਹਾਈਕੋਰਟ ਦਾ ਚੀਫ ਜਸਟਿਸ ਬਣਾਏ ਜਾਣਾ ਵੀ ਤੈਅ ਹੋ ਗਿਆ ਹੈ। ਚੀਫ ਜਸਟਿਸ ਠਾਕੁਰ ਤੋਂ ਬਾਅਦ ਉਹ ਇਥੇ ਸਭ ਤੋਂ ਸੀਨੀਅਰ ਜੱਜ ਹਨ। ਜਸਟਿਸ ਮੋਦਗਿਲ ਨੂੰ 2 ਮਾਰਚ 1998 ਨੂੰ ਦਿੱਲੀ ਹਾਈਕੋਰਟ ਦਾ ਜੱਜ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਨਵੀਂ ਦਿੱਲੀ ਦੇ ਬਾਰਾਖੰਬਾ ਰੋਡ ਦੇ ਮਾਡਰਨ ਸਕੂਲ ਤੋਂ ਆਪਣੀ ਸਕੂਲੀ ਵਿੱਦਿਆ ਹਾਸਲ ਕੀਤੀ। ਫਿਰ ਹਿੰਦੂ ਕਾਲਜ ਤੋਂ ਬੀ.ਐਸ.ਸੀ. (ਆਨਰਜ਼) ਅਤੇ ਦਿੱਲੀ ਯੂਨੀਵਰਸਿਟੀ ਤੋਂ ਲਾਅ ਦੀ ਡਿਗਰੀ ਹਾਸਲ ਕੀਤੀ। ਇਥੇ ਪ੍ਰਾਪਤ ਸੂਚਨਾ ਅਨੁਸਾਰ ਚੋਣ ਮੰਡਲ ਨੇ ਪੰਜ ਚੀਫ ਜਸਟਿਸਾਂ ਨੂੰ ਤਰੱਕੀ ਦੇਣ ਦੀ ਸਿਫਾਰਸ਼ ਕੀਤੀ ਹੈ, ਜਿਨ੍ਹਾਂ ਵਿਚ ਜਸਟਿਸ ਸੁਰਿੰਦਰ ਸਿੰਘ ਨਿੱਜਰ ਵੀ ਸ਼ਾਮਲ ਹਨ।

## ਪੰਜਾਬ ਪੁਲਿਸ ਦੀ ਭਰਤੀ 'ਚ ਘੋਰ ਬੇਨਿਯਮੀਆਂ

**ਚੰਡੀਗੜ੍ਹ :** ਪੰਜਾਬ ਪੁਲਿਸ ਦੀ ਭਰਤੀ 'ਚ ਘੋਰ ਬੇਨਿਯਮੀਆਂ ਸਾਹਮਣੇ ਆਉਣ ਨਾਲ ਵਿਭਾਗ 'ਚ ਤਰਥੱਲੀ ਮਚ ਗਈ ਹੈ। ਸਾਹਮਣੇ ਆਏ ਨਵੇਂ ਤੱਥਾਂ ਮੁਤਾਬਕ ਕੁਝ ਪੁਲਿਸ ਅਧਿਕਾਰੀਆਂ ਨੇ ਖੇਡ ਕੋਟੇ ਦੇ ਨਾਂ 'ਤੇ ਭਰਤੀ 'ਚ ਕਈ ਦਹਾਕੇ ਰੱਜ ਦੀਆਂ ਚਲਾਈਆਂ। ਪੰਜਾਬ ਪੁਲਿਸ ਦਾ ਪੰਜਾਬ ਆਰਮਡ ਪੁਲਿਸ ਵਿੰਗ (ਪੀ.ਏ.ਪੀ.) ਹਮੇਸ਼ਾ ਇਸ ਮਾਮਲੇ 'ਚ ਚਰਚਾ ਦਾ ਵਿਸ਼ਾ ਰਿਹਾ ਹੈ।

ਹੁਣ ਪੀ.ਏ.ਪੀ. ਵਲੋਂ ਸਿਪਾਹੀ ਤੋਂ ਡੀ.ਐਸ.ਪੀ. ਤੱਕ ਦੇ ਅਧਿਕਾਰੀਆਂ ਦੀ ਸੀਨੀਆਰਤਾ ਸੂਚੀ ਜਾਰੀ ਕਰਨ ਤੋਂ ਬਾਅਦ ਇਹ ਬੇਨਿਯਮੀਆਂ ਤੱਥਾਂ ਦੇ ਰੂਪ 'ਚ ਸਾਹਮਣੇ ਆ ਗਈਆਂ ਹਨ। ਪੁਲਿਸ ਦੀ ਇਹ ਸੀਨੀਆਰਤਾ ਸੂਚੀ ਪਹਿਲੀ ਵਾਰੀ ਨਸ਼ਰ ਕੀਤੀ ਗਈ ਹੈ। ਇਸ ਨਾਲ ਕਈ ਅਜਿਹੇ ਸਨਸਨੀਖੇਜ਼ ਤੱਥ ਉੱਭਰ ਕੇ ਸਾਹਮਣੇ ਆਏ ਹਨ, ਜਿਸ ਨੇ ਸੀਨੀਅਰ ਪੁਲਿਸ ਅਧਿਕਾਰੀਆਂ ਦੇ ਵੀ ਕੰਨ ਖੜ੍ਹੇ ਕਰ ਦਿੱਤੇ ਹਨ।

ਸੂਤਰਾਂ ਦਾ ਦੱਸਣਾ ਹੈ ਕਿ ਇਸ ਸਮੁੱਚੇ ਘਾਲੇ ਮਾਲੇ ਨੇ ਪੁਲਿਸ ਅਧਿਕਾਰੀਆਂ ਦੀ ਹਾਲਤ ਬੇਹੱਦ ਕਸੂਤੀ ਬਣਾ ਦਿੱਤੀ ਹੈ, ਕਿਉਂਕਿ ਸਿਪਾਹੀ ਭਰਤੀ ਕੀਤੇ ਗਏ ਬਹੁਤੇ ਸਾਰੇ ਪੁਲਿਸ ਮੁਲਾਜ਼ਮਾਂ ਨੂੰ 'ਰਾਤੋ ਰਾਤ' ਤਰੱਕੀਆਂ ਦੇ ਕੇ 'ਫੀਤੀਆਂ ਤੇ ਸਟਾਰ' ਹੀ ਨਹੀਂ ਲਾਏ ਗਏ, ਸਗੋਂ ਉਨ੍ਹਾਂ ਦੀ ਵਿੱਦਿਅਕ ਯੋਗਤਾ, ਉਮਰ ਅਤੇ ਪੁਲਿਸ 'ਚ ਭਰਤੀ ਦੇ ਹੋਰਨਾਂ ਕਈ ਅਹਿਮ ਤੱਥਾਂ ਨੂੰ ਵੀ ਪੂਰੀ ਤਰ੍ਹਾਂ ਅੱਖੋਂ ਪਰੋਖੇ ਕਰ ਦਿੱਤਾ ਗਿਆ। ਇਸ ਸੀਨੀਆਰਤਾ ਸੂਚੀ ਦੀ ਇਕ ਛੋਟੀ ਜਿਹੀ ਝਲਕ ਇਸ ਤੋਂ ਦੇਖੀ ਜਾ ਸਕਦੀ ਹੈ ਕਿ ਪੀ.ਏ.ਪੀ. 'ਚ ਇਸ ਵੇਲੇ ਜਿਹੜੇ ਮੁਲਾਜ਼ਮ ਜਾਂ ਅਧਿਕਾਰੀ ਸੇਵਾ ਨਿਭਾਅ ਰਹੇ ਹਨ, ਉਨ੍ਹਾਂ 'ਚ 7 ਡੀ.ਐਸ.ਪੀ., 56 ਇੰਸਪੈਕਟਰ, 40 ਸਬ ਇੰਸਪੈਕਟਰ ਤੇ 26 ਏ.ਐਸ.ਆਈ. ਅਜਿਹੇ ਹਨ, ਜੋ ਦਸ ਜਮਾਤਾਂ ਵੀ ਨਹੀਂ ਪੜ੍ਹੇ। ਪੰਜਾਬ ਪੁਲਿਸ 'ਚ ਸਿੱਧੀ ਭਰਤੀ ਸਿਰਫ ਸਿਪਾਹੀ, ਏ.ਐਸ.ਆਈ. ਇੰਸਪੈਕਟਰ ਅਤੇ ਡੀ.ਐਸ.ਪੀ. ਦੀ ਹੀ ਕੀਤੀ ਜਾਂਦੀ ਹੈ। ਇਸ ਸੀਨੀਆਰਤਾ ਸੂਚੀ ਤੋਂ ਸਾਹਮਣੇ ਆਇਆ ਹੈ ਕਿ ਪਿਛਲੇ ਸਮੇਂ ਦੌਰਾਨ ਸਬ ਇੰਸਪੈਕਟਰਾਂ ਦੀ ਵੀ ਭਰਤੀ ਕੀਤੀ ਗਈ।

ਪੁਲਿਸ 'ਚ ਭਰਤੀ ਲਈ ਘੱਟੋ ਘੱਟ ਉਮਰ 17 ਸਾਲ ਮਿੱਥੀ ਗਈ ਹੈ, ਪਰ ਇੱਥੇ 15 ਸਾਲਾਂ ਦੇ ਲੜਕਿਆਂ ਨੂੰ ਵੀ ਰੰਗਰੂਟ ਬਣਾ ਕੇ ਉਸ ਤੋਂ ਬਾਅਦ ਝੱਟ ਪੱਟ ਹੀ ਫੀਤੀਆਂ ਲਾ ਦਿੱਤੀਆਂ ਗਈਆਂ। ਘੱਟ ਉਮਰ ਦੇ ਭਰਤੀ ਕੀਤੇ ਰੰਗਰੂਟ ਹੁਣ ਨਾਨ ਗਜ਼ਟਿਡ ਅਫਸਰ ਬਣ ਚੁੱਕੇ ਹਨ। ਇਸੇ ਤਰ੍ਹਾਂ ਭਰਤੀ ਲਈ ਵੱਧ ਤੋਂ ਵੱਧ ਉਮਰ ਸੀਮਾ 23 ਸਾਲ ਹੈ ਪੰਜਾਬ ਪੁਲਿਸ 'ਚ 47 ਸਾਲ ਉਮਰ ਲੰਘਾ ਚੁੱਕਿਆਂ ਨੂੰ ਵੀ ਭਰਤੀ ਕਰ ਦਿੱਤਾ ਗਿਆ ਹੈ। ਪੁਲਿਸ 'ਚ ਖੇਡ ਕੋਟਾ 3 ਫੀਸਦੀ ਮਿਥਿਆ ਗਿਆ ਹੈ ਤੇ ਉਸ ਭਰਤੀ ਲਈ ਵੀ ਬਾਕਾਇਦਾ ਨਿਯਮ ਬਣੇ ਹੋਏ ਹਨ ਤੇ ਅਖਬਾਰਾਂ 'ਚ ਇਸ਼ਤਿਹਾਰ ਦੇ ਜ਼ਰੀਏ ਹੀ ਕੀਤੀ ਜਾ ਸਕਦੀ ਹੈ। ਪੰਜਾਬ ਪੁਲਿਸ ਦੇ ਅਧਿਕਾਰੀ ਭਾਵੇਂ ਇਹ ਭਰਤੀ ਖੇਡ ਕੋਟੇ ਤਹਿਤ ਹੋਣ ਦਾ ਬਹਾਨਾ ਲਾ ਕੇ ਮਾਮਲੇ ਨੂੰ ਗਲੋਂ ਲਾਹੁਣ ਦਾ ਯਤਨ ਕਰਦੇ ਹਨ ਪਰ ਹੁਣ ਸੀਨੀਆਰਤਾ ਸੂਚੀ ਸਾਹਮਣੇ ਆਉਣ ਤੋਂ ਬਾਅਦ ਇਸ ਤੱਥ ਤੋਂ ਵੀ ਪਰਦਾ ਉਠ ਗਿਆ ਹੈ ਕਿ ਪੁਲਿਸ ਦੀ ਭਰਤੀ 'ਚ ਵੱਡੀ ਗਿਣਤੀ ਅਜਿਹੇ ਵਿਅਕਤੀਆਂ ਦੀ ਹੈ ਜਿਨ੍ਹਾਂ ਨੇ ਕਿਸੇ ਖੇਡ ਮੁਕਾਬਲੇ 'ਚ ਹਿੱਸਾ ਹੀ ਨਹੀਂ ਲਿਆ।

ਪੰਜਾਬ ਪੁਲਿਸ ਦੇ ਕਈ ਸੀਨੀਅਰ ਅਧਿਕਾਰੀਆਂ ਵਲੋਂ ਭਰਤੀ ਅਤੇ ਤਰੱਕੀਆਂ ਦੇ ਮਾਮਲੇ 'ਚ ਆਪਣਿਆਂ ਨੂੰ ਸੀਰਨੀ ਵੰਡਣ ਦਾ ਮਾਮਲਾ ਸਾਹਮਣੇ ਆਉਣ ਨੇ ਪੀੜਤ ਪੁਲੀਸ ਮੁਲਾਜ਼ਮਾਂ ਨੂੰ ਇੱਕ ਵੱਡਾ ਹਥਿਆਰ ਦੇ ਦਿੱਤਾ ਹੈ। ਇਹ ਪੁਲੀਸ ਮੁਲਾਜ਼ਮ ਇਨਸਾਫ ਲਈ ਅਦਾਲਤ ਜਾ ਰਹੇ ਹਨ। ਇਨ੍ਹਾਂ ਮੁਲਾਜ਼ਮਾਂ ਨੇ ਕਿਹਾ ਕਿ ਅਨੁਸ਼ਾਸਨਬੱਧ ਫੋਰਸ ਦਾ ਹਿੱਸਾ ਹੋਣ ਕਾਰਨ ਉਹ ਜਨਤਕ ਤੌਰ 'ਤੇ ਕੁਝ ਕਹਿ ਨਹੀਂ ਸਕਦੇ ਪਰ ਸੀਨੀਆਰਤਾ ਸੂਚੀ ਨੇ ਪੰਜਾਬ ਪੁਲੀਸ ਦੇ ਡੀ.ਜੀ.ਪੀ. ਰਹਿ ਚੁੱਕੇ ਅਧਿਕਾਰੀਆਂ ਦੀ ਕਾਰਗੁਜ਼ਾਰੀ ਦੇ ਭੇਤ ਖੋਲ੍ਹ ਦਿੱਤੇ ਹਨ।

ਪੰਜਾਬ ਪੁਲੀਸ ਦੇ ਏ.ਡੀ.ਜੀ.ਪੀ. ਰੈਂਕ ਦੇ ਇੱਕ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਦਿਆਂ ਇਹ ਗੱਲ ਮੰਨੀ ਕਿ ਪੰਜਾਬ ਪੁਲੀਸ 'ਚ ਇਸ ਤਰ੍ਹਾਂ ਦੀ ਭਰਤੀ ਪਿੱਛੇ ਬਹੁਤ ਬੇਨਿਯਮੀਆਂ ਹੋਈਆਂ ਹਨ। ਇਸ ਅਧਿਕਾਰੀ ਦਾ ਇਹ ਵੀ ਮੰਨਣਾ ਸੀ ਕਿ ਖੇਡ ਕੋਟੇ ਤਹਿਤ ਭਰਤੀ 'ਚ ਕਈ ਅਜਿਹੇ ਵਿਅਕਤੀ ਵੀ ਭਰਤੀ ਹੋਏ ਜਿਨ੍ਹਾਂ ਦਾ ਕਿਸੇ ਖੇਡ ਨਾਲ ਕੋਈ ਵਾਸਤਾ ਨਹੀਂ ਸੀ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਪੰਜਾਬ ਪੁਲੀਸ 'ਚ ਨਿਯਮਾਂ ਨੂੰ ਛਿੱਕੇ ਟੰਗ ਕੇ ਕੀਤੀ ਭਰਤੀ ਦੀ ਜਾਣਕਾਰੀ ਪੰਜਾਬ ਦੇ ਗ੍ਰਹਿ ਵਿਭਾਗ ਨੇ ਡੀ.ਜੀ.ਪੀ. ਦਫਤਰ ਤੋਂ ਮੰਗੀ ਸੀ। ਗ੍ਰਹਿ ਵਿਭਾਗ ਵਲੋਂ ਪਿਛਲੇ ਪੰਜ ਮਹੀਨਿਆਂ ਦੇ ਸਮੇਂ ਦੌਰਾਨ ਕਈ ਪੱਤਰ ਲਿਖੇ ਗਏ ਪਰ ਡੀ.ਜੀ.ਪੀ. ਦਫਤਰ ਵਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ। ਪ੍ਰਮੁੱਖ ਸਕੱਤਰ (ਗ੍ਰਹਿ) ਸ੍ਰੀ.ਏ.ਆਰ. ਤਲਵਾਰ ਦਾ ਕਹਿਣਾ ਹੈ ਕਿ ਡੀ.ਜੀ.ਪੀ. ਦਫ਼ਤਰ ਨੂੰ ਯਾਦ ਪੱਤਰ ਲਿਖ ਦਿੱਤਾ ਹੈ।

## ਨਾਭੇ ਵਾਲੀ ਬੀਬੀ ਜਵਾਹਰ ਕੌਰ ਦਾ ਦੇਹਾਂਤ

**ਫਰੀਮਾਂਟ:** ਨਾਭੇ ਵਾਲੀਆਂ ਬੀਬੀਆਂ 'ਚੋਂ ਸਭ ਤੋਂ ਛੋਟੀ ਬੀਬੀ ਜਵਾਹਰ ਕੌਰ ਦਾ ਇਥੇ ਹੇਵਰਡ ਵਿਚ ਪਿਛਲੇ ਦਿਨੀਂ ਦੇਹਾਂਤ ਹੋ ਗਿਆ। ਉਹ 42 ਸਾਲਾਂ ਦੇ ਸਨ ਅਤੇ ਪਿਛਲੇ ਸਮੇਂ ਤੋਂ ਪ੍ਰੇਸ਼ਾਨੀ ਦੀ ਹਾਲਤ ਵਿਚ ਸਨ। ਬੀਬੀ ਜਵਾਹਰ ਕੌਰ ਸਿੱਖ ਸੰਘਰਸ਼ ਦੌਰਾਨ ਚਿੰਤਤ ਰਹੀ ਜਥੇਬੰਦੀ ਬੱਬਰ ਖਾਲਸਾ ਦੇ ਮੁਖੀ ਰਹੇ ਸੁਖਦੇਵ ਸਿੰਘ ਬੱਬਰ ਦੀ ਵਿਧਵਾ ਸਨ। ਬੀਬੀ ਜਵਾਹਰ ਕੌਰ ਪਿਛਲੇ ਸੱਤ ਸਾਲਾਂ ਤੋਂ ਆਪਣੇ ਬੇਟੇ ਸਤਿੰਦਰਜੀਤ ਅਤੇ ਭੈਣ ਬੀਬੀ ਜਸਪਾਲ ਕੌਰ ਨਾਲ ਹੇਵਰਡ ਸ਼ਹਿਰ ਵਿਚ ਰਹਿ ਰਹੇ ਸਨ।



ਬੀਬੀ ਜਵਾਹਰ ਕੌਰ

ਜ਼ਿਕਰਯੋਗ ਹੈ ਕਿ ਬੀਬੀ ਜਵਾਹਰ ਕੌਰ ਦੀ ਮਾਤਾ ਬੀਬੀ ਸੁਰਜੀਤ ਕੌਰ ਨੇ ਭਾਈ ਬਲਵਿੰਦਰ ਸਿੰਘ ਪ੍ਰੇਮੀ ਨਾਲ ਮਿਲ ਕੇ ਨਾਭੇ ਵਾਲੀਆਂ ਬੀਬੀਆਂ ਦਾ ਜਥਾ ਬਣਾਇਆ ਸੀ ਅਤੇ ਪੰਜਾਬ ਵਿਚ ਖਾੜਕੂ ਲਹਿਰ ਦੌਰਾਨ ਇਹ ਜਥਾ ਬਹੁਤ ਹੀ ਲੋਕਪ੍ਰਿਯ ਰਿਹਾ ਹੈ। ਬੀਬੀ ਸੁਰਜੀਤ ਕੌਰ ਦੇ ਇੰਗਲੈਂਡ ਵਿਚ ਚੜ੍ਹਾਈ ਕਰ ਜਾਣ ਨਾਲ ਬੀਬੀ ਜਵਾਹਰ ਕੌਰ ਤੇ ਬੀਬੀ ਜਸਪਾਲ ਕੌਰ ਨੇ ਅਮਰੀਕਾ ਵਿਚ ਆ ਕੇ ਭਾਈ ਕੋਮਲ ਸਿੰਘ ਕੋਮਲ ਨਾਲ ਮਿਲ ਕੇ ਢਾਡੀ ਜਥਾ ਬਣਾ ਲਿਆ ਸੀ।

# ਸਰਕਾਰ ਨੂੰ ਪਹਿਲੇ 100 ਦਿਨਾਂ ’ਚ ਮਿਲੀ ਅੰਸ਼ਕ ਸਫਲਤਾ

**ਨਵੀਂ ਦਿੱਲੀ :** ਸਾਂਝਾ ਪ੍ਰਗਤੀਸ਼ੀਲ ਗਠਜੋੜ ਸਰਕਾਰ ਨੇ ਲਗਾਤਾਰ ਆਪਣੀ ਦੂਜੀ ਪਾਰੀ ਦੇ ਬੀਤੀ 29 ਅਗਸਤ ਨੂੰ ਸੌ ਦਿਨ ਪੂਰੇ ਕਰ ਲਏ ਹਨ। ਇਸ ਦੌਰਾਨ ਜਿਥੇ ਇਸ ਨੇ ਕੁਝ ਅਹਿਮ ਪ੍ਰਾਪਤੀਆਂ ਕੀਤੀਆਂ, ਉਥੇ ਪਾਕਿਸਤਾਨ ਨਾਲ ਕੂਟਨੀਤਿਕ ਸਬੰਧਾਂ ਦੇ ਮੁੱਦੇ ‘ਤੇ ਸਰਕਾਰ ਦੁਬਿਧਾ ਵਿਚ ਰਹੀ। ਇਸ ਤੋਂ ਇਲਾਵਾ ਦੇਸ਼ ਵਿਚ ਸੋਕੇ ਵਰਗੀ ਸਥਿਤੀ ਪੈਦਾ ਹੋਣ ਕਾਰਨ ਹੁਣ ਸਰਕਾਰ ਵਧਦੀ ਮਹਿੰਗਾਈ ਨਾਲ ਵੀ ਜੂਝ ਰਹੀ ਹੈ।

ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨੇ ਭਾਵੇਂ ਬੱਚਿਆਂ ਨੂੰ ਮੁਫ਼ਤ ਸਿੱਖਿਆ ਅਤੇ ਔਰਤਾਂ ਨੂੰ ਵਧ ਅਧਿਕਾਰ ਦੇਣ ਜਿਹੇ ਇਤਿਹਾਸਕ ਬਿੱਲ ਪਾਸ ਕਰਵਾਏ, ਪਰ ਦੇਸ਼ ਦੇ ਕਈ ਹਿੱਸਿਆਂ ਵਿਚ ਸੋਕੇ ਵਰਗੀ ਸਥਿਤੀ ਪੈਦਾ ਹੋ ਗਈ ਤੇ ਆਮ ਲੋੜ ਦੀਆਂ ਵਸਤਾਂ ਮਹਿੰਗੀਆਂ ਹੋ ਗਈਆਂ। ਇਸ ਤੋਂ ਇਲਾਵਾ ਸਵਾਈਨ ਫਲੂ ਵੀ ਸਰਕਾਰ ਲਈ ਵੱਡੀ ਚੁਣੌਤੀ ਬਣ ਕੇ ਉਭਰਿਆ। ਇਨ੍ਹਾਂ ਸੌ ਦਿਨਾਂ ਦੌਰਾਨ ਹੀ ਸ਼ਰਮ-ਅਲ-ਸ਼ੇਖ਼ ਵਿਖੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਪਾਕਿਸਤਾਨ ਵਿਚਲੇ



ਉਨ੍ਹਾਂ ਦੇ ਹਮਰੁਤਬਾ ਯੂਸਫ ਰਜ਼ਾ ਗਿਲਾਨੀ ਨੇ ਸਾਂਝੇ ਤੌਰ ‘ਤੇ ਐਲਾਨ ਕੀਤਾ ਕਿ ਇਸਲਾਮਾਬਾਦ ਨਾਲ ਗੱਲਬਾਤ ਦੀ ਪ੍ਰਕਿਰਿਆ ਨਾਲੋਂ ਅੱਤਵਾਦ ਨੂੰ ਵੱਖ ਕੀਤਾ ਜਾਵੇਗਾ ਅਤੇ ਦੁਵੱਲੀ ਵਾਰਤਾ ਦੀ ਪ੍ਰਕਿਰਿਆ ਵਿਚ ਬਲੋਚਿਸਤਾਨ ਦਾ ਮੁੱਦਾ ਸ਼ਾਮਲ ਕੀਤਾ ਜਾਵੇਗਾ।

ਸਾਂਝਾ ਪ੍ਰਗਤੀਸ਼ੀਲ ਗਠਜੋੜ ਨੇ ਚੋਣਾਂ ਜਿੱਤਣ ਤੋਂ ਬਾਅਦ ਆਪਣੀ ਦੂਜੀ ਪਾਰੀ ਸ਼ੁਰੂ ਕਰਦਿਆਂ ਹੀ ਇਹ ਐਲਾਨ ਕੀਤਾ ਸੀ ਕਿ ਉਹ ਪਹਿਲੇ ਸੌ ਦਿਨਾਂ ਵਿਚ ਕੁਝ ਖਾਸ ਕੰਮਾਂ ਨੂੰ ਪਹਿਲ ਦੇਵੇਗੀ। ਪੰਡਤ ਜਵਾਹਰ ਲਾਲ ਨਹਿਰੂ ਤੋਂ ਬਾਅਦ ਸ਼੍ਰੀ ਮਨਮੋਹਨ ਸਿੰਘ ਅਜਿਹੇ ਦੂਜੇ ਆਗੂ ਸਨ, ਜਿਨ੍ਹਾਂ ਲਗਾਤਾਰ ਦੂਜੀ ਵਾਰ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ। ਉਨ੍ਹਾਂ ਇਹ ਅਹੁਦਾ ਸੰਭਾਲਦਿਆਂ ਹੀ ਕੈਬਨਿਟ ਵਿਚਲੇ ਆਪਣੇ ਸਾਥੀਆਂ ਨੂੰ ਸਪੱਸ਼ਟ ਕਰ ਦਿੱਤਾ ਸੀ ਕਿ ਹੁਣ ‘ਆਮ ਵਾਂਗ’ ਕੰਮ ਨਹੀਂ ਚਲੇਗਾ, ਸਗੋਂ ਕੁਝ ਕਰ ਕੇ ਵਿਖਾਉਣਾ ਹੋਵੇਗਾ। ਇਸ ਦੇ ਬਾਵਜੂਦ ਪਹਿਲਾ ਰਾਖਵਾਂਕਰਨ ਬਿੱਲ ‘ਤੇ ਸਰਕਾਰ ਅੱਗੇ ਨਹੀਂ ਵਧ ਸਕੀ। ਹਾਲਾਂਕਿ ਸਰਕਾਰ ਪੰਚਾਇਤੀ ਰਾਜ ਸੰਸਥਾਵਾਂ ਵਿਚ ਔਰਤਾਂ ਨੂੰ 50 ਫੀਸਦੀ ਰਾਖਵਾਂਕਰਨ ਦਿਵਾਉਣ ਵਿਚ ਸਫਲ ਰਹੀ। ਇਸੇ ਤਰ੍ਹਾਂ ਹੀ ਗਰੀਬਾਂ ਵਾਸਤੇ ਭੋਜਨ ਯਕੀਨੀ ਬਣਾਉਣ ਦੀ ਤਜਵੀਜ਼ ਵੀ ਸਿਰੇ ਨਹੀਂ ਚੜ੍ਹ ਸਕੀ।

ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਸਾਲ 2009-10 ਦੇ ਬਜਟ ਵਿਚ ਪੇਂਡੂ ਵਿਕਾਸ ਦੀਆਂ ਯੋਜਨਾਵਾਂ ਨੂੰ ਹੁਲਾਰਾ ਦੇਣ ਵਾਸਤੇ ਆਮ ਨਾਲੋਂ ਦੁੱਗਣੀ ਰਾਸ਼ੀ ਦੀ ਵਿਵਸਥਾ ਕੀਤੀ। ਇਹ ਸਭ ਉਸ ਵੇਲੇ ਕੀਤਾ ਗਿਆ, ਜਦੋਂ ਦੇਸ਼ ਆਰਥਿਕ ਮੰਦਵਾੜੇ ਨਾਲ ਜੂਝ ਰਿਹਾ ਸੀ। ਇਸ ਤੋਂ ਇਲਾਵਾ ਸਰਕਾਰ ਵਲੋਂ ਹੋਰ ਕਦਮ ਵੀ ਚੁੱਕੇ ਗਏ। ਇਸ ਦੇ ਬਾਵਜੂਦ ਆਰਥਿਕ ਵਿਕਾਸ ਦਰ 6 ਫੀਸਦੀ ਰਹਿਣ ਦੀ ਸੰਭਾਵਨਾ ਹੈ।

ਸਰਕਾਰ ਨੇ ਇਨ੍ਹਾਂ ਦਿਨਾਂ ਦੌਰਾਨ ਹੀ ‘ਡਾਇਰੈਕਟ ਟੈਕਸ ਕੋਡ’ ਵੀ ਲਿਆਂਦਾ। ਇਸ ਨਾਲ ਸਿੱਧੇ ਟੈਕਸਾਂ ਸਬੰਧੀ ਕਾਨੂੰਨ ਸਰਲ ਬਣਾਉਣ ਦਾ ਦਾਅਵਾ ਕੀਤਾ ਗਿਆ ਅਤੇ ਕਿਹਾ ਗਿਆ ਕਿ ਟੈਕਸ ਅਦਾ ਕਰਨ ਵਾਲੇ ਨੂੰ ਇਸ ਪ੍ਰਣਾਲੀ ਨਾਲ ਬੱਚਤ ਹੋਵੇਗੀ। ਇਸੇ ਤਰ੍ਹਾਂ ਹੀ ਇਕ ਨਵੀਂ ਵਪਾਰ ਨੀਤੀ ਦਾ ਐਲਾਨ ਕਰਦਿਆਂ 2010-11 ਤੱਕ 200 ਅਰਬ ਡਾਲਰ ਦੀ ਬਰਾਮਦ ਦਾ ਟੀਚਾ ਮਿੱਥਿਆ ਗਿਆ। ਸੁਰੱਖਿਆ ਦੇ ਮੁੱਦੇ ‘ਤੇ ਹੁਣ ਸਰਕਾਰ ਬਾਰੇ ਆਮ ਧਾਰਨਾ ਇਹ ਹੈ ਕਿ ਦੇਸ਼ ਦੇ ਅੰਦਰੂਨੀ ਹਿੱਸਿਆਂ ਵਿਚ ਸਥਿਤੀ ਤਸੱਲੀਬਖਸ਼ ਹੈ ਤੇ ਗ੍ਰਹਿ ਮੰਤਰੀ ਪੀ. ਚਿਦੰਬਰਮ ਆਪਣੀ ਜ਼ਿੰਮੇਵਾਰੀ ਸਹੀ ਢੰਗ ਨਾਲ ਨਿਭਾਅ ਰਹੇ ਹਨ। ਉਨ੍ਹਾਂ ਨੂੰ ਇਹ ਅਹੁਦਾ ਪਿਛਲੇ ਸਾਲ 26/11 ਦੇ ਮੁੰਬਈ ਹਮਲਿਆਂ ਤੋਂ ਬਾਅਦ ਸੌਂਪਿਆ ਗਿਆ ਸੀ।

ਕਾਨੂੰਨ ਮੰਤਰਾਲੇ ਨੇ ਵੀ ਪਹਿਲੇ 100 ਦਿਨ ਲਈ ਆਪਣੀ ਯੋਜਨਾ ਬਣਾਈ ਸੀ, ਪਰ ਇਸ ਨੂੰ ਨਿਆਂਪਾਲਿਕਾ ਦੇ ਉੱਚ-ਅਧਿਕਾਰੀਆਂ ਦੀਆਂ ਜਾਇਦਾਦਾਂ ਦੇ ਵੇਰਵਿਆਂ ਸਬੰਧੀ ਬਿੱਲ ਰਾਜ ਸਭਾ ਵਿਚੋਂ ਵਾਪਸ ਲੈਣਾ ਪਿਆ। ਹਾਲਾਂਕਿ ਸੁਪਰੀਮ ਕੋਰਟ ਦੇ ਜੱਜਾਂ ਨੇ ਹੁਣ ਆਪਣੀ ਜਾਇਦਾਦ ਸਬੰਧੀ ਵੇਰਵੇ ਜਨਤਕ ਕਰਨ ਦਾ ਫੈਸਲਾ ਲੈ ਲਿਆ ਹੈ।

ਟੈਲੀਕਮਿਊਨੀਕੇਸ਼ਨ ਖੇਤਰ ਵਿਚ ਸਰਕਾਰ 3-ਜੀ ਸਪੈਕਟਰਮ ਦਾ ਮੁੱਦਾ ਸੁਲਝਾਉਣ ਵਿਚ ਸਫ਼ਲ ਰਹੀ, ਜੋ ਕਿ ਲੰਮੇ ਸਮੇਂ ਤੋਂ ਲਟਕਿਆ ਹੋਇਆ ਸੀ। ਇਸ ਤਰ੍ਹਾਂ ਹੀ ਇਸ ਨੇ ਸੜਕਾਂ ਦੇ ਵਿਕਾਸ ਵਾਸਤੇ ਹਰ ਰੋਜ਼ 20 ਹਜ਼ਾਰ ਕਿਲੋਮੀਟਰ ਸੜਕ ਉਸਾਰੀ ਦੇ ਅਹਿਮ ਪ੍ਰੋਗਰਾਮ ਦਾ ਐਲਾਨ ਕੀਤਾ। ਇਸ ਦੌਰਾਨ ਦੇਸ਼ ਦੇ ਕਈ ਹਿੱਸਿਆਂ ਵਿਚ ਸਵਾਈਨ ਫਲੂ ਫੈਲ ਜਾਣ ਕਾਰਨ ਸਿਹਤ ਮੰਤਰਾਲਾ ਪੱਬਾਂ ਭਾਰ ਹੈ। ਮਹਿੰਗਾਈ ਸਰਕਾਰ ਲਈ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ ਅਤੇ ਯੂ.ਪੀ.ਏ. ਦੀ ਚੇਅਰਪਰਸਨ ਸੋਨੀਆ ਗਾਂਧੀ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਹੈ ਤੇ ਕੀਮਤਾਂ ‘ਤੇ ਕਾਬੂ ਪਾਉਣ ਲਈ ਕਿਹਾ ਹੈ।ਸਰਕਾਰ ਨੂੰ ਉਮੀਦ ਹੈ ਕਿ ਆਉਂਦੇ ਦਿਨਾਂ ਵਿਚ ਮੀਂਹ ਪੈ ਜਾਣਗੇ, ਜਿਸ ਨਾਲ ਖੇਤੀ ਉਤਪਾਦਨ ਵਧੇਗਾ ਤੇ ਕੀਮਤਾਂ ਨੂੰ ਠੱਲ੍ਹ ਪਾਉਣ ਵਿਚ ਮਦਦ ਮਿਲੇਗੀ।

## *ਸਿਨਸਿਨੈਟੀ ਦਾ ਖੇਡ ਮੇਲਾ*


ਹਰਪ੍ਰੀਤ ਸਿੰਘ, ਸੰਨੀ ਤੇ ਮਨੀ ਪਹੁੰਚੇ ਹੋਏ ਸਨ।

ਮੇਲੇ ਵਿਚ ਖਾਣੇ ਦਾ ਪ੍ਰਬੰਧ ਇਸ ਗੱਲੋਂ ਖਾਸ ਤਾਰੀਫ ਦਾ ਹੱਕਦਾਰ ਸੀ ਤੇ ਤੰਦੂਰੀ ਚਿਕਨ, ਤਾਜ਼ੇ ਤਾਜ਼ੇ ਨਾਨ ਅਤੇ ਜਲੇਬੀਆਂ ਮੌਕੇ ‘ਤੇ ਹੀ ਤਿਆਰ ਕਰਕੇ ਪਰੋਸੇ ਜਾ ਰਹੇ ਸਨ। ਇਹ ਜ਼ਿੰਮਾ ਕੋਹੇਨੂਰ ਪੈਲੇਸ ਅਤੇ ਅਜੰਤਾ ਇੰਡੀਆ ਵਾਲਿਆਂ ਨੇ ਸਟਾਲਾਂ ਲਾ ਕੇ ਲਿਆ ਹੋਇਆ ਸੀ।

ਕੋਈ ਵੀ ਮੇਲਾ ਅਣਥੱਕ ਤੇ ਨਿਸ਼ਕਾਮ ਵਾਲੰਟੀਅਰਾਂ ਬਿਨਾ ਕਾਮਯਾਬ ਨਹੀਂ ਹੋ ਸਕਦਾ। ਇਸ ਮੇਲੇ ਵਿਚ ਇਹ ਜ਼ਿੰਮੇਵਾਰੀ ਦੀਪ ਸਹੋਤਾ, ਹੈਪੀ ਮੁੰਡੀ, ਨਰਦੀਪ ਮਾਵੀ, ਕਰਮਜੀਤ ਸਿੰਘ, ਰਘਬੀਰ ਸਿੰਘ, ਬਲਕਾਰ ਸਿੰਘ, ਜਸਬੀਰ ਸਿੰਘ, ਉਪਿੰਦਰ ਸਿੰਘ ਵੜੈਚ, ਦੀਪਕ, ਪਰਮਿੰਦਰ ਬਾਸੀ, ਕਮਲੇਸ਼, ਪਿੰਦੇ ਬੁੱਟਰ, ਕੁਲਵਿੰਦਰ ਢਿੱਲੋਂ, ਸੁੱਖੀ, ਚਮਕੌਰ ਸਿੰਘ, ਮਾਸਟਰ ਕਰਤਾਰ ਸਿੰਘ, ਸੋਹਣ ਸਿੰਘ ਬਿਲਖੂ, ਅਵਤਾਰ ਸਿੰਘ ਸਪਰਿੰਗਫੀਲਡ, ਸੁਰਿੰਦਰ ਚੀਮਾ ਅਤੇ ਕਿਰਨਪਾਲ ਸਿੰਘ ਨਿਭਾ ਰਹੇ ਸਨ।

ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸਿਨਸਿਨੈਟੀ, ਓਹਾਇਓ ਦੀ ਗਿਆਰਾਂ ਮੈਂਬਰੀ ਟੀਮ ਹੈ ਜਿਸ ਦਾ ਪ੍ਰਧਾਨ ਪਿੰਡ ਭੋਤਨੇ ਦਾ ਮੁਖਤਿਆਰ ਸਿੰਘ ਸੇਖੋਂ ਹੈ ਤੇ ਗੁਰਦਾਸਪੁਰੀਆ ਹਰਮੀਤ ਸਿੰਘ ਘੁੰਮਣ ਸਕੱਤਰ ਹੈ। ਸੁਖਚੈਨ ਗਿੱਲ, ਗੁਰਿੰਦਰ ਢਿੱਲੋਂ, ਅਮਨਦੀਪ ਧਾਰਨੀ, ਹਰਬੰਸ ਗਿੱਲ, ਜਗਪਾਲ ਗਰੇਵਾਲ, ਸਵਰਨ ਸਿੱਧੂ, ਸੁਰਜੀਤ ਮਾਵੀ, ਜਗਤਾਰ ਫੰਟੂ ਤੇ ਗੁਰਚਰਨ ਸੇਖੋਂ ਮੈਂਬਰ ਹਨ।

ਕੀ ਹੈ ਤੁਹਾਡੇ ਭਵਿੱਖ ਦੇ ਗਰਭ ’ਚ ਫੋਨ ’ਤੇ ਫ੍ਰੀ ਜਾਣੋ
ਜੋਤਿਸ਼ ਰਾਹੀਂ ਹਰ ਸਮੱਸਿਆ ਦਾ ਹੱਲ ਕਰੋ
ਜਨਮ-ਕੁੰਡਲੀ ਰਾਹੀਂ ਹਰ ਪ੍ਰਕਾਰ ਦੀ ਸਮੱਸਿਆ ਦਾ ਹੱਲ ਭੇਜਿਆ ਜਾ ਸਕਦਾ ਹੈ
ਪੰਡਿਤ ਐਸ ਕੇ ਰਾਜ ਸ਼ਰਮਾ (ਬਾਬਾ ਬਾਲਕ ਨਾਥ ਉਪਾਸ਼ਕ)
ਉਪਾਅ ਕੋਈ ਵੀ ਹੋ ਸਕਦਾ ਹੈ, ਭਾਵ ਪਾਠ-ਪੂਜਾ, ਦਾਨ-ਪੁੰਨ, ਨਗ ਧਾਰਨ ਕਰਨਾ ਆਦਿ
ਆਪਣੇ ਕਾਰੋਬਾਰ ਨੌਕਰੀ ਵਿੱਚ ਸਫਲਤਾ ਚਾਹੁੰਦੇ ਹੋ ਆਪਣਾ ਮਨ-ਪਸੰਦ ਜੀਵਨ ਸਾਥੀ ਲੱਭਣਾ ਚਾਹੁੰਦੇ ਹੋ ਕਿਸੇ ਵੀ ਬਿਮਾਰੀ, ਦਿਮਾਗੀ ਪ੍ਰੇਸ਼ਾਨੀ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹੋ ਨਸ਼ਾ ਛੱਡਣਾ ਛੁਡਵਾਉਣਾ ਚਾਹੁੰਦੇ ਹੋ ਆਪਣੇ ਪਰਿਵਾਰਕ ਜੀਵਨ ਵਿੱਚ ਖੁਸ਼ਹਾਲੀ ਲਿਆਉਣਾ ਚਾਹੁੰਦੇ ਹੋ ਤਾਂ ਆਪਣੀ ਜਨਮ ਦੀ ਤਾਰੀਕ, ਸਮਾਂ ਅਤੇ ਸਥਾਨ ਦੇ ਨਾਲ ਹੇਠ ਲਿਖੇ ਫੋਨ ’ਤੇ ਸੰਪਰਕ ਕਰੋ
+91-98767-90911

ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ
ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)
ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।
ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ
ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।
ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ ’ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।
ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।
ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।

ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.
ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।
Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

PUNJAB AUTO WERKS
Akal Transport Corp
1930 W. Hubbard St., Chicago, IL
For Excellent Auto Body Work, Taxi Cab Leasing, 24 Hours Towing, Complete Auto Repair of Domestic & Foreign Cars
ਅਮਰੀਕਨ ਅਤੇ ਇੰਪੋਰਟਡ ਕਾਰਾਂ ਦੀ ਰਿਪੇਅਰ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਬ ਭਾਅ ਉਤੇ ਕਰਦੇ ਹਾਂ

ਟੈਕਸੀ ਕੈਬ ਵੀ ਲੀਜ਼ ’ਤੇ ਦਿੰਦੇ ਹਾਂ
Call
Gurcharn Singh Jhaj
Jaidev Singh Bhattal
Sukhraj Singh Takhar
Tel. 312-243-3344, 312-243-2255
Fax: 312-243-2277

# ਅਡਵਾਨੀ ਦੀ ਅਗਵਾਈ 'ਚ ਬਿਖਰ ਰਿਹਾ ਭਾਜਪਾਈਆਂ ਦਾ ਕੁਨਬਾ

**-ਜਤਿੰਦਰ ਪਨੂੰ**

ਲਾਲ ਕ੍ਰਿਸ਼ਨ ਅਡਵਾਨੀ ਨਾਂਅ ਦੇ ਇਕ ਬਜ਼ੁਰਗ ਉੱਤੇ ਇਨ੍ਹੀਂ ਦਿਨੀਂ ਮੈਨੂੰ ਤਰਸ ਆ ਰਿਹਾ ਹੈ। ਇਹੋ ਜਿਹਾ ਤਰਸ ਮੈਨੂੰ ਕਈ ਲੋਕਾਂ ਉਤੇ ਆ ਚੁੱਕਾ ਹੈ, ਕਈਆਂ ਉੱਤੇ ਅਗਾਂਹ ਵੀ ਆਵੇਗਾ। ਮੈਂ ਲਾਲ ਕ੍ਰਿਸ਼ਨ ਅਡਵਾਨੀ ਦਾ ਕਦੇ ਵੀ ਪ੍ਰਸ਼ੰਸਕ ਨਹੀਂ ਰਿਹਾ ਤੇ ਜਿਨ੍ਹਾਂ ਉੱਤੇ ਉਹਦੇ ਤੋਂ ਪਹਿਲਾਂ ਮੈਨੂੰ ਤਰਸ ਆਇਆ ਸੀ, ਉਨ੍ਹਾਂ ਦਾ ਵੀ ਮੈਂ ਕਦੇ ਪ੍ਰਸ਼ੰਸਕ ਨਹੀਂ ਰਿਹਾ ਸੀ। ਮਿਸਾਲ ਵਜੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਹੀ ਲੈ ਲਵੋ, ਜਿਸ ਨੂੰ ਇਕ ਵਾਰੀ ਸਿਮਰਨਜੀਤ ਸਿੰਘ ਮਾਨ ਨੇ 'ਸਿੱਖ ਪੰਥ ਦਾ ਅਦੀਨਾ ਬੇਗ' ਵੀ ਕਹਿ ਦਿੱਤਾ ਤੇ ਉਸ ਦੇ ਦਿਹਾਂਤ ਪਿੱਛੋਂ ਉਹੋ ਮਾਨ ਉਸ ਨੂੰ ਸ਼ਰਧਾਂਜਲੀ ਭੇਟ ਕਰਨ ਵੀ ਪੁੱਜ ਗਿਆ ਸੀ।

ਮੈਂ ਜਥੇਦਾਰ ਟੌਹੜਾ ਦੀ ਲਗਾਤਾਰ ਨੁਕਤਾਚੀਨੀ ਕੀਤੀ, ਪਰ ਆਖ਼ਰੀ ਦਿਨਾਂ ਵਿਚ ਉਹਦੇ ਉਤੇ ਤਰਸ ਜਿਹਾ ਆਉਣ ਲੱਗ ਪਿਆ ਸੀ ਕਿ ਸਾਰੀ ਉਮਰ ਕੀਤੀ ਹੋਈ ਤਿਕੜਮਬਾਜ਼ੀ ਪਿੱਛੋਂ ਵੀ ਉਹ ਆਹ ਹਾਲਾਤ ਹੰਢਾ ਰਿਹਾ ਹੈ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਬਾਰੇ ਵੀ ਉਸ ਦੇ ਆਖ਼ਰੀ ਦਿਨੀਂ ਤਰਸ ਜਿਹਾ ਆਇਆ ਸੀ, ਜਦੋਂ ਉਸ ਦੇ ਜਿਉਂਦੇ ਜੀਅ ਉਸ ਦੇ ਕਾਮਰੇਡਾਂ ਨੇ ਉਸਨੂੰ ਦੋ ਵਾਰੀ ਸ਼ਰਧਾਂਜਲੀਆਂ ਭੇਟ ਕਰ ਦਿੱਤੀਆਂ ਸਨ।

ਰਾਜਾ ਵੀ.ਪੀ. ਸਿੰਘ ਉਤੇ ਵੀ ਤਰਸ ਆਇਆ ਸੀ ਕਿ ਬੋਫ਼ੋਰਜ਼ ਤੋਪ ਸੌਦੇ ਦਾ ਸਿਆਪਾ ਪਾ ਕੇ ਸੋਨੀਆ ਗਾਂਧੀ ਦੇ ਪੇਕੇ ਦੇਸ਼ ਇਟਲੀ ਦੀਆਂ ਗੱਲਾਂ ਸ਼ੁਰੂ ਕਰਨ ਵਾਲਾ ਬੰਦਾ ਆਖ਼ਰੀ ਦਿਨਾਂ ਵਿਚ ਉਸੇ ਸੋਨੀਆ ਗਾਂਧੀ ਦੀ ਸ਼ਖ਼ਸੀਅਤ ਉਭਾਰਨ ਰਾਹੀਂ ਪਿਛਲੀ ਭੁੱਲ ਦਾ ਪਸ਼ਚਾਤਾਪ ਕਰਦਾ ਫਿਰਦਾ ਹੈ। ਬਹੁਤ ਸਾਰੇ ਲੋਕਾਂ ਉਤੇ ਤਰਸ ਆਇਆ ਸੀ ਤੇ ਹੁਣ ਲਾਲ ਕ੍ਰਿਸ਼ਨ ਅਡਵਾਨੀ ਉੱਤੇ ਵੀ ਆ ਰਿਹਾ ਹੈ, ਜਿਹੜਾ ਮੂੰਹ ਲੁਕਾਉਣ ਤੇ ਚੁੱਪ ਵੱਟਣ ਨੂੰ ਮਜ਼ਬੂਰ ਹੈ। ਏਨੀ ਨਮੋਸ਼ੀ ਮਹਿਸੂਸ ਕਰ ਰਿਹਾ ਹੈ ਕਿ ਜਿਨ੍ਹਾਂ ਸੰਘ ਪਰਵਾਰੀਆਂ ਦੀ ਸਾਰੀ ਉਮਰ ਸੋਇਮਸੇਵਕੀ ਕੀਤੀ, ਉਨ੍ਹਾਂ ਨਾਲ ਅੱਖਾਂ ਵਿਚ ਅੱਖਾ ਪਾ ਕੇ ਗੱਲ ਕਰਨ ਜੋਗਾ ਵੀ ਨਹੀਂ ਰਿਹਾ।

ਇਹ ਉਹੋ ਲਾਲ ਕ੍ਰਿਸ਼ਨ ਅਡਵਾਨੀ ਹੈ, ਜਿਹੜਾ ਐਮਰਜੈਂਸੀ ਟੁੱਟਣ ਮਗਰੋਂ ਬਣੀ ਸਾਢੇ ਚਾਰ ਪਾਰਟੀਆਂ ਦੇ ਮਿਲਗੋਭੇ ਵਾਲੀ ਜਨਤਾ ਪਾਰਟੀ ਦੀ ਮੋਰਾਰਜੀ ਦੇਸਾਈ ਸਰਕਾਰ ਦਾ ਸੂਚਨਾ ਤੇ ਪ੍ਰਸਾਰਨ ਮੰਤਰੀ ਬਣਿਆ ਸੀ। ਉਦੋਂ ਤੱਕ ਟੈਲੀਵੀਜ਼ਨ ਗਿਣੇ-ਚੁਣੇ ਲੋਕਾਂ ਕੋਲ ਹੁੰਦਾ ਸੀ ਤੇ ਰੇਡੀਓ ਘਰ-ਘਰ ਦੀ ਚੀਜ਼ ਸੀ। ਆਲ ਇੰਡੀਆ ਰੇਡੀਓ ਦਾ ਇਕ ਪ੍ਰੋਗਰਾਮ 'ਫੂਲ ਖਿਲੇ ਹੈਂ ਗੁਲਸ਼ਨ ਗੁਲਸ਼ਨ' ਬੜਾ ਮਨੋਰੰਜਨ ਵਾਲਾ ਤੇ ਹਰਮਨ ਪਿਆਰਾ ਪ੍ਰੋਗਰਾਮ ਸੀ। ਅਡਵਾਨੀ ਜੀ ਨੇ ਸੂਚਨਾ ਤੇ ਪ੍ਰਸਾਰਨ ਮੰਤਰੀ ਬਣ ਕੇ ਉਸ ਪ੍ਰੋਗਰਾਮ ਦਾ ਝਟਕਾ ਕਰ ਦਿੱਤਾ। ਕਾਰਨ ਇਹ ਇਹ ਸੀ ਕਿ ਪ੍ਰੋਗਰਾਮ ਦੀ ਸੰਚਾਲਕਾ ਦਾ ਨਾਂਅ 'ਬੇਬੀ ਤਬੱਸੁਮ' ਸੀ ਤੇ ਉਸ ਮੁਸਲਮਾਨ ਨਾਂਅ ਦੀ ਕੁੜੀ ਨੂੰ ਪਾਸੇ ਕਰ ਕੇ ਬਣਾਈ ਥਾਂ ਆਰ.ਐਸ.ਐਸ. ਦੇ ਇਕ ਸੋਇਮਸੇਵਕ ਨੂੰ ਦੇਣੀ ਸੀ।

ਫਿਰ ਜਦੋਂ 1980 ਤੇ 1985 ਦੀਆਂ ਚੋਣਾਂ ਵਿਚ ਉਸ ਦੀ ਪਾਰਟੀ ਦੇ ਪੱਲੇ ਕੱਖ ਨਾ ਰਹਿ ਗਿਆ, ਬਾਬਰੀ ਮਸਜਿਦ ਢਾਹ ਕੇ ਰਾਮ ਮੰਦਰ ਬਣਾਉਣ ਦਾ ਝੰਡਾ ਵੀ ਇਸੇ ਅਡਵਾਨੀ ਨੇ ਚੁੱਕਿਆ ਸੀ। ਇਸਲਾਮ ਵਿਚ ਤਾਂ ਹੈਦਰੀ ਝੰਡੇ ਹੇਠ ਹੈਦਰੀ ਲਸ਼ਕਰ ਜਾਂ ਮੁਲਖਈਆ ਧਰਮ ਦੇ ਨਾਂਅ ਉਤੇ ਤੋਰਨ ਦੀਆਂ ਰਵਾਇਤਾਂ ਸਨ, ਧਾਰਮਿਕ ਧੌਂਸਬਾਜ਼ੀ ਲਈ ਏਦਾਂ ਦਾ ਹਜੂਮ ਤੋਰਨ ਦੀ ਰਵਾਇਤ ਹਿੰਦੂ ਧਰਮ ਵਿਚ ਨਹੀਂ ਸੀ। ਲਾਲ ਕ੍ਰਿਸ਼ਨ ਅਡਵਾਨੀ ਨੇ ਸੋਮਨਾਥ ਦੇ ਮੰਦਰ ਤੋਂ ਅਯੁੱਧਿਆ ਲਈ ਰੱਥ-ਯਾਤਰਾ ਸ਼ੁਰੂ ਕੀਤੀ ਤੇ ਜਿੱਧਰ ਦੀ ਇਹ ਰੱਥ ਲੰਘਿਆ, ਦੰਗੇ ਫੈਲਾਉਂਦਾ ਗਿਆ। ਆਖ਼ਰ ਨੂੰ ਇਹ ਰੱਥ ਲਾਲੂ ਪ੍ਰਸਾਦ ਯਾਦਵ ਨੇ ਰੋਕ ਦਿੱਤਾ, ਪਰ ਅਗਲੇ ਸਾਲ ਹਜੂਮ ਭੜਕਾ ਕੇ ਮਸਜਿਦ ਦੇ ਗੁਬੰਦ ਉੱਤੇ ਪਹਿਲਾ ਟੱਕ ਜਾ ਲਾਇਆ ਤੇ ਅਗਲੇਰੇ ਸਾਲ ਉੱਤਰ ਪ੍ਰਦੇਸ਼ ਦੀ ਭਾਜਪਾ ਸਰਕਾਰ ਦਾ ਲਾਭ ਲੈ ਕੇ ਮਸਜਿਦ ਢਹਾ ਦਿੱਤੀ ਸੀ।

ਮਸਜਿਦ ਤਾਂ ਇੱਟਾਂ ਦੀ ਬਣੀ ਹੋਈ ਸੀ, ਪਰ ਉਸ ਦੇ ਢਹਿਣ ਨਾਲ ਲੋਕਾਂ ਦੇ ਮਨਾਂ ਉਤੇ ਏਨੀ ਸੱਟ ਵੱਜੀ ਕਿ ਸਾਰੇ ਭਾਰਤ ਵਿਚ ਸਾੜ-ਫੂਕ ਹੁੰਦੀ ਫਿਰਦੀ ਸੀ। ਉਸ ਪਿੱਛੋਂ ਹੋਏ ਮੁੰਬਈ ਦੇ ਕਈ ਕਾਂਡ ਵੀ ਉਸੇ ਕਰਤੂਤ ਦਾ ਪ੍ਰਤੀਕਰਮ ਦੱਸੇ ਜਾਂਦੇ ਰਹੇ। ਏਨੇ ਲੋਕਾਂ ਦੀਆਂ ਲਾਸ਼ਾਂ ਉਤੇ ਪੈਰ ਰੱਖਦਾ ਲਾਲ ਕ੍ਰਿਸ਼ਨ ਅਡਵਾਨੀ ਦੇਸ਼ ਦਾ ਡਿਪਟੀ ਪ੍ਰਧਾਨ ਮੰਤਰੀ ਵੀ ਜਾ ਬਣਿਆ, ਪਰ ਮੁੜ ਕੇ ਮਸਜਿਦ ਦੀ ਥਾਂ ਮੰਦਰ ਬਣਾਉਣ ਨਹੀਂ ਸੀ ਤੁਰਿਆ, ਕਿਉਂਕਿ ਬਣਾਉਣਾ ਤਾਂ ਹੈ ਹੀ ਨਹੀਂ ਸੀ, ਸਿਰਫ ਭਾਵਨਾਵਾਂ ਭੜਕਾ ਕੇ ਕੁਰਸੀ ਲੈਣੀ ਸੀ ਤੇ ਉਹ ਮਿਲ ਗਈ ਸੀ।

ਫਿਰ ਵੀ ਜਦੋਂ ਕਦੇ ਗੱਲ ਚੱਲਦੀ, ਮਸਜਿਦ ਵਾਲੀ ਥਾਂ ਮੰਦਰ ਬਣਾਉਣ ਨੂੰ ਉਹ ਹਿੰਦੂ ਹਿਰਦੇ ਦੀ ਵੇਦਨਾ ਦੱਸਦਾ ਰਿਹਾ, ਪਰ ਜਦੋਂ ਜਾਂਚ ਕਮਿਸ਼ਨ ਮੂਹਰੇ ਪੇਸ਼ ਹੋਣਾ ਪਿਆ, ਸਾਰੇ ਕਾਂਡ ਵਿਚ ਨਿਭਾਈ ਹੋਈ ਭੂਮਿਕਾ ਤੋਂ ਹੀ ਮੁਨਕਰ ਹੋ ਗਿਆ। ਭਾਜਪਾ ਤੋਂ ਰੁੱਸ ਕੇ ਪਾਸੇ ਹੋਏ ਯੂ.ਪੀ. ਦੇ ਸਾਬਕਾ ਮੁੱਖ ਮੰਤਰੀ ਕਲਿਆਣ ਸਿੰਘ ਨੇ ਸਾਰਾ ਕੁਝ ਮੀਡੀਆ ਸਾਹਮਣੇ ਸਿਲਸਿਲੇਵਾਰ ਰੱਖ ਕੇ ਕੋਈ ਓਹਲਾ ਵੀ ਨਾ ਰਹਿਣ ਦਿੱਤਾ, ਪਰ ਅਡਵਾਨੀ ਦੀ ਹਿੰਮਤ ਵੇਖੋ ਕਿ ਉਸ ਨੇ ਫੇਰ ਵੀ ਪੈਰਾਂ ਉਤੇ ਪਾਣੀ ਨਹੀਂ ਸੀ ਪੈਣ ਦਿੱਤਾ।

ਪੀ.ਵੀ. ਨਰਸਿਮ੍ਹਾ ਰਾਓ ਦੀ ਸਰਕਾਰ ਵੇਲੇ ਇਕ ਹਵਾਲਾ ਕਾਂਡ ਵਾਪਰਿਆ ਸੀ। ਬੂਟਾ ਸਿੰਘ, ਮਦਨ ਲਾਲ ਖੁਰਾਣਾ ਤੇ ਕਈ ਹੋਰਨਾਂ ਦੇ ਨਾਲ-ਨਾਲ ਲਾਲ ਕ੍ਰਿਸ਼ਨ ਅਡਵਾਨੀ ਵੀ ਉਸ ਕੇਸ ਦੇ ਲਪੇਟੇ ਵਿਚ ਆ ਗਿਆ ਸੀ। ਉਹ ਹਵਾਲਾ ਕਾਂਡ ਜੇ ਚੰਗੀ ਤਰ੍ਹਾਂ ਫੋਲਿਆ ਜਾਂਦਾ, ਦਿੱਲੀ ਦੀ ਰਾਜਨੀਤੀ ਦੀਆਂ ਤਾਰਾਂ ਜੰਮੂ-ਕਸ਼ਮੀਰ ਦੀ ਦਹਿਸ਼ਤਗਰਦੀ ਨਾਲ ਜੋੜ ਸਕਦਾ ਸੀ, ਪਰ ਕਿਸੇ ਨੇ ਅਸਲੀ ਤੰਦ ਹੀ ਨਾ ਫੜੀ। ਸਾਰੇ ਜਣੇ ਸਾਫ ਛੁੱਟ ਗਏ, ਲਾਲ ਕ੍ਰਿਸ਼ਨ ਅਡਵਾਨੀ ਵੀ ਛੁੱਟ ਗਿਆ ਤੇ ਵਿਹਲਾ ਹੁੰਦੇ ਸਾਰ ਨਾ ਸਿਰਫ ਸਰਗਰਮ ਹੋਇਆ ਬਲਕਿ ਪ੍ਰਧਾਨ ਮੰਤਰੀ ਦੀ ਕੁਰਸੀ ਵਲ ਵੀ ਝਾਕਣ ਲੱਗ ਪਿਆ ਤੇ ਡਿਪਟੀ ਪ੍ਰਧਾਨ ਮੰਤਰੀ ਤੱਕ ਜਾ ਬਣਿਆ ਸੀ। ਲਾਲ ਕ੍ਰਿਸ਼ਨ ਅਡਵਾਨੀ ਦੇ ਡਿਪਟੀ ਪ੍ਰਧਾਨ ਮੰਤਰੀ ਬਣਨ ਤੱਕ ਭਾਰਤ ਦੀ ਸਭ ਤੋਂ ਉੱਚੀ ਜਾਂਚ ਏਜੰਸੀ ਸੀ.ਬੀ.ਆਈ. ਸਿਰਫ ਪ੍ਰਧਾਨ ਮੰਤਰੀ ਦੇ ਅਧੀਨ ਕੰਮ ਕਰਦੀ ਰਹੀ ਸੀ। ਅਡਵਾਨੀ ਨੇ ਜਾਂਦੇ ਸਾਰ ਉਸ ਏਜੰਸੀ ਦੀ ਕਮਾਨ ਆਪਣੇ ਆਪ ਹੀ ਸਾਂਭ ਲਈ ਤੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਕਿੰਤੂ-ਪ੍ਰੰਤੂ ਕਰਨ ਦਾ ਮੌਕਾ ਵੀ ਨਾ ਦਿੱਤਾ।


ਏਜੰਸੀ ਇਸ ਕਰਕੇ ਨਹੀਂ ਸੀ ਸਾਂਭੀ ਕਿ ਭ੍ਰਿਸ਼ਟਾਚਾਰ ਦੇ ਕੇਸਾਂ ਜਾਂ ਹੋਰਨਾਂ ਅਪਰਾਧਾਂ ਦੀ ਜਾਂਚ ਤੇਜ਼ ਕਰਨੀ ਸੀ ਜਾਂ ਫਿਰ ਪੁਰਾਣਾ ਬੋਫੋਰਜ਼ ਤੋਪ ਸੌਦੇ ਵਾਲਾ ਬਕਸਾ ਫਰੋਲਣਾ ਸੀ, ਸਗੋਂ ਇਸ ਕਰਕੇ ਕਿ ਬਾਬਰੀ ਮਸਜਿਦ ਕੇਸ ਦੀ ਜਾਂਚ ਉਸ ਏਜੰਸੀ ਕੋਲ ਸੀ ਤੇ ਮੁਲਜ਼ਮਾਂ ਵਿਚ ਅਡਵਾਨੀ ਦਾ ਆਪਣਾ ਨਾਂਅ ਸ਼ਾਮਲ ਸੀ। ਉਸ ਨੇ ਸੀ.ਬੀ.ਆਈ. ਦੀ ਕਮਾਨ ਸਾਂਭ ਕੇ ਉਸ ਤੋਂ ਅਦਾਲਤ ਵਿਚ ਇਹ ਰਿਪੋਰਟ ਰਖਵਾਈ ਕਿ ਬਾਕੀ ਮੁਲਜ਼ਮਾਂ ਉੱਤੇ ਕੇਸ ਚੱਲਦਾ ਰਹੇ, ਪਰ ਅਡਵਾਨੀ ਦਾ ਨਾਂਅ ਕੱਢ ਦਿੱਤਾ ਜਾਵੇ ਕਿਉਂਕਿ ਉਸ ਦਾ ਕੋਈ ਕਸੂਰ ਹੀ ਨਹੀਂ ਨਿਕਲਦਾ। ਨਾਲ ਦੇ ਸਾਥੀ ਸਾਰੇ ਭਾਜਪਾ ਦੇ ਆਗੂ ਸਨ ਤੇ ਕੇਸ ਦੀ ਕੁੜਿੱਕੀ ਵਿਚ ਹੀ ਫਸੇ ਰਹੇ, ਪਰ ਆਪਣੀ ਲੱਤ ਕਾਠ ਵਿਚੋਂ ਕਢਵਾਉਣ ਲਈ ਅਡਵਾਨੀ ਨੇ ਇਸ ਏਜੰਸੀ ਦੀ ਉਹ ਦੁਰਵਰਤੋਂ ਕੀਤੀ, ਜਿਹੜੀ ਹੁਣ ਤੱਕ ਕੋਈ ਨਹੀਂ ਸੀ ਕਰ ਸਕਿਆ। ਏਨਾ ਕੰਮ ਕਰਨ ਪਿੱਛੋਂ ਅਗਲੀ ਚਾਲ ਉਸ ਨੇ ਆਪਣੇ ਚੇਲਿਆਂ ਤੋਂ ਇਹ ਚਲਵਾਈ ਕਿ ਅਗਲੀ ਵਾਰੀ ਚੋਣ ਮੁਹਿੰਮ ਵਿਚ ਅਟਲ ਬਿਹਾਰੀ ਵਾਜਪਾਈ ਇਕੱਲਾ ਨਹੀਂ, ਉਹ ਤੇ ਅਡਵਾਨੀ ਸਾਂਝੇ ਤੌਰ 'ਤੇ ਪਾਰਟੀ ਦੀ ਅਗਵਾਈ ਕਰਨਗੇ। ਵਾਜਪਾਈ ਫਿਰ ਵੀ ਵਾਜਪਾਈ ਸੀ। ਉਸ ਨੇ ਮੋੜਵਾਂ ਦਾਅ ਖੇਡਿਆ ਕਿ "ਹੁਣ ਮੇਰੀ ਲੋੜ ਨਹੀਂ, ਸਿਰਫ ਅਡਵਾਨੀ ਜੀ ਹੀ ਅਗਵਾਈ ਕਰਨਗੇ।" ਏਨੇ ਨਾਲ ਸਭਨਾਂ ਦੀ ਸੁਰਤ ਟਿਕਾਣੇ ਆ ਗਈ। ਅਡਵਾਨੀ ਨੇ ਆਪ ਜਾ ਕੇ ਵਾਜਪਾਈ ਨੂੰ ਮਨਾਇਆ ਤੇ ਖੁਦ ਇਹ ਬਿਆਨ ਵੀ ਦਾਗਿਆ, "ਹਮਾਰੇ ਨੇਤਾ ਵਾਜਪਾਈ ਜੀ ਹੀ ਰਹੇਂਗੇ।" ਸਾਰੀਆਂ ਚਾਲਾਂ ਇਕੋ ਨਿਸ਼ਾਨੇ ਵਲ ਸੇਧਤ ਸਨ, ਪ੍ਰਧਾਨ ਮੰਤਰੀ ਦੀ ਕੁਰਸੀ ਦੀ ਪ੍ਰਾਪਤੀ ਵਲ, ਪਰ ਗੱਲ ਫੇਰ ਨਾ ਬਣੀ। ਪਾਰਟੀ ਤੇ ਉਸ ਦੇ ਗਠਜੋੜ ਨੂੰ 2004 ਵਿਚ ਹਾਰ ਮਿਲੀ, 2009 ਵਿਚ ਮਾਰ ਪਈ ਤੇ 2014 ਵਿਚ ਅਡਵਾਨੀ ਜੀ ਨੇ ਅਗਵਾਈ ਕਰਨ ਜਾਂ ਪ੍ਰਧਾਨ ਮੰਤਰੀ ਦੀ ਕੁਰਸੀ ਵਲ ਝਾਕਣ ਦੇ ਸਮਰਥ ਵੀ ਨਹੀਂ ਰਹਿਣਾ। ਇਸ ਬਾਰੇ ਜੇ ਅੱਗੇ ਕੋਈ ਵਹਿਮ ਸੀ ਤਾਂ ਹੁਣ ਵਾਲੇ ਘਟਨਾਕ੍ਰਮ ਨੇ ਉਹ ਵੀ ਕੱਢ ਦਿੱਤਾ ਹੈ।

ਭਾਰਤੀ ਜਨਤਾ ਪਾਰਟੀ ਦੇ ਮਾਈ-ਬਾਪ ਮੰਨੇ ਜਾਂਦੇ ਰਾਸ਼ਟਰੀ ਸੋਇਮਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਅਠਾਈ ਅਗਸਤ ਦੀ ਦਿੱਲੀ ਵਾਲੀ ਪ੍ਰੈੱਸ ਕਾਨਫਰੰਸ ਨਾਲ ਸਾਰੀ ਖੇਡ ਬਾਰੇ ਸਪੱਸ਼ਟ ਕਰ ਦਿੱਤਾ ਹੈ। ਘਟਨਾਵਾਂ ਜਾਂ ਵਿਵਾਦਾਂ ਬਾਰੇ ਟਿੱਪਣੀ ਕਰਨ ਤੋਂ ਬਚਦਿਆਂ ਦੋ ਗੱਲਾਂ ਉੱਤੇ ਉਸ ਨੇ ਜ਼ੋਰ ਦਿੱਤਾ।

ਪਹਿਲੀ ਇਹ ਕਿ ਭਾਜਪਾ ਅੰਦਰ ਅਸੀਂ ਦਖ਼ਲ ਨਹੀਂ ਦੇਣਾ ਚਾਹੁੰਦੇ, ਪਰ ਜੇ ਸਲਾਹ ਮੰਗੀ ਗਈ ਤਾਂ ਦੇਵਾਂਗੇ। ਇਹ ਬਿਆਨ ਨਹੀਂ, ਭਾਜਪਾ ਦੇ ਆਗੂਆਂ ਨੂੰ ਹੁਕਮ ਸੀ ਕਿ 'ਸਲਾਹ' ਦੇ ਬਹਾਨੇ ਹਦਾਇਤਾਂ ਲੈਣ ਲਈ ਪਹੁੰਚੋ ਤੇ ਅੱਧੇ ਘੰਟੇ ਦੇ ਅੰਦਰ-ਅੰਦਰ ਸੁਸ਼ਮਾ ਸਵਰਾਜ, ਅਰੁਣ ਜੇਤਲੀ, ਵੈਂਕਈਆ ਨਾਇਡੂ ਤੇ ਅਨੰਤ ਕੁਮਾਰ ਉਨ੍ਹਾਂ ਦੀ ਸ਼ਰਣ ਜਾ ਪਹੁੰਚੇ ਸਨ। ਸਿਰਫ ਇਹੋ ਕਿਉਂ ਗਏ ਤੇ ਅਡਵਾਨੀ ਹੁਰੀ ਕਿਉਂ ਨਾ ਗਏ, ਇਸ ਦਾ ਜਵਾਬ ਆਰ.ਐਸ.ਐਸ. ਦੇ ਮੁਖੀ ਦੀ ਦੂਜੀ ਗੱਲ ਵਿਚ ਸੀ ਕਿ ਭਾਜਪਾ ਦੀ ਕਮਾਨ ਹੁਣ ਨੌਜਵਾਨਾਂ ਦੇ ਹੱਥ ਦੇ ਦੇਣੀ ਚਾਹੀਦੀ ਹੈ। ਅਡਵਾਨੀ ਜੀ ਦੀ ਥਾਂ ਇਹ ਚਾਰੇ ਕਥਿਤ ਨੌਜਵਾਨ ਜਦੋਂ ਸੰਘ ਪਰਵਾਰ ਦੇ ਅੰਦਰੋਂ 'ਸੰਘਮ ਸ਼ਰਣਮ ਗੱਛਾਮੀ' ਦਾ ਜਾਪ ਕਰ ਕੇ ਨਿਕਲੇ, ਚਿਹਰੇ ਇਹਨਾਂ ਦੇ ਚਮਕਦੇ ਸਨ ਤੇ ਸੂਚਨਾ ਇਹ 'ਲੀਕ' ਹੋਈ ਜਾਂ ਕਰਵਾਈ ਗਈ ਕਿ ਲੀਡਰਸ਼ਿਪ ਬਦਲਣ ਦਾ ਹੁਕਮ ਹੋ ਗਿਆ ਹੈ। ਉਥੋਂ ਨਿਕਲਦੇ ਸਾਰ ਇਹ ਅਡਵਾਨੀ ਜੀ ਦੇ ਘਰ ਉਸ ਨਾਲ ਸਲਾਹ ਕਰਨ ਨਹੀਂ, ਇਹ ਮਾੜੀ ਖ਼ਬਰ ਦੇਣ ਗਏ ਕਿ ਤੁਹਾਡੀ ਲੀਡਰ ਦੇ ਦਿਨ ਹੁਣ ਲੱਦ ਗਏ।

ਵਿਚਾਰੇ ਲਾਲ ਕ੍ਰਿਸ਼ਨ ਅਡਵਾਨੀ, ਸੱਚਮੁੱਚ ਵਿਚਾਰੇ ਜਿਹੇ ਹਨ। ਉਨ੍ਹਾਂ ਨੂੰ ਇਕੋ ਵਕਤ ਚੁਫੇਰਿਓਂ ਚਾਂਦਮਾਰੀ ਦਾ ਸਾਹਮਣਾ ਕਰਨਾ ਪੈ ਗਿਆ ਹੈ। ਜੇ ਸੰਘ ਪਰਵਾਰ ਆਪਣੇ ਇਸ 'ਜੀਅ' ਨੂੰ ਚੱਲਿਆ ਕਾਰਤੂਸ ਸਮਝਣ ਲੱਗ ਪਿਆ ਹੈ ਤਾਂ ਕੱਲ੍ਹ ਦੇ ਜੋੜੀਦਾਰ ਵੀ ਹੁਣ ਹਰ ਜੁਰਮ ਦੀ ਜ਼ਿੰਮੇਵਾਰੀ ਇਸ ਉਤੇ ਸੁੱਟ ਰਹੇ ਹਨ। ਸਾਬਕਾ ਵਿਦੇਸ਼ ਮੰਤਰੀ ਜਸਵੰਤ ਸਿੰਘ ਨੇ ਇਸ ਗੱਲ ਦਾ ਬੁਰਾ ਮਨਾਇਆ ਕਿ ਖੁਦ ਜਿਨਾਹ ਦੇ ਸੋਹਲੇ ਗਾ ਚੁੱਕਾ ਅਡਵਾਨੀ ਵੀ ਮੇਰੇ ਬਾਰੇ ਗੱਲਾਂ ਕਰ ਰਿਹਾ ਹੈ, ਇਸ ਲਈ ਉਸ ਨੇ ਅਡਵਾਨੀ ਦੇ ਕਿਰਦਾਰਦੀ ਪਰਤਾਂ ਗੰਢੇ ਦੀ ਛਿੱਲਾਂ ਵਾਂਗ ਉਧੇੜਨੀਆਂ ਸ਼ੁਰੂ ਕਰ ਦਿੱਤੀਆਂ ਹਨ। ਪਾਰਟੀ ਅੰਦਰਲੇ ਕਈ ਹੋਰ ਪੁਰਾਣੇ ਭਾਈਬੰਦਾਂ ਨੇ ਵੀ ਜਦੋਂ ਇਹਨਾਂ ਗੱਲਾਂ ਦੀ ਪੁਸ਼ਟੀ ਕਰ ਦਿੱਤੀ, ਅਡਵਾਨੀ ਜੀ ਬੋਲਣ ਜੋਗੇ ਹੀ ਨਹੀਂ ਰਹਿ ਗਏ। ਜੇ ਉਹ ਸੱਚ ਕਬੂਲਣਗੇ ਤਾਂ ਸ਼ਰਮਿੰਦਗੀ ਪੱਲੇ ਪਵੇਗੀ, ਤੇ ਜੇ ਉਹ ਨਾ ਬੋਲੇ ਤਾਂ ਲੋਕੀਂ ਜਾਣ ਲੈਣਗੇ ਕਿ "ਬੰਦਾ ਬੋਲਣ ਜੋਗਾ ਹੀ ਨਹੀਂ ਰਹਿ ਗਿਆ।"

ਪਿਛਲੇ ਸਾਲ ਪਾਰਲੀਮੈਂਟ ਵਿਚ ਪੇਸ਼ ਕੀਤੇ ਗਏ ਕਰੋੜਾਂ ਰੁਪਏ ਦੇ ਬੰਡਲਾਂ ਦਾ ਮਾਮਲਾ ਉਠਿਆ। ਉਦੋਂ ਭਾਰਤੀ ਜਨਤਾ ਪਾਰਟੀ ਵਾਲਿਆਂ ਨੇ ਇਹ ਦਾਅਵਾ ਕੀਤਾ ਸੀ ਕਿ ਇਹ ਰੁਪਏ ਕਾਂਗਰਸ ਨੇ ਉਨ੍ਹਾਂ ਦੇ ਪਾਰਲੀਮੈਂਟ ਮੈਂਬਰਾਂ ਤੋਂ ਭਰੋਸੇ ਦੇ ਵੋਟ ਵੇਲੇ ਸਮਰਥਨ ਦੇਣ ਬਦਲੇ ਰਿਸ਼ਵਤ ਵਜੋਂ ਦਿੱਤੇ ਹਨ। ਹੁਣ ਜਸਵੰਤ ਸਿੰਘ ਨੇ ਇਹ ਭੇਦ ਵੀ ਖੋਲ੍ਹ ਦਿੱਤਾ ਹੈ ਕਿ ਪੈਸੇ ਕਿਸੇ ਨੇ ਦਿੱਤੇ ਨਹੀਂ ਸਨ, ਲਾਲ ਕ੍ਰਿਸ਼ਨ ਅਡਵਾਨੀ ਨੇ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਡੇਗਣ ਦੀ ਸਾਜ਼ਿਸ਼ ਅਧੀਨ ਖੁਦ ਹੀ ਇਹ ਡਰਾਮਾ ਕਰਵਾਇਆ ਸੀ। ਅਡਵਾਨੀ ਸਾਹਿਬ ਦੀ ਇਸ ਬਾਰੇ ਵੀ ਬੋਲਤੀ ਬੰਦ ਹੈ। ਪ੍ਰਧਾਨ ਮੰਤਰੀ ਬਣਨ ਲਈ ਉਸ ਨੇ ਜਦੋਂ ਚੋਣ-ਰੱਥ ਤੋਰਿਆ ਤਾਂ ਦਾਅਵਾ ਇਹ ਕੀਤਾ ਸੀ ਕਿ ਅਗਲੇ ਪੰਜ ਸਾਲ ਭਾਜਪਾ ਦੀ ਚੜ੍ਹਤ ਤੇ ਹੋਣਗੇ, ਪਰ ਚੋਣ ਮੁਹਿੰਮ ਮਗਰੋਂ ਆਏ ਨਤੀਜਿਆਂ ਨੇ ਪਾਰਟੀ ਦੀਆਂ ਸੀਟਾਂ ਛੇਵਾਂ ਹਿੱਸਾ ਹੋਰ ਘਟਾ ਦਿੱਤੀਆਂ ਸਨ। ਫਿਰ ਅਡਵਾਨੀ ਨੇ ਇਹ ਐਲਾਨ ਕਰ ਮਾਰਿਆ ਕਿ ਪਾਰਟੀ ਦੀਆਂ ਸਫਾਂ ਅੰਦਰ ਨਿਰਾਸ਼ਾ ਦੀ ਥਾਂ ਨਵੀਂ ਰੂਹ ਭਰਨ ਲਈ ਉਹ ਇਕ ਹੋਰ ਰੱਥ-ਯਾਤਰਾ ਕਰੇਗਾ। ਸ਼ਿਮਲੇ ਦੀ ਚਿੰਤਨ ਬੈਠਕ ਮਗਰੋਂ ਏਨਾ ਭੱਠਾ ਬੈਠ ਗਿਆ ਕਿ ਰੱਥ-ਯਾਤਰਾ ਵੀ ਰੱਦ ਕਰਨੀ ਪੈ ਗਈ ਹੈ। ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠ ਹਾਰ ਤਾਂ ਪੱਲੇ ਪਈ ਸੀ, ਨੱਕ ਨਹੀਂ ਸੀ ਵੱਢਿਆ ਗਿਆ। ਜਿਹੜੀ ਹਾਲਤ ਅਡਵਾਨੀ ਦੀ ਅਗਵਾਈ ਨੇ ਕਰਵਾ ਦਿੱਤੀ ਹੈ, ਉਸ ਪਿੱਛੋਂ ਪਾਰਟੀ ਲੀਡਰ ਹੁਣ ਪੱਤਰਕਾਰਾਂ ਸਾਹਮਣੇ ਟਰ-ਟਰ ਨਹੀਂ ਬੋਲਦੇ, 'ਨੋ ਕੁਮੈਂਟਸ' ਆਖ ਕੇ ਕੰਨੀ ਖਿਸਕਾਉਣ ਲਈ ਮਜਬੂਰ ਹੋ ਰਹੇ ਹਨ।



*ਪ੍ਰਧਾਨ ਮੰਤਰੀ ਬਣਨ ਲਈ ਅਡਵਾਨੀ ਨੇ ਜਦੋਂ ਚੋਣ-ਰੱਥ ਤੋਰਿਆ ਤਾਂ ਦਾਅਵਾ ਇਹ ਕੀਤਾ ਸੀ ਕਿ ਅਗਲੇ ਪੰਜ ਸਾਲ ਭਾਜਪਾ ਦੀ ਚੜ੍ਹਤ ਦੇ ਹੋਣਗੇ, ਪਰ ਚੋਣ ਮੁਹਿੰਮ ਮਗਰੋਂ ਆਏ ਨਤੀਜਿਆਂ ਨੇ ਪਾਰਟੀ ਦੀਆਂ ਸੀਟਾਂ ਛੇਵਾਂ ਹਿੱਸਾ ਹੋਰ ਘਟਾ ਦਿੱਤੀਆਂ ਸਨ। ਫਿਰ ਅਡਵਾਨੀ ਨੇ ਇਹ ਐਲਾਨ ਕਰ ਮਾਰਿਆ ਕਿ ਪਾਰਟੀ ਦੀਆਂ ਸਫਾਂ ਅੰਦਰ ਨਿਰਾਸ਼ਾ ਦੀ ਥਾਂ ਨਵੀਂ ਰੂਹ ਭਰਨ ਲਈ ਉਹ ਇੱਕ ਹੋਰ ਰੱਥ-ਯਾਤਰਾ ਕਰੇਗਾ। ਸ਼ਿਮਲੇ ਦੀ ਚਿੰਤਨ ਬੈਠਕ ਮਗਰੋਂ ਏਨਾ ਭੱਠਾ ਬੈਠ ਗਿਆ ਕਿ ਰੱਥ-ਯਾਤਰਾ ਵੀ ਰੱਦ ਕਰਨੀ ਪੈ ਗਈ ਹੈ। ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠ ਹਾਰ ਤਾਂ ਪੱਲੇ ਪਈ ਸੀ, ਨੱਕ ਨਹੀਂ ਸੀ ਵੱਢਿਆ ਗਿਆ। ਜਿਹੜੀ ਹਾਲਤ ਅਡਵਾਨੀ ਦੀ ਅਗਵਾਈ ਨੇ ਕਰਵਾ ਦਿੱਤੀ ਹੈ, ਉਸ ਪਿੱਛੋਂ ਪਾਰਟੀ ਲੀਡਰ ਹੁਣ ਪੱਤਰਕਾਰਾਂ ਸਾਹਮਣੇ ਟਰ-ਟਰ ਨਹੀਂ ਬੋਲਦੇ, 'ਨੋ ਕੁਮੈਂਟਸ' ਆਖ ਕੇ ਕੰਨੀ ਖਿਸਕਾਉਣ ਲਈ ਮਜਬੂਰ ਹੋ ਰਹੇ ਹਨ।*

## ਟੈੱਡ ਕੈਨੇਡੀ ਨੂੰ ਅੰਤਮ ਵਿਦਾਈ ਦੇਣ ਲਈ ਹਜ਼ਾਰਾਂ ਲੋਕ ਪੁੱਜੇ

**ਵਾਸ਼ਿੰਗਟਨ :** ਦਿਮਾਗ ਦੇ ਕੈਂਸਰ ਕਾਰਨ ਫੌਤ ਹੋਏ ਅਮਰੀਕੀ ਕਾਂਗਰਸ ਮੈਨ (ਸੰਸਦ ਮੈਂਬਰ) ਐਡਵਰਡ ਕੈਨੇਡੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਹਜ਼ਾਰਾਂ ਲੋਕ ਇਕੱਤਰ ਹੋਏ, ਜਦਕਿ ਭਾਰਤੀ-ਅਮਰੀਕੀ ਭਾਈਚਾਰੇ ਨੇ ਉਨ੍ਹਾਂ ਨੂੰ ਭਾਰਤ-ਅਮਰੀਕਾ ਪ੍ਰਮਾਣੂ ਕਰਾਰ ਦੇ 'ਨਾਮਾਲੂਮ ਨਾਇਕ' ਅਤੇ ਭਾਈਚਾਰੇ ਨੂੰ ਪਛਾਣ ਦੇਣ ਵਾਲੇ ਸ਼ਖ਼ਸ ਵਜੋਂ ਯਾਦ ਕੀਤਾ।

ਪਾਰਟੀ ਲੀਹਾਂ ਤੋਂ ਉੱਪਰ ਉਠ ਕੇ ਭਾਰਤੀ ਅਮਰੀਕੀਆਂ ਦੇ "ਸੈਨੇਟ ਦੇ ਉਦਾਰਵਾਦੀ ਸ਼ੇਰ" ਕੈਨੇਡੀ ਨੂੰ ਇਕ ਅਜਿਹੇ ਰਾਜਨੇਤਾ ਵਜੋਂ ਚੇਤੇ ਕੀਤਾ, ਜੋ ਭਾਰਤ-ਅਮਰੀਕਾ ਸਬੰਧਾਂ ਦੀ ਬਿਹਤਰੀ ਲਈ ਹਮੇਸ਼ਾ ਯਤਨਸ਼ੀਲ ਰਿਹਾ। ਭਾਵੇਂ ਕਈ ਵਾਰ ਉਸ ਨੂੰ ਪਰਦੇ ਪਿੱਛੇ ਵੀ ਭੂਮਿਕਾ ਨਿਭਾਉਣੀ ਪਈ।

ਬੌਸਟਨ ਦੇ ਇਕ ਪੁਰਾਣੇ ਬਾਸ਼ਿੰਦੇ ਤੇ ਭਾਈਚਾਰੇ ਦੇ ਉੱਘੇ ਨੇਤਾ ਰਮੇਸ਼ ਕਪੂਰ ਨੇ ਕਿਹਾ, "ਸਾਡੇ ਲਈ ਉਹ ਭਾਰਤ-ਅਮਰੀਕਾ ਪ੍ਰਮਾਣੂ ਕਰਾਰ ਦਾ ਨਾਮਾਲੂਮ ਨਾਇਕ ਹੈ।" ਉਂਜ ਕਈ ਭਾਰਤੀ-ਅਮਰੀਕੀ ਇਸ ਗੱਲੋਂ ਪ੍ਰੇਸ਼ਾਨ ਵੀ ਹੋਏ ਸਨ ਕਿ ਜਦੋਂ ਪ੍ਰਮਾਣੂ ਕਰਾਰ ਬਿੱਲ ਸੈਨੇਟ ਵਿਚ ਪੇਸ਼ ਹੋਇਆ ਸੀ ਤਾਂ ਕੈਨੇਡੀ ਨੇ ਇਸ ਦੀ ਹਮਾਇਤ ਨਹੀਂ ਕੀਤੀ ਸੀ। ਪਰ ਉਸ ਨੇ ਇਸ ਦਾ ਵਿਰੋਧ ਵੀ ਨਹੀਂ ਕੀਤਾ ਸੀ। ਉਸ ਨੇ ਕਾਂਗਰਸ ਮੈਨ ਐਡਵਰਡ ਮਾਰਕੀ ਦੀ ਤਰ੍ਹਾਂ ਪ੍ਰਮਾਣੂ ਕਰਾਰ ਦੀ ਪੈਰਵੀ ਕੀਤੀ ਸੀ।

ਮੈਸਾਚੁਸਟੈਸ ਦੇ ਸੈਨੇਟਰ ਕੈਨੇਡੀ ਦੀ ਮ੍ਰਿਤਕ ਦੇਹ ਬੌਸਟਨ ਦੇ ਜੇ.ਐਫ.ਕੇ. ਲਾਇਬ੍ਰੇਰੀ ਮੈਮੋਰੀਅਲ ਅਤੇ ਮਿਊਜ਼ੀਅਮ ਵਿਚ ਰੱਖੀ ਗਈ, ਜਿਥੇ ਉਪ ਰਾਸ਼ਟਰਪਤੀ ਜੋਏ ਬਿਡੇਨ ਅਤੇ ਜੌਹਨ ਮੈਕੇਨ, ਜੌਹਨ ਕੈਰੀ ਅਤੇ ਕ੍ਰਿਸ਼ ਡੌਡ ਸਮੇਤ ਸੈਨੇਟ ਵਿਚ ਉਨ੍ਹਾਂ ਦੇ ਕਈ ਸਾਥੀ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਆਏ। ਸ੍ਰੀ ਮੈਕੇਨ ਨੇ ਕਿਹਾ ਕਿ ਕੈਨੇਡੀ ਨੂੰ ਇਕ ਨਿੱਘੇ ਤੇ ਦਿਆਲੂ ਵਿਅਕਤੀ ਵਜੋਂ ਯਾਦ ਕੀਤਾ ਜਾਵੇਗਾ, ਜਿਸ ਨੇ ਆਪਣੀ ਜ਼ਿੰਦਗੀ ਕਮਜ਼ੋਰ ਲੋਕਾਂ ਦੇ ਲੇਖੇ ਲਾ ਦਿੱਤੀ। ਉਨ੍ਹਾਂ ਕਿਹਾ, "ਉਹ ਸੈਨੇਟ ਦਾ ਸਭ ਤੋਂ ਭਰੋਸੇਮੰਦ ਤੇ ਪੁਖ਼ਤਾ ਮੈਂਬਰ ਸੀ। ਉਹ ਕਦੇ ਹਾਰ ਨਹੀਂ ਮੰਨਦਾ ਸੀ।

ਹਾਲਾਂਕਿ ਕਈ ਮੁੱਦਿਆਂ 'ਤੇ ਮੈਂ ਚਾਹੁੰਦਾ ਸੀ ਕਿ ਉਹ ਪਿੱਛੇ ਹਟ ਜਾਵੇ ਤਾਂ ਚੰਗਾ ਹੈ, ਪਰ ਉਸ ਨੇ ਮੈਨੂੰ ਸਿਖਾਇਆ ਕਿ ਇਕ ਚੰਗਾ ਸੈਨੇਟਰ ਕਿਵੇਂ ਬਣਨਾ ਹੈ।"

ਮੈਮੋਰੀਅਲ ਖੁੱਲ੍ਹਣ ਤੋਂ ਇਕ ਘੰਟੇ ਬਾਅਦ ਹੀ ਆਪਣੇ ਮਹਿਬੂਬ ਨੇਤਾ ਨੂੰ ਸ਼ਰਧਾਂਜਲੀ ਦੇਣ ਲਈ 12 ਹਜ਼ਾਰ ਲੋਕਾਂ ਦੀ ਕਤਾਰ ਲੱਗ ਗਈ ਅਤੇ ਸਵੇਰੇ 10 ਵਜੇ ਤੱਕ ਗਿਣਤੀ ਵਧ ਕੇ 21000 ਹੋ ਗਈ। ਬੌਸਟਨ ਗਲੋਬ ਦੀ ਰਿਪੋਰਟ ਮੁਤਾਬਕ ਸੈਨੇਟਰ ਕੈਨੇਡੀ ਨੂੰ ਸ਼ਰਧਾਂਜਲੀ ਦੇਣ ਵਾਲਿਆਂ ਦੀ ਗਿਣਤੀ 51000 ਤੱਕ ਅੱਪੜ ਗਈ ਸੀ।

## ਬੈਡਮਿੰਟਨ ਖਿਡਾਰੀਆਂ ਨੇ ਰਚਿਆ ਇਤਿਹਾਸ

**ਨਵੀਂ ਦਿੱਲੀ :** ਭਾਰਤ ਦੇ ਬੈਡਮਿੰਟਨ ਖਿਡਾਰੀਆਂ ਜਵਾਲਾ ਗੁੱਟਾ ਅਤੇ ਵੀ. ਡੀਜੂ ਨੇ ਇਤਿਹਾਸ ਸਿਰਜਦਿਆਂ ਚੀਨੀ ਤਾਇਪੇਈ ਵਿਖੇ ਹੋਏ ਮਿਕਸ ਡਬਲਜ਼ ਮੁਕਾਬਲੇ 'ਚ ਜਿੱਤ ਹਾਸਲ ਕੀਤੀ। ਗ੍ਰਾਂ ਪ੍ਰੀ ਗੋਲਡ ਟੂਰਨਾਮੈਂਟ ਦੌਰਾਨ ਭਾਰਤੀ ਖਿਡਾਰੀਆਂ ਨੇ ਇੰਡੋਨੇਸ਼ੀਆ ਦੇ ਖਿਡਾਰੀਆਂ ਨੂੰ 23-21, 21-18 ਨਾਲ ਹਰਾਇਆ।

ਜਵਾਲਾ-ਡੀਜੂ ਦੀ ਜੋੜੀ ਇਸੇ ਮਹੀਨੇ ਹੈਦਰਾਬਾਦ ਵਿਖੇ ਹੋਈ ਵਿਸ਼ਵ ਬੈਡਮਿੰਟਨ ਚੈਂਪੀਅਨਸ਼ਿਪ ਦੇ ਕੁਆਰਟਰ ਫ਼ਾਈਨਲ 'ਚ ਪਹੁੰਚਣ ਵਾਲੀ ਪਹਿਲੀ ਭਾਰਤੀ ਜੋੜੀ ਬਣ ਗਈ ਸੀ। ਇਸ ਜੋੜੀ ਨੇ ਪਿਛਲੇ ਸਾਲ ਬੁਲਗਾਰੀਅਨ ਓਪਨ ਖ਼ਿਤਾਬ ਵੀ ਜਿੱਤਿਆ ਸੀ। ਭਾਰਤ ਦੀ ਬੈਡਮਿੰਟਨ ਐਸੋਸੀਏਸ਼ਨ ਦੇ ਮੁਖੀ ਵੀ.ਕੇ. ਵਰਮਾ ਨੇ ਦੱਸਿਆ ਕਿ ਇਹ ਭਾਰਤ ਲਈ ਬਹੁਤ ਹੀ ਚੰਗੀ ਖ਼ਬਰ ਹੈ। ਕਿਸੇ ਭਾਰਤੀ ਜੋੜੀ ਨੇ ਪਹਿਲੀ ਵਾਰ ਇਹ ਟੂਰਨਾਮੈਂਟ ਜਿੱਤਿਆ ਹੈ।

# ਸੈਲ ਫੋਨ ਤੇ ਥਾਪੀ

ਇੰਨੀ ਕੁ ਬਾਤ



ਬਲਜੀਤ ਬਾਸੀ

ਫੋਨ: 734-454-4958

ਅੱਜ ਕੱਲ੍ਹ ਜਣਾ-ਖਣਾ ਸੈਲ ਫੋਨ ਚੁੱਕੀ ਫਿਰਦਾ ਹੈ ਪਰ ਜਿਨ੍ਹਾਂ ਸਮਿਆਂ ਵਿਚ ਵੀਹਵੀਂ ਸਦੀ ਦਮ ਤੋੜ ਰਹੀ ਸੀ, ਇਹ ਅਜੇ ਉਚ ਵਰਗ ਤੋਂ ਮਧ ਵਰਗ ਵੱਲ ਸਰਕਣਾ ਸ਼ੁਰੂ ਹੀ ਹੋਇਆ ਸੀ। ਇਸ ਵਰਗ ਦੀਆਂ ਸੁਆਣੀਆਂ ਘਰਵਾਲਿਆਂ ਅੱਗੇ ਬਸੂੰਗਰਨ ਲੱਗ ਪਈਆਂ, "ਸੈਲ ਫੋਨ ਲੈ ਕੇ ਦਿਓ ਨਹੀਂ ਤਾਂ ਸਾਲ ਭਰ ਪਿਉਕੇ ਨਹੀਂ ਜਾਵਾਂਗੀ।" ਇਹ ਤਾਂ ਬਹੁਤ ਵੱਡੀ ਧਮਕੀ ਸੀ ਤੇ ਇਸ ਦਾ ਇਛਤ ਪਰਿਣਾਮ ਵੱਟ 'ਤੇ ਪਿਆ ਸੀ। ਸਾਡੀ ਵਾਕਿਫ਼ਕਾਰਾ ਜਗਜੋਤ ਕੌਰ 'ਤੇ ਇਹ ਭੂਤ ਸਵਾਰ ਹੋਇਆ ਤਾਂ ਉਸਦੇ ਪਤੀ ਹਰਕੀਰਤ ਸਿੰਘ ਕੋਲ ਕੋਈ ਹੋਰ ਚਾਰਾ ਨਹੀਂ ਸੀ। ਉਸਦਾ ਭਾਣਾ ਮੰਨਣ ਵਿਚ ਵਿਸ਼ਵਾਸ ਹੈ। ਸੋ ਜੋ ਹੋਣਾ ਸੀ ਹੋਇਆ।

ਸੈਲ ਫੋਨ ਦੀਆਂ ਸ਼ਾਨਾਂ ਹੀ ਹੋਰ ਹਨ। ਕੰਨ ਨੂੰ ਠੀਕ ਐਂਗਲ 'ਤੇ ਲਾਇਆ ਹੋਵੇ ਤਾਂ ਉਂਗਲਾਂ ਦੀਆਂ ਅੰਗੂਠੀਆਂ, ਬਾਹਵਾਂ ਦੀਆਂ ਵੰਗਾਂ, ਕੰਨਾਂ ਦੇ ਬੁੰਦਿਆਂ ਤੇ ਨੱਕ ਦੇ ਕੋਕੇ ਦਾ ਇਕ-ਵਾਰਗੀ ਸਮੱਗਰ ਪ੍ਰਦਰਸ਼ਨ ਹੋ ਜਾਂਦਾ ਹੈ; ਡਿਗਣ ਡਿਗਣ ਕਰਦਾ ਦਰਸ਼ਕ ਆਖਰ ਖਤਾਨ 'ਚ ਜਾ ਪੈਂਦਾ ਹੈ; ਨੋਟਾਂ ਤੋਂ ਬਿਨਾ ਵੀ ਪਰਸ ਭਾਰਾ-ਭਾਰਾ ਲਗਦਾ ਹੈ ਤੇ ਤਨਹਾਈ ਨਾਮ ਦੀ ਚੀਜ਼ ਦਾ ਨਾਮੋ-ਨਿਸ਼ਾਨ ਨਹੀਂ ਰਹਿੰਦਾ। ਸਾਡੀ ਜਗਜੋਤ ਕੌਰ ਨੇ 7 ਮਹਾਂਦੀਪਾਂ ਵਿਚ ਵਸੀਆਂ-ਉਜੜੀਆਂ ਆਪਣੀਆਂ 360 ਸਹੇਲੀਆ ਨੂੰ ਇਸ ਸੈਲ ਫੋਨ ਦਾ ਨੰਬਰ ਲਿਖਵਾ ਦਿੱਤਾ। ਉਹ ਤਾਰ ਵਾਲੇ ਫੋਨ ਤੋਂ ਬੋਰ ਹੋ ਚੁਕੀ ਸੀ ਜੋ ਕੀਲੇ ਬੱਝੇ ਕੱਟੇ ਵਾਂਗ ਸੀ। ਇਹ ਕੀ ਹੋਇਆ ਮੰਜੇ ਕੁ ਦੀ ਵਿੱਥ ਤੋਂ ਪਰੇ ਬੰਦਾ ਇਸ ਨੂੰ ਲਿਜਾ ਹੀ ਨਹੀਂ ਸਕਦਾ। ਇਸਦੇ ਟਾਕਰੇ ਇਸ ਲੰਡੇ ਫੋਨ ਨੂੰ ਤਾਂ ਭਾਵੇਂ ਅਸਮਾਨ 'ਤੇ ਚੁਕ ਲਿਜਾਵੋ। ਉਸਨੇ ਮੰਜੇ ਹੇਠਾਂ, ਰਜਾਈ ਦੇ ਅੰਦਰ, ਪੌੜੀਆਂ ਦੇ ਗੱਭੇ, ਗੁਸਲਖਾਨੇ ਤੇ ਸੰਢਾਸ ਦੇ ਅੱਧ-ਵਿਚਕਾਰ, ਤੇ ਵਿਹੜੇ ਵਿਚ ਉਗੇ ਸਫ਼ੈਦੇ ਦੇ ਉਤੇ, ਗੱਲ ਕੀ ਘਰ ਦੇ ਹਰ ਖਲ ਖੂੰਜੇ, ਉਤੇ-ਭੁੰਝੇ ਵਧ-ਚੜ੍ਹ ਕੇ ਆਪਣੀਆਂ ਸਹੇਲੀਆਂ ਦਾ ਮਗ਼ਜ਼ ਖਾਧਾ ਤੇ ਆਪਣਾ ਖੁਆਇਆ। ਫਿਰ ਘਰੋਂ ਬਾਹਰੀ ਦੁਨੀਆਂ:ਖੜਾ ਰਿਕਸ਼ਾ, ਚਲਦੀ ਬੱਸ, ਚੜ੍ਹਦਾ-ਉਤਰਦਾ ਲਿਫ਼ਟ, ਦੁਕਾਨ, ਬੀਆਬਾਨ, ਕਬਰਿਸਤਾਨ 'ਚ ਜਾ ਕੇ ਇਸਨੂੰ ਅਜਮਾਇਆ। ਇਥੋਂ ਤਕ ਕਿ ਅਨੰਦ ਕਾਰਜ, ਸਤਸੰਗ, ਕਿੱਟੀ ਪਾਰਟੀ ਤੇ ਮੌਨ ਸਭਾ ਵਿਚ ਵੀ ਇਸਦਾ ਪ੍ਰੀਖਣ ਕੀਤਾ। ਉਹ ਪੁਲਾੜ ਵਿਚ ਉਡ ਸਕਦੀ ਹੁੰਦੀ ਤਾਂ ਇਸਦੀ ਅਜਮਾਇਸ਼ ਨੂੰ ਹੋਰ ਵਿਸਤਾਰ ਮਿਲ ਜਾਣਾ ਸੀ। ਉਹ ਇਸਦੀ ਉਪਯੋਗਤਾ ਤੋਂ ਅਸ਼-ਅਸ਼ ਕਰ ਉਠੀ।

ਉਸਦੇ ਪੈਰ ਜ਼ਮੀਨ 'ਤੇ ਨਾ ਲਗਦੇ। ਸਾਰਾ ਸੰਸਾਰ ਉਸਦੀ ਮੁਠੀ ਵਿਚ ਆ ਗਿਆ ਸੀ। ਫੋਨ ਤੋਂ ਵਿਹਲ ਨਾ ਮਿਲਣ ਕਾਰਨ ਉਸਨੇ ਇਕ ਮਾਈ ਰੱਖ ਲਈ ਕੱਪੜੇ ਧੋਣ ਲਈ। ਮਾਈ-ਵਰਗ ਅਜੇ ਤਕ ਸੈਲ ਫੋਨ ਤੋਂ ਵਿਰਵਾ ਹੀ ਸੀ। ਇਸ ਵਰਗ ਤਕ ਅਪੜਨ ਲਈ ਇਸ ਜੰਤਰ ਨੇ 21ਵੀਂ ਸਦੀ ਦੀ ਉਡੀਕ ਕੀਤੀ।

ਰੱਬ ਦੀ ਕੀ ਕਰਨੀ ਹੋਈ ਕਿ ਮਾਈ ਦੋ ਕੁ ਦਿਨ ਕੰਮ ਕਰਕੇ ਮੁੜ ਨਾ ਬਹੁੜੀ। ਅਜੇ ਤਾਂ ਜਗਜੋਤ ਕੌਰ ਦਾ ਸੈਲ ਫੋਨ ਦਾ ਚਾਅ ਨਹੀਂ ਸੀ ਲੱਥਾ, ਗੱਡਾ ਮੈਲੇ ਕੱਪੜਿਆਂ ਦਾ ਜਮ੍ਹਾਂ ਹੋ ਗਿਆ। ਉਹ ਪ੍ਰੇਸ਼ਾਨ ਹੋ ਗਈ। ਉਸ ਨੇ ਆਪਣੀ ਪ੍ਰੇਸ਼ਾਨੀ ਪਤੀ ਨਾਲ ਸਾਂਝੀ ਕੀਤੀ।

ਉਸਨੇ ਦੱਸਿਆ ਕਿ ਮਾਈ ਨੂੰ ਪਤਾ ਨਹੀਂ ਕੀ ਸੱਪ ਸੁੰਘ ਗਿਆ ਹੈ ਕਿ ਕੱਪੜੇ ਧੋਂਦੀ ਧੋਂਦੀ ਵਿਚੇ ਛੱਡ ਕੇ ਭਜ ਗਈ ਹੈ। ਏਡੀ ਗੁਸਤਾਖ ਨਿਕਲੀ ਕਿ ਨਾ ਅਜੇ ਤਕ ਮੁੜ ਕੇ ਆਈ, ਨਾ ਕੋਈ ਪਤਾ-ਸਤਾ ਦਿਤਾ। "ਹੁਣ ਜ਼ਮਾਨਾ ਬਦਲ ਗਿਆ ਹੈ। ਇਹ ਮਾਈ, ਨੌਕਰ-ਚਾਕਰ ਟਿਕਾਊ ਮਾਲ ਨਹੀਂ ਰਿਹਾ। ਇਨ੍ਹਾਂ ਨੂੰ ਪੁਚਕਾਰ ਕੇ ਰਖਣਾ ਚਾਹੀਦਾ ਹੈ।" ਪਤੀ ਨੇ ਟਿੱਪਣੀ ਕੀਤੀ। ਹਰਕੀਰਤ ਸਿੰਘ ਦੇ ਦੋਸਤ ਮਹਿੰਦਰ ਸਿੰਘ ਦੇ ਘਰ ਵੀ ਏਹੀ ਮਾਈ ਲੱਗੀ ਹੋਈ ਸੀ। ਅਸਲ ਵਿਚ ਮਹਿੰਦਰ



ਸਿੰਘ ਨੇ ਹੀ ਉਸ ਨੂੰ ਜਗਜੋਤ ਕੌਰ ਦੇ ਘਰ ਰਖਵਾਇਆ ਸੀ। ਸਲਾਹ ਬਣੀ ਕਿ ਫੋਨ ਖੜਕਾ ਕੇ ਉਸੇ ਤੋਂ ਪੁੱਛਿਆ ਜਾਵੇ।

ਮਹਿੰਦਰ ਸਿੰਘ ਨਾਲ ਗੱਲ ਕਰਨ ਲਈ ਹਰਕੀਰਤ ਸਿੰਘ ਨੇ ਜਗਜੋਤ ਕੌਰ ਤੋਂ ਹਥਲੇ ਫੋਨ ਦੀ ਮੰਗ ਕੀਤੀ ਤਾਂ ਉਹ ਹੱਥ ਪਿਛੇ ਨੂੰ ਖਿੱਚਣ ਲੱਗੀ। ਇਸਤੋਂ ਕੁਝ ਘੜੀਆਂ ਵੀ ਵੱਖ ਹੋਣ ਨਾਲ ਉਹ ਦੁਨੀਆਂ ਤੋਂ ਕੱਟੀ ਜਾ ਸਕਦੀ ਸੀ। ਸੈਲ ਫੋਨ ਹੁਣ ਉਸਦਾ ਦੂਜਾ ਮੂੰਹ ਤੇ ਪਹਿਲੀ ਜ਼ਬਾਨ ਸੀ। ਨੇੜੇ-ਤੇੜੇ ਦੇ ਕਿਸੇ ਫੋਨਹੀਣ ਬੰਦੇ ਲਈ ਉਹ ਹੁਣ ਜੀਭ ਨੂੰ ਕਸ਼ਟ ਨਹੀਂ ਸੀ ਦਿੰਦੀ। ਉਸਦੀ ਗੱਲਬਾਤ ਦੂਰਵਰਤੀ ਲੋਕਾਂ ਨਾਲ ਸੀ। ਉਹ ਹੁਣ ਗਲੋਬਲ ਪੱਧਰ 'ਤੇ ਵਿਚਰਦੀ ਸੀ। ਸੈਲ ਫੋਨ ਤੋਂ ਬਿਨਾ ਉਸਦੇ ਹੱਥਾਂ ਦੇ ਤੋਤੇ ਉਡ ਜਾਣੇ ਸਨ, ਮੂੰਹ ਅੱਡਿਆ ਰਹਿ ਜਾਣਾ ਸੀ ਤੇ ਕੰਨ ਸੁੰਨੇ ਹੋ ਜਾਣੇ ਸਨ। "ਤੁਸੀ ਔਹ ਕਾਲਾ ਫੋਨ ਚੱਕ ਲਵੋ ਜੀ, ਇਹ ਤਾਂ ਹੁਣ ਮੇਰੇ ਹੱਥ ਪਿਆ ਹੋਇਆ ਹੈ।" ਪਤੀ ਦੇਵ ਸਮਝ ਗਏ ਕਿ ਤ੍ਰੀਮਤ ਹੁਣ ਹਵਾਵਾਂ ਵਿਚ ਆ ਗਈ ਹੈ ਤੇ ਇਸਦੀ ਕੁਝ ਫੂਕ ਕੱਢਣ ਦਾ ਇਹ ਢੁਕਵਾਂ ਸਮਾਂ ਹੈ, "ਚੰਗਾ, ਮੈਂ ਜ਼ਰਾ ਬੰਬਈ ਚੱਲਿਆਂ, ਬਿਜ਼ਨੈਸ ਦੇ ਕੰਮ ਲਈ, ਹਫਤਾ ਕੁ ਲੱਗ ਜਾਵੇਗਾ।" ਜਗਜੋਤ ਕੌਰ ਫੌਰਨ ਪਤੀ ਦਾ ਮੂਡ ਤਾੜ ਗਈ।

ਉਸਨੂੰ ਪਤੀ ਦੀ ਮਹਤੱਤਾ ਅਤੇ ਫ਼ਾਇਦੇਮੰਦੀ ਦਾ ਤੀਬਰ ਅਹਿਸਾਸ ਸੀ। ਉਹ ਕਚੂਚ ਤਾਂ ਹੋਈ ਪਰ ਹਥਿਆਰ ਸੁੱਟਣੇ ਪਏ, "ਤੁਸੀਂ ਤਾਂ ਗੁੱਸਾ ਹੀ ਕਰ ਗਏ, ਆਹ ਚੁਕੋ" ਮੋਢੇ ਸਿਕੋੜ ਕੇ ਉਹ ਖਾਲੀ ਹੋਏ ਹੱਥ ਮਲਣ ਲੱਗ ਪਈ। ਉਸ ਨੂੰ ਆਪਣੀ ਆਤਮਾ ਖੁੱਸੀ-ਖੁੱਸੀ ਲੱਗੀ ਤੇ ਦੇਹ ਨੂੰ ਤੋੜਖੋਈ ਮਹਿਸੂਸ ਹੋਈ।

ਪਤੀ ਮਹਿੰਦਰ ਸਿੰਘ ਨਾਲ ਗੱਲਬਾਤ ਵਿਚ ਰੁਝਾ ਤਾਂ ਉਹ ਅਵਾਕ ਫੋਨ ਵਲ ਝਾਕਦੀ ਰਹੀ। ਦੋਹਾਂ ਵਿਚਕਾਰ ਵਾਰਤਾਲਾਪ ਇਸ ਪ੍ਰਕਾਰ ਹੋਈ:

**ਹਰਕੀਰਤ ਸਿੰਘ:**ਹੈਲੋ, ਮਹਿੰਦਰ ਸਿੰਘ ਕੀ ਹਾਲ-ਚਾਲ ਹੈ?

**ਮਹਿੰਦਰ ਸਿੰਘ:**ਹਾਲ ਬੇਹਾਲ ਹੈ, ਸਰਦਾਰਨੀ ਲਈ ਸੈਲ ਫੋਨ ਖਰੀਦਣ ਚੱਲੇ ਸੀ।

**ਹਰਕੀਰਤ ਸਿੰਘ:**ਇਹ ਕੰਮ ਨਾ ਹੀ ਕਰੇਂ ਤਾਂ ਚੰਗਾ ਹੈ, ਪੈਰ ਲੋਹੇ ਦੇ ਹਨ ਤਾਂ ਕਰ ਵੀ ਸਕਦਾ ਹੈਂ ਕਿਉਂਕਿ ਇਹ ਆਪਣੇ ਪੈਰੀਂ ਕੁਹਾੜਾ ਮਾਰਨ ਵਾਲੀ ਗੱਲ ਹੈ।

**ਮਹਿੰਦਰ ਸਿੰਘ:**ਓ ਮਾਰ ਗੋਲੀ, ਮੈਂ ਤਾ ਸੱਚ ਯਾਰ ਤੇਰੇ ਨਾਲ ਬੜੀ ਜ਼ਰੂਰੀ ਗੱਲ ਕਰਨੀ ਸੀ, ਜਕਦਾ ਹੀ ਰਹਿ ਗਿਆ।

**ਹਰਕੀਰਤ ਸਿੰਘ:**ਮੈਂ ਵੀ ਜ਼ਰੂਰੀ ਗੱਲ ਲਈ ਹੀ ਫੋਨ ਕੀਤਾ ਸੀ, ਚੱਲ ਪਹਿਲਾਂ ਤੂੰ ਕਰ ਲੈ।

**ਮਹਿੰਦਰ ਸਿੰਘ:**ਭਰਜਾਈ ਦਾ ਦੱਸ ਯਾਰ ਕੀ ਹਾਲ ਹੈ?

**ਹਰਕੀਰਤ ਸਿੰਘ:**ਬੋਲਣਵਾ ਲੱਗਾ ਹੋਇਆ, ਟਪੂਸੀਆਂ ਮਾਰਦੀ ਫਿਰਦੀ ਹੈ, ਕੀ ਦੱਸਾਂ ਤੈਨੂੰ।

**ਮਹਿੰਦਰ ਸਿੰਘ:**ਏਹੀ ਮੈਂ ਪੁਛਣਾ ਸੀ, ਕਦੋਂ ਕੁ ਦੀ ਲੱਗੀ ਇਹ ਬੀਮਾਰੀ?

**ਹਰਕੀਰਤ ਸਿੰਘ:**ਜਦ ਦਾ ਆਹ ਸੈਲ ਫੋਨ ਲਿਆ।

**ਮਹਿੰਦਰ ਸਿੰਘ:**ਕਿੰਨੇ ਕੁ ਦੌਰੇ ਪੈਂਦੇ ਹਨ?

ਹਰਕੀਰਤ ਸਿੰਘ:ਹਮੇਸ਼ਾ ਦੌਰੇ ਵਿਚ ਹੀ ਰਹਿੰਦੀ ਹੈ।

**ਮਹਿੰਦਰ ਸਿੰਘ:**ਕਿਤੇ ਦਿਖਾਇਆ ਇਸ ਨੂੰ? ਧਿਆਨ ਰੱਖ ਯਾਰ ਬੀਮਾਰੀ ਵਧ ਸਕਦੀ ਹੈ।

**ਹਰਕੀਰਤ ਸਿੰਘ:**ਸੋਚਦਾਂ ਸਲੋਤਰਖਾਨੇ ਲਿਜਾਣ ਦੀ, ਪਰ ਛੱਡ ਤੂੰ ਹੁਣ ਦੱਸ ਉਹ ਮਾਈ ਕਿੱਥੇ ਹੈ? ਸਾਡੇ ਅਚਾਨਕ ਆਉਣੋਂ ਕਿਉਂ ਹਟ ਗਈ?

**ਮਹਿੰਦਰ ਸਿੰਘ:**ਯਾਰ ਤੂੰ ਮਖੌਲ ਸਮਝਦਾਂ ਤੈਨੂੰ ਮਾਈ ਸੁਝਦੀ ਹੈ? ਮਾਈ ਨੇ ਹੀ ਤਾਂ ਮੈਨੂੰ ਦੱਸਿਆ ਭਰਜਾਈ ਦੀ ਬੀਮਾਰੀ ਬਾਰੇ।

**ਹਰਕੀਰਤ ਸਿੰਘ:**ਸਾਡੇ ਤਾਂ ਏਧਰ ਕਪੜਿਆਂ ਦੇ ਢੇਰ ਲੱਗ ਗਏ ਹਨ। ਭੇਜ ਯਾਰ ਮਾਈ ਨੂੰ ਫਟਾ-ਫਟ ਨਹੀਂ ਤਾਂ ਤੀਵੀਂ ਆਪਣੀ ਨੇ ਸਿਰ 'ਤੇ ਚੁਕ ਲੈਣਾ ਘਰ ਤੇ ਪਿਉਕੇ ਵੀ ਨਹੀਂ ਜਾਣਾ।

**ਮਹਿੰਦਰ ਸਿੰਘ:**ਅਜੀਬ ਆਦਮੀ ਏਂ ਯਾਰ, ਏਨਾ ਨੌਨ-ਸੀਰੀਅਸ। ਘਰ ਵਾਲੀ ਬੀਮਾਰ ਪਈ ਏ ਤੇ ਤੂੰ ਮਾਈ ਮਾਈ ਦੀ ਰੱਟ ਲਾ ਰੱਖੀ ਹੈ।

**ਹਰਕੀਰਤ ਸਿੰਘ:**ਸੱਚ ਮਾਈ ਨੇ ਕੀ ਦੱਸਿਆ ਸੀ?

**ਮਹਿੰਦਰ ਸਿੰਘ:**ਏਹੀ ਕਿ ਭਰਜਾਈ ਦਾ ਦਿਮਾਗ ਕੁਝ ਹਿੱਲ ਗਿਆ ਹੈ।

**ਹਰਕੀਰਤ ਸਿੰਘ:**ਹੈਂ ਮਾਈ ਸਹੁਰੀ ਨੇ ਇਹ ਸ਼ਬਦ ਵਰਤੇ?

**ਮਹਿੰਦਰ ਸਿੰਘ:**ਹੋਰ ਕੀ ਸ਼ਬਦ ਵਰਤਦੀ? ਵੈਸੇ ਵੀ ਇਨ੍ਹਾਂ ਵਿਚਾਰੀਆਂ ਦੀ ਡਿਕਸ਼ਨਰੀ ਕਮਜ਼ੋਰ ਹੀ ਹੁੰਦੀ ਹੈ।

**ਹਰਕੀਰਤ ਸਿੰਘ:**ਹੈਂ, ਮੈਨੂੰ ਠੀਕ ਠੀਕ ਦੱਸ ਮਾਈ ਨੇ ਕੀ ਦੱਸਿਆ ਸੀ।

**ਮਹਿੰਦਰ ਸਿੰਘ:**ਉਸਨੇ ਦੱਸਿਆ ਕਿ ਉਹ ਉਸ ਦਿਨ ਤੁਹਾਡੇ ਵਿਹੜੇ ਵਿਚ ਕੱਪੜੇ ਧੋ ਰਹੀ ਸੀ।

**ਹਰਕੀਰਤ ਸਿੰਘ:**ਹਾਂ ਉਹ ਤਾਂ ਸੀ ਹੀ।

**ਮਹਿੰਦਰ ਸਿੰਘ**:ਭਰਜਾਈ ਵਿਹੜੇ ਵਿਚ ਕੋਸੀ-ਕੋਸੀ ਧੁੱਪੇ ਮੰਜਾ ਡਾਹ ਕੇ ਬੈਠੀ ਕਿਤਾਬ ਪੜ੍ਹ ਰਹੀ ਸੀ। ਫਿਰ ਅਚਾਨਕ ਉਸ ਨੇ ਆਪਣੇ ਆਪ ਨਾਲ ਗੱਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ।

**ਹਰਕੀਰਤ ਸਿੰਘ:**ਫੇਰ?

ਮਹਿੰਦਰ ਸਿੰਘ:ਫਿਰ ਅਚਾਨਕ ਤੇਜ਼ ਤੇਜ਼ ਤੇ ਉਚੀ ਉਚੀ ਗੱਲਾਂ ਕਰਨ ਲੱਗ ਪਈ ਤੇ ਜ਼ੋਰ ਜ਼ੋਰ ਦੀ ਹੱਸਣ ਲੱਗ ਪਈ।

**ਹਰਕੀਰਤ ਸਿੰਘ:**ਵਾਹ ਵਾਹ ਅੱਗੇ!

**ਮਹਿੰਦਰ ਸਿੰਘ:**ਅੱਗੇ ਕੀ, ਫਿਰ ਤਾਂ ਉਹ ਆਪਣੇ ਆਪ ਨਾਲ ਗੱਲਾਂ ਕਰਦੀ ਕਰਦੀ ਮੰਜੇ ਤੋਂ ਉਠਕੇ ਵਿਹੜੇ ਵਿਚ ਘੁੰਮਣ ਲੱਗ ਪਈ। ਫਿਰ ਦੌਰੇ 'ਚ ਆਈ ਨੱਸਣ ਭੱਜਣ ਲੱਗ ਪਈ, ਕਦੀ ਐਸ ਖੂੰਜੇ ਕਦੀ ਔਸ ਖੂੰਜੇ; ਸਫੈਦੇ 'ਚ ਲੱਗਕੇ ਡਿਗਣੋਂ ਵੀ ਮਸਾਂ ਬਚੀ।

**ਹਰਕੀਰਤ ਸਿੰਘ:**ਕਮਾਲ ਹੋ ਗਈ।

**ਮਹਿੰਦਰ ਸਿੰਘ:**ਮਾਈ ਡਰ ਗਈ, ਡਰਨਾ ਹੀ ਸੀ, ਉਹ ਸਮਝ ਗਈ ਬੀਬੀ ਜੀ ਸ਼ੁਦਾਈ ਹੋ ਗਏ ਹਨ ਕਿਤੇ ਉਸ 'ਤੇ ਹਮਲਾ ਹੀ ਨਾ ਕਰ ਦੇਣ। ਯਾਰ ਪਹਿਲਾਂ ਵੀ ਕਦੀ ਦੌਰਾ ਪਿਆ?

**ਹਰਕੀਰਤ ਸਿੰਘ:**ਤੂੰ ਅਜੇ ਪੂਰੀ ਗੱਲ ਸੁਣਾ।

**ਮਹਿੰਦਰ ਸਿੰਘ:**ਜਿਵੇਂ ਉਸ ਨੇ ਦੱਸਿਆ ਹੈ, ਪਹਿਲਾਂ ਤਾਂ ਮਾਈ ਨੇ ਸੋਚਿਆ ਕਿ ਥਾਪੀ ਉਸ ਦੇ ਕੋਲ ਹੈ, ਲੋੜ ਵੇਲੇ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ। ਉਸ ਨੇ ਥਾਪੀ ਘੁਟ ਕੇ ਫੜ ਲਈ ਤੇ ਉਪਰ ਨੂੰ ਖੜੀ ਕਰ ਲਈ ਪਰ ਫਿਰ ਉਸਨੇ ਸੋਚਿਆ ਕਿ ਕਿਸੇ ਵੀ ਹਾਲਤ ਵਿਚ ਬੀਬੀ ਜੀ ਨਾਲ ਟੱਕਰ ਲੈਣ ਵਾਲੀ ਗੱਲ ਸੋਭਦੀ ਨਹੀਂ। ਉਹ ਦਹਿਲੀ ਪਈ ਸੀ, ਉਸਨੇ ਸੂਟ ਵੱਟੀ ਤੇ ਘਰ ਨੂੰ ਦੌੜ ਆਈ।

**ਹਰਕੀਰਤ ਸਿੰਘ:**ਹੱਦ ਹੋ ਗਈ। ਦਾਲ ਵਿਚ ਕੁਝ ਕਾਲਾ ਕਾਲਾ ਹੈ, ਤੂੰ ਮਾਈ ਨੂੰ ਛੇਤੀ ਲੈ ਕੇ ਆ। ਆਪਾਂ ਗੱਲ ਸਾਫ ਕਰਦੇ ਹਾਂ।

ਇਹ ਕਹਿ ਕੇ ਉਸਨੇ ਫੋਨ ਬੰਦ ਕਰ ਦਿੱਤਾ ਤੇ ਆਪਣੀ ਪਤਨੀ ਵੱਲ ਵਗਾਹ ਕੇ ਮਾਰਿਆ। ਉਹ ਗੁੱਸੇ 'ਚ ਤਮਕਿਆ, "ਚੱਕੀ ਹੋਈ ਸੈਲ ਫੋਨਾਂ ਦੀ, ਜ਼ਰਾ ਧਰਤੀ 'ਤੇ ਪੈਰ ਰੱਖ, ਮਾਈ ਵਾਲਾ ਚੰਦ ਤੇਰਾ ਹੀ ਚੜ੍ਹਾਇਆ ਹੋਇਆ ਲਗਦਾ।"

"ਮੈਂ ਤਾਂ ਮਾਈ ਨੂੰ ਕੁਝ ਨਹੀਂ ਕਿਹਾ, ਤੁਸੀਂ ਗੁੱਸਾ ਕਰੋਗੇ, ਪਰ ਮੈਂ ਤਾਂ ਉਸ ਦਿਨ ਫੋਨ ਵਿਚ ਬੀਜ਼ੀ ਸੀ, ਮੈਂ ਤਾਂ ਮਾਈ ਵੱਲ ਝਾਕਿਆ ਵੀ ਨਹੀਂ। ਪਰ ਦੱਸੋ ਮਹਿੰਦਰ ਸਿੰਘ ਨੇ ਕੀ ਕਿਹਾ?"

ਤਦ ਹਰਕੀਰਤ ਸਿੰਘ ਨੇ ਮਹਿੰਦਰ ਸਿੰਘ ਨਾਲ ਹੋਈ ਸਾਰੀ ਵਾਰਤਾਲਾਪ ਸੁਣਾ ਦਿੱਤੀ।

ਜਗਜੋਤ ਕੌਰ ਨੇ ਸੁੱਟਿਆ ਹੋਇਆ ਫੋਨ ਚੁਕਿਆ, ਉਹ ਮਸੀਂ ਡਿਗਦੀ ਡਿਗਦੀ ਬਚੀ। ਉਹ ਏਨਾ ਹੱਸੀ ਕਿ ਲਗਦਾ ਸੀ ਕਿ ਹੁਣ ਜ਼ਰੂਰ ਪਾਗਲ ਹੋ ਜਾਵੇਗੀ। ਫਿਰ ਉਸਨੇ ਦੱਸਿਆ ਕਿ ਉਸ ਦਿਨ ਅਸਲ ਵਿਚ ਥੋੜੀ ਥੋੜੀ ਠੰਡ ਸੀ। ਉਹ ਆਪਣੇ ਸ਼ਾਲ ਦੇ ਹੇਠਾਂ ਅਤੇ ਕੰਨ ਦੇ ਵਿਚਕਾਰ ਫੋਨ ਰੱਖ ਕੇ ਆਪਣੀਆਂ ਸਹੇਲੀਆਂ ਨਾਲ ਗੱਲਾਂ ਕਰ ਰਹੀ ਸੀ। ਮਿਸਿਜ਼ ਮਲਹੋਤਰਾ ਫਿਨਲੈਂਡ ਤੋਂ ਏਨੇ ਦਿਲਚਸਪ ਚੁਟਕਲੇ ਸੁਣਾ ਰਹੀ ਸੀ ਕਿ ਉਹ ਹੱਸ-ਹੱਸ ਦੂਹਰੀ ਹੋ ਗਈ ਤੇ ਉਨਮਾਦ ਵਿਚ ਏਧਰ ਉਧਰ ਦੌੜਨ ਲੱਗੀ। ਮਾਈ ਨੇ ਸਮਝਿਆ ਹੋਣਾ ਕਿ ਮੈਂ ਪਾਗਲ ਹੋ ਗਈ ਹਾਂ, ਉਸ ਵਿਚਾਰੀ ਨੂੰ ਅਜੇ ਕੀ ਪਤਾ ਕਿ ਸੈਲ ਫੋਨ ਕੀ ਸ਼ੈਅ ਹੁੰਦੀ ਹੈ। ਮੈਨੂੰ ਚੰਗੀ ਭਲੀ ਨੂੰ ਪਾਗਲ ਬਣਾ ਦਿੱਤਾ। ਆਵੇ ਸਹੀ ਮੈਂ ਥਾਪੀਆਂ ਨਾਲ ਕੁੱਟਾਂਗੀ ਉਸਨੂੰ।...ਤੇ ਮਾਈ ਬੂਹੇ 'ਤੇ ਆ ਗਈ ਸੀ, ਖੜੀ ਸੀ, ਡਰੀ ਹੋਈ, ਸਹਿਮੀ ਹੋਈ। ਥਾਪੀ ਉਸਦੇ ਕੋਲ ਸੀ।

## ਕਾਲਾ ਸੱਚ

ਅੱਜ ਫੇਰ ਉਹਦੀਆਂ ਲੱਤਾਂ ਨੂੰ ਸੰਗਲ ਨਾਲ ਬੰਨਿਆ ਹੋਇਆ ਸੀ ਤੇ ਸਿਰੇ ਤੇ ਵੱਡਾ ਸਾਰਾ ਤਾਲਾ ਲਟਕਿਆ ਸੀ। ਇੰਨਾ ਵੱਡਾ ਤਾਲਾ ਤਾਂ ਦੀਪੇ ਨੇ ਕਦੇ ਆਪਣੇ ਘਰ ਦੇ ਦਰ ਨੂੰ ਨਹੀਂ ਲਾਇਆ ਹੋਣਾ, ਜਿੰਨਾ ਉਹ ਆਪਣੇ ਪਿਉ ਧਰਮੇ ਨੂੰ ਕਾਬੂ ਕਰਨ ਲਈ ਲਾਉਂਦਾ ਸੀ। ਹਰ ਦੂਜੇ ਦਿਨ ਧਰਮੇ ਦਾ ਇਹੀ ਹਾਲ ਹੁੰਦਾ ਸੀ।

ਇਕ ਦਿਨ ਸਕੂਲੋਂ ਵਾਪਸ ਆਉਦਿਆਂ ਮੈਂ ਵੇਖਿਆ, ਧਰਮਾ ਸਾਡੇ ਦਰਾਂ ਦੇ ਅੱਗੇ ਬੈਠਾ ਸੀ।ਉਹਦੀ ਲੱਤ 'ਚੋਂ ਖੂਨ ਸਿਮ ਰਿਹਾ ਸੀ, ਹੌਲੀ-ਹੌਲੀ, ਕਾਲ਼ੇ ਰੰਗ ਦਾ ਖੂਨ। ਮੈਂ ਭਜ ਕੇ ਅੰਦਰ ਗਈ ਤੇ ਆਪਣੀ ਦਾਦੀ ਨੂੰ ਦਸਿਆ। ਅਸੀਂ ਦੋਹਾਂ ਨੇ ਰਲ ਕੇ ਧਰਮੇ ਦੀ ਲੱਤ ਸਾਫ ਕੀਤੀ ਤੇ ਦਵਾਈ ਲਗਾਈ।ਪਰ ਏਹ ਦਵਾਈ ਉਹਦੀ ਰੂਹ 'ਤੇ ਲੱਗੇ ਜ਼ਖਮਾਂ ਨੂੰ ਨਹੀਂ ਭਰ ਸਕਦੀ ਸੀ।

ਧਰਮਾ ਸਰਕਾਰੀ ਨੌਕਰੀ ਕਰਦਾ ਸੀ, ਪਰ ਉਹਦਾ ਮਨ ਕੰਮ 'ਚ ਨਹੀਂ ਸੀ ਲਗਦਾ। ਦੋ ਦਿਨ ਕੰਮ 'ਤੇ ਜਾ ਕੇ ਹਫਤਾ-ਹਫਤਾ ਗਾਇਬ ਰਹਿੰਦਾ। ਦਫਤਰ ਵਾਲੇ ਜਿਸ ਦਿਨ ਉਹਦੀ ਗੈਰਹਾਜ਼ਰੀ ਦੀ ਸ਼ਿਕਾਇਤ ਘਰ ਲੈ ਕੇ ਆਉਂਦੇ, ਉਸੇ ਰਾਤ ਧਰਮੇ ਦੀਆਂ ਲੱਤਾਂ ਨੂੰ ਸੰਗਲ ਪਾ ਦਿੱਤਾ ਜਾਂਦਾ। ਦੀਪੇ ਨੂੰ ਗੁੱਸਾ ਇਸ ਗੱਲ ਦਾ ਸੀ ਕਿ 'ਬਾਪੂ ਨਾ ਤਾਂ ਨੌਕਰੀ ਤੇ ਜਾਂਦੈ ਤੇ ਨਾ ਹੀ ਮਰਦੈ'।

ਧਰਮਾ ਹਰ ਪਾਸਿਉਂ 'ਕੱਲਾ ਸੀ। ਪੱਕੇ ਰੰਗ ਤੇ ਕਮਜ਼ੋਰ ਸਰੀਰ ਦੇ ਮਾਲਕ ਧਰਮੇ ਨੂੰ ਉਹਦੀ ਘਰਵਾਲੀ ਨੇ ਕਦੇ ਆਪਣੇ ਮੇਚ ਦਾ ਨਹੀਂ ਸੀ ਸਮਝਿਆ।ਉਹ ਪੁੱਤ ਤੇ ਨੂੰਹ ਦਾ ਪੱਖ ਪੂਰਦੀ ਸੀ। ਪੋਤੇ ਤੇ ਪੋਤੀਆਂ ਨੂੰ ਤਾਂ ਉਸ ਨਾਲ ਪਿਆਰ ਤਾਂ ਜਾਗਦਾ ਜੇ ਕਦੇ ਦੀਪੇ ਨੇ ਉਨ੍ਹਾਂ ਨੂੰ ਧਰਮੇ ਨਾਲ ਘੁਲਣ ਦਿੱਤਾ ਹੁੰਦਾ। ਧਰਮੇ ਦਾ ਕਮਰਾ ਵੀ ਅਲੱਗ ਹੀ ਸੀ। ਸਾਰਾ ਪਰਿਵਾਰ ਪੱਕੇ ਘਰ 'ਚ ਰਹਿੰਦਾ ਸੀ, ਜਿਹਦੇ ਬਾਹਰ ਕੱਚਾ ਵਿਹੜਾ ਸੀ। ਏਸ ਵਿਹੜੇ ਨੂੰ ਪਾਰ ਕਰਦਿਆਂ ਦੋ ਕੱਚੇ ਕਮਰੇ ਸੀ। ਇੱਕ ਕਮਰੇ 'ਚ ਡੰਗਰ ਬੰਨ੍ਹੇ ਜਾਂਦੇ ਤੇ ਦੂਜੇ 'ਚ ਧਰਮੇ ਦਾ ਮੰਜਾ ਸੀ। ਨਾ ਕੋਈ ਧਰਮੇ ਨਾਲ ਬੋਲਦਾ ਤੇ ਨਾ ਹੀ ਧਰਮਾ ਕਿਸੇ ਨਾਲ ਅਪਣੱਤ ਵਿਖਾਉਂਦਾ, ਘਰਵਾਲੀ ਸਵੇਰੇ ਸ਼ਾਮ ਰੋਟੀ ਦੇ ਜਾਂਦੀ ਬੱਸ। ਬੱਸ ਧਰਮੇ ਦੀ ਆਵਾਜ਼ ਉਸੇ ਵੇਲੇ ਸੁਣਦੀ ਜਦ ਦੀਪਾ ਉਹਨੂੰ ਕਿਸੇ ਗੱਲ ਪਿੱਛੇ ਕੁੱਟਦਾ ਤੇ ਗਾਲ੍ਹਾਂ ਕੱਢਦਾ। ਉਦੋਂ ਧਰਮਾ ਕੁਰਲਾਉਂਦਾ, "ਉਏ ਨਾ ਮਾਰੋ ਉਏ, ਸਾਲਿਉ ਚਲਾ ਜਾਣੈ ਮੈਂ ਇੱਕ ਦਿਨ, ਨਾ ਮਾਰੋ ਮੈਨੂੰ।"

ਤੇ ਸੱਚੀਂ ਦੀਪੇ ਦੇ ਸੰਗਲ ਧਰਮੇ ਨੂੰ ਬੰਨ੍ਹ ਨਾ ਸਕੇ। ਇੱਕ ਦਿਨ ਸਵੇਰੇ ਕੰਮ ਵਾਸਤੇ ਉਹ ਨਿਕਲਿਆ, ਤੇ ਮੁੜ ਕਦੇ ਉਹਨੂੰ ਕਿਸੇ ਨੇ ਨਾ ਵੇਖਿਆ।

ਘਰਦਿਆਂ ਨੇ ਸੁੱਖ ਦਾ ਸਾਹ ਲਿਆ। ਇੱਕ ਤਾਂ ਦੀਪੇ ਨੂੰ ਪਿਊ ਦੀ ਨੌਕਰੀ ਮਿਲ ਗਈ ਤੇ ਦੂਜਾ ਵਿਹੜੇ ਦਾ ਸਾਰਾ ਗੰਦ ਵੀ ਚੁੱਕਿਆ ਗਿਆ ਸੀ। ਨੌਕਰੀ ਸਰਕਾਰੀ ਹੋਣ ਕਰਕੇ ਧਰਮੇ ਦੇ ਗੁੰਮਸ਼ੁਦਾ ਹੋਣ ਦੀ ਖਬਰ ਅਖਬਾਰ ਵਿਚ ਛੇਤੀ ਹੀ ਛਪਵਾ ਦਿੱਤੀ ਗਈ। ਸਾਰੇ ਪਰਿਵਾਰ ਦੇ ਮਨ 'ਚ ਬੱਸ ਇੱਕੋ ਡਰ ਸੀ ਕਿ ਕਿਤੇ ਧਰਮਾ ਖਬਰ ਪੜ੍ਹ ਕੇ ਸੱਚੀਂ ਘਰ ਨਾ ਮੁੜ ਆਵੇ। ਪਰ ਇਹੋ ਜਿਹੀ ਕੋਈ ਅਣਹੋਣੀ ਨਾ ਵਾਪਰੀ।

ਦੀਪੇ ਨੂੰ ਨੌਕਰੀ ਮਿਲ ਗਈ ਤੇ ਘਰ ਦੀ ਹਾਲਤ ਬਦਲ ਗਈ। ਭਾਵੇਂ ਉਹ ਨੌਕਰੀ ਤੋਂ ਫਰਲੋ ਮਾਰਦਾ, ਪਰ ਸਾਰੇ ਧਰਮੇ ਵਰਗੇ ਬੇਵਕੂਫ ਥੋੜ੍ਹਾ ਹੁੰਦੇ ਨੇ, ਬੰਦੇ ਨੂੰ ਅੱਖ ਬਚਾ ਕੇ ਨਿਕਲਣ ਦਾ ਵਲ ਆਉਣਾ ਜ਼ਰੂਰੀ ਹੈ ਤੇ ਦੀਪਾ ਇਸ ਪੱਖੋਂ ਬਹੁਤ ਸਿਆਣਾ ਸੀ।

ਦੀਪੇ ਦੇ ਨਿਆਣੇ ਸਿਆਣੇ ਨਿਕਲੇ। ਵੱਡੀ ਕੁੜੀ ਬੀ.ਏ. ਕਰਦੀ ਟਿਊਸ਼ਨਾਂ ਵੀ ਕਰਨ ਲੱਗੀ। ਟਿਊਸ਼ਨਾਂ ਦਾ ਕੰਮ ਚਲ ਨਿਕਲਿਆ ਤਾਂ ਦੀਪੇ ਦੀ ਘਰਵਾਲੀ ਕਹਿਣ ਲੱਗੀ, "ਕੁੜੀ ਵਿਹੜੇ 'ਚ ਹੀ ਨਿਆਣਿਆਂ ਨੂੰ ਲੈ ਕੇ ਬੈਠੀ ਰਹਿੰਦੀ ਐ, ਇਹਨੂੰ ਬੈਠਣ ਲਈ ਪੱਕੀ ਥਾਂ ਤਾਂ ਬਣਾ ਦਿਉ।" ਸੋ ਪਸ਼ੂਆਂ ਦੇ ਨਾਲ ਵਾਲਾ ਕਮਰਾ ਪੱਕਾ ਕਰਵਾ, ਬਿਜਲੀ ਲਗਵਾ ਤੇ ਦੀਵਾਨ ਰੱਖ ਕੇ ਤਿਆਰ ਕਰਵਾ ਦਿੱਤਾ ਗਿਆ।

ਆਮਦਨੀ ਦਾ ਦੂਜਾ ਸਾਧਨ ਹਾਲੇ ਪੱਕਾ ਹੋਇਆ ਹੀ ਸੀ ਕਿ ਇੱਕ ਦਿਨ ਇੱਕ ਬਾਬਾ ਇਨ੍ਹਾਂ ਦੇ ਵਿਹੜੇ 'ਚ ਆ ਕੇ ਬੈਠ ਗਿਆ। ਚਿੱਟਾ ਚੋਗਾ, ਖੁਲ੍ਹਾ ਦਾੜ੍ਹਾ ਤੇ ਸਿਰ 'ਤੇ ਕੇਸਰੀ ਪਰਨਾ ਵੇਖ ਸਾਰਾ ਪਰਿਵਾਰ ਉਸ ਦੇ ਪੈਰੀਂ ਪੈ ਗਿਆ।ਉਹ ਦਿਨ ਹੈ ਤੇ ਅੱਜ ਦਾ ਦਿਨ, ਬਾਬੇ ਦੇ ਸ਼ਰਧਾਲੂਆਂ ਦਾ ਵਿਹੜੇ 'ਚ ਤਾਂਤਾ ਹੀ ਲੱਗਾ ਰਹਿੰਦਾ ਹੈ। ਸਾਰਾ ਪਰਿਵਾਰ ਚਿੱਟੇ ਕੱਪੜੇ ਪਾ ਤੇ ਸਿਰ ਤੇ ਕੇਸਰੀ ਪੱਗਾਂ ਤੇ ਦੁਪੱਟੇ ਲੈ ਬਾਬੇ ਦੇ ਅੱਗੇ ਰਹਿੰਦਾ ਹੈ।

ਬਾਬੇ ਦੀ ਨਵੀਂ ਕੋਠੀ ਦੀਪੇ ਨੇ ਕੋਲ ਖੜ੍ਹ ਕੇ ਤਿਆਰ ਕਰਵਾਈ। ਹੁਣ ਕਿਸੇ ਨੂੰ ਨਾ ਤਾਂ ਕੁੜੀਆਂ ਦੇ ਵਿਆਹ ਦੀ ਚਿੰਤਾ ਹੈ ਤੇ ਨਾ ਹੀ ਪੁੱਤ ਦੇ ਸੈਟ ਕਰਨ ਦੀ। ਬਸ ਸਾਰਾ ਦਿਨ ਘਰ 'ਚ ਪਾਠ ਚਲਦਾ ਹੈ ਤੇ ਬਾਬੇ ਦੀ ਪੂਰੀ ਕਿਰਪਾ ਹੈ।

ਬੱਸ ਮੈਨੂੰ ਹੀ ਪਤਾ ਨਹੀਂ ਕਿਉਂ ਕੁੱਛ ਖੱਟਕਦਾ ਰਹਿੰਦਾ ਹੈ। ਸਾਰੀ ਗਲੀ ਵਿਚ ਸ਼ਾਂਤੀ ਹੈ, ਸਾਰਾ ਦਿਨ ਪਾਠ ਹੁੰਦਾ ਹੈ, ਲੰਘਦੇ ਵੜਦੇ ਸੰਗਤਾਂ ਦੇ ਦਰਸ਼ਨ ਹੁੰਦੇ ਨੇ ਤੇ ਸਫੈਦ ਪੁਸ਼ਾਕਾਂ ਪਾਈ ਦੀਪੇ ਦਾ ਸਾਰਾ ਪਰਿਵਾਰ ਪੁੰਨ ਖੱਟ ਰਿਹਾ ਹੈ...ਸ਼ਾਇਦ ਇਹ ਸਫੈਦ ਰੰਗ ਹੀ ਹਰ ਵਾਰ ਮਨ 'ਚ ਹਲਚਲ ਮਚਾ ਜਾਂਦਾ ਹੈ...ਇਹ ਸਫੈਦ ਰੰਗ ਹਰ ਵਾਰ ਧਰਮੇ ਦੇ ਕਾਲੇ ਸਿੰਮਦੇ ਲਹੂ ਦੀ ਯਾਦ ਕਰਾ ਜਾਂਦਾ ਹੈ।

*-ਮਾਨਵਪ੍ਰੀਤ ਕੌਰ*

**ਵਿਚਾਰ-ਚਰਚਾ**

# ਸ਼ਬਦ, ਇਲਹਾਮ, ਭਗਤ ਬਾਣੀ ਆਦਿ

***ਕਾਫੀ ਸਮਾਂ ਪਹਿਲਾਂ ਅਸੀਂ ਇਨ੍ਹਾਂ ਕਾਲਮਾਂ ਵਿਚ ਡਾ. ਹਰਭਜਨ ਸਿੰਘ ਦਾ ਲੇਖ ਮਹਿਬੂਬ ਦਾ ਇਸਲਾਮੀ ਉਲਾਰ ਛਾਪਿਆ ਸੀ ਜਿਸ ਦੇ ਪ੍ਰਤੀਕ੍ਰਮ ਵਿਚ ਇਕ ਲੰਮਾ ਲੇਖ ਡਾ. ਗੁਰਤਰਨ ਸਿੰਘ ਹੋਰਾਂ ਨੇ ਲਿਖਿਆ ਸੀ। ਉਸੇ ਲੇਖ ਦੇ ਜਵਾਬ ਵਿਚ ਪੰਜਾਬੀ ਯੂਨੀਵਰਸਿਟੀ ਵਿਚ ਅਧਿਆਪਕ ਡਾ. ਹਰਭਜਨ ਸਿੰਘ ਹੋਰਾਂ ਦਾ ਇਹ ਲੇਖ ਹੈ। ਅਸੀਂ ਇਹ ਲੇਖ ਵਿਚਾਰਾਂ ਦਾ ਇਕ ਮੰਚ ਮੁਹੱਈਆ ਕਰਨ ਦੇ ਮਨੋਰਥ ਨਾਲ ਛਾਪ ਰਹੇ ਹਾਂ। ਇਸ ਵਿਸ਼ੇ 'ਤੇ ਪਾਠਕਾਂ ਦੇ ਪ੍ਰਤੀਕ੍ਰਮ ਦਾ ਵੀ ਅਸੀਂ ਸਵਾਗਤ ਕਰਾਂਗੇ। -ਸੰਪਾਦਕ***

ਸਪਸ਼ਟ ਹੈ ਕਿ ਸਿੱਖ ਧਰਮ ਸ਼ਹਿਨਸ਼ਾਹਾਂ ਨੂੰ ਧਰਤੀ ਉਤੇ ਅਕਾਲ-ਪੁਰਖ ਦਾ ਨੁਮਾਇੰਦਾ ਨਹੀਂ ਮੰਨਦਾ। ਡਾ. ਗੁਰਤਰਨ ਸਿੰਘ ਨੇ ਕਾਲੀਦਾਸ ਅਤੇ ਸ਼ੈਕਸਪੀਅਰ ਦੇ ਨਾਵਾਂ ਦੀ ਚਰਚਾ ਕੀਤੀ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਵੀ ਕੋਈ ਉਦਾਹਰਨ ਨਹੀਂ ਪ੍ਰਸਤੁਤ ਕੀਤੀ। ਸਾਡੇ ਵਿਵਾਦ ਦਾ ਕੋਈ ਨੁਕਤਾ ਇਨ੍ਹਾਂ ਮਹਾਨ ਸਾਹਿਤਕਾਰਾਂ ਨਾਲ ਕਿਸੇ ਤਰ੍ਹਾਂ ਵੀ ਸੰਬੰਧਿਤ ਨਹੀਂ। ਗੱਲ ਹੋ ਰਹੀ ਹੈ ਗੁਰਬਾਣੀ ਅਤੇ ਸਿੱਖ ਧਰਮ ਦੀ ਤੇ ਡਾ. ਗੁਰਤਰਨ ਸਿੰਘ ਮੈਨੂੰ ਸ਼ੈਕਸਪੀਅਰ ਅਤੇ ਕਾਲੀਦਾਸ ਪੜ੍ਹਨ ਦੀ ਨਸੀਹਤ ਦੇ ਰਹੇ ਹਨ। ਕਾਲੀਦਾਸ ਨੂੰ ਪੜ੍ਹਨ ਅਤੇ ਸਮਝਣ ਦੀ ਕੋਈ ਯੋਗਤਾ ਗੁਰਤਰਨ ਜੀ ਕੋਲ ਨਹੀਂ, ਇਹ ਗੱਲ ਮੈਂ ਚੰਗੀ ਤਰ੍ਹਾਂ ਜਾਣਦਾ

**ਡਾ. ਹਰਭਜਨ ਸਿੰਘ**

ਹਾਂ। ਉਨ੍ਹਾਂ ਨੂੰ ਚਾਹੀਦਾ ਸੀ ਕਿ ਸ਼ਹਿਨਸ਼ਾਹਾਂ ਦੇ ਦਿਵਯ ਹੋਣ ਸੰਬੰਧੀ, ਕੋਈ ਇਕ ਅੱਧ ਹੀ ਸਹੀ, ਗੁਰਬਾਣੀ ਦਾ ਪ੍ਰਮਾਣ ਦੇਂਦੇ। ਕੋਈ ਵਿਅਕਤੀ ਸਾਰੇ ਜਹਾਨ ਦੀਆਂ ਪੁਸਤਕਾਂ ਪੜ੍ਹ ਕੇ, ਪੰਜਾਬ ਦੇ ਸਾਰੇ ਦਰਿਆ ਕੀ ਸੱਤ ਸਮੁੰਦਰ ਤੈਰ ਕੇ ਪਾਰ ਕਰਨ ਨਾਲ ਜਾਂ ਦੋ ਬੰਦਿਆਂ ਨੂੰ ਕੀ ਚਾਰ ਬੰਦਿਆਂ ਨੂੰ ਵੀ ਮੋਢਿਆਂ ਤੇ ਲਟਕਾ ਕੇ ਕਿਲੇ ਦੀ ਕੰਧ ਨਹੀਂ ਖੰਡੇ ਦੀ ਧਾਰ ਤੇ ਦੌੜਨ ਨਾਲ ਵੀ ਦਿਵਯ ਨਹੀਂ ਹੋ ਸਕਦਾ। ਪਹਿਲਵਾਨ ਹੋ ਸਕਦਾ ਹੈ, ਪੜ੍ਹਾਕੂ ਹੋ ਸਕਦਾ ਹੈ, ਚੰਗਾ ਤੈਰਾਕ ਹੋ ਕੇ ਓਲੰਪਿਕ ਖੇਡਾਂ ਵਿਚ ਗੋਲਡ ਮੈਡਲ ਪ੍ਰਾਪਤ ਕਰ ਸਕਦਾ ਹੈ, ਨਵੇਂ ਕੀਰਤੀਮਾਨ ਵੀ ਸਥਾਪਿਤ ਕਰ ਸਕਦਾ ਹੈ ਪਰ ਦਿਵਯਤਾ ਦਾ ਇਨ੍ਹਾਂ ਚੀਜ਼ਾਂ ਨਾਲ ਕੀ ਸੰਬੰਧ ਹੈ? ਗੁਰਤਰਨ ਜੀ ਨੇ ਇਕ ਹੋਰ ਅਜੀਬ ਗੱਲ ਲਿਖੀ ਹੈ ਕਿ ਪੁਰਾਤਨ ਕਾਲ ਦੇ ਸਾਰੇ ਸ਼ਹਿਨਸ਼ਾਹ ਦੈਵੀ ਸਨ। ਨਵੇਂ ਸ਼ਾਸਕ ਕਿਉਂ ਦੈਵੀ ਨਹੀਂ, ਪੁਰਾਣੇ ਕਿਉਂ ਹਨ? ਇਸ ਦਾ ਉਨ੍ਹਾਂ ਕੋਈ ਖੁਲਾਸਾ ਨਹੀਂ ਕੀਤਾ? ਸ਼ਾਇਦ ਨਵੇਂ ਯੁਗ ਵਿਚ ਰੱਬ ਮਨੁੱਖਾਂ ਕੋਲੋਂ ਰੁਸ ਗਿਆ ਹੈ ਜਾਂ ਇਹ ਵੀ ਹੋ ਸਕਦਾ ਹੈ ਕਿ ਪੁਰਾਣੇ ਰੱਬ ਦਾ ਤਖ਼ਤਾ ਹੀ ਪਲਟ ਗਿਆ ਹੋਵੇ? ਨਹੀਂ ਇਹ ਸਾਡੀ ਭ੍ਰਾਂਤੀ ਹੈ। ਡਾ. ਗੁਰਤਰਨ ਸਿੰਘ ਜੀ ਨੇ ਫਰਿਸ਼ਤਾਫ ਸੁਨ ਦੇ ਮੂੰਹੋਂ ਅਖਵਾਇਆ ਹੈ ਕਿ ਕੁਰਾਨ ਦੇ ਉਚਾਰਨ ਤੋਂ ਬਾਅਦ ਰੱਬ ਨੇ ਬੋਲਣਾ ਬੰਦ ਕਰ ਦਿੱਤਾ ਹੈ। ਵਿਚਾਰੇ ਨਵੇਂ ਸ਼ਾਸਕਾਂ ਨਾਲ ਰੱਬ ਰੁਸ ਗਿਆ ਹੈ, ਚਾਹੇ ਉਹ ਕਿਤਨੇ ਭਲੇ ਹੋਣ। ਪੁਰਾਤਨ ਕਾਲ ਦੇ ਲਹੂ-ਵੀਟਣੇ ਪਾਪੀ ਰਾਜੇ ਵੀ ਇਸ ਪਖੋਂ ਵਡਭਾਗੀ ਸਨ।

2. ਡਾ. ਗੁਰਤਰਨ ਸਿੰਘ ਦੀ ਦੂਜੀ ਮਨੌਤ ਹੈ ਕਿ ਮੁਸਲਮਾਨ ਚਾਹੇ ਕਿਤਨਾ ਵੀ ਜ਼ਾਲਿਮ ਹੋਵੇ ਮੈਦਾਨੇ ਜੰਗ ਵਿਚ ਉਸ ਨੂੰ ਹਮੇਸ਼ਾ ਮੁਹੰਮਦ ਸਾਹਿਬ ਦਾ ਮਹਾਨ ਪਵਿੱਤਰ ਜੰਗ ਦਾ ਨਾਅਰਾ ਯਾਦ ਹੁੰਦਾ ਹੈ। ਮੈਂ ਇਹ ਸਮਝਦਾ ਹਾਂ ਕਿ ਇਹ ਕਹਿ ਕੇ ਵਿਦਵਾਨ ਲੇਖਕ ਨੇ ਪੈਗ਼ੰਬਰੀ-ਅਮਲ ਨੂੰ ਦਾਗ਼ਦਾਰ ਕੀਤਾ ਹੈ। ਮੇਰਾ ਵਿਚਾਰ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਮੋਮਿਨ ਦੀਆਂ ਚੰਗਿਆਈਆਂ ਦਾ ਮੂਲ ਹਨ। ਜ਼ਾਲਿਮ ਅਤੇ ਪਾਪੀ ਮੁਸਲਮਾਨ ਦਾ ਵਰਤਾਰਾ ਉਨ੍ਹਾਂ ਦੇ ਵਿਅਕਤਿਤ੍ਵ ਨਾਲ ਸੰਬੰਧਿਤ ਕਰਨਾ ਗੁਨਾਹ ਹੈ। ਗੁਰੂ ਸਾਹਿਬਾਨ ਦੇ ਸਮਕਾਲੀ ਹੁਕਮਰਾਨਾਂ ਦਾ ਵਰਤਾਰਾ ਕਦੇ ਵੀ ਸੱਚੇ ਮੋਮਿਨ ਵਾਲਾ ਨਹੀਂ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਕਾਲ ਵਿਚ ਅਸਲ ਮੁਸਲਮਾਨੀ ਅਮਲ ਅਤੇ ਪ੍ਰਚਲਿਤ ਪਥ-ਭ੍ਰਸ਼ਟ ਵਿਹਾਰ ਦੀ ਸਮੀਖਿਆ ਵੀ ਕੀਤੀ ਸੀ। ਉਨ੍ਹਾਂ ਹੁਕਮਰਾਨਾਂ ਨੇ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਵਿਰੁਧ ਛੇੜੀ ਲੰਬੀ ਭਿਆਨਕ ਜੰਗ ਵਿਚ ਅਨੇਕਾਂ ਵਾਰ ਮਹਾਨ ਪਵਿੱਤਰ ਜੰਗ ਦੇ ਜੋ ਨਾਅਰੇ ਦੁਹਰਾਏ ਸਨ, ਮੇਰੇ ਮਨ ਵਿਚ ਉਨ੍ਹਾਂ ਲਈ ਕੋਈ ਵੀ ਆਦਰ ਦਾ ਭਾਵ ਨਹੀਂ। ਇਹ ਨਾਅਰੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਕਾਰਨ ਬਣੇ। ਇਨ੍ਹਾਂ ਨਾਅਰਿਆਂ ਨੇ ਚਾਂਦਨੀ ਚੌਕ ਵਿਚ ਗੁਰੂ ਤੇਗ ਬਹਾਦਰ ਜੀ ਦਾ ਸੀਸ ਕਲਮ ਕੀਤਾ, ਸ਼ੀਰ-ਖੋਰ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੀਆਂ ਨੀਹਾਂ ਵਿਚ ਗਡਵਾਇਆ, ਅਨੇਕਾਂ ਸਿੱਖਾਂ ਦੇ ਬੰਦ-ਬੰਦ ਕਟੇ, ਅਨੇਕਾਂ ਨੂੰ ਚਰਖੜੀਆਂ ਤੇ ਚਾੜ੍ਹਿਆ, ਅਨੇਕਾਂ ਨੂੰ ਨੇਜਿਆਂ ਤੇ ਟੰਗਿਆ। ਪਵਿੱਤਰਤਾ ਦੇ ਭੇਖ ਵਿਚ ਲਾਏ ਇਨ੍ਹਾਂ ਅਪਵਿੱਤਰ ਨਾਅਰਿਆਂ ਨੇ ਕਈ ਵਾਰ ਹਰਿਮੰਦਿਰ ਢੇਗਿਆ। ਕਈ ਮੱਸੇ ਰੰਘੜਾਂ ਨੇ ਸਾਡੇ ਧਰਮ ਸਥਾਨਾਂ ਦੀ ਪਵਿੱਤਰਤਾ ਰਜ ਕੇ ਭੰਗ ਕੀਤੀ। ਮੈਂ ਮੀਰ ਮੰਨੂੰ ਦੀ ਜੇਲ੍ਹ ਵਿਚ ਤਸੀਹੇ ਸਹਿੰਦੀਆਂ ਬੀਬੀਆਂ ਦੀ ਸ਼ਹਾਦਤ ਨੂੰ ਨਮਸਕਾਰ ਕਰਾਂ ਕਿ ਸਿੱਖੀ ਨੂੰ ਹਰ ਹਾਲ ਧਰਤੀ ਤੋਂ ਨਸ਼ਟ ਕਰਨ ਵਾਸਤੇ ਲਾਏ 'ਮਹਾਨ ਪਵਿੱਤਰ ਜੰਗੀ ਨਾਅਰਿਆਂ' ਨੂੰ ਸਿਜਦਾ ਕਰਾਂ? ਜਿਨ੍ਹਾਂ ਨਾਅਰਿਆਂ ਦੇ ਬਲ ਨਾਲ ਅਜ ਵੀ ਗਵਾਂਢੀ ਮੁਲਕ ਵਿਚ ਮੇਰੇ ਸਿੱਖ ਭਰਾਵਾਂ ਤੋਂ ਜਜ਼ੀਆ ਉਗਰਾਹਿਆ ਜਾਂਦਾ ਹੋਵੇ, ਉਨ੍ਹਾਂ ਨੂੰ ਸੁਣ ਕੇ ਮੇਰੇ ਕੰਨਾਂ ਨੂੰ ਕੋਈ ਦੈਵੀ ਪਵਿੱਤ੍ਰਤਾ ਨਾ ਪ੍ਰਾਪਤ ਹੁੰਦੀ ਹੈ, ਨਾ ਇਸ ਦੇ ਸ੍ਰਵਣ ਤੋਂ ਉਪਜੇ ਬਹਿਸ਼ਤੀ ਸੁਖਾਂ ਦੀ ਮੈਨੂੰ ਕੋਈ ਲਾਲਸਾ ਹੈ। ਮੇਰੇ ਲਈ ਪਾਪੀ ਅਤੇ ਜ਼ਾਲਿਮ ਮਨੁੱਖ ਦਾ ਹਰ ਨਾਅਰਾ ਸਮਲੀਨਤਾ ਭਰਿਆ ਹੈ, ਚਾਹੇ ਉਹ ਵਿਅਕਤੀ ਕਿਸੇ ਵੀ ਧਰਮ ਨਾਲ ਸੰਬੰਧਿਤ ਹੋਵੇ। ਅਧਰਮ ਵਿਚੋਂ ਧਰਮ ਕਦੇ ਨਹੀਂ ਨਿਕਲ ਸਕਦਾ।

3. ਉਤਰ ਉਪਰ ਆ ਚੁਕਾ ਹੈ।

4. ਮੁਗ਼ਲ ਬਾਦਸ਼ਾਹਾਂ ਦੀ ਦਿਵਯਤਾ ਦੇ ਝੂਲਦੇ ਛਤਰ ਅਤੇ ਨਿਸ਼ਾਨ ਦੀ ਸੁਖਦਾਈ ਛਾਇਆ ਹੇਠ ਮੈਨੂੰ ਆਸਰਾ ਲੈ ਲੈਣ ਦੀ ਪਾਕ-ਪ੍ਰੇਰਨਾ ਦੇਣ ਵਾਸਤੇ ਗੁਰਤਰਨ ਜੀ ਕਹਿੰਦੇ ਹਨ 'ਹੁਮਾਯੂੰ ਵੀ ਉਚ ਕੋਟੀ ਦਾ ਵਿਦਵਾਨ ਸੀ'। ਮੈਂ ਪਹਿਲਾਂ ਹੀ ਕਹਿ ਚੁਕਾ ਹਾਂ ਕਿ ਵਿਦਵਤਾ ਦਾ ਦਿਵਯਤਾ ਨਾਲ ਕੋਈ ਸੰਬੰਧ ਨਹੀਂ। ਇਹ ਇਕ ਮੁਹਾਵਰਾ ਹੈ 'ਹੁਮਾਯੂੰ ਸਾਰੀ ਜ਼ਿੰਦਗੀ ਠੋਕਰਾਂ ਖਾਂਦਾ ਰਿਹਾ ਅਤੇ ਠੋਕਰ ਖਾ ਕੇ ਹੀ ਮਰ ਗਿਆ'। ਕਦੇ ਦੈਵੀ ਪੁਰਸ਼ ਠੋਕਰਾਂ ਖਾਂਦੇ ਹਨ? ਇਤਿਹਾਸ ਪੜ੍ਹਿਆਂ ਗੁਰਤਰਨ ਜੀ ਨੂੰ ਇਹ ਸਮਝ ਵੀ ਆ ਜਾਣੀ ਚਾਹੀਦੀ ਸੀ ਕਿ ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਉਸ ਨੇ ਆਪਣੀ ਪ੍ਰਤਾਪੀ ਤਲਵਾਰ ਸ੍ਰੀ ਗੁਰੂ ਅੰਗਦ ਦੇਵ ਜੀ ਤੇ ਸੂਤ ਲਈ ਸੀ। ਉਸ ਦੀ ਦਿਵਯਤਾ ਦੀ ਫੂਕ ਗੁਰੂ ਜੀ ਦੇ ਇਕ ਵਾਕ ਨਾਲ ਨਿਕਲ ਗਈ ਸੀ- ਜਿਥੇ ਇਹ ਤਲਵਾਰ ਚਲਾਉਣੀ ਸੀ, ਉਥੇ ਚਲਾਈ ਨਹੀਂ, ਹੁਣ ਇਸ ਦੀ ਚਮਕ ਨਾਲ ਫ਼ਕੀਰਾਂ ਨੂੰ ਡਰਾਉਂਦਾ ਹੈਂ?

5. ਡਾ. ਗੁਰਤਰਨ ਸਿੰਘ 'ਬਾਬਰੀ ਜਲਾਲ' ਦਾ ਪ੍ਰਗਟਾਵਾ ਸਾਰੇ ਮੁਗ਼ਲ ਸ਼ਹਿਨਸ਼ਾਹਾਂ ਵਿਚ ਦਰਸਾਉਂਦਿਆਂ ਬਹੁਤ ਚਾਲਾਕੀ ਨਾਲ ਅਕਬਰ ਅਤੇ ਜਹਾਂਗੀਰ ਦਾ ਨਾਮ ਛਡ ਜਾਂਦੇ ਹਨ। ਅਕਬਰ, ਜਿਸ ਦੇ ਸਮੇਂ ਵਿਚ ਮੁਗ਼ਲ ਬਾਦਸ਼ਾਹਤ ਦੀ ਸਿੱਖ ਧਰਮ ਪ੍ਰਤੀ ਆਦਰਸ਼ਕ ਸੁਹਿਰਦਤਾ ਬਣੀ ਰਹੀ, ਉਸ ਦਾ ਨਾਮ ਲੈਣਾ ਗੁਰਤਰਨ ਸਿੰਘ ਭੁਲ ਨਹੀਂ ਗਿਆ। ਉਸ ਦਾ ਨਾਮ ਜਾਣ-ਬੁਝ ਕੇ ਛਡਿਆ ਗਿਆ ਹੈ। ਉਸ ਦੀ ਸੁਲਹਕੁਲ ਦੀ ਨੀਤੀ ਗੁਰਤਰਨ ਦੇ ਤਾਲਿਬਾਨੀ ਇਸਲਾਮਿਕ ਵਿਚਾਰਾਂ ਦਾ ਸਮਰਥਨ ਨਹੀਂ ਕਰਦੀ। ਅਕਬਰ ਦੀ ਉਦਾਰਤਾ ਅਤੇ ਫ਼ਰਾਖ਼ਦਿਲੀ ਗੁਰਤਰਨ ਦੀ ਤੰਗਦਿਲੀ ਨੂੰ ਇਸ ਕਾਰਨ ਰਾਸ ਨਹੀਂ ਆਉਂਦੀ, ਕਿਉਂਕਿ ਉਹ ਹਿੰਦੂ-ਮੁਸਲਮਾਨ ਨੂੰ ਸਮ-ਦ੍ਰਿਸ਼ਟੀ ਨਾਲ ਵੇਖਦਾ ਸੀ। ਗੁਰਤਰਨ ਲਈ ਉਹ ਬਾਦਸ਼ਾਹ ਦੈਵੀ ਹੈ, ਜੋ ਹਿੰਦੂਆਂ ਉਤੇ ਜ਼ੁਲਮ ਕਰਦਾ ਹੋਵੇ, ਚਾਹੇ ਉਸ ਦੇ ਜ਼ੁਲਮ ਅਤੇ ਪਾਪ ਤੋਂ ਸਮਕਾਲੀ ਸਿੱਖ ਕਿਤਨੇ ਹੀ ਪੀੜਿਤ ਹੋਏ ਹਨ। ਪਾਠਕ ਇਹ ਜਾਣ ਲੈਣ ਕਿ ਅਕਬਰ ਜਿਸ ਸਮੇਂ ਸਿੱਖਾਂ ਅਤੇ ਹਕੂਮਤ ਦੇ ਆਦਰਸ਼ਕ ਸੰਬੰਧ ਰਹੇ, ਉਸ ਦਾ ਨਾਮ ਤਕ ਨਾ ਲੈਣ ਪਿਛੇ ਗੁਰਤਰਨ ਜੀ ਦੀ ਅਗਿਆਨਤਾ ਨਹੀਂ, ਉਨ੍ਹਾਂ ਦਾ ਇਸਲਾਮਿਕ ਉਲਾਰ ਕੰਮ ਕਰ ਰਿਹਾ ਹੈ। ਇਹ ਉਲਾਰ ਇਤਨਾ ਹੈ ਕਿ ਭਾਵੇਂ ਸਿੱਖ ਧਰਮ ਦਾ ਘਾਣ ਵੀ ਹੋ ਜਾਵੇ, ਇਸਲਾਮਿਕ ਸ਼ਾਨਾਂ ਦੀ ਬੁਲੰਦੀ ਗੁਰਤਰਨ ਨੂੰ ਸਕੂਨ ਦੇਂਦੀ ਹੈ। ਜਹਾਂਗੀਰ ਦਾ ਨਾਮ ਨਾ ਲੈਣ ਪਿਛੇ ਫਿਰ ਚਾਲਾਕੀ ਵਰਤੀ ਹੈ। ਉਸ ਦੀਆਂ ਤੱਤੀਆਂ ਤਵੀਆਂ ਅਤੇ ਬਲਦੇ ਰੇਤੇ ਦੀ ਕਰੂਰਤਾ ਦਾ ਪ੍ਰਭਾਵ ਸਿੱਖਾਂ ਦੇ ਮਨ ਉਤੋਂ ਸਾਫ਼ ਕਰਨ ਵਿਚ ਗੁਰਤਰਨ ਦੀ 'ਬਾਬਰੀ ਜਲਾਲ' ਦੀ ਕੀਰਤੀ ਅਤੇ ਜਾਦੂਈ ਪ੍ਰਭਾਵ ਨੇ ਸਫਲ ਨਹੀਂ ਸੀ ਹੋਣਾ, ਗੁਰਤਰਨ ਸਿੰਘ ਇਹ ਜਾਣਦਾ ਹੈ। ਸੋ ਚੁਪ ਰਹਿਣ ਵਿਚ ਹੋਸ਼ਿਆਰੀ ਸਮਝੀ ਹੈ ਪਰ ਗੁਰਤਰਨ ਦੇ ਚੁਪ ਹੋ ਜਾਣ ਨਾਲ ਇਤਿਹਾਸ ਨੇ ਚੁਪ ਨਹੀਂ ਹੋ ਜਾਣਾ। ਸਿੱਖਾਂ ਨੇ ਹਰ ਸਾਲ ਹਰ ਹਾਲ ਆਪਣੇ 'ਜਲਾਲ ਦੇ ਸ਼ਹਿਨਸ਼ਾਹ' ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਪਵਿੱਤਰ ਮਨ ਨਾਲ ਯਾਦ ਕਰਨਾ ਹੈ ਅਤੇ ਬਾਬਰ ਦੇ ਵੰਸ਼ਜਾਂ ਦੀ ਪਾਪ-ਬ੍ਰਿਤੀ ਤੋਂ ਵਾਰ-ਵਾਰ ਸੰਤਾਪਿਤ ਹੋਣ ਨੂੰ ਸੈਦਪੁਰ ਤੋਂ ਸਰਹਿੰਦ ਤਕ ਹੀ ਨਹੀਂ, ਉਸ ਤੋਂ ਅਗੇ ਜ਼ਕਰੀਆ ਖਾਨ ਤਕ, ਛੋਟੇ-ਵਡੇ ਘਲੂਘਾਰਿਆਂ ਤਕ, ਫਿਰ ਮੀਰ ਮੰਨੂੰ ਤਕ, ਬਲਕਿ 1947 ਵਿਚ ਸਿੱਖਾਂ ਦੇ ਹੋਏ ਨਰਸੰਹਾਰ ਤਕ ਸਿੱਖ ਕਦੇ ਵੀ ਭੁਲ ਨਹੀਂ ਸਕਦੇ। ਅਜਿਹੀ ਹਰ ਕਠਿਨ ਪ੍ਰਸਥਿਤੀ ਵਿਚ ਉਨ੍ਹਾਂ ਦਾ ਰਖਿਅਕ ਬਾਬਰੀ ਜਲਾਲ ਨਹੀਂ, ਸ੍ਰੀ ਗੁਰ ਪ੍ਰਤਾਪ ਹੈ। ਗੁਰਤਰਨ ਹੁਮਾਯੂੰ ਦੇ ਸੋਹਿਲਾ-ਗਾਇਨ ਤੋਂ ਸਿਧਾ ਸ਼ਾਹਜਹਾਨ ਦੀ ਪ੍ਰਸ਼ੰਸਾ ਵਿਚ ਚਿਤ-ਲੀਨ ਹੋ ਕੇ ਕਹਿੰਦਾ ਹੈ ਕਿ ਸ਼ਾਹਜਹਾਨ ਦੀ ਬੁਲੰਦ ਸ਼ਖ਼ਸੀਅਤ ਦੀ ਪ੍ਰਸ਼ੰਸਾ ਰਾਬਿੰਦਰ ਨਾਥ ਟੈਗੋਰ ਨੇ ਵੀ ਕੀਤੀ ਹੈ। ਮੇਰਾ ਅਤੇ ਗੁਰਤਰਨ ਸਿੰਘ ਦਾ ਇਹ ਅੰਤਰ ਹੈ ਕਿ ਇਸ ਸੰਬੰਧੀ ਉਸ ਦਾ ਮਾਪ-ਦੰਡ ਟੈਗੋਰ ਦੀਆਂ ਰਚਨਾਵਾਂ ਹਨ ਅਤੇ ਮੇਰਾ ਮਾਪ-ਦੰਡ ਉਸ ਦੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸੰਬੰਧਾਂ ਉਤੇ ਆਧਾਰਿਤ ਹੈ। ਗੁਰੂ ਨਾਲ ਮਾਰੂ ਯੁਧ ਰਚਾਉਣ ਵਾਲਾ ਮੈਨੂੰ ਆਪਣਾ ਅਤੇ ਮਨੁੱਖਤਾ ਦਾ ਸੁਹਿਰਦ ਮਿਤਰ ਨਹੀਂ ਲਗ ਸਕਦਾ, ਇਸ ਨੂੰ ਗੁਰਤਰਨ ਮੇਰੀ ਕਮਜ਼ੋਰੀ ਜਾਣ ਲਵੇ। ਮੇਰੀ ਇਸ ਕਮਜ਼ੋਰੀ ਦੇ ਦੋ ਆਧਾਰ ਹਨ। ਪਹਿਲਾ ਇਹ ਕਿ ਮੈਂ ਸ਼ਹਿਨਸ਼ਾਹਾਂ ਨੂੰ ਗੁਰਤਰਨ ਵਾਂਗ ਰੱਬ ਦਾ ਰੂਪ ਮੰਨਣ ਤੋਂ ਇਨਕਾਰੀ ਹਾਂ, ਜਦੋਂ ਤਕ ਕਿਸੇ ਸ਼ਾਸਕ ਦਾ ਵਿਅਕਤਿਤ੍ਵ ਦੈਵੀ ਗੁਣਾਂ ਨਾਲ ਭਰਪੂਰ ਨਾ ਹੋਵੇ। ਦੂਜਾ ਇਹ ਕਿ ਮੈਨੂੰ ਆਪਣੇ ਗੁਰੂ-ਪੁਰਖਾਂ ਉਤੇ ਅਟੁਟ ਵਿਸ਼ਵਾਸ ਹੈ ਕਿ ਉਹ ਕਦੇ ਗ਼ਲਤ ਨਹੀਂ ਹੋ ਸਕਦੇ, ਉਹ ਕਦੇ ਹਮਲਾਵਰ ਨਹੀਂ ਹੋ ਸਕਦੇ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਧਰਮ ਅਤੇ ਨਿਆਇ ਨਾਲ ਖੜੋਤੇ ਸਨ ਅਤੇ ਹੱਕ-ਸੱਚ ਦੀ ਆਵਾਜ਼ ਨੂੰ ਦਬਾਉਣ ਵਾਸਤੇ ਸ਼ਹਿਨਸ਼ਾਹ ਸ਼ਾਹਜਹਾਨ ਉਨ੍ਹਾਂ ਉਤੇ ਹਮਲਾਵਰ ਹੋਇਆ ਸੀ। ਜੇ ਮੈਂ ਸ਼ਾਹਜਹਾਨ ਨੂੰ ਬਹੁਤ ਬੁਲੰਦ ਵਿਅਕਤਿਤ੍ਵ ਦਾ ਮਾਲਿਕ ਸਵੀਕਾਰ ਕਰ ਲਵਾਂ, ਤਾਂ ਫਿਰ ਮੈਨੂੰ ਗੁਰੂ ਜੀ ਵਿਚ ਕੁਝ ਦੋਸ਼ ਵੇਖਣੇ ਪੈਣਗੇ। ਇਹ ਕੰਮ ਗੁਰਤਰਨ ਸਿੰਘ ਕਰ ਸਕਦਾ ਹੈ, ਮੈਂ ਨਹੀਂ।

ਪਾਠਕ ਜਨ ਨਿਰਪਖ ਚਿੱਤ ਨਾਲ ਗੁਰਤਰਨ ਜੀ ਦੀ ਇਹ ਇਬਾਰਤ ਪੜ੍ਹਨ "ਜ਼ਫ਼ਰਨਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਪਹਾੜ ਵਰਗਾ ਅਹਿਲ ਜੋਧਾ, ਵੱਡੀਆਂ ਬਖ਼ਸ਼ਸ਼ਾਂ ਦਾ ਰੱਬ ਵਲੋਂ ਹੱਕਦਾਰ, ਰੱਜ ਕੇ ਖ਼ੂਬਸੂਰਤ ਅਤੇ ਘੋੜੇ ਦਾ ਮਾਹਿਰ ਸਵਾਰ ਖ਼ੁਦ ਹੀ ਮੰਨਿਆ ਹੈ ਅਤੇ ਗੁਰੂ ਰਾਹੀਂ ਔਰੰਗਜ਼ੇਬ ਦੀਆਂ ਸਿਫ਼ਤਾਂ ਨੂੰ ਪ੍ਰਵਾਨ ਕਰਨ ਪਿਛੋਂ ਹੀ ਸਿੱਖ ਧਰਮ ਦੀ ਦੁਨੀਆਂ ਦੇ ਮਹਾਨ ਧਰਮਾਂ ਵਿਚ ਬੁਲੰਦ ਉਚਾਈ ਸਥਾਪਤ ਹੁੰਦੀ ਹੈ।" ਅਸਲ ਵਿਚ ਜਾਪਦਾ ਹੈ ਕਿ ਜਾਂ ਗੁਰਤਰਨ ਸਿੰਘ ਨੇ ਸਾਰਾ ਜ਼ਫ਼ਰਨਾਮਾ ਪੜ੍ਹਿਆ ਨਹੀਂ ਜਾਂ ਉਸ ਨੂੰ ਸਮਝਣ ਦੀ ਯੋਗਤਾ ਤੋਂ ਵੰਚਿਤ ਹੈ। 'ਜ਼ਫ਼ਰਨਾਮਾ' ਇਕ ਅਜਿਹੀ ਸਾਹਿਤਿਕ ਕ੍ਰਿਤੀ ਹੈ, ਜਿਸ ਵਿਚ ਸੱਚੇ ਗੁਰੂ ਨੇ ਕੱਟੜ ਦੁਸ਼ਮਣ ਨਾਲ ਗੱਲਬਾਤ ਕਰਨ ਦਾ ਸ਼ਿਸ਼ਟਾਚਾਰ ਸਮਝਾਇਆ ਹੈ। ਜੋ ਚਾਰ ਪਦ (86 ਤੋਂ 90) ਗੁਰਤਰਨ ਨੂੰ ਔਰੰਗਜ਼ੇਬ ਦੀਆਂ ਸਿਫ਼ਤਾਂ ਦਾ ਸੋਹਿਲਾ-ਗਾਇਨ ਨਜ਼ਰ ਆਉਂਦੇ ਹਨ, ਵਾਸਤਵ ਵਿਚ ਉਹ ਉਸ ਸ਼ਿਸ਼ਟਾਚਾਰ ਦਾ ਅਹਿਮ ਅੰਗ ਹਨ ਅਤੇ ਜਿਨ੍ਹਾਂ ਸਿਫ਼ਤਾਂ ਦਾ ਗੁਰਤਰਨ ਸਿੰਘ ਜ਼ਿਕਰ ਕਰਦਾ ਹੈ, ਉਹ ਅਜਿਹੇ ਗੁਣ ਹਨ, ਜਿਨ੍ਹਾਂ ਕਾਰਨ ਔਰੰਗਜ਼ੇਬ ਆਪਣੇ ਆਪ ਨੂੰ ਬਹੁਤ ਮਹਾਨ ਸਮਝ ਰਿਹਾ ਹੈ। ਵਾਸਤਵ ਵਿਚ ਗੁਰੂ ਜੀ ਦਾ ਉਸ ਦੇ ਵਿਅਕਤਿਤ੍ਵ ਸੰਬੰਧੀ ਇਹ ਇਕ ਉਤਮ ਕਟਾਕਸ਼ ਹੈ। ਉਹ ਕਹਿਣਾ ਚਾਹੁੰਦੇ ਹਨ ਕਿ ਤੂੰ ਪਹਾੜ ਵਰਗਾ ਅਹਿਲ ਹੋਵੇਂਗਾ, ਰੱਬ ਦੀਆਂ ਤੇਰੇ ਉਤੇ ਬਹੁਤ ਮਿਹਰਬਾਨੀਆਂ ਹੋਣਗੀਆਂ, ਰੱਬ ਨੇ ਤੈਨੂੰ ਸਰੀਰਕ ਖ਼ੂਬਸੂਰਤੀ ਵੀ ਦਿੱਤੀ ਹੋਵੇਗੀ, ਤੂੰ ਘੋੜ-ਸਵਾਰੀ ਵਿਚ ਮਾਹਿਰ ਹੋਵੇਂਗਾ, ਪਰ ਅਗਲੇ ਪਦ (91) ਵਿਚ ਇਹ ਕਹਿ ਕੇ ਉਸ ਦੀ ਅਸਲੀਅਤ ਬਿਆਨ ਕਰ ਦੇਂਦੇ ਹਨ "ਤੂੰ ਸੱਚੇ ਧਰਮ ਤੋਂ ਬਹੁਤ ਦੂਰ ਹੈਂ"। ਚੰਗਾ ਘੋੜ-ਸਵਾਰ ਹੋਣਾ, ਭਾਰੀ ਸੂਰਬੀਰ ਹੋਣਾ, ਰੱਬ ਦੀ ਮਿਹਰ ਹੋਣਾ ਜਾਂ ਰੱਜ ਕੇ ਖ਼ੂਬਸੂਰਤ ਹੋਣਾ ਮਨੁੱਖ ਦੀਆਂ ਚੰਗਿਆਈਆਂ ਦਾ ਸਰਟੀਫਿਕੇਟ ਨਹੀਂ। ਰੱਬ ਨੇ ਸ਼ਹਿਨਸ਼ਾਹੀ ਦਿੱਤੀ, ਪਰ ਉਸ ਨੇ ਦਰ ਆਈ ਮਿਹਰ ਸੰਭਾਲੀ ਨਹੀਂ। ਉਹ ਮਾਸੂਮਾਂ ਅਤੇ ਨਿਰਦੋਸ਼ਾਂ ਦਾ ਖ਼ੂਨ-ਵੀਟਣ ਵਾਲਾ 'ਰੱਤ ਪੀਣਾ ਰਾਜਾ' ਹੋ ਨਿਬੜਿਆ। ਜ਼ਫ਼ਰਨਾਮੇ ਵਿਚ ਖ਼੍ਵਾਜਾ ਮਰਦੂਦ ਵਰਗਿਆਂ ਦਾ ਕਾਇਰਾਂ ਵਾਂਗ ਛੁਪ-ਛੁਪ ਕੇ ਹਮਲਾ ਕਰਨਾ, ਔਰੰਗਜ਼ੇਬ ਦੇ ਭੇਜੇ ਬਹਾਦਰਾਂ ਦੀ ਸੂਰਬੀਰਤਾ ਦਾ ਹੀ ਉਲੇਖ ਹੈ। ਵਾਸਤਵ ਵਿਚ ਗੁਰੂ ਜੀ ਦੇ ਇਸ ਯਤਨ ਦਾ ਉਦੇਸ਼ ਔਰੰਗਜ਼ੇਬ ਦੀ ਬਹਾਦਰੀ ਦੀ ਪੋਲ ਖੋਲ੍ਹਣਾ ਹੈ। ਜ਼ਫ਼ਰਨਾਮੇ ਵਿਚ ਗੁਰੂ ਜੀ ਕਹਿੰਦੇ ਹਨ ਕਿ ਸ਼ਹਿਨਸ਼ਾਹ ਨੂੰ ਕੁਰਾਨ ਦੀ ਉਹ ਪ੍ਰਤੀ ਮੈਂ ਵਿਖਾ ਸਕਦਾ ਹਾਂ, ਜਿਸ ਉਤੇ ਦਸਤਖ਼ਤ ਕਰ ਕੇ ਉਸ ਨੇ ਸੌਂਹ ਖਾਧੀ ਸੀ ਕਿ ਜੇ ਗੁਰੂ ਜੀ ਆਨੰਦਪੁਰ ਛਡ ਦੇਣ ਤਾਂ ਉਨ੍ਹਾਂ ਉਤੇ ਹਮਲਾ ਨਹੀਂ ਕੀਤਾ ਜਾਵੇਗਾ। ਉਸ ਦੀ ਧੋਖੇਬਾਜ਼ੀ ਦਾ ਜੋ ਚਿਤ੍ਰ ਗੁਰੂ-ਲਿਖਿਤ ਵਿਚ ਸੰਭਾਲਿਆ ਹੈ, ਉਸ ਨੂੰ ਵੇਖਿਆਂ ਉਹ ਇਕ ਬੁਜ਼ਦਿਲ ਧੋਖੇਬਾਜ਼ ਸਿਧ ਹੁੰਦਾ ਹੈ, ਬਹਾਦਰ ਨਹੀਂ। ਜਿਹੜੇ ਵਿਅਕਤਿਤ੍ਵ ਦਾ ਪ੍ਰਮਾਣ-ਪੱਤਰ ਔਰੰਗਜ਼ੇਬ ਨੇ ਗੁਰੂ ਗੋਬਿੰਦ ਸਿੰਘ ਤੋਂ ਹਾਸਿਲ ਕੀਤਾ ਹੈ, ਉਹ ਜ਼ਫ਼ਰਨਾਮੇ ਦੇ ਇਨ੍ਹਾਂ ਪਦਾਂ ਵਿਚ ਹੈ-

ਨਦਾਨਮ ਕਿ ਈਂ ਮਰਦਿ ਪੈਮਾਂ ਸ਼ਿਕਨ।

ਕਿ ਦੌਲਤ ਪ੍ਰਸਤਸਤੋ ਈਮਾਂ ਫਿਗਨ।45।

(ਅਰਥਾਤ ਮੈਨੂੰ ਇਹ ਪਤਾ ਨਹੀਂ ਸੀ ਕਿ ਇਹ ਇਕਰਾਰ ਤੋੜਨ ਵਾਲਾ (ਔਰੰਗਜ਼ੇਬ) ਟਕੇ ਦਾ ਮੁਰੀਦ ਹੈ ਤੇ ਧਰਮ ਈਮਾਨ ਨੂੰ ਪਰੇ ਸੁਟ ਦੇਣ ਵਾਲਾ ਹੈ)।

ਨ ਈਮਾਂ ਪ੍ਰਸਤੀ ਨ ਔਜ਼ਾਇ ਦੀਂ।

ਨ ਸਾਹਿਬ ਸ਼ਨਾਸੀ ਨ ਮਹਮਦ ਯਕੀਂ।46।

(ਅਰਥਾਤ ਹੇ ਔਰੰਗਜ਼ੇਬ! ਨਾ ਤੂੰ ਦੀਨ ਈਮਾਨ ਉਤੇ ਕਾਇਮ ਹੈਂ ਤੇ ਨਾ ਹੀ ਤੂੰ ਸ਼ਰਾਅ ਸ਼ਰੀਅਤ ਦਾ ਪਾਬੰਦ ਹੈਂ। ਨਾ ਤੈਨੂੰ ਪਰਮਾਤਮਾ ਦੀ ਪਛਾਣ ਹੈ ਅਤੇ ਨਾ ਹੀ ਤੇਰਾ ਹਜ਼ਰਤ ਮੁਹੰਮਦ ਉਤੇ ਹੀ ਭਰੋਸਾ ਹੈ)।

ਔਰੰਗਜ਼ੇਬ ਦਾ ਸ਼ਾਬਦਿਕ ਭਾਵ ਹੈ-ਜੋ ਤਖ਼ਤ ਦੀ ਸ਼ੋਭਾ ਹੋਵੇ (ਔਰੰਗ=ਤਖ਼ਤ+ ਜ਼ੇਬ=ਸ਼ੋਭਾ)। ਸਿੱਖਾਂ ਨੇ ਉਸ ਦੇ ਅਨਿਆਇ ਅਤੇ ਘੋਰ-ਜ਼ੁਲਮ ਨੂੰ ਧਿਆਨ ਵਿਚ ਰਖਦਿਆਂ, ਉਸ ਦਾ ਨਾਮ 'ਨੁਰੰਗਾ' ਰਖਿਆ ਹੈ। 'ਨੁਰੰਗਾ' ਕਹਿਣਾ ਕੋਈ ਗਾਲ੍ਹ ਨਹੀਂ, ਉਸ ਦੇ ਵਿਅਕਤਿਤ੍ਵ ਦਾ ਮੁਲਾਂਕਣ ਹੈ। ਗੁਰਤਰਨ ਦੀ ਸੁਵਿਧਾ ਵਾਸਤੇ ਦਸ ਦੇਵਾਂ ਕਿ ਇਸ ਪਦ ਦਾ ਅਰਥ ਹੈ- ਜੋ ਤਖ਼ਤ ਦੀ ਸ਼ੋਭਾ ਨਹੀਂ ਭਾਵ ਜੋ ਤਖ਼ਤ ਦੇ ਲਾਇਕ ਨਹੀਂ (ਨਾ+ਔਰੰਗ)। ਜਦੋਂ ਇਹ ਕੌਮ ਦਾ ਫ਼ਤਵਾ ਹੈ ਕਿ ਔਰੰਗਜ਼ੇਬ ਇਕ ਧਾੜਵੀ ਵਾਂਗ ਸੱਤਾ ਉਤੇ ਕਾਬਜ਼ ਹੋਇਆ ਹੈ, ਉਸ ਵਿਚ ਸ਼ਹਿਨਸ਼ਾਹਾਂ ਵਾਲਾ ਕੋਈ ਗੁਣ ਨਹੀਂ ਸੀ, ਮੈਂ ਗੁਰੂ-ਪੰਥ ਦੇ ਫ਼ਤਵੇ ਦੇ ਵਿਰੁਧ ਨਹੀਂ ਜਾ ਸਕਦਾ। ਕੌਮ ਦੇ ਇਸ ਫ਼ਤਵੇ ਤੋਂ ਔਰੰਗਜ਼ੇਬ ਦਾ ਪਰਮ-ਹਿਤੈਸ਼ੀ ਗੁਰਤਰਨ ਇਤਨਾ ਪੀੜਿਤ ਹੈ ਕਿ ਉਹ ਸਾਰੀ ਕੌਮ ਉਤੇ ਮਹਾਦੋਸ਼ ਆਇਦ ਕਰਦਿਆਂ ਲਿਖਦਾ ਹੈ, "ਗੁਰੂਆਂ ਦੇ ਵਿਰੋਧੀਆਂ ਨਾਲ ਘ੍ਰਿਣਾ ਅਤੇ ਵੈਰ ਪਾਲਣ ਕਰ ਕੇ ਸਿੱਖ ਕੌਮ ਦਾ ਸਮੂਹਿਕ ਪਤਨ ਹੋਇਆ ਹੈ।" ਇਸ ਤੋਂ ਗੁਰਤਰਨ ਦੀ ਪ੍ਰੇਰਨਾ ਬਹੁਤ ਸਪਸ਼ਟ ਹੈ। ਹਰ ਸਿੱਖ ਅੰਮ੍ਰਿਤ ਵੇਲੇ ਉਠੇ, ਵੁਜ਼ੂ ਕਰੇ। ਹੱਥ ਵਿਚ ਹਰੇ ਮਣਕਿਆਂ ਵਾਲੀ ਤਸਬੀਹ ਲੈ ਕੇ ਪਹਿਲਾਂ ਸਾਹਿਬਜ਼ਾਦਿਆਂ ਦੇ ਕਾਤਿਲ ਵਜ਼ੀਰ ਖਾਨ ਦੇ ਨਾਮ ਦਾ ਜਾਪ ਕਰੇ। ਫਿਰ ਔਰੰਗਜ਼ੇਬ, ਜਹਾਂਗੀਰ, ਮੀਰ ਮੰਨੂੰ, ਜ਼ਕਰੀਆ ਖ਼ਾਨ, ਨਾਦਿਰ ਸ਼ਾਹ, ਅਬਦਾਲੀ, ਫ਼ਰਖ਼ਸੀਅਰ ਆਦਿ ਪੁੰਨ-ਆਤਮਾਵਾਂ ਦਾ ਭਰਪੂਰ ਸਿਮਰਨ ਕਰੇ ਤਾਂ ਖ਼ਾਲਸਾ ਪੰਥ ਉਨਤੀ ਅਤੇ ਵਿਗਾਸ ਵਲ ਪਰਤ ਸਕੇਗਾ। ਮੇਰਾ ਯਕੀਨ ਹੈ ਸਿੱਖ ਤਾਂ ਕਦੇ ਅਜਿਹਾ ਨਹੀਂ ਕਰਨ ਲੱਗੇ, ਗੁਰਤਰਨ ਅਤੇ ਮਹਿਬੂਬ ਮਨ ਚਾਹਿਆ ਕਰਨ ਵਿਚ ਸੁਤੰਤਰ ਹਨ।

ਮੈਂ ਆਪਣੇ ਲੇਖ ਵਿਚ ਲਿਖਿਆ ਸੀ ਕਿ ਹਰਿੰਦਰ ਸਿੰਘ ਮਹਿਬੂਬ ਆਪਣੀ ਤੰਗ-ਦਿਲ ਸੋਚ ਕਾਰਨ ਗੁਰੂ ਪਾਤਸ਼ਾਹਾਂ ਦੇ ਨਾਵਾਂ ਵਿਚ ਵਿਗਾੜ ਪਾ ਰਿਹਾ ਹੈ। ਇਸ ਨੂੰ ਸੁਹਿਰਦ ਮਨ ਨਾਲ ਪ੍ਰਵਾਨ ਕਰਦਿਆਂ ਗੁਰਤਰਨ ਲਿਖਦਾ ਹੈ, "ਹਰਿੰਦਰ ਸਿੰਘ ਨੇ ਗੁਰੂ ਨਾਨਕ ਦੇਵ ਨੂੰ ਗੁਰੂ ਨਾਨਕ ਸਾਹਿਬ ਆਖਿਆ ਹੈ। ਇਸ ਵਿਚ ਹਰਭਜਨ ਸਿੰਘ ਜੀ ਨੂੰ ਕੀ ਇਤਰਾਜ਼ ਹੈ? ਨੌਵੇਂ ਗੁਰੂ ਸਾਹਿਬ ਦਾ ਨਾ ਤਿਆਗ ਮੱਲ ਸੀ, ਪ੍ਰੰਤੂ ਉਨ੍ਹਾਂ ਨੂੰ ਤੇਗ ਬਹਾਦਰ ਨਾਲ ਲਿਖਦੇ ਹਾਂ। ਜਦੋਂ ਗੁਰੂ ਸਾਹਿਬ ਨੇ ਦਸਵੇਂ ਜਾਮੇ ਵਿਚ ਖਾਲਸੇ ਦੇ ਪ੍ਰਕਾਸ਼ ਰਾਹੀਂ ਹਿੰਦੂ ਧਰਮ ਅਤੇ ਹਿੰਦੂ ਨਾਵਾਂ ਨਾਲੋਂ ਆਪਣੇ ਆਪ ਨੂੰ ਮੁਕੰਮਲ ਤੌਰ 'ਤੇ ਇਕ ਵੱਖਰੀ ਕੌਮ ਦੇ ਤੌਰ 'ਤੇ ਅਲਹਿਦਾ ਕਰ ਲਿਆ ਸੀ, ਤਦ ਫੇਰ ਇਸ ਵਿਚ ਕੋਈ ਇਤਰਾਜ਼ ਨਹੀਂ ਬਣਦਾ"। ਪਾਠਕ-ਜਨ ਸਾਡੇ ਵਿਦਵਾਨ ਮਿਤਰ ਦੇ ਅਨਮੋਲ ਬਚਨਾਂ ਦੀ ਆਪਣੇ ਵਿਵੇਕ ਨਾਲ ਪਰਖ ਕਰ ਲੈਣ। ਮੈਨੂੰ ਤਾਂ ਇਹ ਸਮਝ ਆਉਂਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦਾ ਬਚਪਨ ਤੋਂ ਹੀ ਇਹੋ ਨਾਮ ਸੀ। ਜੇ ਗੁਰਤਰਨ ਜੀ ਦੀ ਗੱਲ, ਜੋ ਕੁਝ ਗ੍ਰੰਥਾਂ ਵਿਚ ਆਈ ਹੈ, ਮੰਨ ਵੀ ਲਈ ਜਾਵੇ, ਤਾਂ ਗੁਰੂ ਜੀ ਨੂੰ ਆਪਣਾ ਨਾਮ ਬਦਲਣ ਦਾ ਅਧਿਕਾਰ ਸੀ, ਉਨ੍ਹਾਂ ਦੇ ਮਾਤਾ ਪਿਤਾ ਨੂੰ ਵੀ ਇਹ ਅਧਿਕਾਰ ਸੀ, ਗੁਰੂ ਨੂੰ ਵੀ ਇਹ ਅਧਿਕਾਰ ਹੈ (ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਹਿਣੇ ਦਾ ਨਾਮ ਅੰਗਦ ਰਖਿਆ ਸੀ), ਪਰ ਕਿਸੇ ਸਿੱਖ ਨੂੰ ਗੁਰੂ ਸਾਹਿਬਾਨ ਦੇ ਨਾਮ ਬਦਲਣ ਦਾ ਕੋਈ ਅਧਿਕਾਰ ਨਹੀਂ। ਜੇ ਸਾਰੇ ਗੁਰੂ ਪਾਤਸ਼ਾਹਾਂ ਨੂੰ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਮੈਸਰਜ਼ ਹਰਿੰਦਰ ਸਿੰਘ ਗੁਰਤਰਨ ਸਿੰਘ ਐਂਡ ਕੰਪਨੀ ਨੇ ਪੰਥਕ ਨਾਮ ਦੇਣੇ ਹੀ ਹਨ, ਤਾਂ ਸਾਰੇ ਗੁਰੂ ਪਾਤਸ਼ਾਹਾਂ ਦੇ ਨਾਵਾਂ ਨਾਲ ਸਿੰਘ ਪਦ ਲਗਾ ਦੇਣਾ ਚਾਹੀਦਾ ਹੈ। ਪਰ ਅਫ਼ਸੋਸ ਇੰਝ ਵੀ ਹਿੰਦੂ ਨਾਵਾਂ ਤੋਂ ਖਹਿੜਾ ਨਹੀਂ ਛੁਟ ਜਾਣਾ। ਅਰਜੁਨ ਸਿੰਘ, ਨਟਵਰ ਸਿੰਘ, ਵੀ.ਪੀ. ਸਿੰਘ, ਮਾਧੋ ਸਿੰਘ ਸੋਲੰਕੀ, ਅਜੀਤ ਸਿੰਘ, ਚੌਧਰੀ ਚਰਨ ਸਿੰਘ, ਜਸਵੰਤ ਸਿੰਘ ਆਦਿ ਨੇਤਾਵਾਂ ਸਹਿਤ ਭਾਰਤ ਦੇ ਕਰੋੜਾਂ ਹਿੰਦੂਆਂ ਦੇ ਨਾਮ ਸਿੱਖਾਂ ਵਰਗੇ ਹਨ। ਸਿੱਖਾਂ ਦੇ ਵੀਹ ਪ੍ਰਤੀਸ਼ਤ ਨਾਵਾਂ ਵਿਚ ਰਿਗਵੇਦ ਦਾ ਸਭ ਤੋਂ ਵਡਾ ਦੇਵਤਾ 'ਇੰਦ੍ਰ' ਸੁਸ਼ੋਭਿਤ ਹੋ ਰਿਹਾ ਹੈ। ਹਰਿੰਦਰ ਸਿੰਘ ਦਾ ਆਪਣਾ ਨਾਮ ਹਰੀ (ਵਿਸ਼ਣੂ)+ਇੰਦ੍ਰ ਦਾ ਸੁਮੇਲ ਹੈ। ਧਾਰਮਿਕ ਤੰਗਦਿਲੀ ਵਿਚ ਗੁਰੂ ਸਾਹਿਬਾਨ ਦੇ ਨਾਮ ਬਦਲਣ ਤੋਂ ਪਹਿਲਾਂ ਮਹਿਬੂਬ ਨੂੰ ਇਹ ਉਪਕਾਰ ਆਪਣੇ-ਆਪ ਉਤੇ ਕਰਨਾ ਚਾਹੀਦਾ ਸੀ। ਜੇ ਉਸ ਨੂੰ ਗੁਰੂ ਸਾਹਿਬਾਨ ਦੇ ਨਾਵਾਂ ਨਾਲ ਦੇਵ, ਦਾਸ ਲਗਿਆ ਚੰਗਾ ਨਹੀਂ ਲਗਦਾ, ਤਾਂ ਸਾਨੂੰ ਵੀ ਉਸ ਦੇ ਨਾਮ ਵਿਚ ਪਏ ਹਿੰਦੂ ਧਰਮ ਦੇ ਦੋ ਸਰਵੁਚ ਦੇਵਤੇ ਬਹੁਤ ਤਕਲੀਫ਼ ਦੇਂਦੇ ਹਨ। ਪਹਿਲਾਂ ਤਾਲਿਬਾਨੀ ਸਿੱਖੀ ਆਪ ਧਾਰਨ ਕਰੋ, ਫਿਰ ਇਹ ਉਪਕਾਰ ਹੋਰਨਾਂ 'ਤੇ ਕਰ ਲੈਣਾ। ਖ਼ਾਲਸਾ ਪੰਥ ਨੂੰ ਹਿੰਦੁਸਤਾਨ ਤੋਂ ਮੂਲੋਂ ਭਿੰਨ ਕਰਨ ਵਾਸਤੇ ਸ਼ਾਇਦ ਅਲੀ, ਹਸਨ, ਹੁਸੈਨ, ਖਾਂ, ਦੀਨ ਆਦਿ ਜ਼ਿਆਦਾ ਕਾਰਗਰ ਹੋ ਸਕਦੇ ਹਨ।

ਆਸ ਹੈ ਮੇਰੇ ਮਿਤਰ ਡਾ. ਗੁਰਤਰਨ ਸਿੰਘ ਮੇਰੀ ਇਤਨੀ ਤੁਛ ਜਿਹੀ ਸੇਵਾ ਪ੍ਰਵਾਨ ਕਰਨਗੇ।

(Footnotes)

1. ਕੁਰਾਨ ਦੀ ਕਿਸ ਸੂਰਤ ਦੀ ਕਿਸ ਆਇਤ ਵਿਚ ਇਹ ਲਿਖਿਆ ਹੈ ਕਿ ਵਿਦਵਾਨ ਜੀ ਨੇ ਸੂਚਨਾ ਨਹੀਂ ਦਿੱਤੀ। ਅਸਲ ਵਿਚ ਤਾਂ ਗੁਰਤਰਨ ਸਿੰਘ ਸਮਝਦੇ ਹਨ ਕਿ ਉਨ੍ਹਾਂ ਦੇ ਆਪਣੇ ਵਚਨ ਹੀ ਧਰਮ ਗ੍ਰੰਥਾਂ ਦੇ ਅਗੰਮੀ ਵਾਕ ਹਨ।

*(ਸਮਾਪਤ)*

***ਸਿੱਖਾਂ ਨੇ ਹਰ ਸਾਲ ਹਰ ਹਾਲ ਆਪਣੇ 'ਜਲਾਲ ਦੇ ਸ਼ਹਿਨਸ਼ਾਹ' ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਪਵਿੱਤਰ ਮਨ ਨਾਲ ਯਾਦ ਕਰਨਾ ਹੈ ਅਤੇ ਬਾਬਰ ਦੇ ਵੰਸ਼ਜਾਂ ਦੀ ਪਾਪ-ਬ੍ਰਿਤੀ ਤੋਂ ਵਾਰ-ਵਾਰ ਸੰਤਾਪਿਤ ਹੋਣ ਨੂੰ ਸੈਦਪੁਰ ਤੋਂ ਸਰਹਿੰਦ ਤਕ ਹੀ ਨਹੀਂ, ਉਸ ਤੋਂ ਅਗੇ ਜ਼ਕਰੀਆ ਖਾਨ ਤਕ, ਛੋਟੇ-ਵਡੇ ਘਲੂਘਾਰਿਆਂ ਤਕ, ਫਿਰ ਮੀਰ ਮੰਨੂੰ ਤਕ, ਬਲਕਿ 1947 ਵਿਚ ਸਿੱਖਾਂ ਦੇ ਹੋਏ ਨਰਸੰਹਾਰ ਤਕ ਸਿੱਖ ਕਦੇ ਵੀ ਭੁਲ ਨਹੀਂ ਸਕਦੇ। ਅਜਿਹੀ ਹਰ ਕਠਿਨ ਪ੍ਰਸਥਿਤੀ ਵਿਚ ਉਨ੍ਹਾਂ ਦਾ ਰਖਿਅਕ ਬਾਬਰੀ ਜਲਾਲ ਨਹੀਂ, ਸ੍ਰੀ ਗੁਰ ਪ੍ਰਤਾਪ ਹੈ।***

***ਇਸ ਤੋਂ ਗੁਰਤਰਨ ਦੀ ਪ੍ਰੇਰਨਾ ਬਹੁਤ ਸਪਸ਼ਟ ਹੈ। ਹਰ ਸਿੱਖ ਅੰਮ੍ਰਿਤ ਵੇਲੇ ਉਠੇ, ਵੁਜ਼ੂ ਕਰੇ। ਹੱਥ ਵਿਚ ਹਰੇ ਮਣਕਿਆਂ ਵਾਲੀ ਤਸਬੀਹ ਲੈ ਕੇ ਪਹਿਲਾਂ ਸਾਹਿਬਜ਼ਾਦਿਆਂ ਦੇ ਕਾਤਿਲ ਵਜ਼ੀਰ ਖਾਨ ਦੇ ਨਾਮ ਦਾ ਜਾਪ ਕਰੇ। ਫਿਰ ਔਰੰਗਜ਼ੇਬ, ਜਹਾਂਗੀਰ, ਮੀਰ ਮੰਨੂੰ, ਜ਼ਕਰੀਆ ਖ਼ਾਨ, ਨਾਦਿਰ ਸ਼ਾਹ, ਅਬਦਾਲੀ, ਫ਼ਰਖ਼ਸੀਅਰ ਆਦਿ ਪੁੰਨ-ਆਤਮਾਵਾਂ ਦਾ ਭਰਪੂਰ ਸਿਮਰਨ ਕਰੇ ਤਾਂ ਖ਼ਾਲਸਾ ਪੰਥ ਉਨਤੀ ਅਤੇ ਵਿਗਾਸ ਵਲ ਪਰਤ ਸਕੇਗਾ। ਮੇਰਾ ਯਕੀਨ ਹੈ ਸਿੱਖ ਤਾਂ ਕਦੇ ਅਜਿਹਾ ਨਹੀਂ ਕਰਨ ਲੱਗੇ, ਗੁਰਤਰਨ ਅਤੇ ਮਹਿਬੂਬ ਮਨ ਚਾਹਿਆ ਕਰਨ ਵਿਚ ਸੁਤੰਤਰ ਹਨ।***

# ਗੁਰਵੇਲ ਪੰਨੂੰ ਦਾ ਸੇਧ ਜਗਤ 'ਤੇ ਉਸ ਦਾ ਘਰ ਬਾਰ

**ਸਫ਼ਰ ਜ਼ਿੰਦਗੀ ਦਾ**

***ਗੁਰਵੇਲ ਨੇ 1972 ਵਿਚ 'ਸੇਧ' ਨਾਂ ਦਾ ਮਾਸਿਕ ਪੱਤਰ ਕੱਢ ਲਿਆ। ਪਰਚੇ ਵਿਚ ਉਸ ਨੂੰ ਕਿਸ਼ਨ ਸਿੰਘ ਤੇ ਜਗਜੀਤ ਸਿੰਘ ਦਾ ਸਮਰਥਨ ਮਿਲ ਗਿਆ। ਉਸ ਨੂੰ ਸਿਰਜਣਾ ਨਾਲੋਂ ਸੰਵਾਦ ਵਿਚ ਮਜ਼ਾ ਆਉਣ ਲੱਗਿਆ। ਉਹ ਕਿਸ਼ਨ ਸਿੰਘ ਦੀਆਂ ਲਿਖਤਾਂ ਰਾਹੀਂ ਸੰਤ ਸਿੰਘ ਸੇਖੋਂ ਨਾਲ ਟੱਕਰ ਲੈਂਦਾ। ਜਗਜੀਤ ਸਿੰਘ ਤੇ ਦਲਜੀਤ ਸਿੰਘ ਦੀ ਸਿੱਖੀ ਸੋਚ ਰਾਹੀਂ ਜਸਵੰਤ ਸਿੰਘ ਕੰਵਲ ਨਾਲ ਜਾ ਜੁੜਦਾ। ਕਿਸ਼ਨ ਸਿੰਘ ਅੰਗਰੇਜ਼ੀ ਐਮ.ਏ. ਕਰਦਿਆਂ ਮੇਰਾ ਅਧਿਆਪਕ ਸੀ। ਜਗਜੀਤ ਸਿੰਘ ਤੇ ਦਲਜੀਤ ਸਿੰਘ ਮੇਰੀ ਪਤਨੀ ਦੇ ਮਾਪਿਆਂ ਵਰਗੇ ਸਨ। ਕੰਵਲ ਦੀ ਪੰਜਾਬੀ ਨਾਵਲ ਦੇ ਖੇਤਰ ਵਿਚ ਬੜੀ ਪੈਂਠ ਸੀ। ਗੁਰਵੇਲ ਦੀ 'ਸੇਧ' ਰਾਹੀਂ ਇਹ ਸਾਰੇ ਇਕ ਦੂਜੇ ਨਾਲ ਜੁੜੇ ਹੋਏ ਸਨ। ਇਨ੍ਹਾਂ ਦੀ ਪਹੁੰਚ ਪਟਿਆਲੇ ਵਾਲੇ ਰਵਿੰਦਰ ਰਵੀ ਟੋਲੇ ਨੂੰ ਵੀ ਬੜੀ ਪਸੰਦ ਸੀ। ਇਨ੍ਹਾਂ ਦਾ ਅੱਛਾ ਖਾਸਾ ਸੰਸਾਰ ਸੀ। ਮੈਂ ਉਨ੍ਹਾਂ ਵਿਚ ਕਿਧਰੇ ਫਿਟ ਨਹੀਂ ਸੀ ਹੁੰਦਾ। ਪਰ ਇਸ ਦਾ ਮਤਲਬ ਇਹ ਨਹੀਂ ਕਿ ਮੇਰੀ ਤੇ ਗੁਰਵੇਲ ਦੀ ਦੋਸਤੀ ਵਿਚ ਫਿੱਕ ਪਿਆ ਹੋਵੇ। ਜਟਕੀ ਜਿਹੀ ਨੁਕਤਾਚੀਨੀ ਤੇ ਅਪਣੱਤ ਸਦਾ ਹੀ ਬਣੀ ਰਹੀ। ਏਸ ਲਈ ਵੀ ਕਿ ਮੈਂ ਖੁਦ ਪੰਨੂ ਖਾਨਦਾਨ ਵਿਚ ਵਿਆਹਿਆ ਗਿਆ ਸਾਂ। ਮੇਰੇ ਸਹੁਰਿਆਂ ਦਾ ਪਿੰਡ ਨੌਸ਼ਹਿਰਾ ਪੰਨੂਆਂ ਗੁਰਵੇਲ ਦੇ ਪਿੰਡ ਲਊਕੇ ਦੇ ਗਵਾਂਢ ਵਿਚ ਸੀ। ਉਹ ਮੇਰੀ ਪਤਨੀ ਸੁਰਜੀਤ ਨੂੰ ਭੈਣ ਮੰਨਦਾ ਤੇ ਮੈਨੂੰ ਮਜ਼ਾਕ ਵਿਚ ਜੀਜਾ ਵੀ ਕਹਿੰਦਾ। ਨੁਕਤਾਚੀਨੀ ਇਹ ਕਿ ਮੈਂ ਉਸ ਨੂੰ 'ਸੇਧ' ਵਾਲੇ ਪਾਸੇ ਤੁਰਨ ਤੋਂ ਰੋਕਦਾ। ਉਸ ਦੀ ਸਿੱਖੀ ਮਾਣ ਮਰਿਆਦਾ ਨੂੰ ਟਿੱਚਰਾਂ ਕਰਦਾ।***

ਉਦੋਂ ਦਿੱਲੀ ਵਿਚ ਅਸੀਂ ਦੋ ਹੀ ਜੱਟ ਕਹਾਣੀਕਾਰ ਸਾਂ। ਮੈਂ ਜਾਂ ਤੇ ਗੁਰਵੇਲ ਸਿੰਘ ਪੰਨੂੰ। ਮੈਂ ਸਾਹਿਤ ਵਿਚ ਨਵਾਂ ਨਵਾਂ ਪੈਰ ਧਰਿਆ ਸੀ, ਪਰ ਗੁਰਵੇਲ ਦੀ ਪੁਸਤਕ ਛਪ ਚੁੱਕੀ ਸੀ। 'ਸੁਪਨਾ ਟੁੱਟਾ'। ਬਲਵੰਤ ਗਾਰਗੀ, ਅੰਮ੍ਰਿਤਾ ਪ੍ਰੀਤਮ, ਲੋਚਨ ਬਖਸ਼ੀ, ਮਹਿੰਦਰ ਸਿੰਘ ਸਰਨਾ, ਦੇਵਿੰਦਰ ਸਤਿਆਰਥੀ ਕਹਾਣੀਆਂ ਤਾਂ ਲਿਖਦੇ ਸਨ, ਪਰ ਜੱਟ ਨਹੀਂ ਸਨ। ਉਂਜ ਵੀ ਮੇਰਾ ਮਿੱਤਰਚਾਰਾ ਕਵੀਆਂ ਨਾਲ ਸੀ। ਦਿੱਲੀ ਵਿਚ ਇੱਟ ਚੁੱਕਿਆਂ ਕਵੀ ਨਿਕਲ ਆਉਂਦਾ ਸੀ। ਪ੍ਰੀਤਮ ਸਿੰਘ ਸਫ਼ੀਰ, ਅੰਮ੍ਰਿਤਾ ਪ੍ਰੀਤਮ, ਹਰਿਭਜਨ ਸਿੰਘ, ਈਸ਼ਵਰ ਚਿੱਤਰਕਾਰ, ਤਾਰਾ ਸਿੰਘ, ਬਾਵਾ ਬਲਵੰਤ, ਕਿਸ ਕਿਸ ਦਾ ਨਾਂ ਲਵਾਂ। ਪੰਨੂ ਨਾਲ ਮੇਰੀ ਪਹਿਲੀ ਮੁਲਾਕਾਤ ਗਿਆਨੀ ਹਰੀ ਸਿੰਘ ਦੇ ਘਰ ਸਾਹਿਤਕ ਬੈਠਕ ਵਿਚ ਹੋਈ। ਉਹਦੇ ਨਾਲ ਐਸ. ਸਵਰਨ ਤੇ ਗੁਲਜ਼ਾਰ ਵੀ ਸਨ। ਪੰਨੂ ਉਨ੍ਹਾਂ ਦਾ ਲੀਡਰ ਜਾਪਦਾ ਸੀ।

'ਤੁਸੀਂ ਦੋਵੇਂ ਜੱਟ ਹੋ, ਤੁਹਾਡੀ ਨਿਭ ਸਕਦੀ ਹੈ।' ਬੈਠਕ ਤੋਂ ਪਿਛੋਂ ਗਿਆਨੀ ਹਰੀ ਸਿੰਘ ਦਾ ਇਹ ਵਾਕ ਮੈਨੂੰ ਹਾਲੀ ਵੀ ਚੇਤੇ ਹੈ। ਗੁਰਵੇਲ ਉਸ ਬੈਠਕ ਵਿਚ ਪਹਿਲੀ ਵਾਰ ਆਇਆ ਸੀ। ਉਸ ਨੂੰ ਬੰਬਈ ਤੋਂ ਦਿੱਲੀ ਆਇਆਂ ਥੋੜ੍ਹੇ ਦਿਨ ਹੋਏ ਸਨ। ਗੁਰਵੇਲ ਨੇ ਆਪਣੀ ਕਹਾਣੀਆਂ ਦੀ ਕਿਤਾਬ ਮੈਨੂੰ ਦਿੱਤੀ ਅਤੇ ਘਰ ਆਉਣ ਲਈ ਕਿਹਾ। ਇਸ ਤਰ੍ਹਾਂ ਸਾਡੀ ਦੋਸਤੀ ਜੱਟ ਪਿਛੋਕੜ ਕਾਰਨ ਸ਼ੁਰੂ ਹੋਈ। ਪਿੱਛੋਂ ਜਾ ਕੇ ਜਾਂ ਸ਼ਾਇਦ ਪਹਿਲਾਂ ਹੀ ਹਰਚਰਨ ਸਿੰਘ ਬਾਠ ਵੀ ਸਾਡੇ ਵਿਚ ਆ ਰਲਿਆ।

ਬਾਠ ਦਾ ਪਿੰਡ ਬਾਠ ਸੀ, ਪੰਨੂ ਦੇ ਪਿੰਡ ਲਊਕੇ ਦੇ ਨੇੜੇ। ਦੋਵੇਂ ਪਿੰਡ ਅੰਮ੍ਰਿਤਸਰ ਦੀ ਤਰਨਤਾਰਨ ਤਹਿਸੀਲ ਵਿਚ ਪੈਂਦੇ ਸਨ। ਪੰਨੂ ਸ਼ਾਦੀਸ਼ੁਦਾ ਸੀ ਤੇ ਅਸੀਂ ਕੰਵਾਰੇ। ਉਹ ਸਾਡੇ ਨਾਲੋਂ ਅੱਠ ਦੱਸ ਸਾਲ ਵੱਡਾ ਸੀ, ਪਰ ਉਸ ਦੀ ਸੰਗਤ ਵਿਚ ਗੁਲਜ਼ਾਰ ਤੇ ਐਸ. ਸਵਰਨ ਨੂੰ ਦੇਖ ਮੈਨੂੰ ਜਾਪਿਆ ਸਾਡੀ ਸੱਚਮੁੱਚ ਹੀ ਨਿਭ ਸਕਦੀ ਹੈ। ਸਵਰਨ ਹੁਰੀਂ ਰੋਡੇ-ਭੋਡੇ ਸਨ। ਮਲੂਕੜੇ ਜਿਹੇ। ਸਾਡੀ ਉਮਰ ਦੇ ਸਵਰਨ ਨੇ ਸਿੰਘ ਵਾਲਾ ਸੱਸਾ ਯਾਨੀ ਐਸ. ਆਪਣੇ ਨਾਂ ਦੇ ਪਹਿਲਾਂ ਜੋੜ ਰੱਖਿਆ ਸੀ ਤੇ ਗੁਲਜ਼ਾਰ ਨੇ ਏਨਾ ਵੀ ਨਹੀਂ। ਉਹ ਆਪਣੇ ਨਾਂ ਨਾਲ ਦੀਨਵੀ ਲਿਖਦਾ ਸੀ। ਆਪਣੇ ਪਿੰਡ ਦੀਨਾ ਦੇ ਨਾਂ 'ਤੇ। ਗੁਰਵੇਲ ਉਨ੍ਹਾਂ ਦੋਹਾਂ ਦਾ ਗੁਰੂ ਸੀ। ਉਸ ਦੇ ਨਾਂ ਨਾਲ ਪੰਨੂ ਲੱਗਿਆ ਹੋਇਆ ਸੀ। ਆਸ਼ਿਕਾਨਾ ਪੰਨੂ। ਮੈਨੂੰ ਜੱਟ ਤੇ ਆਸ਼ਕੀ ਦਾ ਮੇਲ ਚੰਗਾ ਲੱਗਦਾ ਸੀ। ਉਦੋਂ ਮੈਨੂੰ ਇਹ ਨਹੀਂ ਸੀ ਪਤਾ ਕਿ ਜੱਟਾਂ ਦਾ ਕੋਈ ਗੋਤ ਪੰਨੂ ਵੀ ਹੈ। ਮੈਂ ਉਸ ਨੂੰ ਸੱਸੀ ਵਾਲੇ ਪੁੰਨੂ ਨਾਲ ਜੋੜ ਲਿਆ। ਮੇਰੇ ਲਈ ਪੰਨੂ ਜੱਟ ਦੀ ਥਾਂ ਪੁੰਨੂ ਸੱਸੀ ਵਾਲਾ ਸੀ।

ਗੁਰਵੇਲ ਦੀ ਘਰਵਾਲੀ ਦਾ ਨਾਂ ਸੁਰਜੀਤ ਸੀ ਤੇ ਪੰਜ ਕੁ ਸਾਲ ਦੀ ਧੀ ਦਾ ਨਾ ਸਰਿਤਾ। ਮੈਨੂੰ ਦਿੱਲੀ ਗਿਆਂ ਚਾਰ ਸਾਲ ਹੋ ਚੁੱਕੇ ਸਨ। ਮੇਰਾ ਕਈ ਘਰਾਂ 'ਚ ਆਉਣ-ਜਾਣ ਸੀ, ਪਰ ਜੋ ਮਜ਼ਾ ਮੈਨੂੰ ਗੁਰਵੇਲ ਦੇ ਘਰ ਜਾ ਕੇ ਆਉਂਦਾ, ਉਹ ਹੋਰ ਕਿਸੇ ਘਰ ਨਹੀਂ। ਇਹ ਮੈਨੂੰ ਆਪਣਾ ਹੀ ਘਰ ਜਾਪਦਾ।

ਵੱਡੇ ਭਰਾ ਦਾ ਘਰ। ਮੈਂ ਸੁਰਜੀਤ ਨੂੰ ਭਾਬੀ ਕਹਿੰਦਾ। ਚਾਮਲ ਚਾਮਲ ਗੱਲਾਂ ਕਰਦਾ। ਗੁਰਵੇਲ ਦੀ ਨੁਕਤਾਚੀਨੀ ਵੀ। ਪੰਨੂਆਂ ਨੂੰ ਜੱਟ ਹੀ ਨਾ ਮੰਨਦਾ। ਮੈਂ ਸੰਧੂ ਸਾਂ ਤੇ ਗੁਰਵੇਲ ਦੀ ਪਤਨੀ ਸੁਰਜੀਤ ਮਾਝੇ ਦੇ ਬੋਲਾਂ ਦੀ ਧੀ।

ਫੇਰ ਅਚਾਨਕ ਹੀ ਸੁਰਜੀਤ ਦੀ ਮ੍ਰਿਤੂ ਹੋ ਗਈ। ਗੁਰਵੇਲ ਨੂੰ ਇਕ ਹੋਰ ਸੁਰਜੀਤ ਮਿਲ ਗਈ। ਉਹਦੇ ਨਾਲ ਦੇਰ ਤੱਕ ਨਹੀਂ ਬਣੀ ਤਾਂ ਇਕ ਹੋਰ ਸੁਰਜੀਤ। ਪਰ ਉਸ ਘਰ ਵਿਚ ਪਹਿਲਾਂ ਵਾਲੀ ਗੱਲ ਨਾ ਰਹੀ। ਗੁਰਵੇਲ ਵੀ ਪਹਿਲੀ ਮਿਲਣੀ ਵਾਲਾ ਗੁਰਵੇਲ ਨਾ ਰਿਹਾ। ਕੁਝ ਏਸ ਤਰ੍ਹਾਂ ਜਿਵੇਂ ਉਹ ਅੱਧਾ ਜੱਟ ਰਹਿ ਗਿਆ ਹੋਵੇ।

ਉਸ ਤੋਂ ਪਿਛੋਂ ਗੁਰਵੇਲ ਚਾਲੀ ਸਾਲ ਜੀਵਿਆ। ਉਸ ਨੇ ਸਾਰਾ ਸਮਾਂ ਲਿਖਣ ਪੜ੍ਹਨ ਵਲ ਲਾਈ ਰੱਖਿਆ। ਕਹਾਣੀਆਂ ਲਿਖਦਾ ਰਿਹਾ। 'ਸੁਪਨਾ ਟੁੱਟਾ' ਤੋਂ ਬਾਅਦ ਦੀਆਂ ਪੁਸਤਕਾਂ ਦੇ ਨਾਂ ਹਨ, 'ਉਹ ਗੌਤਮ ਨਹੀਂ ਸੀ' ਅਤੇ 'ਤਾਣਾ ਪੇਟਾ'। 'ਤਾਣਾ ਪੇਟਾ' ਦਾ ਮੁੱਖਬੰਦ ਹਰਿਭਜਨ ਸਿੰਘ ਨੇ ਲਿਖਿਆ। ਉਪਮਾ ਵੀ ਕੀਤੀ। ਪਰ ਮੇਰਾ ਰਾਹ ਵੱਖਰਾ ਹੋ ਚੁੱਕਾ ਸੀ। ਕੁਲਵੰਤ ਸਿੰਘ ਵਿਰਕ ਦਿੱਲੀ ਆ ਕੇ ਮੇਰੇ ਕੋਲ ਰਹਿਣ ਲੱਗਿਆ। ਮੈਂ ਵਿਰਕ ਅਤੇ ਵਿਰਕ ਦੀ ਰਚਨਾਕਾਰੀ ਦੇ ਨੇੜੇ ਹੋ ਗਿਆ। ਗੁਰਵੇਲ ਪੰਨੂ ਸਾਹਿਤ ਰਚਨਾ ਤੋਂ ਬੇਮੁਖ ਹੋ ਕੇ ਸਾਹਿਤ ਚਿੰਤਨ ਦੇ ਰਾਹ ਤੁਰ ਪਿਆ।

ਗੁਰਵੇਲ ਨੇ 1972 ਵਿਚ 'ਸੇਧ' ਨਾਂ ਦਾ ਮਾਸਿਕ ਪੱਤਰ ਕੱਢ ਲਿਆ। ਪਰਚੇ ਵਿਚ ਉਸ ਨੂੰ ਕਿਸ਼ਨ ਸਿੰਘ ਤੇ ਜਗਜੀਤ ਸਿੰਘ ਦਾ ਸਮਰਥਨ ਮਿਲ ਗਿਆ। ਉਸ ਨੂੰ ਸਿਰਜਣਾ ਨਾਲੋਂ ਸੰਵਾਦ ਵਿਚ ਮਜ਼ਾ ਆਉਣ ਲੱਗਿਆ। ਉਹ ਕਿਸ਼ਨ ਸਿੰਘ ਦੀਆਂ ਲਿਖਤਾਂ ਰਾਹੀਂ ਸੰਤ ਸਿੰਘ ਸੇਖੋਂ ਨਾਲ ਟੱਕਰ ਲੈਂਦਾ। ਜਗਜੀਤ ਸਿੰਘ ਤੇ ਦਲਜੀਤ ਸਿੰਘ ਦੀ ਸਿੱਖੀ ਸੋਚ ਰਾਹੀਂ ਜਸਵੰਤ ਸਿੰਘ ਕੰਵਲ ਨਾਲ ਜਾ ਜੁੜਦਾ। ਕਿਸ਼ਨ ਸਿੰਘ ਅੰਗਰੇਜ਼ੀ ਐਮ.ਏ. ਕਰਦਿਆਂ ਮੇਰਾ ਅਧਿਆਪਕ ਸੀ। ਜਗਜੀਤ ਸਿੰਘ ਤੇ ਦਲਜੀਤ ਸਿੰਘ ਮੇਰੀ ਪਤਨੀ ਦੇ ਮਾਪਿਆਂ ਵਰਗੇ ਸਨ। ਕੰਵਲ ਦੀ ਪੰਜਾਬੀ ਨਾਵਲ ਦੇ ਖੇਤਰ ਵਿਚ ਬੜੀ ਪੈਂਠ ਸੀ। ਗੁਰਵੇਲ ਦੀ 'ਸੇਧ' ਰਾਹੀਂ ਇਹ ਸਾਰੇ ਇਕ ਦੂਜੇ ਨਾਲ ਜੁੜੇ ਹੋਏ ਸਨ। ਇਨ੍ਹਾਂ ਦੀ ਪਹੁੰਚ ਪਟਿਆਲੇ ਵਾਲੇ ਰਵਿੰਦਰ ਰਵੀ ਟੋਲੇ ਨੂੰ ਵੀ ਬੜੀ ਪਸੰਦ ਸੀ। ਇਨ੍ਹਾਂ ਦਾ ਅੱਛਾ ਖਾਸਾ ਸੰਸਾਰ ਸੀ। ਮੈਂ ਉਨ੍ਹਾਂ ਵਿਚ ਕਿਧਰੇ ਫਿਟ ਨਹੀਂ ਸੀ ਹੁੰਦਾ।

ਪਰ ਇਸ ਦਾ ਮਤਲਬ ਇਹ ਨਹੀਂ ਕਿ ਮੇਰੀ ਤੇ ਗੁਰਵੇਲ ਦੀ ਦੋਸਤੀ ਵਿਚ ਫਿੱਕ ਪਿਆ ਹੋਵੇ। ਜਟਕੀ ਜਿਹੀ ਨੁਕਤਾਚੀਨੀ ਤੇ ਅਪਣੱਤ ਸਦਾ ਹੀ ਬਣੀ ਰਹੀ। ਏਸ ਲਈ ਵੀ ਕਿ ਮੈਂ ਖੁਦ ਪੰਨੂ ਖਾਨਦਾਨ ਵਿਚ ਵਿਆਹਿਆ ਗਿਆ ਸਾਂ। ਮੇਰੇ ਸਹੁਰਿਆਂ ਦਾ ਪਿੰਡ ਨੌਸ਼ਹਿਰਾ ਪੰਨੂਆਂ ਗੁਰਵੇਲ ਦੇ ਪਿੰਡ ਲਊਕੇ ਦੇ ਗਵਾਂਢ ਵਿਚ ਸੀ। ਉਹ ਮੇਰੀ ਪਤਨੀ ਸੁਰਜੀਤ ਨੂੰ ਭੈਣ ਮੰਨਦਾ ਤੇ ਮੈਨੂੰ ਮਜ਼ਾਕ ਵਿਚ ਜੀਜਾ ਵੀ ਕਹਿੰਦਾ।

ਨੁਕਤਾਚੀਨੀ ਇਹ ਕਿ ਮੈਂ ਉਸ ਨੂੰ 'ਸੇਧ' ਵਾਲੇ ਪਾਸੇ ਤੁਰਨ ਤੋਂ ਰੋਕਦਾ। ਉਸ ਦੀ ਸਿੱਖੀ ਮਾਣ ਮਰਿਆਦਾ ਨੂੰ ਟਿੱਚਰਾਂ ਕਰਦਾ। ਉਸ ਨੂੰ ਪਤਿਤ ਕਹਿ ਕੇ। ਪਰ ਉਹ ਹੱਸ ਛੱਡਦਾ ਤੇ ਆਪਣੀ ਲੀਹੇ ਤੁਰਦਾ ਜਾਂਦਾ। ਇਨ੍ਹਾਂ ਹੀ ਦਿਨਾਂ ਵਿਚ ਉਸ ਨੇ ਕਿਸ਼ਨ ਸਿੰਘ ਦੀਆਂ ਅੱਧੀ ਦਰਜਨ ਕਿਤਾਬਾਂ ਛਪਵਾਈਆਂ ਤੇ ਉਨ੍ਹਾਂ ਦੀ ਵਿੱਕਰੀ ਤੇ ਵਿਤਰਣ ਦਾ ਪ੍ਰਬੰਧ ਕੀਤਾ। ਜਗਜੀਤ ਸਿੰਘ ਦੀ ਕਲਾਸਿਕ ਰਚਨਾ ਸਿੱਖ ਰੈਵੋਲੀਉਸ਼ਨ ਦਾ ਹਿੰਮਤ ਸਿੰਘ ਸੋਢੀ ਤੋਂ ਅਨੁਵਾਦ ਕਰਵਾਇਆ। ਇਹ ਮੇਰੀ ਦੁਨੀਆ ਤਾਂ ਨਹੀਂ ਸੀ, ਪਰ ਇਸ ਦੁਨੀਆ ਵਿਚ ਗੁਰਵੇਲ ਸਿੰਘ ਪੰਨੂ ਮੇਰਾ ਸੀ।

ਕੁਝ ਸੁਭਾਵਕ ਦੂਰੀਆਂ ਦੇ ਬਾਵਜੂਦ ਗੁਰਵੇਲ ਪੰਨੂ ਨਾਲ ਜੁੜੇ ਰਹਿਣ ਦਾ ਇਕ ਕਾਰਨ ਉਸ ਦਾ ਗੁਰਬਖਸ਼ ਸਿੰਘ ਪ੍ਰੀਤ ਲੜੀ ਤੇ ਐਮ.ਐਸ. ਰੰਧਾਵਾ ਦਾ ਸ਼ੁਦਾਈ ਹੋਣਾ ਸੀ। ਜਿਵੇਂ ਮੈਨੂੰ ਗੁਰਵੇਲ ਦੇ ਹੁੰਦਿਆਂ ਕਿਸ਼ਨ ਸਿੰਘ ਤੇ ਜਗਜੀਤ ਸਿੰਘ ਦਾ ਹੱਥ ਵਟਾਉਣ ਦੀ ਕੋਈ ਲੋੜ ਨਹੀਂ ਸੀ, ਗੁਰਵੇਲ ਨੂੰ ਮੇਰੇ ਹੁੰਦਿਆਂ ਰੰਧਾਵਾ ਦੀ ਯਾਦ ਵਿਚ ਬਹੁਤਾ ਕੁਝ ਕਰਨ ਦੀ ਲੋੜ ਨਹੀਂ ਸੀ ਮਹਿਸੂਸ ਹੁੰਦੀ। ਜਿੱਥੋਂ ਤੱਕ ਗੁਰਬਖਸ਼ ਸਿੰਘ ਦਾ ਸਬੰਧ ਹੈ, ਪੰਨੂ ਨੇ ਆਪਣੀ ਉਮਰ ਦੇ ਅੰਤਲੇ ਵਰ੍ਹਿਆਂ ਵਿਚ ਉਸ ਦੀਆਂ ਲਿਖਤਾਂ ਦਾ ਮੁੜ ਅਧਿਐਨ ਕਰਕੇ ਹਿੰਮਤ ਸਿੰਘ ਸੋਢੀ ਨੂੰ 'ਗੁਰਬਖਸ਼ ਸਿੰਘ ਇਕ ਅਧਿਐਨ' ਦਾ ਨਾਂ ਦੀ ਪੁਸਤਕ ਤਿਆਰ ਕਰਨ ਲਈ ਵੀ ਪ੍ਰੇਰਿਆ ਅਤੇ ਇਸ ਦੇ ਪ੍ਰਕਾਸ਼ਨ ਦਾ ਪ੍ਰਬੰਧ ਕੀਤਾ। ਪੰਜਾਬੀ ਦੇ ਪ੍ਰਚਾਰ ਤੇ ਪਾਸਾਰ ਲਈ ਕੁਝ ਨਾ ਕੁਝ ਕਰਦੇ ਰਹਿਣਾ ਉਸ ਦਾ ਸੁਭਾਅ ਬਣ ਚੁੱਕਾ ਸੀ।

ਮੈਨੂੰ ਗੁਰਵੇਲ ਦੀ ਬੁਨਿਆਦੀ ਪਹੁੰਚ ਪਸੰਦ ਸੀ। ਨਰੋਈਆਂ ਕਦਰਾਂ ਕੀਮਤਾਂ ਵਾਲੀ। ਉਹ 'ਜਨਕ ਦਾ ਧਨਸ਼' ਵਿਚ ਲਤੀਫੇ ਤੋਂ ਕਹਾਣੀ ਉਸਾਰ ਰਿਹਾ ਹੁੰਦਾ, 'ਅੱਜ ਦਾ ਦਿਨ' ਵਿਚ ਇਕ ਸ਼ਰਾਬੀ ਦੇ ਮੂੰਹੋਂ ਵੇਸਵਾ ਦੇ ਲਾਲਚ ਨੂੰ ਮਾਂ ਦੇ ਲਾਲਚ ਨਾਲ ਜੁੜਵਾ ਰਿਹਾ ਹੁੰਦਾ ਜਾਂ 'ਸਾੜ੍ਹੀ ਚੁੱਕ' ਵਿਚ ਕਿਸੇ ਅਮੀਰਜ਼ਾਦੀ ਕੋਲੋਂ ਧੋਬੀ ਦੇ ਧੋਤੇ ਕੱਪੜਿਆਂ ਦੀ ਧੁਲਾਈ ਦੀ ਚਵੰਨੀ ਅਠੰਨੀ ਮਾਰਨ ਦੀ ਕਮੀਨੀ ਹਰਕਤ 'ਤੇ ਟਿੱਪਣੀ ਕਰ ਰਿਹਾ ਹੁੰਦਾ ਤੇ ਜਾਂ ਫੇਰ ਕਿਸੇ 'ਮੱਖਣ ਚੋਰ' ਦੀ ਗੱਲ ਕਰਦਾ ਉਹ ਮਨੁੱਖੀ ਸੁਭਾਅ ਦੇ ਹਲਕੇ ਪੱਖਾਂ ਨੂੰ ਟੋਣੇ ਲਾਉਂਦਾ ਰਹਿੰਦਾ, ਤੇ ਉਸ ਦੀ ਇਹੋ ਪਹੁੰਚ ਉਸ ਦੇ ਮਿੱਤਰਾਂ ਨੇ ਵੀ ਅਪਣਾਈ ਹੋਈ ਸੀ। ਗੁਲਜ਼ਾਰ ਦੀ ਪ੍ਰਸਿੱਧ ਫਿਲਮ 'ਮਾਚਿਸ' ਦੇ ਕੁਝ ਸ੍ਰੋਤ ਗੁਰਵੇਲ ਪੰਨੂ ਵਾਲੇ ਹਨ। ਉਸ ਦੀ ਸ਼ੂਟਿੰਗ ਵੇਲੇ ਗੁਲਜ਼ਾਰ ਹਫਤਾ ਭਰ ਚੰਡੀਗੜ੍ਹ ਰਿਹਾ ਸੀ। 'ਮਾਚਿਸ' ਦੀ ਸਿੱਖੀ ਵਾਲੀ ਭਾਅ ਵਿਚ ਕਿਸ਼ਨ ਸਿੰਘ ਦੀ 'ਸਿੱਖ ਲਹਿਰ' ਤੇ ਜਗਜੀਤ ਸਿੰਘ ਦੇ 'ਸਿੱਖ ਇਨਕਲਾਬ' ਦਾ ਪ੍ਰਭਾਵ ਵੀ ਹੈ। 'ਮਾਚਿਸ' ਵਿਚ ਗੁਲਜ਼ਾਰ ਦੀ ਪਟ ਕਥਾ ਤੇ ਪ੍ਰੋਡਕਸ਼ਨ ਨੂੰ ਜਿਹੜੀ ਸੇਧ ਮਿਲੀ ਉਸ ਵਿਚ ਦੋਹਾਂ ਮਿੱਤਰਾਂ ਦੇ ਸੰਵਾਦ ਦਾ ਦਖਲ

ਗੁਲਜ਼ਾਰ ਸਿੰਘ ਸੰਧੂ

ਹੈ। ਦੁਨੀਆ ਭਰ ਦੇ ਯੱਕਤ ਮਾਰ ਕੇ ਉਨ੍ਹਾਂ ਵਿਚੋਂ ਜ਼ਿੰਦਗੀ ਦੀ ਸੇਧ ਲੱਭਣਾ ਗੁਰਵੇਲ ਦਾ ਸੁਭਾਅ ਸੀ ਤੇ ਗੁਣ ਵੀ।

ਗੁਰਵੇਲ ਨੇ ਆਪਣੇ ਪ੍ਰਭਾਵ ਗ੍ਰਹਿਣ ਕਰਨ ਵਾਲੀ ਮੁਢਲੀ ਉਮਰ ਬੰਬਈ ਵਿਚ ਗੁਜ਼ਾਰੀ। ਉਹ 1948 ਤੋਂ 1955 ਤੱਕ ਪੂਰੇ ਸੱਤ ਸਾਲ ਬੰਬਈ ਰਿਹਾ। ਏਥੇ ਉਸ ਨੇ ਬੈਂਕ ਵਿਚ ਕਲਰਕੀ, ਸਕੂਲ ਵਿਚ ਮਾਸਟਰੀ ਤੇ ਮਹਾਰਾਸ਼ਟਰ ਸਰਕਾਰ ਦੀ ਸੇਵਾ ਕੀਤੀ, ਪਰ ਜੰਮ ਨਹੀਂ ਸਕਿਆ। ਚੰਗੇਰੀ ਆਮਦਨ ਦੀ ਭਾਲ ਵਿਚ ਉਸ ਨੇ 1957 ਤੋਂ 1974 ਤੱਕ ਨਵੀਂ ਦਿੱਲੀ ਵਿਖੇ ਰੂਸੀ ਸਫਾਰਤਖਾਨੇ ਵਿਚ ਅਨੁਵਾਦ ਸੰਪਾਦਨ ਦੀ ਜ਼ਿੰਮੇਵਾਰੀ ਨਿਭਾਈ। ਉਂਜ ਉਸ ਦਾ ਦਿਲ ਆਖਰੀ ਉਮਰ ਤੱਕ ਬੰਬਈ ਵਿਚ ਹੀ ਰਿਹਾ।

ਇਹ ਗੱਲ ਉਸ ਦੀਆਂ ਬੰਬਈ ਛੱਡਣ ਤੋਂ ਵੀਹ ਸਾਲ ਪਿੱਛੋਂ ਦੀਆਂ ਕਹਾਣੀਆਂ ਤੋਂ ਵੀ ਪ੍ਰਤੱਖ ਹੈ। ਉਸ ਨੇ ਚੰਡੀਗੜ੍ਹ ਦੀ ਘਟਨਾ ਲਿਖਣੀ ਹੁੰਦੀ, ਪਟਿਆਲੇ ਦੀ ਜਾਂ ਇਸ ਤੋਂ ਛੋਟੇ ਕਸਬੇ ਦੀ ਇਸ ਦੀ ਪਛਾਣ ਗਵਾਉਣ ਲਈ ਜਾਂ ਬੰਬਈ ਨਾਲ ਮੋਹ ਕਾਰਨ ਇਸ ਨੂੰ ਬੰਬਈ ਲੈ ਵੜਦਾ। ਉਸ ਦੀ ਰਿਹਾਇਸ਼ ਤੇ ਸਰੀਰ ਕਿਧਰੇ ਵੀ ਹੁੰਦੇ, ਉਸ ਦੀ ਆਤਮਾ ਤੇ ਖਿਆਲ ਉਡਾਰੀ ਹੀ ਬੰਬਈ ਘੁੰਮਦੀ ਰਹਿੰਦੀ।

ਉਹ ਬੰਬਈ ਰਿਹਾ, ਦਿੱਲੀ ਜਾਂ ਚੰਡੀਗੜ੍ਹ, ਉਸ ਦਾ ਸੁਭਾਅ ਪੇਂਡੂ ਸੀ। ਉਹ ਆਪਣੀਆਂ ਪਤਨੀਆਂ ਦਾ ਰਾਂਝਾ ਸੀ ਤੇ ਸਰਿਤਾ ਨੂੰ ਆਪਣੀ ਜਵਾਨੀ ਵਿਚ ਮਾਂ ਵਰਗਾ ਪਿਆਰ ਦਿੱਤਾ ਤੇ ਆਪਣੇ ਪੁੱਤਰ ਵਿਕਰਮ ਨੂੰ ਆਪਣੀ ਢਲਦੀ ਉਮਰੇ ਦਾਦੀ ਵਰਗਾ। ਜਦੋਂ ਬਿਕਰਮ ਦੀ ਮਾਂ ਸੁਰਜੀਤ ਦਿੱਲੀ ਵਿਚ ਆਪਣੇ ਅਧਿਆਪਕ ਕਾਰਜ ਤੋਂ ਹਾਲੀ ਸੇਵਾ ਮੁਕਤ ਨਹੀਂ ਸੀ ਹੋਈ। ਗੁਰਵੇਲ ਆਪਣੇ ਬੇਟੇ ਵਿਕਰਮ ਨੂੰ ਔਰਤਾਂ ਵਾਂਗ ਪਾਲ ਤੇ ਪੜ੍ਹਾ ਰਿਹਾ ਸੀ। 1997 ਵਿਚ ਉਸ ਦੇ ਅਕਾਲ ਚਲਾਣੇ ਸਮੇਂ ਵਿਕਰਮ ਆਰਕੀਟੈਕਟ ਬਣ ਚੁੱਕਾ ਸੀ ਤੇ ਸਰਿਤਾ ਪਹਿਲਾਂ ਹੀ ਇੰਜਨੀਅਰਿੰਗ ਦੀ ਡਿਗਰੀ ਲੈ ਕੇ ਆਪਣੇ ਇੰਜੀਨੀਅਰ ਪਤੀ ਵਿਨੋਦ ਚੱਢਾ ਨਾਲ ਰਹਿ ਰਹੀ ਸੀ।

ਗੁਰਵੇਲ ਪੰਨੂ ਨੇ ਜ਼ਿੰਦਗੀ ਪ੍ਰਤੀ ਖੁੱਲ੍ਹ ਖੇਡ ਵਾਲੀ ਪਹੁੰਚ ਮਰਦੇ ਦਮ ਤੱਕ ਅਪਣਾਈ ਰੱਖੀ। ਉਸ ਦੇ ਤੁਰ ਜਾਣ ਤੋਂ ਥੋੜ੍ਹੇ ਦਿਨ ਪਹਿਲਾਂ ਮੈਂ ਤੇ ਮੇਰੀ ਪਤਨੀ ਉਸ ਨੂੰ ਮਿਲਣ ਗਏ ਤਾਂ ਉਹ ਬਿਸਤਰੇ ਵਿਚ ਬੈਠਾ ਬੈਠਾ ਸੀ। ਉਹ ਮਾਸਕ ਰਾਹੀਂ ਆਕਸੀਜਨ ਦੇ ਡਰੱਮ ਤੋਂ ਸਾਹ ਲੈ ਰਿਹਾ ਸੀ। ਸਾਨੂੰ ਵੇਖਦੇ ਸਾਰ ਉਸ ਨੇ ਆਪਣੇ ਮੂੰਹ ਤੋਂ ਮਾਸਕ ਲਾਹ ਦਿੱਤਾ ਤੇ ਉੱਚੀ ਉੱਚੀ ਹੱਸਣ ਲੱਗਿਆ। ਉਹ ਦੱਸਣਾ ਚਾਹੁੰਦਾ ਸੀ ਕਿ ਵਕਤਾਂ ਦੇ ਮਾਰੇ ਬੰਦੇ ਨੂੰ ਏਸ ਤਰ੍ਹਾਂ ਵੀ ਜਿਉਣਾ ਪੈ ਜਾਂਦਾ ਹੈ। ਥੋੜ੍ਹਾ ਜਿਹਾ ਕਾਇਮ ਹੋ ਕੇ ਮੇਰੀ ਪਤਨੀ ਨੂੰ ਕਹਿਣ ਲੱਗਿਆ, 'ਕਮਿਊਨਿਸਟਾਂ ਦੀ ਮੱਤ ਮਾਰੀ ਗਈ ਹੈ ਜਿਨ੍ਹਾਂ ਨੇ ਗੁਲਜ਼ਾਰ ਨੂੰ ਆਪਣੇ ਅਖ਼ਬਾਰ ਦਾ ਐਡੀਟਰ ਰੱਖ ਲਿਆ ਹੈ।' ਮੈਂ ਉਦੋਂ 'ਦੇਸ਼ ਸੇਵਕ' ਦਾ ਐਡੀਟਰ ਸਾਂ। ਜਦੋਂ ਉਸ ਦੀ ਏਨਾ ਕਹਿਣ ਨਾਲ ਵੀ ਤਸੱਲੀ ਨਾ ਹੋਈ ਤਾਂ ਬੋਲਿਆ, 'ਇਹਨੂੰ ਤਾਂ ਸੋਸ਼ਲਿਜ਼ਮ ਦੇ ਸਪੈਲਿੰਗ ਵੀ ਨਹੀਂ ਆਉਂਦੇ।' ਇਹ ਕਹਿ ਕੇ ਉਹ ਇਕ ਵਾਰੀ ਫੇਰ ਉੱਚੀ ਉੱਚੀ ਹੱਸਿਆ ਤੇ ਉਸ ਨੇ ਆਕਸੀਜਨ ਦੇ ਡਰੱਮ ਨੂੰ ਹਿਕਾਰਤ ਭਰੀ ਨਜ਼ਰ ਨਾਲ ਤੱਕਿਆ।

ਥੋੜ੍ਹੇ ਦਿਨਾਂ ਪਿੱਛੋਂ ਅੰਗਰੇਜ਼ੀ ਟ੍ਰਿਬਿਊਨ ਵਿਚ ਉਸ ਦੇ ਅਕਾਲ ਚਲਾਣੇ ਬਾਰੇ ਅਕਾਲੀ ਨੇਤਾ ਕੈਪਟਨ ਕੰਵਲਜੀਤ ਸਿੰਘ ਦੇ ਸ਼ਰਧਾਂਜਲੀ ਸ਼ਬਦਾਂ ਤੋਂ ਪਤਾ ਲੱਗਿਆ ਕਿ ਉਹ ਤਾਂ ਇਸ ਦੁਨੀਆ ਨੂੰ ਅਲਵਿਦਾ ਕਹਿ ਚੁੱਕਾ ਹੈ। ਉਸ ਨੇ ਲਿਖਤੀ ਜਾਂ ਅਲਿਖਤੀ ਰੂਪ ਵਿਚ ਆਪਣੇ ਘਰਵਾਲਿਆਂ ਨੂੰ ਦੱਸਿਆ ਹੋਇਆ ਸੀ ਕਿ ਜਦੋਂ ਉਸ ਦਾ ਅੰਤਿਮ ਸੁਆਸ ਨਿਕਲ ਜਾਏ ਤਾਂ ਘਰ ਵਾਲੇ ਕਿਸੇ ਨੂੰ ਖ਼ਬਰ ਕੀਤੇ ਬਿਨਾਂ ਸਭ ਤੋਂ ਨੇੜੇ ਹੀ ਵਗਦੇ ਪਾਣੀ ਵਿਚ ਚੁਗੇ ਹੋਏ ਫੁੱਲਾਂ ਦਾ ਪਰਵਾਹ ਕਰ ਦੇਣ। ਉਸ ਦੇ ਵਿਚਾਰ ਅਨੁਸਾਰ ਇਹ ਕੰਮ ਘਰ ਦੇ ਲੋਕਾਂ ਦਾ ਸੀ ਤੇ ਇਸ ਲਈ ਹਰ ਕਿਸੇ ਨੂੰ ਪ੍ਰੇਸ਼ਾਨ ਕਰਨ ਦੀ ਲੋੜ ਨਹੀਂ ਸੀ। ਉਸ ਦੀ ਇੱਛਾ ਸੀ ਇਹ ਸਭ ਕੰਮ ਨੇਪਰੇ ਚੜ੍ਹਨ ਤੋਂ ਪਿੱਛੋਂ ਹੀ ਉਸ ਦੀ ਮੌਤ ਦੀ ਖਬਰ ਦੂਰ ਨੇੜੇ ਦੇ ਸਬੰਧੀਆਂ ਤੇ ਦੋਸਤਾਂ ਨੂੰ ਦਿੱਤੀ ਜਾਵੇ। ਉਸ ਦੀ ਬੀਵੀ ਤੇ ਬੱਚਿਆਂ ਨੇ ਉਸ ਦੀ ਅੰਤਿਮ ਇੱਛਾ 'ਤੇ ਫੁੱਲ ਚੜ੍ਹਾਏ ਸਨ। ਇਹ ਗੱਲ ਮੈਨੂੰ ਬਹੁਤ ਚੰਗੀ ਲੱਗੀ। ਮੈਂ ਉਸਦੀ ਇੱਛਾ ਨੂੰ ਉਸ ਦੀ ਜ਼ਿੰਦਗੀ ਦੀ ਖੇਡ ਦਾ ਜਿੱਤ ਵਾਲਾ ਗੋਲ ਕਹਿੰਦਾ ਹਾਂ।

ਇਹ ਸਤਰਾਂ ਲਿਖਣ ਤੋਂ ਥੋੜ੍ਹੇ ਦਿਨ ਪਹਿਲਾਂ ਮੈਨੂੰ ਗੁਰਵੇਲ ਪੰਨੂ ਦਾ ਆਪਣੇ ਮੋਗੇ ਵਾਲੇ ਮਿੱਤਰ ਹਰਿੰਦਰਪਾਲ ਨੂੰ ਲਿਖਿਆ ਇਕ ਖ਼ਤ ਵੀ ਮਿਲਿਆ, ਜਿਹੜਾ ਉਸਨੇ 25 ਅਪ੍ਰੈਲ 1994 ਦਾ ਲਿਖਿਆ ਹੋਇਆ ਹੈ। ਇਸ ਵਿਚ ਉਸ ਨੇ ਆਪਣਾ ਨਵਾਂ ਪਤਾ ਦੱਸਣ ਤੋਂ ਪਿੱਛੋਂ ਲਿਖਿਆ ਹੈ ਕਿ ਉਸ ਨੂੰ ਦੋ ਗੱਲਾਂ ਦੀ ਚਿੰਤਾ ਹੈ। ਇਕ ਤਾਂ ਕਿਸ਼ਨ ਸਿੰਘ ਦੀ ਪੁਸਤਕ 'ਸਿੱਖ ਲਹਿਰ' ਦੀ ਵਿਕਰੀ ਦੀ ਅਤੇ ਦੂਜੀ ਅਣਛਪੇ ਕਹਾਣੀ ਸੰਗ੍ਰਹਿ 'ਅਟੈਚੀ ਕੇਸ' ਦੀ। ਖ਼ਤ ਦੇ ਅੰਤਲੇ ਸ਼ਬਦ ਦੋ ਹੀ ਹਨ, 'ਸਿਹਤ-ਮਾੜੀ ਹੈ।' ਸਿੱਖ ਲਹਿਰ, ਮਾੜੀ ਸਿਹਤ ਤੇ ਅਟੈਚੀ ਕੇਸ ਮੇਰੇ ਦਿਲ ਦਿਮਾਗ ਵਿਚ ਹਾਲੀ ਵੀ ਚੱਕਰ ਕੱਟ ਰਹੇ ਹਨ। ਇਹ ਸ਼ਬਦ ਜ਼ਿੰਦਗੀ ਬਾਰੇ ਉਸ ਦੀ ਪਹੁੰਚ ਦੇ ਲਖਾਇਕ ਵੀ ਹਨ।

ਪਿਛਲੇ ਦਿਨਾਂ ਵਿਚ ਇਕ ਚੰਗੀ ਗੱਲ ਵੀ ਹੋਈ। ਉਤਰੀ ਅਮਰੀਕਾ ਤੋਂ ਉਸ ਦੀ ਦੂਜੇ ਵਿਆਹ ਵਾਲੀ ਸੁਰਜੀਤ, ਜਿਹੜੀ ਹੁਣ ਉਥੋਂ ਦੀ ਵਸਨੀਕ ਬਣ ਚੁੱਕੀ ਹੈ, ਚੰਡੀਗੜ੍ਹ ਆਈ ਹੋਈ ਸੀ। ਮੈਂ ਅਮਰੀਕਾ ਵਾਲੀ ਸੁਰਜੀਤ ਨੂੰ ਗੁਰਵੇਲ ਦੇ ਅੰਤਲੇ ਸਾਹਾਂ ਵਾਲੀ ਸੁਰਜੀਤ ਮਿਲਾਈ। ਮੇਰੇ ਸੱਦੇ ਉਤੇ ਗੁਰਵੇਲ ਦੀ ਪਹਿਲੀ ਸੁਰਜੀਤ ਦੀ ਬੇਟੀ ਸਰਿਤਾ ਵੀ ਆ ਗਈ। ਸ਼ਕਲ ਸੂਰਤ ਤੇ ਦਿੱਖ ਵਿਚ ਸਰਿਤਾ ਆਪਣੀ ਮਾਂ ਦਾ ਹੀ ਰੂਪ ਹੈ। ਉਹ ਤਿੰਨੋਂ ਮੇਰੀ ਪਤਨੀ ਨੂੰ ਨਾਲ ਲੈ ਕੇ ਇਕ ਵੱਖਰੇ ਮੇਜ਼ ਦੁਆਲੇ ਬੈਠ ਗਈਆਂ। ਇਹ ਗੁਰਵੇਲ ਦਾ ਸੰਪੂਰਨ ਪਰਿਵਾਰ ਸੀ। ਇਸ ਪਰਿਵਾਰ ਵਿਚ ਜ਼ਰਾ ਜਿੰਨਾ ਵੀ ਬਾਹਰੀ ਅੰਸ਼ ਨਹੀਂ ਸੀ। ਉਸ ਦਾ ਬੇਟਾ ਵਿੱਕੀ, ਦਾਮਾਦ ਵਿਨੋਦ ਤੇ 'ਜੀਜਾ' ਗੁਲਜ਼ਾਰ ਸੰਧੂ ਵੀ ਨਹੀਂ। ਉਸ ਦੇ ਪਰਿਵਾਰ ਦੀ ਇਹ ਨਿਰੋਲਤਾ ਤੇ ਨਿਰਮਲਤਾ ਦੇਖਣ ਵਾਲੀ ਸੀ। ਇਸ ਤੋਂ ਪੈਦਾ ਹੋਏ ਹੰਝੂਆਂ ਦਾ ਹੜ੍ਹ ਵੀ। ਦੇਰੀ ਨਾਲ ਦਿੱਤੀ ਸਾਂਝੀ ਸ਼ਰਧਾਂਜਲੀ। ਆਪਣੇ ਚਲਾਣੇ ਸਮੇਂ ਮੌਤ ਦੀ ਖ਼ਬਰ ਨੂੰ ਸੀਮਤ ਰੱਖਣ ਪਿੱਛੇ ਗੁਰਵੇਲ ਨੇ ਇਹੀਓ ਚਿਤਵਿਆ ਹੋਵੇਗਾ।

ਹੁਣ ਗਲ ਨੂੰ ਮੋੜ ਦੇਣ ਲਈ ਇਕ ਹਲਕੀ ਫੁਲਕੀ ਤੇ ਪੁਰਾਣੀ ਘਟਨਾ। ਇਹ ਗੱਲ 1960 ਦੀ ਹੈ। ਮੇਰੇ ਕੋਲ ਮੋਟਰਸਾਈਕਲ ਸੀ ਤੇ ਗੁਰਵੇਲ ਕੋਲ ਸਕੂਟਰ। ਡਰਾਈਵਿੰਗ ਲਾਇਸੈਂਸ ਬਣਾਉਣ ਵਾਲਿਆਂ ਦਾ ਦਫ਼ਤਰ ਕਨਾਟ ਪਲੇਸ ਵਿਚ ਹੀ ਸੀ। ਕੌਫੀ ਹਾਊਸ ਦੇ ਨੇੜੇ ਮੈਂ ਟੈਸਟ ਦੇ ਕੇ ਪਰਤਿਆ ਤਾਂ ਸਾਰੇ ਦੋਸਤ ਇੰਤਜ਼ਾਰ ਵਿਚ ਸਨ। ਮੈਂ ਦੱਸਿਆ ਕਿ ਮੇਰੇ ਕੋਲੋਂ ਰੋਕਣ ਤੋਂ ਪਹਿਲਾਂ ਵਾਲੇ ਮੋੜ ਦਾ ਇਸ਼ਾਰਾ ਗਲਤ ਹੋ ਗਿਆ ਸੀ ਤੇ ਇਹ ਟੈਸਟ ਲੈਣ ਵਾਲੇ ਮੁਕਰਜੀ ਨਾਂ ਦੇ ਬਾਬੂ ਨੇ ਨੋਟ ਕਰ ਲਿਆ ਸੀ 'ਯੇਹ ਤੋਂ ਗਲਤ ਹੈ' ਉਸ ਨੇ ਸਿਰ ਹਿਲਾਇਆ। 'ਆਪ ਟੈਸਟ ਲੇਂ ਔਰ ਹਮ ਇਤਨਾ ਭੀ ਨਾ ਘਬਰਾਏਂ ਤੋਂ ਆਪ ਕੇ ਖੜ੍ਹੇ ਹੋਨੇ ਕਾ ਕਿਆ ਫਾਇਦਾ' ਮੈਂ ਠੀਕ ਇਸ਼ਾਰਾ ਦੱਸ ਕੇ ਇਹ ਫਿਕਰਾ ਵੀ ਕੱਸ ਦਿੱਤਾ। ਮੁਕਰਜੀ ਨੇ ਮੁਸਕਰਾ ਕੇ ਮੈਨੂੰ ਪਾਸ ਕਰ ਦਿੱਤਾ।

ਗੁਰਵੇਲ ਨੇ ਮੇਰੀ ਗੱਲ ਬੜੇ ਗੌਰ ਨਾਲ ਸੁਣੀ ਤੇ ਆਪਣੇ ਟੈਸਟ ਵੇਲੇ ਮੈਨੂੰ ਨਾਲ ਲੈ ਗਿਆ। ਮੁਕਰਜੀ ਮੈਨੂੰ ਪਛਾਣ ਕੇ ਬੋਲਿਆ, 'ਆਪ ਕੋ ਤੋ ਪਾਸ ਕਰ ਦੀਆ ਥਾ, ਅਬ ਕਿਉਂ ਆਏ ਹੋ?'

'ਅੱਬ ਕੀ ਵਾਰ ਤੋ ਮੈਂ ਉਸ ਕੇ ਲੀਏ ਆਇਆ ਹੂੰ, ਜਿਸ ਨੇ ਮੁਝੇ ਮੋਟਰਸਾਈਕਲ ਚਲਾਨੀ ਸਿਖਾਈ ਥੀ।' ਮੇਰਾ ਉਤਰ ਸੁਣ ਕੇ ਗੁਰਵੇਲ ਮੁਸਕਰਾ ਪਿਆ।

'ਤੋ ਯਾਹ ਆਪ ਕੋ ਲਾਇਸੈਂਸ ਕੇ ਬਗੈਰ ਹੀ ਸਿਖਾਤੇ ਰਹੇ', ਮੁਕਰਜੀ ਦੇ ਬੁਲ੍ਹਾਂ 'ਤੇ ਮੁਸਕਾਣ ਆ ਗਈ।

'ਸੱਚ ਤੋ ਯਹੀ ਹੈ।' ਅਸੀਂ ਤਿੰਨੋਂ ਹੱਸ ਪਏ ਤੇ ਗੁਰਵੇਲ ਦਾ ਲਸੰਸ ਟੈਸਟ ਦਿੱਤੇ ਬਿਨਾਂ ਹੀ ਬਣ ਗਿਆ।

ਗੁਰਵੇਲ ਸਾਰੀ ਉਮਰ ਮੈਨੂੰ ਠੱਗੀ ਨਾਲ ਪਾਸ ਹੋਣ ਵਾਲਾ ਕਹਿੰਦਾ ਰਿਹਾ। ਨੌਕਰੀਆਂ ਲੈਣ ਵਿਚ ਵੀ।


ਉਹ ਮੇਰੇ ਵਿਆਹ ਤੋਂ ਪਿੱਛੋਂ ਮੈਨੂੰ ਜੀਜਾ ਵੀ ਕਹਿਣ ਲਗ ਪਿਆ ਸੀ, ਇਹ ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ। ਮੈਨੂੰ ਜੀਜਾ ਕਹਿ ਕੇ ਟਿੱਚਰ ਕਰਨ ਵਾਲਾ ਗੁਰਵੇਲ 15 ਅਪ੍ਰੈਲ 1997 ਤੋਂ ਉਪਰ ਵਾਲੇ ਕੋਲ ਜਾ ਚੁੱਕਿਆ ਹੈ।

# ਸਾਮਰਾਜੀ ਧੌਂਸ ਨੂੰ ਵੰਗਾਰਨ ਵਾਲਾ ਸੂਰਮਾ-ਮਦਨ ਲਾਲ ਢੀਂਗਰਾ

ਗਿਆਨ ਸਿੰਘ ਬਿਲਗਾ

ਮੰਨਿਆ ਕੁਝ ਵੀ ਨਹੀਂ ਰਿਹਾ ਬਾਕੀ,
ਸਾਡੀਆਂ ਨਿਰਜਿੰਦ ਹੱਡੀਆਂ ਦੇ ਸਿਵਾ
ਫਿਰ ਵੀ ਸਾਡੀ ਤੁਹਾਡੀ ਸਾਂਝ ਹੈ,
ਮੌਤ ਪਿੱਛੋਂ ਵੀ ਤੁਹਾਡੇ ਹਾਂ ਅਸੀਂ,
ਤੁਸੀਂ ਅਸਾਡੀ ਮੌਤ ਦਾ ਮੁੱਲ ਪਾਵਣੈ,
ਤੇ ਤੁਸੀਂ ਕਰਨਾ ਹੁਣ ਇਹ ਫੈਸਲਾ
ਕਿਸ ਲਈ ਸਨ ਅਸਾਂ ਜਾਨਾਂ ਵਾਰੀਆਂ,
ਜਾਂ ਅਸੀਂ ਮਰ ਗਏ ਸਾਂ ਐਵੇਂ ਬੇਵਜ੍ਹਾ।

17 ਅਗਸਤ 1909 ਦਾ ਦਿਨ ਭਾਰਤੀ ਉਪ ਮਹਾਂਦੀਪ ਦੀ ਆਜ਼ਾਦੀ ਦੀ ਲੜਾਈ ਦਾ ਮਹੱਤਵਪੂਰਨ ਦਿਨ ਹੈ ਜਿਸ ਨੂੰ ਬੀਤਿਆਂ ਪੂਰੀ ਇਕ ਸਦੀ ਹੋ ਗਈ ਹੈ। ਕਰਜ਼ਨ ਵਾਇਲੀ,



ਗਿਆਨ ਸਿੰਘ ਬਿਲਗਾ

ਸੈਕਟਰੀ ਆਫ ਦੀ ਸਟੇਟਸ ਦੇ ਮੁੱਖ ਸਲਾਹਕਾਰ, ਭਾਰਤ ਦੀ ਆਜ਼ਾਦੀ ਵਿਰੋਧੀ ਸਰਗਰਮੀਆਂ ਲਈ ਜੱਗ ਜਾਹਰ ਸੀ। ਭਾਰਤ ਦੀ ਆਜ਼ਾਦੀ ਦੇ ਸਿਰਮੌਰ ਆਗੂਆਂ ਵਿਰੁਧ ਗਾਲੀ-ਗਲੋਚ ਵਾਲੀ ਭਾਸ਼ਾ ਵਰਤਣ ਦਾ ਉਹ ਦੋਸ਼ੀ ਸੀ। ਨੌਜਵਾਨ ਵਿਦਿਆਰਥੀ ਪਰਵਾਸੀਆਂ ਨੂੰ ਤੰਗ ਕਰਨ ਤੇ ਜ਼ਲੀਲ ਕਰਕੇ ਦੇਸ਼ ਦੀ ਆਜ਼ਾਦੀ ਦੀਆਂ ਲਹਿਰਾਂ ਵਿਚ ਸ਼ਾਮਲ ਹੋਣ ਤੋਂ ਰੋਕਣ ਕਰਕੇ ਇੰਪੀਰੀਅਲ ਇਸਟੀਚੀਊਸ਼ਨ ਹਾਲ ਲੰਡਨ ਵਿਚੋਂ ਭਾਸ਼ਣ ਦੇ ਕੇ ਬਾਹਰ ਆਉਂਦੇ ਨੂੰ ਹੀ ਪਹਿਲੀ ਜੁਲਾਈ 1909 ਨੂੰ ਮਦਨ ਲਾਲ ਢੀਂਗਰਾ ਨੇ ਆਪਣੀਆਂ ਗੋਲੀਆਂ ਦਾ ਨਿਸ਼ਾਨਾ ਬਣਾਉਂਦਿਆਂ ਅੰਗਰੇਜ਼ੀ ਸਾਮਰਾਜੀ ਧੌਂਸ ਦਾ ਠੋਕਵਾਂ ਜਵਾਬ ਦਿੱਤਾ ਸੀ।

ਗਾਜੀਉਂ ਮੇਂ ਬੂ ਰਹੇਗੀ
ਜਬ ਤਲਕ ਈਮਾਨ ਕੀ,
ਤਖ਼ਤੇ ਲੰਡਨ ਤਕ ਚਲੇਗੀ
ਤੇਗ ਹਿੰਦੁਸਤਾਨ ਕੀ।
(ਬਹਾਦਰਸ਼ਾਹ ਜ਼ਫਰ)

ਮਦਨ ਲਾਲ ਢੀਂਗਰਾ ਨੂੰ ਲੰਡਨ ਵਿਚ ਇਕ ਪਾਸੜ ਤੇ ਸੰਖੇਪ ਜਿਹੀ ਅਦਾਲਤੀ ਕਾਰਵਾਈ ਕਰਕੇ 17 ਅਗਸਤ 1909 ਈ. ਨੂੰ ਸਵੇਰੇ 9 ਵਜੇ ਮੰਗਲਵਾਰ ਦੇ ਦਿਨ ਫਾਂਸੀ ਲਟਕਾ ਦਿੱਤਾ ਗਿਆ। ਐਮ.ਐਸ. ਮਾਸਟਰ ਲੈਕਚਰਾਰ (ਆਰਕਵੇ ਰੋਡ ਹਾਈ ਗੇਟ) ਅਤੇ ਉਸ ਦੇ ਭਾਰਤੀ ਦੋਸਤਾਂ ਨੇ ਮਦਨ ਲਾਲ ਢੀਂਗਰਾ ਦੇ ਸਰੀਰ ਨੂੰ ਉਨ੍ਹਾਂ ਦੇ ਹਵਾਲੇ ਕਰਨ ਲਈ ਗ੍ਰਹਿ ਸਕੱਤਰ ਨੂੰ ਬੇਨਤੀ ਕੀਤੀ ਤਾਂ ਜੋ ਕੁਝ ਭਾਰਤੀ ਰਸਮਾਂ ਕਰਨ ਤੋਂ ਬਾਅਦ ਉਸ ਦਾ ਸਸਕਾਰ ਕਰ ਸਕਣ। ਪਰ ਇਹ ਬੇਨਤੀ ਨਾ-ਮਨਜ਼ੂਰ ਕਰ ਦਿੱਤੀ ਗਈ। ਇਹੋ ਜਿਹੇ ਕੇਸਾਂ ਵਿਚ ਚਲੰਤ ਰਵਾਇਤਾਂ ਅਨੁਸਾਰ ਫੈਸਲਾ ਦਿੰਦਿਆਂ ਜੱਜ ਨੇ ਪੈਟਨਵਿਲਾ ਜੇਲ੍ਹ ਅਹਾਤੇ ਦੇ ਇਕ ਖੂੰਜੇ ਉਸ ਨੂੰ ਦਫਨਾਉਣ ਦਾ ਹੁਕਮ ਦੇ ਦਿੱਤਾ। ਦਫਨਾਉਣ ਸਮੇਂ ਮਿਸਟਰ ਮੈਟਫਾਲਫ, ਚੈਪਲ ਰੀਵ ਤੇ ਐਲ.ਜੇ. ਹਡਸਨ 3 ਜੇਲ੍ਹ ਅਫਸਰ ਹੀ ਹਾਜ਼ਰ ਸਨ। 1857 ਦੀ ਆਜ਼ਾਦੀ ਦੀ ਪਹਿਲੀ ਲੜਾਈ ਅਸਫਲ ਹੋਣ ਪਿੱਛੋਂ ਆਖਰੀ ਮੁਗਲ ਬਾਦਸ਼ਾਹ ਬਹਾਦਰਸ਼ਾਹ ਜਫਰ, ਜੋ ਉਰਦੂ ਦਾ ਪ੍ਰਸਿੱਧ ਸ਼ਾਇਰ ਸੀ, ਨੇ ਦਿੱਲੀ ਤੋਂ ਦੂਰ ਰੰਗੂਨ ਕੈਦ 'ਚ ਆਪਣੀ ਮੌਤ ਨੂੰ ਚਿਤਵਦਿਆਂ ਲਿਖਿਆ ਸੀ:

ਕਿਤਨਾ ਹੈ ਬਦਨਸੀਬ ਜਫਰ ਦਫਨ ਕੇ ਲੀਏ
ਦੋ ਗਜ਼ ਜ਼ਮੀਨ ਭੀ ਨਾ ਮਿਲੀ ਕੂਏ ਯਾਰ ਮੇਂ।

ਮਦਨ ਲਾਲ ਢੀਂਗਰੇ ਨਾਲ ਵੀ ਇਸੇ ਤਰ੍ਹਾਂ ਹੀ ਵਾਪਰਿਆ।

ਗਿਆਨੀ ਜ਼ੈਲ ਸਿੰਘ ਨੇ 1976 ਵਿਚ ਉਚੇਚੇ ਯਤਨਾਂ ਨਾਲ ਮਦਨ ਲਾਲ ਢੀਂਗਰਾ ਦੀਆਂ ਅਸਥੀਆਂ ਨੂੰ ਲੰਡਨ ਤੋਂ ਮੰਗਵਾ ਕੇ ਸਤਿਕਾਰ ਸਹਿਤ ਆਮ ਲੋਕਾਂ ਦੇ ਦਰਸ਼ਨਾਂ ਹਿਤ ਪੰਜਾਬ ਵਿਚ ਘੁਮਾਇਆ। ਹਿੰਦੂ ਰਸਮਾਂ ਮੁਤਾਬਕ ਬਾਕਾਇਦਾ ਮਾਲ ਮੰਡੀ ਅੰਮ੍ਰਿਤਸਰ ਵਿਖੇ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਵਿਚ ਸਸਕਾਰ ਕੀਤਾ ਗਿਆ। ਮਦਨ ਲਾਲ ਢੀਂਗਰਾ ਮੈਮੋਰੀਅਲ ਦੀ ਉਸਾਰੀ ਲਈ ਚਾਰ ਏਕੜ ਥਾਂ ਵੀ ਛੱਡੀ ਗਈ ਪਰ ਅੱਜ ਸ਼ਹੀਦ ਦੀ ਮੜ੍ਹੀ ਦਾ ਕੀ ਹਾਲ ਹੈ? ਸ਼ਹੀਦ ਦੀ ਮੜ੍ਹੀ 'ਤੇ ਉਗਿਆ ਸਰਕੜਾ ਤੋਤਾਚਸ਼ਮੀ ਰਾਜਸੀ ਆਗੂਆਂ ਦੇ ਰਾਜਸੀ ਲਾਹੇ ਲਈ ਕੀਤੇ ਖੇਖਣ ਦੀ ਮਿਸਾਲ ਪੇਸ਼ ਕਰਦਾ ਹੈ। ਸ਼ਹੀਦ ਦੇ ਨਾਂ 'ਤੇ 'ਲੋਕਾਂ ਦੀ ਹਮਦਰਦੀ ਬਟੋਰੋ ਤੇ ਭੁਲ ਜਾਓ' ਵਾਲਾ ਕਿਰਦਾਰ।

ਇਸ ਸਾਲ ਉਸ ਮਹਾਨ ਸ਼ਹੀਦ ਦੀ ਸੌਵੀਂ ਸ਼ਹੀਦੀ ਵਰ੍ਹੇਗੰਢ 'ਤੇ ਸਰਕਾਰੀ ਜਸ਼ਨਾਂ ਵਿਚ ਸ਼ਾਮਲ ਹੁੰਦਿਆਂ ਪੰਜਾਬ ਦੀ ਸਿਹਤ ਤੇ ਕਲਿਆਣ ਮੰਤਰੀ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਅਤੇ ਹੋਰ ਅਧਿਕਾਰੀਆਂ ਨੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਐਲਾਨ ਕੀਤਾ ਕਿ ਸ਼ਹੀਦ ਦੇ ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ ਵਿਖੇ ਜੱਦੀ ਘਰ ਨੂੰ ਸ਼ਹੀਦੀ ਅਜਾਇਬ ਘਰ ਦੇ ਰੂਪ 'ਚ ਸੰਭਾਲਿਆ ਜਾਵੇਗਾ, ਉਸ ਦੀ ਦੇਖ-ਰੇਖ ਦੀ ਪੜਤਾਲ ਕੀਤੀ ਜਾਇਆ ਕਰੇਗੀ। ਕਿਤੇ ਇਸ ਸਰਕਾਰੀ ਐਲਾਨ ਦਾ ਵੀ ਹੋਰ ਐਲਾਨਾਂ ਵਾਲਾ ਹਾਲ ਹੀ ਤਾਂ ਨਹੀਂ ਹੋਵੇਗਾ?

ਵੁਹ ਵਾਇਦਾ ਹੀ ਕਿਆ ਜੋ ਵਫਾ ਹੋ ਗਿਆ।

ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਜਲੰਧਰ ਨੇ ਆਪਣੀ ਇਕ ਵਿਸ਼ਾਲ ਮੀਟਿੰਗ ਕਰਕੇ ਮਦਨ ਲਾਲ ਢੀਂਗਰਾ ਦੀ ਸੌਵੀਂ ਵਰ੍ਹੇਗੰਢ ਮਨਾਉਂਦਿਆਂ ਸ਼ਹੀਦ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਪ੍ਰਣ ਕੀਤਾ। ਸ਼ਰਧਾਂਜਲੀ ਭੇਂਟ ਕੀਤੀ।

ਅੰਗਰੇਜ਼ ਸਰਕਾਰ ਵਲੋਂ ਮਦਨ ਲਾਲ ਢੀਂਗਰੇ ਵਿਰੁਧ ਲੰਡਨ ਵਿਚ ਚਲਾਏ ਮੁਕੱਦਮੇ ਦੀ ਕਾਰਵਾਈ ਤੇ ਫੈਸਲੇ ਨੂੰ ਪੰਜਾਹ ਸਾਲ ਗੁਪਤ ਰੱਖਣ ਅਤੇ ਜਨਤਕ ਨਾ ਕਰਨ ਦਾ ਫੈਸਲਾ ਲਿਆ। ਆਜ਼ਾਦੀ ਦੀ ਲੜਾਈ ਦੇ ਇਤਿਹਾਸ ਦੇ ਪ੍ਰਸਿੱਧ ਖੋਜੀ ਸਵਰਗੀ ਗਿਆਨੀ ਕੇਸਰ ਸਿੰਘ ਨੇ ਆਪਣੇ ਨਿੱਜੀ ਯਤਨਾਂ ਸਦਕਾ 1958 ਈ. ਨੂੰ ਇਸ ਸਰਕਾਰੀ ਗੁਪਤ ਰਿਕਾਰਡ, ਜਿਸ ਨੂੰ ਹਾਲੇ ਜਨਤਕ ਹੋਣ ਲਈ ਸਾਲ ਕੁ ਦਾ ਸਮਾਂ ਬਾਕੀ ਰਹਿੰਦਾ ਸੀ, ਤਕ ਰਸਾਈ ਹਾਸਲ ਕਰਕੇ ਉਸ ਦੇ ਸੰਖੇਪ ਨੋਟਿਸ ਲਏ ਅਤੇ ਸ. ਮਲਵਿੰਦਰਜੀਤ ਸਿੰਘ ਵੜੈਚ ਐਡਵੋਕੇਟ ਪੰਜਾਬ ਤੇ ਹਰਿਆਣਾ ਹਾਈਕੋਰਟ, ਕੁਲਦੀਪ ਪੁਰੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੋਵੇਂ ਇਤਿਹਾਸ ਦੇ ਖੋਜੀਆਂ ਨੂੰ ਇਨ੍ਹਾਂ ਨੋਟਿਸਾਂ ਦੇ ਆਧਾਰ 'ਤੇ ਖੋਜ ਪੱਤਰ ਲਿਖਣ ਲਈ ਉਤਸ਼ਾਹਿਤ ਕੀਤਾ। ਇਹੋ ਖੋਜ ਅੱਜ ਜਾਣਕਾਰੀ ਟਰਾਇਲ ਆਫ ਮਦਨ ਲਾਲ ਢੀਂਗਰਾ (The Trial of Madan Lal Dhingra) ਕਿਤਾਬ ਦੀ ਸ਼ਕਲ ਵਿਚ ਇਤਿਹਾਸ ਦੇ ਖੋਜੀਆਂ ਲਈ ਉਪਲਬਧ ਹੈ। ਅਦਾਲਤੀ ਕੇਸ ਦੀਆਂ ਪਰਤ-ਦਰ-ਪਰਤ ਤੈਹਾਂ ਖੋਲ੍ਹਦੀ ਹੈ ਅਤੇ ਅੰਗਰੇਜ਼ ਸਰਕਾਰ ਜੋ ਮਨੁੱਖੀ ਅਧਿਕਾਰਾਂ ਦੀ ਰੱਖਿਆ ਦੀਆਂ ਡੀਂਗਾਂ ਮਾਰਦੀ ਨਹੀਂ ਥਕਦੀ, ਦੀ ਆਪਣੀ ਨਿਆਂਇਕ ਪ੍ਰਣਾਲੀ ਅੰਦਰੋਂ ਕਿੰਨੀ ਖੋਖਲੀ ਹੈ, ਦਾ ਪਰਦਾ ਫਾਸ਼ ਕਰਦੀ ਹੈ।

ਮਦਨ ਲਾਲ ਢੀਂਗਰਾ ਦਾ ਜਨਮ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਚ ਮੁਹੱਲਾ ਕਟੜਾ ਸ਼ੇਰ ਸਿੰਘ ਵਿਖੇ 1883 ਵਿਚ ਸਾਹਿਬ ਦਿੱਤਾ ਮਲ ਦੇ ਘਰ ਹੋਇਆ। ਉਨ੍ਹਾਂ ਦੇ ਪਿਤਾ ਕੱਟੜ ਅੰਗਰੇਜ਼ ਭਗਤ ਵਪਾਰੀ ਸਨ। ਉਸ ਦੇ ਹੋਰ ਪੰਜ ਭਰਾ ਵੀ ਅੰਗਰੇਜ਼ਾਂ ਦੀ ਤਾਬਿਆਦਾਰੀ ਕਰਨ ਵਿਚ ਫਖ਼ਰ ਮਹਿਸੂਸ ਕਰਦੇ ਸਨ। ਕੁੰਦਨ ਲਾਲ ਢੀਂਗਰਾ ਲੰਡਨ ਵਿਚ ਵਪਾਰੀ, ਮੋਹਣ ਲਾਲ ਢੀਂਗਰਾ ਹੈਲਥ ਅਫਸਰ ਅੰਮ੍ਰਿਤਸਰ, ਚਮਨ ਲਾਲ ਢੀਂਗਰਾ ਅੰਮ੍ਰਿਤਸਰ ਵਕਾਲਤ ਕਰਦੇ ਸਨ, ਬਿਹਾਰੀ ਲਾਲ ਢੀਂਗਰਾ ਚੀਫ ਮੈਡੀਕਲ ਅਫਸਰ ਜੀਂਦ, ਹਰਭਜਨ ਲਾਲ ਢੀਂਗਰਾ ਲੰਡਨ ਵਿਦਿਆਰਥੀ ਸਨ।

ਮਦਨ ਲਾਲ ਢੀਂਗਰਾ ਨੇ ਦਸਵੀਂ ਪਾਸ ਕਰਨ ਤੋਂ ਬਾਅਦ ਮਿਊਂਸਿਪਲ ਕਾਲਜ ਅੰਮ੍ਰਿਤਸਰ ਤੋਂ ਐਫ.ਏ. ਪਾਸ ਕੀਤੀ ਅਤੇ ਗੌਰਮਿੰਟ ਕਾਲਜ ਲਾਹੌਰ ਦਾਖਲਾ ਲੈ ਲਿਆ। ਕਾਲਜ ਬੀ.ਏ. ਕਰਨ ਤੋਂ ਪਹਿਲੋਂ ਹੀ ਛੱਡ ਦਿੱਤਾ। ਉਸ ਦੀ ਕਿਸੇ ਕੰਮ ਵਿਚ ਖਾਸ ਦਿਲਚਸਪੀ ਨਹੀਂ ਸੀ। ਦੋ ਛੋਟੀਆਂ-ਮੋਟੀਆਂ ਨੌਕਰੀਆਂ ਵਿਚੇ ਛੱਡ ਕੇ ਪਿਤਾ ਦੀ ਪ੍ਰੇਰਨਾ ਨਾਲ ਜੁਲਾਈ 1906 ਵਿਚ ਇੰਜੀਨੀਅਰਿੰਗ ਕਰਨ ਲਈ ਲੰਡਨ ਪਹੁੰਚ ਗਏ। ਅਕਤੂਬਰ 1906 ਵਿਚ ਯੂਨੀਵਰਸਿਟੀ ਲੰਡਨ ਕਾਲਜ 'ਚ ਇੰਜੀਨੀਅਰਿੰਗ ਵਿਚ ਦਾਖ਼ਲਾ ਮਿਲ ਗਿਆ। ਜੂਨ 1909 ਤੱਕ ਮਦਨ ਲਾਲ ਢੀਂਗਰਾ ਇਸੇ ਕਾਲਜ ਵਿਚ ਰਹੇ।

ਵੀਹਵੀਂ ਸਦੀ ਦੇ ਆਰੰਭ ਵਿਚ ਅੰਗਰੇਜ਼ ਭਾਰਤ ਵਿਚ ਆਪਣਾ ਬਸਤੀਵਾਦੀ ਰਾਜਤੰਤਰ ਸਖ਼ਤੀ ਨਾਲ ਮਜ਼ਬੂਤ ਕਰਨ ਵਿਚ ਰੁੱਝੇ ਹੋਏ ਸਨ। ਕਿਸਾਨੀ ਸ਼ਾਹੂਕਾਰ ਦੇ ਕਰਜ਼ੇ ਹੇਠ ਦੱਬੀ ਹੋਈ ਸੀ, ਮਜ਼ਦੂਰ ਮੰਦੜੇ ਹਾਲ ਸੀ, ਨੌਜਵਾਨ ਕਿੱਤੇ ਦੀ ਅਣਹੋਂਦ ਦਾ ਸ਼ਿਕਾਰ ਸਨ, ਭਾਰਤ ਆਰਥਿਕ ਮੰਦਵਾੜੇ ਦੀ ਮਾਰ ਵਿਚ ਜਕੜਿਆ ਹੋਇਆ ਸੀ, ਜਿਸ ਵਿਚੋਂ ਨਿਕਲਣ ਦਾ ਰਾਹ ਦਿਖਾਈ ਨਹੀਂ ਦਿੰਦਾ ਸੀ। ਅੰਗਰੇਜ਼ ਭਾਰਤ ਦੇ ਆਰਥਿਕ ਵਸੀਲੇ ਤੇ ਕਿਰਤ ਦਾ ਆਖਰੀ ਤੁਪਕਾ ਵੀ ਨਿਚੋੜਨ ਦੇ ਆਹਰ ਵਿਚ ਸਨ ਅਤੇ ਭਾਰਤ ਨੂੰ ਉਨਤ ਕਰਨ ਤੇ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਦਾ ਮਨ ਲੁਭਾਉਣਾ ਝੂਠਾ ਪ੍ਰਚਾਰ ਕਰ ਰਹੇ ਸਨ। ਭਾਰਤ ਦੇ ਆਰਥਿਕ ਤੌਰ 'ਤੇ ਸਮਰਥ ਲੋਕ ਅਤੇ ਵੱਡੇ ਵਪਾਰੀ ਆਪਣੇ ਬੱਚਿਆਂ ਨੂੰ ਉੱਚ ਵਿੱਦਿਆ ਲਈ ਇੰਗਲੈਂਡ ਭੇਜ ਰਹੇ ਸਨ ਤਾਂ ਜੋ ਪ੍ਰਸ਼ਾਸਨਿਕ ਉਚ ਅਹੁਦਿਆਂ 'ਤੇ ਲੱਗ ਸਕਣ। ਵੱਡੇ ਵਪਾਰੀ ਅੰਗਰੇਜ਼ਾਂ ਨਾਲ ਯਾਰੀਆਂ ਜੋਟੀਆਂ ਪਾ ਕੇ ਵਪਾਰ ਵਿਚ ਖੁੱਲ੍ਹ ਹਾਸਲ ਕਰਨ ਹਿੱਤ ਅੰਗਰੇਜ਼ਾਂ ਦੀ ਚਾਪਲੂਸੀ ਤੇ ਬੂਟ-ਚੱਟ ਦਾ ਕੰਮ ਕਰ ਰਹੇ ਸਨ। ਆਮ ਲੋਕ, ਜਿਧਰ ਵੀ ਕਿਸੇ ਨੂੰ ਰਾਹ ਦਿਖਾਈ ਦਿੱਤਾ, ਅਮਰੀਕਾ, ਕੈਨੇਡਾ, ਮਲਾਇਆ, ਚੀਨ, ਦੱਖਣੀ ਅਮਰੀਕਾ ਆਦਿ ਦੇਸ਼ਾਂ ਵਿਚ ਪਰਵਾਸ ਕਰਨ ਲਈ ਮਜ਼ਬੂਰ ਹੋ ਗਏ। ਕੁਝ ਭਾਰਤੀਆਂ ਨੇ ਗੁਲਾਮੀ ਨੂੰ ਸਭ ਦੁਖਾਂ ਦੀ ਮਾਂ ਸਮਝਦਿਆਂ ਆਜ਼ਾਦੀ ਦੀ ਪ੍ਰਾਪਤੀ ਲਈ ਜਥੇਬੰਦਕ ਉਪਰਾਲੇ ਕਰਨੇ ਆਰੰਭ ਕਰ ਦਿੱਤੇ। ਕੁਝ ਇਨਕਲਾਬੀ ਨੌਜਵਾਨ ਗੁਲਾਮੀ ਦੇ ਦੁੱਖੜੇ ਨਾ ਸਹਾਰਦੇ ਹੋਏ ਜੋਰਾਵਰ ਅੰਗਰੇਜ਼ੀ ਸਾਮਰਾਜ ਨਾਲ ਇਕੱਲੇ ਇਕਹਿਰੇ ਟੱਕਰ ਲੈ ਕੇ ਹੀ ਸ਼ਹੀਦੀਆਂ ਪਾ ਗਏ।

ਸ਼ਾਮ ਜੀ. ਕ੍ਰਿਸ਼ਨ ਵਰਮਾ ਜੀ ਨੇ ਦੇਸ਼ ਦੀ ਆਜ਼ਾਦੀ ਲਈ 1905 ਨੂੰ ਹੋਮ ਰੂਲ ਸੁਸਾਇਟੀ ਦੀ ਸਥਾਪਨਾ ਕੀਤੀ। 65 ਕਰੌਮ ਵੈਲ ਐਵੀਨਿਊ ਹਾਈ ਗੇਟ ਲੰਡਨ ਇਕ ਮਕਾਨ ਕਿਰਾਏ 'ਤੇ ਲੈ ਕੇ ਇੰਡੀਆ ਹਾਊਸ ਨਾਂ ਦਾ ਕੇਂਦਰ ਸਥਾਪਤ ਕੀਤਾ, ਜੋ ਨੌਜਵਾਨ ਵਿਦਿਆਰਥੀਆਂ ਲਈ ਠਾਹਰ ਸੀ। ਸ਼ਿਵਾ ਜੀ ਤੇ ਗੁਰੂ ਗੋਬਿੰਦ ਸਿੰਘ ਨਾਂ ਦੇ ਵਜ਼ੀਫੇ ਜਾਰੀ ਕਰਕੇ ਭਾਰਤ ਤੋਂ ਵਿਦਿਆਰਥੀ



ਮਦਨ ਲਾਲ ਢੀਂਗਰਾ

ਮੰਗਵਾਉਣ ਦਾ ਪ੍ਰਬੰਧ ਕੀਤਾ, ਜੋ ਦੇਸ਼ ਦੀ ਆਜ਼ਾਦੀ ਨੂੰ ਸਮਰਪਤ ਹੋਣ। ਮਦਨ ਲਾਲ ਢੀਂਗਰਾ ਨੇ ਲੰਡਨ ਪਹੁੰਚਦਿਆਂ ਹੀ ਇੰਡੀਆ ਹਾਊਸ ਦੇ ਬੋਰਡਿੰਗ ਵਿਚ ਟਿਕਾਣਾ ਕਰ ਲਿਆ ਅਤੇ ਵੀਰ ਸਾਵਰਕਰ ਵਲੋਂ ਬਣਾਈ ਫਰੀ ਇੰਡੀਆ ਸੁਸਾਇਟੀ ਦਾ ਗੁਪਤ ਮੈਂਬਰ ਬਣ ਗਿਆ। ਇਥੋਂ ਹੀ ਉਨ੍ਹਾਂ ਦੇ ਇਨਕਲਾਬੀ ਜੀਵਨ ਦਾ ਆਰੰਭ ਹੁੰਦਾ ਹੈ।

ਅੰਗਰੇਜ਼ਾਂ ਨੇ ਵੀ ਆਪਣੇ ਕੁਝ ਕੁ ਚਾਟੜਿਆਂ ਨੂੰ ਇਕੱਠੇ ਕਰਕੇ ਨੈਸ਼ਨਲ ਇੰਡੀਅਨ ਐਸੋਸੀਏਸ਼ਨ ਨਾਂ ਦੀ ਜਥੇਬੰਦੀ ਖੜ੍ਹੀ ਕਰ ਲਈ। ਹੁਣ ਟਕਰਾਅ ਆਪਣੀਆਂ ਸਿਖਰਾਂ ਛੋਹਣ ਵਲ ਵਧ ਰਿਹਾ ਸੀ। ਜਥੇਬੰਦੀ ਨੇ ਡੇਲੀ ਟੈਲੀਗ੍ਰਾਫ ਵਿਚ ਛਪੀ ਇਕ ਖਬਰ ਵਿਚ 1857 ਗਦਰ ਦੇ ਆਗੂਆਂ-ਰਾਣੀ ਝਾਂਸੀ ਲਕਸ਼ਮੀ ਬਾਈ, ਨਾਨਾ ਸਾਹਿਬ ਅਤੇ ਤਾਂਤੀਆ ਟੋਪੇ ਨੂੰ ਕਾਤਲ, ਗੁੰਡੇ ਤੇ ਮਨੁੱਖਤਾ ਵਿਰੋਧੀ ਗਰਦਾਨਿਆ ਅਤੇ ਅੰਗਰੇਜ਼ਾਂ ਦੇ ਮੁੜ ਕਬਜ਼ਾ ਹੋਣ ਨੂੰ ਸ਼ੁਭ ਸ਼ਗਨ ਲਿਖਿਆ।

ਵਿਰੋਧ ਵਿਚ 10 ਮਈ ਨੂੰ ਇੰਡੀਆ ਹਾਊਸ ਵਿਚ ਭਰਵੀਂ ਸ਼ਾਨਦਾਰ ਮੀਟਿੰਗ ਕਰਕੇ ਵੀਰ ਸਾਵਰਕਰ ਆਦਿ ਆਗੂਆਂ ਨੇ 1857 ਦੇ ਗਦਰ ਦੇ ਸੂਰਮਿਆਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ, ਉਨ੍ਹਾਂ ਦੀਆਂ ਫੋਟੋਆਂ 'ਤੇ ਫੁੱਲਾਂ ਦੇ ਹਾਰ ਪਾਏ। ਮੀਟਿੰਗ ਦੇ ਅੰਤ ਵੇਲੇ ਲੰਗਰ ਵਰਤਾਇਆ ਗਿਆ। ਦੂਜੇ ਦਿਨ ਵਿਦਿਆਰਥੀ ਕਾਲੇ ਬਿੱਲੇ ਲਾ ਕੇ ਜਮਾਤਾਂ ਦੇ ਕਮਰਿਆਂ ਵਿਚ ਗਏ। ਪ੍ਰਬੰਧਕਾਂ ਦੇ ਰੋਕਣ 'ਤੇ ਇਨ੍ਹਾਂ ਪਰਵਾਸੀ ਵਿਦਿਆਰਥੀਆਂ ਨੇ ਪੜ੍ਹਾਈ ਵਿਚੇ ਛੱਡ ਕੇ ਕੌਮੀ ਮੁਕਤੀ ਘੋਲ ਵਿਚ ਸ਼ਾਮਲ ਹੋਣ ਦਾ ਫੈਸਲਾ ਕਰ ਲਿਆ।

ਕਰਜ਼ਨ ਵਾਇਲੀ ਕੌਣ ਸੀ? 1879 ਈ. ਫੌਜ ਵਿਚ ਲੈਫਟੀਨੈਂਟ ਭਰਤੀ ਹੋਇਆ। ਉਹ ਭਾਰਤ ਦੇ ਰਾਜਸੀ ਵਿਭਾਗ ਵਿਚ ਰਿਹਾ ਅਤੇ ਦੂਜੀ ਅਫਗਾਨ ਲੜਾਈ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ। ਮਦਰਾਸ ਗਵਰਨਰ ਦਾ ਮਿਲਟਰੀ ਸਕੱਤਰ, ਹੈਦਰਾਬਾਦ ਅੰਗਰੇਜ਼ ਸਰਕਾਰ ਦੇ ਗੁਪਤ ਮਿਸ਼ਨ 'ਤੇ ਗਿਆ, ਰੈਜ਼ੀਡੈਂਟ ਨਿਪਾਲ ਰਿਹਾ ਅਤੇ 1901 ਤੋਂ ਸੈਕਟਰੀ ਆਫ ਦੀ ਸਟੇਟਸ ਦੇ ਮੁੱਖ ਸਲਾਹਕਾਰ ਦੇ ਅਹੁਦੇ 'ਤੇ ਕੰਮ ਕਰਦਿਆਂ ਭਾਰਤੀਆਂ ਨੂੰ ਤੰਗ ਪ੍ਰੇਸ਼ਾਨ ਕਰਕੇ ਅੰਗਰੇਜ਼ ਦੇ ਝੋਲੀ ਚੁੱਕ ਬਣਾਉਣ ਦਾ ਮਾਹਿਰ ਹੋਣ ਕਰਕੇ ਸ਼ਾਮ ਜੀ. ਕ੍ਰਿਸ਼ਨ ਵਰਮਾ ਅਤੇ ਸਾਵਰਕਰ ਜਿਹੇ ਕੌਮੀ ਆਗੂਆਂ ਦੀ ਅੱਖਾਂ ਵਿਚ ਰੜਕਦਾ ਰਿਹਾ। ਮਦਨ ਲਾਲ ਢੀਂਗਰਾ ਇਸ ਨੂੰ ਦਿਲੋਂ ਨਫਰਤ ਕਰਦਾ ਸੀ। ਉਂਜ ਢੀਂਗਰਾ ਪਰਿਵਾਰ ਨਾਲ ਕਰਜ਼ਨ ਵਾਇਲੀ ਦੇ ਨੇੜੇ ਦੇ ਸਬੰਧ ਸਨ। ਇਸ ਰਾਹੀਂ ਹੀ ਵਪਾਰਕ ਰਿਆਇਤਾਂ ਭੋਗਦੇ ਸਨ। ਮਦਨ ਲਾਲ ਢੀਂਗਰੇ ਦੇ ਇੰਗਲੈਂਡ ਆਉਣ ਸਮੇਂ ਉਸ ਦੇ ਭਰਾ ਨੇ ਕਰਜ਼ਨ ਵਾਇਲੀ ਨੂੰ ਇਸ ਦੀ ਬਣਦੀ ਸਹਾਇਤਾ ਕਰਨ ਦੀ ਚਿੱਠੀ ਲਿਖੀ ਸੀ, ਜਿਸ ਦੇ ਉਤਰ ਵਿਚ ਕਰਜ਼ਨ ਵਾਇਲੀ ਨੇ ਮਿਲਣ ਲਈ ਚਿੱਠੀ ਲਿਖੀ ਸੀ ਪਰ ਮਦਨ ਲਾਲ ਢੀਂਗਰੇ ਨੇ ਨਾ ਤਾਂ ਕਰਜ਼ਨ ਵਾਇਲੀ ਨੂੰ ਮਿਲਣ ਦਾ ਯਤਨ ਕੀਤਾ, ਨਾ ਹੀ ਕੋਈ ਲਿਖਾ-ਪੜ੍ਹੀ ਕੀਤੀ। ਮਦਨ ਲਾਲ ਢੀਂਗਰੇ ਦੇ ਮਨ ਵਿਚ ਕਰਜ਼ਨ ਵਾਇਲੀ ਲਈ ਨਫਰਤ ਡੂੰਘਾ ਘਰ ਕਰ ਚੁੱਕੀ ਸੀ। ਉਸੇ ਨੇ ਉਸ ਨੂੰ ਪਾਰ ਬੁਲਾਉਣ ਦਾ ਨਿਸ਼ਚਾ ਕਰ ਲਿਆ ਅਤੇ ਨਿਸ਼ਾਨੇ ਤੋਂ ਦੂਰੀ ਤੇ ਨਿਸ਼ਾਨੇ ਨੂੰ ਫੁੰਡਣ ਦਾ ਅਭਿਆਸ ਕਰਨਾ ਆਰੰਭ ਕਰ ਦਿੱਤਾ।

ਪਹਿਲੀ ਜੁਲਾਈ 1909 ਨੂੰ ਮਦਨ ਲਾਲ ਢੀਂਗਰਾ ਆਪਣੇ ਦੋ ਪਿਸਤੌਲ, ਜੋ ਪੂਰੇ ਭਰੇ ਹੋਏ ਸਨ ਅਤੇ ਹੋਰ 19 ਗੋਲੀਆਂ ਤੇ ਇਕ ਛੁਰੇ ਸਮੇਤ ਇੰਪੀਰੀਅਲ ਇੰਸਟੀਚਿਊਟ ਦੇ ਜਹਾਂਗੀਰ ਹਾਲ ਵਿਚ ਦਾਖ਼ਲ ਹੋਇਆ। ਵੱਡੇ ਮੀਟਿੰਗ ਹਾਲ ਵਾਲੇ ਪਾਸਿਓਂ ਕਰਜ਼ਨ ਵਾਇਲੀ ਡਾ. ਲਾਲ ਜੀ ਕਾਕਾ ਨਾਲ ਜਿਉਂ ਹੀ ਦਾਖ਼ਲ ਹੋਇਆ ਮਦਨ ਲਾਲ ਢੀਂਗਰੇ ਨੇ ਆਪਣੇ ਪਿਸਤੌਲ ਨਾਲ ਪੰਜ ਗੋਲੀਆਂ ਦਾਗ ਦਿੱਤੀਆਂ। ਕਰਜ਼ਨ ਵਾਇਲੀ ਉਥੇ ਹੀ ਢੇਰੀ ਹੋ ਗਿਆ। ਡਾ. ਲਾਲ ਜੀ ਕਾਕਾ ਉਸ ਵਲ ਲਪਕਿਆ, ਮਦਨ ਲਾਲ ਢੀਂਗਰੇ ਨੇ ਇਕ ਹੋਰ ਗੋਲੀ ਮਾਰੀ, ਜੋ ਉਸ ਦੇ ਸਿਰ ਨੂੰ ਚੀਰਦੀ ਹੋਈ ਪਾਰ ਹੋ ਗਈ। ਉਹ ਹਸਪਤਾਲ ਪਹੁੰਚਣ ਤੋਂ ਪਹਿਲੋਂ ਹੀ ਦਮ ਤੋੜ ਗਿਆ। ਹਾਲ ਵਿਚ ਹਫੜਾ ਦਫੜੀ ਮੱਚ ਗਈ। ਲੈਜ਼ਲੇ ਪ੍ਰੋਲੀਅਮ ਅਤੇ ਡਬਲਯੂ. ਯੌਰਨ ਨੇ ਮਦਨ ਲਾਲ ਢੀਂਗਰੇ ਨੂੰ ਪਿਛੋਂ ਜੱਫਾ ਮਾਰ ਲਿਆ, ਜਦ ਤੱਕ ਪੁਲਿਸ ਪਹੁੰਚ ਚੁੱਕੀ ਸੀ। ਮੁਢਲੀ ਪੁੱਛਗਿੱਛ ਵਿਚ ਢੀਂਗਰੇ ਨੇ ਵਾਇਲੀ ਨੂੰ ਜਾਨੋਂ ਮਾਰਨਾ ਕਬੂਲ ਕਰ ਲਿਆ।

ਉਨ੍ਹਾਂ ਕਿਹਾ, "ਇਹ ਤਾਂ ਮੇਰੇ ਦੇਸ਼ ਦਾ ਦੁਸ਼ਮਣ ਸੀ, ਪਰ ਲਾਲ ਜੀ ਕਾਕਾ ਤਾਂ ਸਬੱਬੀਂ ਸਵੈ-ਰੱਖਿਆ ਕਰਦਿਆਂ ਵਿਚਕਾਰ ਆ ਗਿਆ, ਮੈਂ ਇਸ ਕਤਲ ਦਾ ਦੋਸ਼ੀ ਨਹੀਂ ਹਾਂ।" ਜਾਮਾ ਤਲਾਸ਼ੀ ਵਿਚ ਦੋ ਪਿਸਤੌਲ, ਅਣਚਲੀਆਂ ਗੋਲੀਆਂ, ਇਕ ਛੁਰਾ ਅਤੇ ਇਕ ਲਿਫਾਫੇ ਵਿਚ ਢੀਂਗਰਾ ਵਲੋਂ ਅਗਾਊਂ ਹੱਥ ਲਿਖਿਆ ਬਿਆਨ ਪੁਲਿਸ ਦੇ ਹੱਥ ਲਗਾ। ਮਿਸਿਜ਼ ਹੌਰਿਸ ਦੇ ਘਰੋਂ ਜਿਥੇ ਢੀਂਗਰਾ ਕਮਰਾ ਕਿਰਾਏ 'ਤੇ ਲੈ ਕੇ ਰਹਿੰਦਾ ਸੀ, ਸਾਮਾਨ ਦੀ ਫੋਲਾ-ਫਰਾਲੀ ਕਰਦਿਆਂ ਇਕ ਹੋਰ ਲਿਖਤੀ ਬਿਆਨ ਪੁਲਿਸ ਨੂੰ ਮਿਲਿਆ। ਇਕ ਬਿਆਨ ਬਰੈਲੀ ਕੋਰਟ ਦੇ ਚੀਫ ਜਸਟਿਸ ਲੌਰਡ ਐਲਵਰਸਟੋਨ ਦੇ ਸਾਹਮਣੇ ਦਿੱਤਾ ਗਿਆ। ਇਹ ਤਿੰਨੇ ਬਿਆਨ ਥੋੜ੍ਹੇ ਜਿਹੇ ਫਰਕ ਨਾਲ ਵਿਸ਼ਾ ਵਸਤੂ ਪੱਖੋਂ ਇਕੋ ਤਰ੍ਹਾਂ ਦੇ ਹਨ।

ਬਿਆਨ ਵਿਚ ਉਸ ਨੇ ਲਿਖਿਆ ਸੀ, "ਮੈਂ ਕਰਜ਼ਨ ਵਾਇਲੀ ਦਾ ਕਤਲ ਜਾਣ-ਬੁਝ ਕੇ ਇਸ ਲਈ ਕੀਤਾ, ਕਿਉਂਕਿ ਮੇਰੇ ਦੇਸ਼ ਦੇ ਨੌਜਵਾਨਾਂ ਦਾ ਜ਼ਰਾ ਜ਼ਰਾ ਜਿਹੀ ਗੱਲ 'ਤੇ ਖੂਨ ਵਹਾਇਆ ਜਾਂਦਾ ਹੈ। ਇਸ ਕਤਲ ਲਈ ਮੈਂ ਕਿਸੇ ਨਾਲ ਸਲਾਹ ਨਹੀਂ ਕੀਤੀ। ਇਹ ਮੇਰੀ ਅੰਤਰ-ਆਤਮਾ ਦੀ ਆਵਾਜ਼ ਸੀ ਤੇ ਮੇਰਾ ਫਰਜ਼ ਸੀ। ਮੇਰੇ ਦੇਸ਼ ਨੂੰ ਧੱਕੇ ਨਾਲ ਹਥਿਆਰਾਂ ਦੇ ਜ਼ੋਰ ਨਾਲ ਗੁਲਾਮ ਬਣਾਇਆ ਗਿਆ ਹੈ। ਹਥਿਆਰ ਨਾਲ ਦੁਸ਼ਮਣ ਨਾਲ ਲੜਨਾ ਜਾਇਜ਼ ਹੈ। ਇਕ ਸੱਚਾ ਹਿੰਦੂ ਹੋਣ ਦੇ ਨਾਤੇ ਮੈਂ ਗੁਲਾਮੀ ਨੂੰ ਲਾਹਣਤ ਸਮਝਦਾ ਹਾਂ, ਜੋ ਪਰਮਾਤਮਾ ਦੀ ਹੇਠੀ ਹੈ। ਮੇਰਾ ਮਕਸਦ ਆਪਣੇ ਦੇਸ਼ ਦੀ ਆਜ਼ਾਦੀ ਹੈ, ਜੋ ਭਗਵਾਨ ਕ੍ਰਿਸ਼ਨ ਦੀ ਸੇਵਾ ਹੈ। ਮੈਂ ਨਾ ਤਾਂ ਬਹੁਤ ਅਕਲਮੰਦ ਹਾਂ, ਨਾ ਹੀ ਅਮੀਰ, ਮੈਂ ਤਾਂ ਕੇਵਲ ਆਪਣਾ ਖੂਨ ਹੀ ਭਾਰਤ ਮਾਂ ਦੇ ਚਰਨਾਂ ਵਿਚ ਭੇਟ ਕਰ ਸਕਦਾ ਹਾਂ। ਮੈਨੂੰ ਆਪਣੀ ਸ਼ਹੀਦੀ 'ਤੇ ਮਾਣ ਹੈ। ਮੇਰੀ ਸ਼ਹਾਦਤ ਦੇਸ਼ ਵਾਸੀਆਂ ਲਈ ਇਕ ਮਿਸਾਲ ਹੋਵੇਗੀ ਕਿ ਕਿਵੇਂ ਸ਼ਹੀਦੀ ਪਾਈਦੀ ਹੈ ਅਤੇ ਦੇਸ਼ ਨੂੰ ਆਜ਼ਾਦ ਕਰਵਾ ਕੇ ਵਿਦੇਸ਼ੀ ਲੁੱਟ ਤੋਂ ਬਚਾਇਆ ਜਾ ਸਕਦਾ ਹੈ।"

ਛੇ ਚਸ਼ਮਦੀਦ ਗਵਾਹਾਂ ਦੇ ਬਿਆਨ ਕਲਮਬੰਦ ਕਰਨ ਪਿੱਛੋਂ ਫੈਸਲੇ ਦੀ ਘੜੀ ਆਈ, ਕੋਰਟ ਕਲਰਕ ਨੇ ਕਿਹਾ, "ਢੀਂਗਰਾ ਕੁਝ ਕਹਿਣਾ ਚਾਹੋਗੇ?" ਅੱਗੋਂ ਉਸ ਨੇ ਕਿਹਾ, "ਠੀਕ ਹੈ ਤੁਸੀਂ ਸਵਾਲ ਕੀਤਾ ਹੈ, ਮੈਂ ਕਈ ਵਾਰੀ ਕਿਹਾ ਹੈ ਮੈਂ ਇਸ ਅਦਾਲਤ ਤੇ ਇੰਗਲੈਂਡ ਦੇ ਕਾਨੂੰਨ ਨੂੰ ਨਹੀਂ ਮੰਨਦਾ। ਤੁਸੀਂ ਮੈਨੂੰ ਮੌਤ ਦੀ ਸਜ਼ਾ ਦਿਉਗੇ ਮੈਨੂੰ ਪ੍ਰਵਾਹ ਨਹੀਂ। ਯਾਦ ਰੱਖੋ ਅਸੀਂ ਭਾਰਤੀ ਇਕ ਦਿਨ ਐਨੇ ਸ਼ਕਤੀਸ਼ਾਲੀ ਹੋਵਾਂਗੇ ਕਿ ਅਸੀਂ ਜੋ ਚਾਹਾਂਗੇ ਕਰਾਂਗੇ ਅਤੇ ਗੁਲਾਮ ਨਹੀਂ ਹੋਵਾਂਗੇ।"

ਚੀਫ ਜਸਟਿਸ ਨੇ ਕਿਹਾ, "ਕਾਨੂੰਨ ਮੈਨੂੰ ਅਜਿਹੇ ਕੇਸ ਵਿਚ ਮੌਤ ਦੀ ਸਜ਼ਾ ਪਾਸ ਕਰਨ ਨੂੰ ਕਹਿੰਦਾ ਹੈ।" ਢੀਂਗਰੇ ਨੇ ਹੱਥ ਉਚਾ ਕਰਕੇ ਸਲੂਟ ਮਾਰਿਆ ਤੇ ਕਿਹਾ, "ਧੰਨਵਾਦ ਸ੍ਰੀਮਾਨ ਜੀ ਮੈਂ ਪ੍ਰਵਾਹ ਨਹੀਂ ਕਰਦਾ। ਮੈਨੂੰ ਆਪਣੇ ਦੇਸ਼ ਲਈ ਜਾਨ ਵਾਰਨ 'ਤੇ ਫਖ਼ਰ ਹੈ। ਬੰਦੇ ਮਾਤਰਮ।"

ਦੁਨੀਆਂ ਭਰ ਦੇ ਖਾਸ ਤੌਰ 'ਤੇ ਇੰਗਲੈਂਡ ਦੇ ਅਖਬਾਰਾਂ ਨੇ ਅਦਾਲਤੀ ਕਾਰਵਾਈ ਦੇ ਜਿੰਨੇ ਕੁ ਵੀ ਹਿੱਸੇ ਸਰਕਾਰ ਨੇ ਉਪਲਬੱਧ ਕਰਵਾਏ, ਪ੍ਰਕਾਸ਼ਤ ਕੀਤੇ। ਇਸ ਬਾਰੇ ਇਥੇ ਕੁਝ ਕੁ ਰਾਜਸੀ ਸੰਗਠਨ ਤੇ ਢੀਂਗਰੇ ਦੇ ਪਰਿਵਾਰ ਦੇ ਪ੍ਰਤੀਕਰਮ ਲਿਖਣੇ ਜ਼ਰੂਰੀ ਬਣਦੇ ਹਨ।

ਵਖ-ਵੱਖ ਦੇਸ਼ਾਂ ਦੇ ਕ੍ਰਾਂਤੀਕਾਰੀਆਂ ਨੇ ਆਪਣੇ ਗਮ ਤੇ ਗੁੱਸੇ ਦਾ ਪ੍ਰਗਟਾਵਾ ਕਰਦਿਆਂ ਮਦਨ ਲਾਲ ਢੀਂਗਰਾ ਨੂੰ ਮਹਾਨ ਸ਼ਹੀਦ ਕਿਹਾ ਤੇ ਸ਼ਰਧਾਂਜਲੀ ਭੇਂਟ ਕੀਤੀ। ਆਪਣੇ ਆਪ ਨੂੰ ਨੈਸ਼ਲਿਸਟ ਅਖਵਾਉਣ ਵਾਲੇ ਭਾਰਤੀ ਆਗੂਆਂ ਦਾ ਪ੍ਰਤੀਕਰਮ ਸੀ, "ਅੰਗਰੇਜ਼ ਸੰਭਲ ਜਾਣ ਅਤੇ ਅਨੁਮਾਨ ਲਾ ਲੈਣ ਕਿ ਭਾਰਤੀ ਇਨਕਲਾਬੀਆਂ ਦਾ ਖੂਨ ਕਿੰਨਾ ਕੁ ਖੌਲਦਾ ਹੈ।" ਇਹ ਸੀ ਦਾਦਾ ਭਾਈ ਨਾਰੋਜੀ। ਲੰਡਨ ਵਿਖੇ ਸਾਮਰਾਜ ਪਿੱਠੂ ਨੈਸ਼ਲਿਸਟ ਇੰਡੀਅਨ ਸੁਸਾਇਟੀ ਨੇ ਵਿਪਨ ਚੰਦਰ ਪਾਲ ਦੀ ਪ੍ਰਧਾਨਗੀ ਹੇਠ ਜਲਸਾ ਕੀਤਾ। ਜਲਸੇ ਵਿਚ ਢੀਂਗਰੇ ਦੇ ਇਸ ਕੰਮ ਦੀ ਨਿਖੇਧੀ ਵਾਸਤੇ ਇਕ ਮਤਾ ਪੇਸ਼ ਕੀਤਾ। ਵੀਰ ਸਾਵਰਕਰ ਵੀ ਜਲਸੇ ਵਿਚ ਬੈਠਾ ਵਿਚੋ ਵਿਚ ਮਰੋੜੇ ਖਾ ਰਿਹਾ ਸੀ, ਪਰ ਕਰ ਕੁਝ ਨਹੀਂ ਸਕਦਾ ਸੀ। ਪ੍ਰਧਾਨ ਜੀ ਨੇ ਕਿਹਾ "ਕੀ ਇਸ ਮਤੇ ਨੂੰ ਸਰਬਸੰਮਤੀ ਨਾਲ ਪਾਸ ਸਮਝਿਆ ਜਾਵੇ?" ਗਰਜਵੀਂ ਆਵਾਜ਼ ਆਈ ਬਿਲਕੁਲ ਨਹੀਂ। ਉਸੇ ਵੇਲੇ ਇਕ ਅੰਗਰੇਜ਼ ਬੜੇ ਗੁੱਸੇ ਵਿਚ ਉੱਠਿਆ ਵੀਰ ਸਾਵਰਕਰ ਦੇ ਮੁੱਕਾ ਮਾਰਦਿਆਂ ਆਖਿਆ, "ਵੇਖ ਅੰਗਰੇਜ਼ ਦਾ ਮੁੱਕਾ ਕਿਸ ਤਰ੍ਹਾਂ ਵਜਦਾ ਹੈ।" ਉਹ ਹਾਲੇ ਇਹ ਕਹਿ ਹੀ ਰਿਹਾ ਸੀ ਕਿ ਇਕ ਭਾਰਤੀ ਨੇ ਅੰਗਰੇਜ਼ ਦੇ ਸਿਰ ਵਿਚ ਡੰਡਾ ਮਾਰਦਿਆਂ ਕਿਹਾ, "ਵੇਖ ਇਕ ਹਿੰਦੁਸਤਾਨੀ ਦਾ ਡੰਡਾ ਕਿਸ ਤਰ੍ਹਾਂ ਟਿਕਾਣੇ ਬੈਠਦਾ ਹੈ।" ਇਸ ਰੌਲੇ ਰੱਪੇ ਵਿਚ ਕਿਸੇ ਨੇ ਪਟਾਕਾ ਚਲਾ ਦਿੱਤਾ। ਜਲਸਾ ਖਿੰਡ-ਪੁੰਡ ਗਿਆ ਤੇ ਮਤਾ ਪਾਸ ਨਾ ਹੋ ਸਕਿਆ।

ਢੀਂਗਰਾ ਪਰਿਵਾਰ ਦਾ ਪ੍ਰਤੀਕਰਮ ਵੇਖੋ, ਪਿਤਾ ਨੇ ਕਿਹਾ, "ਮੇਰਾ ਪੁੱਤਰ ਸਿਰ ਫਿਰਿਆ ਨੀਮ ਪਾਗਲ ਸੀ। ਮੈਨੂੰ ਉਸ ਦੇ ਕੀਤੇ ਕੰਮ 'ਤੇ ਅਫਸੋਸ ਹੈ।" ਭਰਾ ਭਜਨ ਲਾਲ ਨੇ ਕਿਹਾ, "ਮੇਰਾ ਭਰਾ ਸਨਕੀ ਤੇ ਅਤਿ ਦਰਜੇ ਦਾ ਗੁੱਸੇ ਖੋਰ ਸੀ, ਇਸ ਕੰਮ ਨਾਲ ਸਾਡੀ ਅੰਗਰੇਜ਼ਾਂ ਨਾਲ ਬਣੀ ਬਣਾਈ ਖਤਮ ਹੋ ਗਈ ਹੈ।" ਬਿਹਾਰੀ ਲਾਲ ਨੇ ਤਾਂ ਹੱਦ ਹੀ ਕਰ ਦਿੱਤੀ, "ਆਪਣੇ ਭਰਾ ਨਾਲ ਕਾਫੀ ਸਮੇਂ ਤੋਂ ਮੈਂ ਨਾਤਾ ਤੋੜਿਆ ਹੋਇਆ ਸੀ, ਹੁਣ ਉਸ ਦਾ ਸਾਡੇ ਪਰਿਵਾਰ ਨਾਲ ਕੋਈ ਸਬੰਧ ਨਹੀਂ ਹੈ।" ਇਸ ਟੱਬਰ ਨੇ ਲਾਰਡ ਮਾਰਲੇ ਨੂੰ ਮਿਲ ਕੇ ਮੁਆਫੀ ਵੀ ਮੰਗੀ।

ਕੀ ਵਾਕਈ ਮਦਨ ਲਾਲ ਢੀਂਗਰਾ ਨੀਮ ਪਾਗਲ ਜਾਂ ਸ਼ੁਦਾਈ ਸੀ? ਡਾਕਟਰ ਦੀ ਰਿਪੋਰਟ ਉਸ ਨੂੰ ਦਿਮਾਗੀ ਤੌਰ 'ਤੇ ਤੰਦਰੁਸਤ ਸਿੱਧ ਕਰਦੀ ਹੈ। ਉਹ ਤਾਂ ਦੇਸ਼ ਦਾ ਸੱਚਾ ਆਸ਼ਕ ਸੀ। ਉਸ ਨੇ ਜੋ ਵੀ ਕੀਤਾ, ਪੂਰੇ ਹੋਸ਼ੋ-ਹਵਾਸ ਵਿਚ ਕੀਤਾ ਇਸ ਗੱਲ ਨੂੰ ਉਸ ਦੇ ਬਿਆਨ ਸਿੱਧ ਕਰਦੇ ਹਨ। ਇਸ ਸ਼ਹੀਦੀ ਨੇ ਭਾਰਤੀ ਨੌਜਵਾਨਾਂ ਵਿਚ ਨਵਾਂ ਜੋਸ਼ ਭਰ ਦਿੱਤਾ ਅਤੇ ਕੌਮੀ ਮੁਕਤੀ ਘੋਲ਼ ਦੀਆਂ ਲਹਿਰਾਂ ਨੂੰ ਤਾਕਤ ਪ੍ਰਦਾਨ ਕੀਤੀ।

ਇਕ ਆਗ ਕਾ ਦਰਿਆ ਹੈ
ਔਰ ਡੂਬ ਕੇ ਜਾਨਾਂ ਹੈ।

# ਜ਼ਖ਼ਮੀ ਦਰਿਆ

## ਲੜੀਵਾਰ ਨਾਵਲ

ਭਾਗ - 1

ਕਰਮਜੀਤ ਸਿੰਘ ਕੁੱਸਾ

ਵੱਡੇ ਤੜਕਿਉਂ ਉੱਠ ਕੇ ਅਮੋਲਕ ਨੇ ਵੇਖਿਆ, ਅੰਦਰ ਮੱਧਮ ਜਿਹਾ ਚਾਨਣ ਸੀ। ਅੱਧ-ਖੁੱਲ੍ਹੇ ਬਾਰ ਵਿਚ ਦੀ ਸਫੈਦ ਧੁੰਦ ਦੀ ਅੰਦਰ ਸੁਖਾਵੀਂ ਜਿਹੀ ਮਹਿਕ ਫੈਲੀ ਹੋਈ ਸੀ। ਲਾਗਲਾ ਮੰਜ਼ਾ ਖਾਲੀ ਵੇਖ ਕੇ ਅਮੋਲਕ ਨੇ ਸੋਚਿਆ, ਬਹਾਦਰ ਹੋਰੀਂ ਜੰਗਲ ਪਾਣੀ ਗਏ ਹੋਣਗੇ, ਬਾਹਰ ਵਿਹੜੇ ਵਿਚ ਭਈਆ ਪਸ਼ੂ ਬੰਨ੍ਹਦਾ ਖਿਚੜੀ ਭਾਸ਼ਾ ਵਿਚ ਕਿਲਕਾਂ ਜਿਹੀਆਂ ਮਾਰੀ ਜਾਂਦਾ ਸੀ। ਝੱਟ ਕੁ ਮਗਰੋਂ ਤਖਤੇ ਖੁੱਲ੍ਹੇ ਤੇ ਨਿਰਵੈਰ ਚਾਹ ਦਾ ਡੋਲਣਾ ਫੜੀ ਅੰਦਰ ਆਇਆ, ਉਸ ਮੇਜ਼ ਉਤੇ ਗਲਾਸ ਰੱਖਦਿਆਂ ਖਿੜੀ ਹੋਈ ਅਵਾਜ਼ ਵਿਚ ਆਖਿਆ, "ਉੱਠੋ ਬਈ ਚੋਬਰੋ! ਜਾਣ ਵਾਲੇ ਟਿਕਾਣਿਆਂ 'ਤੇ ਵੀ ਪਹੁੰਚ ਗਏ, ਤੁਸੀਂ ਅਜੇ ਲੰਮੀਆਂ ਤਾਣੀ ਪਏ ਐਂ! ਮਾਰੋਂਗੇ ਸ਼ੇਰ, ਅਖੇ ਉੱਠਿਆ ਮਾਂ ਦਾ ਸ਼ੇਰ, ਸਿਰਾਹਣੇ ਮੂਤ ਕੇ ਪੈ ਗਿਆ ਫੇਰ!"

ਅਮੋਲਕ ਉਹਦੇ ਵਲ ਵੇਖ ਕੇ ਮੁਸਕਰਾਇਆ, ਉਹਦੀਆਂ ਵਿਰਲੀਆਂ ਜਿਹੀਆਂ ਮੁੱਛਾਂ 'ਤੇ ਉਸ ਨੂੰ ਗੁੱਝੀ ਰਮਜ਼ ਥਿਰਕਦੀ ਜਾਪੀ। ਨਿਰਵੈਰ ਨੇ ਚਾਹ ਗਲਾਸਾਂ ਵਿਚ ਉਲੱਦ ਦਿਤੀ, "ਗਮਧੂਰ ਤਾਂ ਚਲਾ ਗਿਆ, ਕਹਿੰਦਾ ਮੈਨੂੰ ਜ਼ਰੂਰੀ ਕੰਮ ਐ!"

"ਹੈਂ!" ਅਮੋਲਕ ਛੇਤੀ ਦੇ ਕੇ ਰਜ਼ਾਈ ਵਿਚੋਂ ਅੱਧਾ ਕੁ ਉੱਠਿਆ,

"ਬਹਾਦਰ ਵੀ?"

'ਨਹੀਂ!' ਨਿਰਵੈਰ ਗਲਾਸ ਚੁਕੱਦਿਆਂ ਬਿਨਾ ਉਹਦੇ ਵਲ ਵੇਖਦਿਆਂ ਬੋਲਿਆ, "ਉਹ ਜੰਗਲ-ਪਾਣੀ ਗਿਐ, ਊਂ ਗਿਐ ਉਹਦੇ ਨਾਲ ਈ ਐ!"

ਅਮੋਲਕ ਖਾਲੀ ਖਾਲੀ ਨਜ਼ਰਾਂ ਨਾਲ ਝਾਕਦਾ ਰਿਹਾ, ਨਿਰਵੈਰ ਦਾ ਗਲਾਸ ਵਾਲਾ ਹੱਥ ਉਸ ਵਲ ਉਲਰਿਆ ਹੋਇਆ ਸੀ। ਹਰਪਾਲ ਵੀ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਉਠ ਕੇ ਬੈਠ ਗਿਆ, ਉਹ ਸੁੱਜੀਆਂ ਜਿਹੀਆਂ ਅੱਖਾਂ ਨਾਲ ਉਨ੍ਹਾਂ ਵਲ ਭਵੰਤਰਿਆ ਜਿਹਾ ਝਾਕ ਰਿਹਾ ਸੀ।

"ਰਾਤ ਦੇਖ ਕਿਵੇਂ ਫੀਟੇ ਦੀਆਂ ਗੱਲਾਂ ਕਰ ਕਰ ਝੱਗ ਸੁੱਟਦਾ ਸੀ।"

ਹਰਪਾਲ ਚੁੱਪ-ਚਾਪ ਉਠ ਕੇ ਮਾਮੂਲੀ ਜਿਹਾ ਮੁਸਕਰਾਉਂਦਾ ਉਨ੍ਹਾਂ ਵਲ ਵੇਖਦਾ ਜੱਗ ਚੁੱਕ ਕੇ ਬਾਹਰ ਚਿਹਰਾ ਧੋਣ ਉਠ ਗਿਆ।

"ਫੀਟੇ ਬਾਰੇ ਕੀ ਕਹਿੰਦਾ ਸੀ?" ਨਿਰਵੈਰ ਨੇ ਰਜਾਈ ਵਿਚ ਸੂਤ ਹੋ ਕੇ ਬਹਿੰਦਿਆਂ ਚਾਹ ਦਾ ਘੁੱਟ ਭਰ ਕੇ ਪੁੱਛਿਆ, "ਕਹਿਣਾ ਕੀ ਸੀ?- ਅਖੇ ਜੇ ਬੰਦੇ ਨੇ ਮੌਕੇ 'ਤੇ ਕੰਮ ਈ ਨ੍ਹੀਂ ਕਰਨਾ, ਦਮਗਜ਼ੇ ਕਿਉਂ ਮਾਰੇ!" ਨਿਰਵੈਰ ਉਚੀ ਉਚੀ ਹੱਸ ਪਿਆ, ਉਤੇ ਲਏ ਖੇਸ ਨਾਲ ਮੂੰਹ ਪੂੰਝਦਿਆਂ ਛਲਕਦੇ ਗਲਾਸ ਨੂੰ ਬਚਾਉਂਦਿਆਂ, ਹਾਸਾ ਮੱਠਾ ਹੋਣ ਸਾਰ ਬੋਲਿਆ, "ਵਾਹ ਉਇ, ਮਾਂ ਦਿਆ ਗਮਧੂਰਿਆ! ਦੂਜੇ ਦੀਆਂ ਹੱਥ 'ਚ, ਆਪਦੀਆਂ ਕੱਛ 'ਚ!"

ਹਰਪਾਲ ਨੇ ਬਾਹਰੋਂ ਆ ਕੇ ਮੰਜੇ ਉਤੇ ਪਏ ਟੋਟੇ ਨਾਲ ਮੂੰਹ ਪੂੰਝ ਲਿਆ ਤੇ ਮੇਜ਼ ਤੋਂ ਗਲਾਸ ਚੁੱਕ ਲਿਆ। ਨਿਰਵੈਰ ਨੇ ਗਰਮ ਚਾਹ ਦਾ ਘੁੱਟ ਭਰਿਆ ਤੇ ਸੁਆਦ ਜਿਹਾ ਲੈਂਦਿਆਂ ਬੋਲਿਆ, "ਤੜਕੇ ਸਾਝਰੇ ਉਠ ਕੇ ਮੈਨੂੰ ਕਹਿੰਦਾ, ਯਾਰ ਮੈਨੂੰ ਤਾਂ ਬੜਾ ਜ਼ਰੂਰੀ ਕੰਮ ਐ!"

"ਤੂੰ ਪੁੱਛਿਆ ਨਹੀਂ?"

"ਪੁੱਛਿਆ ਸੀ, ਕਹਿੰਦਾ ਘਰ 'ਚ ਕਲੇਸ਼ ਪਿਆ ਹੋਇਆ ਸੀ।" ਇਹ ਆਖ ਕੇ ਨਿਰਵੈਰ ਫੇਰ ਉਚੀ ਉਚੀ ਹੱਸ ਪਿਆ, ਐਤਕੀਂ ਪਾਲ ਉਸ ਵਲ ਗਹੁ ਨਾਲ ਝਾਕਿਆ।

"ਕਲੇਸ਼ ਕੀਹਦੇ ਘਰ ਨਹੀਂ ਪੈਂਦਾ!" ਅਮੋਲਕ ਗੰਭੀਰ ਹੋਇਆ ਬੈਠਾ ਸੀ, "ਸਾਨੂੰ ਘਰ ਦੇ ਖੰਡ ਘਿਉ ਰਲਾਉਂਦੇ ਐ! ਇਹ ਤਾਂ ਕੁਰਬਾਨੀ ਦੇਣੀ ਪੈਂਦੀ ਐ!...ਬੰਦੇ ਨੂੰ....ਬਈ...!" ਉਸੇ ਵਕਤ ਭੇੜਿਆ ਹੋਇਆ ਬੂਹਾ ਚੂੰ-ਊਂ ਕਰਕੇ ਖੁਲ੍ਹਿਆ ਤੇ ਉਹ ਤਿੰਨੇ ਉਧਰ ਝਾਕੇ, ਬਹਾਦਰ ਭੂਰੇ ਵਿਚ ਮੂੰਹ ਸਿਰ ਲਪੇਟੀ ਅੰਦਰ ਆਇਆ, ਉਸ ਨੇ ਤਿੰਨਾਂ ਦੀਆਂ ਪੜਤਾਲਵੀਆਂ ਨਜ਼ਰਾਂ ਵਲ ਤੱਕਿਆ। ਬਹਾਦਰ ਠੁਰ ਠੁਰ ਕਰਦਾ ਰਜਾਈ ਦਾ ਲੜ ਚੁੱਕ ਕੇ ਬੈਠ ਗਿਆ, ਨਿਰਵੈਰ ਨੇ ਹੱਥ ਵਧਾ ਕੇ ਗਲਾਸ ਫੜਾਉਂਦਿਆਂ ਮਿੰਨੇ ਜਿਹੇ ਹਾਸੇ ਨਾਲ ਪੁੱਛਿਆ, 'ਕਿਉਂ ਕਰ ਆਇਆ ਵਿਦਾ ਬਾਈ ਨੂੰ?'

'ਹਾਂਅ!' ਬਿਨਾਂ ਉਨ੍ਹਾਂ ਵਲ ਵੇਖਿਆਂ ਬਹਾਦਰ ਨੇ ਸੂਤ ਹੁੰਦਿਆਂ ਗਲਾਸ ਫੜ ਕੇ 'ਸੀ ਸੀ' ਕਰਦਿਆਂ ਗਰਮ ਚਾਹ ਦੀਆਂ ਦੋ-ਤਿੰਨ ਘੁੱਟਾਂ ਭਰੀਆਂ, ਅੰਦਰ ਨਿੱਘ ਮਾਰਦਾ ਜਾਂਦਾ ਸੀ। ਪਲ ਕੁ ਚੁੱਪ ਵਰਤ ਗਈ। ਸਿਰਫ ਚਾਹ ਦੀਆਂ ਘਸੀਟਵੀਆਂ ਘੁੱਟਾਂ ਭਰਨ ਦੀ ਆਵਾਜ਼ ਸੁਣਾਈ ਦੇ ਰਹੀ ਸੀ। ਨਿਰਵੈਰ ਫੇਰ ਬੈਠਾ ਬੈਠਾ ਹੱਸ ਪਿਆ। ਬਹਾਦਰ ਤੇ ਅਮੋਲਕ ਗੰਭੀਰ ਹੋਏ ਬੈਠੇ ਸਨ, ਹਰਪਾਲ ਦੀਆਂ ਅੱਖਾਂ ਵਿਚ ਲੋਅ ਲਰਜ਼ ਰਹੀ ਸੀ। ਅਮੋਲਕ ਨੇ ਗੰਭੀਰ ਸੁਰ 'ਚ ਹੀ ਕੰਧ ਵਲ ਵੇਖਦਿਆਂ ਹੌਲੀ ਜਿਹੀ ਆਖਿਆ, "ਦੁਨੀਆਂ 'ਤੇ ਕਿਹੋ ਜਿਹੇ ਬੰਦੇ ਪਏ ਐ! ਕਹਿੰਦੇ ਕੁਸ਼ ਐ, ਕਰਦੇ ਕੁਸ਼ ਐ! ਜਦੋਂ ਗੱਲਾਂ ਵੇਲਣ ਲੱਗਦੇ ਐ, ਫੇਰ ਸਾਹ ਵੀ ਨਹੀਂ ਲੈਂਦੇ, ਢੇਰ ਲਾਈ ਤੁਰੀ ਜਾਣਗੇ!"

"ਮਿੱਤਰਾ!" ਨਿਰਵੈਰ ਦੇ ਸੁਰ ਵਿਚ ਅਜੇ ਵੀ ਸ਼ਰਾਰਤ ਸੀ, "ਬੰਦਾ ਆਪਣੇ ਆਪ 'ਚ ਈ ਗੋਰਖ ਧੰਦਾ ਐ! ਇਹਦੀ ਹੋਰ ਕਿਸੇ ਨੂੰ ਕੀ ਸਮਝ ਆਉਣੀ ਐ, ਇਹਨੂੰ ਆਪ ਵੀ ਥਹੁ ਨਹੀਂ!"

ਅਮੋਲਕ ਨਿਰਵੈਰ ਵਲ ਝਾਕਿਆ, ਉਸ ਨੂੰ ਇਹ ਪਤਾ ਨਹੀਂ ਲੱਗ ਰਿਹਾ ਸੀ ਕਿ ਨਿਰਵੈਰ ਗੱਲ ਕਿਹੜੇ ਰੁਖ ਸਿਰ ਕਰ ਰਿਹਾ ਸੀ।

"ਮੈਨੂੰ ਤਾਂ ਯਾਰ ਹਾਸਾ ਏਸ ਗੱਲੋਂ ਆਉਂਦਾ ਬਈ ਫੀਟੇ ਨੇ ਤਾਂ ਵਿਅਕਤੀਗਤ ਕਤਲਾਂ ਦਾ ਬਹਾਨਾ ਲਾ ਕੇ ਖਹਿੜਾ ਛੁਡਾਇਆ ਬਈ ਇਹ ਤਾਂ ਸਤਾਹਟ ਵਾਲੀ ਨਕਸਲੀ ਲਹਿਰ ਦਾ ਦੁਹਰਾਉ ਐ!" ਨਿਰਵੈਰ ਨਾਲ ਦੀ ਨਾਲ ਮੁੱਛਾਂ ਵਿਚ ਹੱਸ ਰਿਹਾ ਸੀ, "ਪਰ ਇਹ ਪੀਰ ਵਾਹਣੋਂ-ਵਾਹਣੀਂ ਨੰਗੇ ਪੈਰੀਂ ਈ ਭੱਜ ਤੁਰਿਆ!"

"ਨਕਸਲੀ ਲਹਿਰ ਦਾ ਦੁਹਰਾਉ ਇਹ ਕਿਵੇਂ ਹੋਇਐ?" ਅਮੋਲਕ ਨੇ ਹੈਰਾਨੀ ਨਾਲ ਉਨ੍ਹਾਂ ਵਲ ਵੇਖਿਆ, "ਉਹ ਇਕ ਪਾਸੜ ਸੀ, ਇਹ ਹਮਲੇ ਨੂੰ ਰੋਕਣ ਲਈ ਡਿਫੈਂਸ ਐ!"

"ਤੂੰ ਉਸ ਦਿਨ ਜੇ ਇਥੇ ਹੁੰਦਾ ਵੇਖਦਾ, ਉਹ ਦਲੀਲਾਂ ਨਾਲ ਕਿਵੇਂ ਲੰਬੇ ਲੰਬੇ ਭਾਸ਼ਣ ਝਾੜਦਾ ਸੀ!" ਨਿਰਵੈਰ ਨੇ ਡੋਲੂ ਵਿਚਲੀ ਚਾਹ ਗਲਾਸਾਂ ਵਿਚ ਮੁੜ ਉਲੱਦ ਦਿੱਤੀ।

"ਦਰਅਸਲ!" ਬਹਾਦਰ ਦੀ ਟਿਕਵੀਂ ਤੇ ਠਰੰਮੇ ਨਾਲ ਭਰੀ ਆਵਾਜ਼ ਸੁਣ ਕੇ ਸਾਰਿਆਂ ਉਸ ਵਲ ਅੱਖਾਂ ਫੇਰੀਆਂ, "ਲਹਿਰ 'ਚ ਆਈ ਖੜੋਤ ਈ ਕਾਮਰੇਡਾਂ ਦੇ ਨੱਠਣ ਦਾ ਵੱਡਾ ਕਾਰਨ ਐ!"

'ਬਹਾਦਰ ਖੜੋਤ ਨੂੰ ਹਿਲਾਉਣਾ ਵੀ ਤਾਂ ਸਾਡਾ ਈ ਕੰਮ ਐ! ਇਹ ਗੱਲੀਂ-ਬਾਤੀਂ ਤਾਂ ਹੋਣੀ ਨਹੀਂ!'

"ਠੀਕ ਐ!" ਬਹਾਦਰ ਨੇ ਅਮੋਲਕ ਨਾਲ ਸਿਰ ਹਿਲਾ ਕੇ ਹਾਮੀ ਭਰੀ, "ਇਹ ਗੱਲ ਏਨੀ ਸੌਖੀ ਨਹੀਂ, ਜਿੰਨੀ ਆਪਾਂ ਸਮਝਦੇ ਆਂ! ਵਿਚਾਰੇ ਫੀਟੇ ਤੇ ਗਮਧੂਰ ਹੋਰਾਂ ਦੇ ਵਸ ਦਾ ਰੋਗ ਨਹੀਂ। ਲਹਿਰਾਂ 'ਚ ਬੰਦੇ ਰਲਦੇ ਤੇ ਟੁੱਟਦੇ ਰਹਿੰਦੇ ਐ, ਇਹ ਕੋਈ ਬਹੁਤੀ ਵੱਡੀ ਗੱਲ ਨਹੀਂ।" ਫੇਰ ਉਸ ਹੱਸ ਕੇ ਅਮੋਲਕ ਦੇ ਫਿਕਰ 'ਚ ਆਏ ਚਿਹਰੇ ਵਲ ਵੇਖਿਆ, "ਸਾਥੀ ਚਿੰਤਾ ਕਿਸ ਗੱਲ ਦੀ ਕਰਦਾ ਐਂ, ਤੂੰ ਹੌਂਸਲਾ ਨਾ ਹਾਰ! ਬੇਫਿਕਰ ਰਹਿ! ਸਭ ਕੰਮ ਫਤਹਿ ਹੋ-ਜੂ।"

"ਨਹੀਂ ਹੌਂਸਲਾ ਤਾਂ ਕੀ ਹਾਰਨਾ ਐ!"

ਨਿਰਵੈਰ ਨੇ ਘੰਗੂਰਾ ਮਾਰ ਕੇ ਆਖਿਆ, 'ਹੱਛਿਆ ਹੁਣ ਆਪਾਂ ਕੰਮ ਦੀ ਗੱਲ ਕਰੀਏ, ਬਹਾਦਰ ਦੀ ਗੱਲ ਸੋਲ੍ਹਾਂ ਆਨੇ ਸੱਚ ਐ! ਲੜਦਿਆਂ ਸਮੇਂ ਇਹੋ ਜਿਹੀਆਂ ਗੱਲਾਂ ਬਹੁਤ ਛੋਟੀਆਂ ਹੁੰਦੀਆਂ ਨੇ!'

"ਚਲੋ ਛੱਡੋ, ਹੁਣ ਕੰਮ ਦੀ ਗੱਲ ਕਰੋ!" ਬਹਾਦਰ ਨੇ ਕਾਹਲੀ ਨਾਲ ਕਹਿ ਕੇ ਸਾਰਿਆਂ ਨੂੰ ਚੁੱਪ ਕਰਵਾਇਆ, ਨਿਰਵੈਰ ਨੇ ਐਵੇਂ ਹੀ ਬੂਹੇ ਵਲ ਵੇਖਿਆ, ਵਿਰਲ ਰਾਹੀਂ ਠੰਢੀ ਸਵੇਰ ਦੀ ਧੁੰਦ ਵਰੋਲੇ ਬਣ ਬਣ ਅੰਦਰ ਧੁਸਦੀ ਆਉਂਦੀ ਸੀ।

"ਪਰਸੋਂ ਉਨ੍ਹਾਂ ਦੀ ਸੈਸ਼ਨ ਦੇ ਤਰੀਕ ਐ!"

"ਫੇਰ ਤਾਂ ਕੰਮ ਬਣਿਆ ਲੈ।" ਬਹਾਦਰ ਨੇ ਛੇਤੀ ਦੇ ਕੇ ਚੁਟਕੀ ਮਾਰੀ, "ਕਚਹਿਰੀਆਂ ਈ ਠੀਕ ਐ!"

"ਉਥੇ ਤਾਂ ਥਾਂ ਥਾਂ ਪੁਲਸ ਹੋਊਗੀ।" ਅਮੋਲਕ ਨੇ ਸ਼ੰਕਾ ਜਾਹਰ ਕੀਤੀ।

'ਲੋਕ ਵੀ ਤਾਂ ਹੋਣਗੇ!" ਬਹਾਦਰ ਨੇ ਉਹਦੇ ਵਲ ਤਸੱਲੀ ਨਾਲ ਵੇਖਿਆ, "ਭੀੜ 'ਚ ਨੱਠਣਾਂ ਠੀਕ ਰਹੂਗਾ! ਐਥੋਂ ਕਿੰਨੇ ਕੁ ਬੰਦੇ ਨਾਲ ਜਾਣਗੇ।'

"ਇਹ ਤਾਂ ਪਤਾ ਨਹੀਂ ਲੱਗਾ!" ਨਿਰਵੈਰ ਨੇ ਆਪਣੀਆਂ ਥੱਲੇ ਆ ਗਈਆਂ ਮੁੱਛਾਂ ਨੂੰ ਹੱਥ ਨਾਲ ਸੂਤ ਕਰਿਆ, 'ਪਿੰਡੋਂ ਇਨ੍ਹਾਂ ਨਾਲ ਨੰਬਰਦਾਰ ਜਾਂ ਪੰਚ-ਸਰਪੰਚ ਸ਼ਾਇਦ ਈ ਤੁਰਨ!'

"ਫੇਰ ਵੀ ਸਾਰਾ ਪਿੰਡ ਤਾਂ ਦੋਖੀ ਨਹੀਂ ਹੁੰਦਾ!"

"ਅੰਦਰ ਕੌਣ ਕੌਣ ਐ?"

"ਬਖਤੌਰੇ ਦਾ ਮੁੰਡਾ ਤਾਂ ਇਕੋ ਈ ਐ! ਦੋ ਤਾਂ ਵਿਚਾਰੇ ਗਰੀਬ ਨਾਲ ਫਸਗੇ! ਇਕ ਭੈਣ ਦਾ ਗੜਬਾ ਕੁਲਤਾਰ ਤਾਂ ਐਥੇ ਈ ਫਿਰਦੈ!"

"ਅਸਲ ਦੋਸ਼ੀ ਕੌਣ ਐ?"

"ਅਸਲ ਦੋਸ਼ੀ ਦੋਵੇਂ ਛੋਟੇ ਮੁੰਡੇ ਈ ਐ!"

ਬਹਾਦਰ ਨੇ ਰਜਾਈ ਵਿਚ ਪਾਸਾ ਮਾਰ ਕੇ ਬਾਹਰ ਵਲ ਵੇਖਦਿਆਂ ਚਾਅ ਜਿਹੇ ਨਾਲ ਆਖਿਆ, "ਕੁਸ਼ ਤਾਂ ਹੱਥ ਲੱਗੂ ਈ, ਉਹ ਨਾ ਸਹੀ, ਇਹ ਸਹੀ!" ਆਖ ਕੇ ਉਸ ਹਰਪਾਲ ਦੇ ਝੜੇ-ਜਿਹੇ ਚਿਹਰੇ ਵਲ ਤੱਕਿਆ, "ਕਿਵੇਂ ਐਂ ਮੁੰਡਿਆ ਫੇਰ, ਕਾਇਮ ਐਂ?"

ਹਰਪਾਲ ਦੇ ਚਿਹਰੇ ਉੱਤੇ ਸਲਾਬਾ ਜਿਹਾ ਹਾਸਾ ਉਭਰ ਆਇਆ।

"ਕਾਇਮ ਨਹੀਂ ਤਾਂ, ਹੋਰ ਮੈਂ ਬਿਮਾਰ ਆਂ?"

ਨਿਰਵੈਰ ਨੇ ਬਾਹਰ ਜਾਂਦਿਆਂ ਆਖਿਆ, "ਮੋਲਕਾ ਤੁਸੀਂ ਜੰਗਲ ਪਾਣੀ ਜਾ ਆਉ, ਮੁੜ ਕੇ ਬਾਹਰ ਨਾ ਨਿਕਲਿਓ!"

"ਹਾਂ ਠੀਕ ਐ!" ਬਹਾਦਰ ਨੇ ਰੜਕਵੀਂ ਆਵਾਜ਼ ਵਿਚ ਆਖਿਆ। ਤੇ ਨਿਰਵੈਰ ਐਵੇਂ ਈ ਜਾਂਦਾ ਜਾਂਦਾ ਬੂਹਾ ਬੰਦ ਕਰ ਗਿਆ।

ਹਰਪਾਲ ਅਤੇ ਅਮੋਲਕ ਬਾਹਰ ਚਲੇ ਗਏ, ਬਾਹਰ ਧੁੰਦ ਏਨੀ ਸੰਘਣੀ ਸੀ। ਨੇੜੇ ਜਾ ਕੇ ਹੀ ਬੰਦਾ ਪਛਾਣਿਆ ਜਾਂਦਾ ਸੀ, ਦਰਖ਼ਤ ਦੂਰੋਂ ਝੁੰਗੜ ਬਾਟੇ ਜਿਹੇ ਲੱਗ ਸਨ। ਨਾਲ ਦੇ ਖੇਤਾਂ ਵਿਚ ਕੋਈ ਜੱਟ ਬੁਕਲ ਮਾਰੀ ਕਹੀ ਮੋਢੇ 'ਤੇ ਰੱਖੀ ਨੱਕੇ ਮੋੜ ਰਿਹਾ ਸੀ। ਜਦੋਂ ਉਹ ਬਾਹਰੋਂ ਮੁੜ ਕੇ ਆਏ, ਅਮੋਲਕ ਨੇ ਧੂੰਆਂ ਨਿਕਲਦਾ ਵੇਖ ਕੇ ਕੋਲ ਜਾ ਕੇ ਪੁੱਛਿਆ, 'ਕੀ ਕੋਈ ਚੌਲ੍ਹਾ-ਚੂਹਲਾ ਕਰਨ ਲੱਗੇ ਓ!'

ਨਿਰਵੈਰ ਦੀ ਘਰਵਾਲੀ ਨੇ ਉਹਦੇ ਵਲ ਵੇਖ ਕੇ ਮਾਮੂਲੀ ਜਿਹਾ ਹੱਸ ਕੇ ਆਖਿਆ, "ਚੌਲ੍ਹਾ ਕਰ ਲੈਨੇ ਆਂ, ਆਪ ਕਿਤੋਂ ਕੁਸ਼ ਲੈਣ ਜਾਣੈ!"

"ਤਾਂ ਕਰੋ ਫੇਰ!" ਆਖ਼ਦਿਆਂ ਉਸ ਨਲਕਾ



ਗੇੜ ਕੇ ਹੱਥ ਧੋਤੇ, ਸਾਬਣ ਹਰਪਾਲ ਨੂੰ ਫੜਾ ਕੇ ਆਪ ਉਸ ਨਲਕੇ ਦੀ ਡੰਡੀ ਨੂੰ ਹੱਥ ਪਾਇਆ ਤੇ ਪਾਲ ਦੇ ਚਿਹਰੇ ਵਲ ਵੇਖਿਆ, ਉਸ ਦਾ ਗੁਲਾਬੀ ਰੰਗਤ ਵਿਚ ਹੌਲਾ ਜਿਹਾ ਮੂੰਹ ਗਹਿਰਾ ਜਿਹਾ ਜਾਪ ਰਿਹਾ ਸੀ। ਪਸ਼ੂ ਧੁੰਦ ਵਿਚ ਲੂੰਈ ਕੰਡਿਆਈ ਖੁਰਲੀਆਂ ਵਿਚ ਮੂੰਹ ਗੱਡੀ ਖੜੇ ਸਨ। ਮੱਝਾਂ ਦੇ ਕਾਲੇ ਸਰੀਰ ਖੁਸ਼ਕ ਜਿਹੇ ਸਨ। ਅੰਦਰ ਬੈਠਕ ਵਿਚ ਜਾ ਕੇ ਉਨ੍ਹਾਂ ਵੇਖਿਆ, ਬਹਾਦਰ ਰਜਾਈ ਵਿਚ ਝੁੰਬੜ ਮਾਰੀ ਕੋਈ ਰਸਾਲਾ ਪੜ੍ਹ ਰਿਹਾ ਸੀ। ਹਰਪਾਲ ਤੇ ਅਮੋਲਕ ਨੇ ਵੀ ਆਪਣੇ ਆਪਣੇ ਮਤਲਬ ਦੀ ਇਕ ਇਕ ਕਿਤਾਬ ਕੱਢੀ ਤੇ ਪੜ੍ਹਨ ਬੈਠ ਗਏ। ਨਿਰਵੈਰ ਦੋਬਾਰਾ ਚਾਹ ਫੜਾ ਕੇ ਕਮਾਦ ਘੜਦੇ ਕਾਮਿਆਂ ਕੋਲ ਚਲਾ ਗਿਆ, ਉਥੋਂ ਮੁੜ ਕੇ ਉਹ ਦਿਨ ਛਿਪੇ ਆਇਆ, ਅੰਦਰ ਬਲਦੀ ਬੱਤੀ ਦੇਖ ਕੇ ਜਦੋਂ ਉਸ ਤਖ਼ਤਾ ਧੱਕ ਕੇ ਖੋਲ੍ਹਿਆ। ਅਮੋਲਕ ਨੇ ਕਿਤਾਬ ਰੱਖ ਕੇ ਉਬਾਸੀ ਲੈ ਕੇ ਬਾਂਹ ਉਗਾਸ ਕੇ ਅੰਗੜਾਈ ਭੰਨਦਿਆਂ ਨਿੱਕੀ ਜਿਹੀ ਆਵਾਜ਼ ਕੱਢੀ, ਹਰਪਾਲ ਦੂਜੇ ਪਾਸੇ ਮੂੰਹ ਕਰੀਂ ਪਿਆ ਸੀ।

"ਕੀ ਗੱਲ ਉਬਾਸੀਆਂ ਲੈਂਦੈਂ!" ਨਿਰਵੈਰ ਨੇ ਖਲੋਤਿਆਂ ਹੀ ਉਹਦੇ ਵਲ ਦੇਖਦਿਆਂ ਹੱਥ ਨਾਲ ਬੂਹਾ ਭੇੜਦਿਆਂ ਨਿੱਕੇ ਜਿਹੇ ਹਾਸੇ ਨਾਲ ਪੁੱਛਿਆ, "ਯਾਰ ਸਾਰਾ ਦਿਨ ਅੰਦਰੇ ਪੈਣ ਨਾਲ ਸੁਸਤੀ-ਜੀ ਚੜ੍ਹ-ਗੀ!"

"ਸੁਸਤੀ ਲਾਹ ਦਿੰਨੇ ਆਂ!"

ਅਮੋਲਕ ਨਿੱਕੀਆਂ ਅੱਖਾਂ ਵਿਚ ਹੱਸਿਆ, "ਮਰਜੀ ਐ ਤੇਰੀ!"

'ਉਇ ਮਰਜ਼ੀ ਕਿਤੋਂ ਵਿਆਹੁਣ ਜਾਣੀ ਐ!'

"ਉਹਨੇ ਕੰਧ ਨਾਲ ਤਿੰਨ-ਚਾਰ ਲਾਈਆਂ ਬੋਰੀਆਂ ਦੇ ਪਿਛਲੇ ਪਾਸਿਓਂ ਪੌਣੀ ਕੁ ਬੋਤਲ ਚੁੱਕ ਕੇ ਹੱਥ ਨਾਲ ਉਤੋਂ ਜੰਮੀ ਗਰਦ ਪੂੰਝੀ।

ਸਵੇਰੇ ਸਾਝਰੇ ਮੂੰਹ-ਹਨੇਰੇ ਹੀ ਉਹ ਸਾਰੇ ਜਣੇ ਤਿਆਰ ਹੋ ਕੇ ਬੱਸ ਅੱਡੇ ਨੂੰ ਤੁਰ ਪਏ। ਬੱਸ-ਸਟੈਂਡ ਜਾ ਕੇ ਉਨ੍ਹਾਂ ਚੋਰੀ ਛਪੋਰੀ ਬਿੜਕ ਲਈ, ਕਿਤੇ ਉਹ ਪਹਿਲਾਂ ਹੀ ਬੱਸ ਵਿਚ ਤਾਂ ਨਹੀਂ ਬੈਠੇ ਸਨ। ਹਰਪਾਲ ਉਨ੍ਹਾਂ ਬੱਸ ਵਿਚ ਬਿਠਾ ਦਿੱਤਾ ਸੀ, ਦੂਜੇ ਥੋੜਾ ਹੱਟਵੇਂ ਹੋ ਕੇ ਖੜ ਗਏ, ਉਥੋਂ ਉਨ੍ਹਾਂ ਨੂੰ ਬੱਸ ਵਿਚ ਜਗਦੀਆਂ ਬੱਤੀਆਂ ਦੀਆਂ ਬਾਹਰ ਪੈਂਦੀਆਂ ਰਿਸ਼ਮਾਂ ਵਿਚ ਫਿਰਦੀਆਂ ਸਵਾਰੀਆਂ ਦਿਸ ਰਹੀਆਂ ਸਨ, ਬਾਕੀ ਸਾਰਾ ਅੱਡਾ ਸੁਸਰੀ ਵਾਂਗ ਸੁੱਤਾ ਪਿਆ ਸੀ। ਜਦੋਂ ਬੱਸ ਸਟਾਰਟ ਹੋਈ, ਬਾਹਰ ਵਲ ਵਧਦੀ ਹੋਈ ਬੱਸ ਦੀ ਅਗਲੀ ਬਾਰੀ ਵਿਚ ਦੀ ਚੜ੍ਹ ਗਏ। ਸੱਤ ਵੱਜਦਿਆਂ ਬੱਸ ਲੁਧਿਆਣੇ ਸਟੈਂਡ ਵਿਚ ਆ ਲੱਗੀ, ਮਾੜੀ ਮਾੜੀ ਲੋਅ ਚਮਕਣ ਲੱਗ ਪਈ ਸੀ ਅੱਡੇ ਵਿਚ ਸੁੰਨ-ਸਰਾਂਅ ਸਾਂ-ਸਾਂ ਕਰ ਰਹੀ ਸੀ।

"ਆਪਾਂ ਐਵੇਂ ਐਨੇ ਸਾਝਰੇ ਤੁਰੇ!" ਅਚਾਨਕ ਹਰਪਾਲ ਨੇ ਕੋਈ ਕੋਈ ਫਿਰਦੀ ਸਵਾਰੀ ਵਲ ਵੇਖਿਆ, "ਨਹੀਂ ਮੱਲਾ!" ਬਹਾਦਰ ਨੇ ਉਹਨੂੰ ਗੰਭੀਰ ਹੋ ਕੇ ਆਖਿਆ, "ਸਗੋਂ ਚੰਗੇ ਰਹੇ, ਘਰ ਆਪਾਂ ਕੀ ਦਲੀਆ ਦਲਣ ਬੈਠਣਾ ਸੀ, ਬਈ ਜਿਹੜਾ ਐਥੇ ਨਾ ਦਲਿਆ ਜਾਊ। ਐਹੋ ਜੇ ਕੰਮਾਂ 'ਚ ਸਵਖ਼ਤੇ ਈ ਤੁਰਨਾ ਚੰਗਾ ਹੁੰਦਾ ਐ! ਸਿਆਣੇ ਵੀ ਕਹਿੰਦੇ ਐ, ਜਾਗਦਿਆਂ ਦੀਆਂ ਕੱਟੀਆਂ ਤੇ ਸੁੱਤਿਆਂ ਦੇ ਕੱਟੇ!"

"ਆਪਾਂ ਚਾਹ ਨਾ ਪੀ ਲਈਏ!" ਨਿਰਵੈਰ ਬੱਸ-ਸਟੈਂਡ ਦੇ ਅੰਦਰ ਭਾਫ-ਛੱਡਦੇ ਇਕ ਸਟਾਲ ਵਲ ਝਾਕਿਆ।

"ਚਾਹ ਪੀਨੇ ਆ!"

ਹਰਪਾਲ ਨੇ ਬਹਾਦਰ ਦੇ ਟਿਕਵੇਂ ਬੋਲ ਵਲ ਦੇਖਿਆ, ਉਹ ਉਸ ਦੇ ਦੋ ਦਿਨਾਂ ਵਿਚ ਬੱਝੇ ਜ਼ਬਤ ਤੇ ਹੈਰਾਨ ਸੀ।

"ਚਾਹ ਆਪਾਂ ਬਾਹਰ ਪੀਨੇ ਆਂ, ਨਾਲੇ ਕੁਸ਼ ਖਾਨੇ ਆਂ। ਯਾਰ, ਮੇਰੇ ਢਿੱਡ 'ਚ ਠੰਢ ਵੜੀ ਪਈ ਐ, ਨਾਲੇ ਉਨ੍ਹਾਂ ਦੀ ਬਿੜਕ ਰੱਖਾਂਗੇ।"

"ਇਹ ਠੀਕ ਐ!" ਅਮੋਲਕ ਨੇ ਆਪਣੇ ਨਿਕੱਦੇ ਸਰੀਰ ਵਿਚ ਚੁਸਤੀ ਭਰਦਿਆਂ ਬੁੜਕ ਕੇ ਆਖਿਆ, "ਸੱਚ, ਸੰਦ-ਸੰਦੇੜਾ?"

"ਸੰਦ-ਸੰਦੇੜੇ ਬਾਰੇ ਨਾ ਫਿਕਰ ਕਰ ਤੂੰ।" ਨਿਰਵੈਰ ਨੇ ਹੱਸਦਿਆਂ ਆਪਣੀਆਂ ਖਿਲਰਵੀਆਂ ਮੁੱਛਾਂ ਉੱਤੇ ਹੱਥ ਮਾਰਿਆ। ਗੱਲਾਂ ਕਰਦੇ ਉਹ ਬੱਸ-ਸਟੈਂਡ ਦੇ ਬਾਹਰ ਸੜਕ ਉੱਤੇ ਬਣੀਆਂ ਦੁਕਾਨਾਂ ਵਲ ਤੁਰੇ ਜਾਂਦੇ ਸਨ, ਨਜ਼ਦੀਕ ਕੁਝ ਰਿਕਸ਼ਿਆਂ ਵਾਲੇ ਟਾਇਰਾਂ ਨੂੰ ਅੱਗ ਲਾ ਕੇ ਸੇਕ ਰਹੇ ਸਨ। ਉਹ ਸਾਹਮਣੀ ਦੁਕਾਨ ਵਿਚ ਜਾ ਕੇ ਬਹਿ ਗਏ, ਧਿਆਨ ਉਨ੍ਹਾਂ ਦਾ ਅੰਦਰੋਂ ਆਉਂਦੀਆਂ ਸਵਾਰੀਆਂ ਵਲ ਸੀ। ਖਾ ਪੀ ਕੇ ਉਹ ਖਿਸਕਦੇ ਖਿਸਕਦੇ ਕਚਹਿਰੀਆਂ ਵਲ ਹੋ ਲਏ, ਦੋ ਦੋ ਦੀਆਂ ਜੋਟੀਆਂ ਬਣਾ ਲਈਆਂ, ਕਚਹਿਰੀਆਂ ਤੱਕ ਉਨ੍ਹਾਂ ਨੂੰ ਕੋਈ ਨਾ ਦਿੱਸਿਆ ਤੇ ਉਹ ਸਾਰੇ ਜਣੇ ਕਚਹਿਰੀਆਂ ਦੇ ਗੇਟ ਨੂੰ ਨਿਗਾਹ 'ਚ ਰੱਖ ਕੇ ਅੜਤਲੇ ਵਿਚ ਹੋ ਗਏ। ਅਮੋਲਕ ਅਤੇ ਨਿਰਵੈਰ ਰੂਸ ਦੀ ਬਾਹਰਲੀ ਪਾਲਸੀ ਬਾਰੇ ਗੱਲਾਂ ਕਰ ਰਹੇ ਸਨ, ਅਮੋਲਕ ਸਾਹਮਣੇ ਨਿਗਾਹ ਰੱਖਦਿਆਂ ਬੋਲਿਆ, "ਰੂਸ ਇਹ ਜਾਣਦਿਆਂ ਬੁਝਦਿਆਂ ਹੋਇਆਂ ਕਿ ਭਾਰਤੀ ਹਾਕਮ ਜਮਾਤ ਬੂਰਯੂਆ ਐ, ਇਹਦੇ ਨਾਲ ਮਿਤਰਤਾ ਸੰਧੀ ਕਰ ਲੈਂਦੈ! ਇਹ ਉਹਦੇ ਕਮਿਊਨਿਸਟ ਹੋਣ 'ਤੇ ਸ਼ੱਕ ਕਰਨ ਵਾਲੀ ਗੱਲ ਨਹੀਂ?"

"ਨਹੀਂ", ਨਿਰਵੈਰ ਨੇ ਦ੍ਰਿੜ੍ਹਤਾ ਨਾਲ ਜਵਾਬ ਦਿੱਤਾ, "ਇਹ ਉਹਦੀ ਬਾਹਰੀ ਪਾਲਿਸੀ ਐ! ਜੇ ਉਹ ਭਾਰਤ ਦੀ ਹਾਕਮ ਜਮਾਤ ਨਾਲ ਸਾਂਢਾ-ਗਾਂਢਾ ਨਹੀਂ ਕਰਦਾ ਤਾਂ ਇਥੋਂ ਦੀ ਚਲਾਕ ਦਲਾਲ ਸਰਮਾਏਦਾਰੀ ਅਮਰੀਕਨ ਪੱਖੀ ਬਣਨ ਲਈ ਢਿੱਲ ਨਹੀਂ ਲਾਉਂਦੀ!"

"ਚਲ, ਇਹ ਤਾਂ ਹੈਂ ਹੋਇਐ। ਸੀ.ਪੀ.ਆਈ. ਵਾਲੇ ਕਾਂਗਰਸ ਨਾਲ ਭਿਆਲੀ ਪਾਈ ਬੈਠੇ ਐ ਬਈ ਰੂਸ ਦੀ ਇਨ੍ਹਾਂ ਨਾਲ ਯਾਰੀ ਐ!"

ਨਿਰਵੈਰ ਨੇ ਉਸ ਨੂੰ ਤੱਕ ਕੇ ਫਿਰ ਆਖਿਆ, "ਸੀ.ਪੀ.ਆਈ. ਵਾਲਿਆਂ ਦੀ ਮੱਤ ਮੋਟੀ ਐ। ਇਹ ਸਮਝਦੇ ਐ ਬਈ ਜੇ ਰੂਸ ਇਨ੍ਹਾਂ ਨਾਲ ਐ, ਇਹ ਵੀ ਕਾਂਗਰਸੀ ਸਮਾਜਵਾਦ ਨੂੰ ਸ਼ਹਿ ਦੇਣ ਲੱਗ ਪਈ।"

ਇਸ ਬਾਰ ਬਹਾਦਰ ਬੋਲ ਉੱਠਿਆ, "ਦਰਅਸਲ ਕੋਈ ਵੀ ਪਾਰਟੀ ਕਮਿਊਨਿਸਟ ਅਖਵਾ ਕੇ ਹੀ ਇਨਕਲਾਬੀ ਨਹੀਂ ਬਣ ਜਾਂਦੀ। ਇਹ ਉਹਦਾ ਅਮਲ ਹੀ ਜ਼ਾਹਰ ਕਰੂਗਾ। ਊਂ ਆਪਾਂ ਨੂੰ ਕੋਈ ਇਤਰਾਜ਼ ਨਹੀਂ ਕਰਨਾ ਚਾਹੀਦਾ, ਸੀ.ਪੀ.ਆਈ. ਬਤੌਰ ਕਮਿਊਨਿਸਟ ਪਾਰਟੀ ਖ਼ਤਮ ਹੋ ਚੁੱਕੀ ਐ! ਲੈਨਿਨ ਆਖਦਾ ਹੁੰਦਾ ਸੀ, ਦੁਸ਼ਮਣ ਨੂੰ ਕਦੇ ਕਮਜ਼ੋਰ ਨਾ ਸਮਝੋ, ਕਾਂਗਰਸ ਨੇ ਆਪਣੀ ਡਿਪਲੋਮੈਸੀ ਨਾਲ ਸੀ.ਪੀ.ਆਈ. ਨੂੰ ਊਈਂ ਖ਼ਤਮ ਕਰ ਦਿੱਤਾ, ਸੀ.ਪੀ.ਐਮ. ਕੁਸ਼ ਸਹਿਕਦੀ ਐ! ਨਕਸਲੀਏ ਵੀ ਵਿਅਕਤੀਗਤ ਹਉਂ 'ਚ ਖੁਰੀ ਜਾਂਦੇ ਐ। ਇਹ ਐਵੇਂ ਨਹੀਂ ਹੋ ਗਿਆ! ਕਾਂਗਰਸ ਨੇ ਬੜੀ ਹੀ ਚਲਾਕੀ ਨਾਲ ਸਭ ਕੁਝ ਖਲਾਰ ਦਿੱਤਾ।"

"ਮੈਂ ਨਹੀਂ ਇਹ ਮੰਨਦਾ!" ਕਹਿ ਕੇ ਨਿਰਵੈਰ ਚੁੱਪ ਹੋ ਗਿਆ, ਸਾਹਮਣੀਂ ਸੜਕ ਵਲ ਵੇਖਦਿਆਂ ਉਤਸ਼ਾਹ ਨਾਲ ਬੋਲਿਆ, "ਲੈ ਬਈ ਬਣ ਗਿਆ ਕੰਮ! ਸੱਜਣ, ਕੁਲਤਾਰ ਤੇ ਇਕ ਹੋਰ ਮੁੰਡਾ ਐ! ਆਪਣੇ ਪਿੰਡੋਂ ਕੋਈ ਨਹੀਂ!"

ਸਾਰੇ ਜਣੇ ਕਚਹਿਰੀਆਂ ਦੇ ਗੇਟ ਕੋਲ ਰਿਕਸ਼ੇ ਵਿਚੋਂ ਉਤਰਦੀਆਂ ਸਵਾਰੀਆਂ ਵਲ ਵੇਖਣ ਲੱਗ ਪਏ। ਕੁਲਤਾਰ ਨੇ ਅਜੇ ਪੈਸੇ ਹੀ ਦਿੱਤੇ ਸਨ, ਕਚਹਿਰੀਆਂ ਦੇ ਅੰਦਰੋਂ ਚਾਰ-ਪੰਜ ਚਾਦਰਿਆਂ ਵਾਲੇ ਬੰਦੇ ਆ ਕੇ ਉਨ੍ਹਾਂ ਨਾਲ ਹੱਥ ਮਿਲਾਉਣ ਲੱਗ ਪਏ, ਇਨ੍ਹਾਂ ਦੇ ਗਲ਼ ਰਫਲਾਂ ਲਟਕ ਰਹੀਆਂ ਸਨ। ਨਿਰਵੈਰ ਦੇ ਮੂੰਹ ਉਤੇ ਕਾਲੋਂ ਫਿਰਨ ਲੱਗ ਪਈ।

"ਇਹ ਕੌਣ ਹੋਏ?" ਬਹਾਦਰ ਨੇ ਉਧਰ ਹੈਰਾਨੀ ਵਿਚ ਵੇਖਿਆ।

"ਸਾਕ-ਸਕੀਰੀਆਂ ਵਾਲੇ ਹੋਣਗੇ!"

"ਫੇਰ?"

"ਕਦੇ ਤਾਂ ਪਾਸੇ ਹੋਣਗੇ! ਸਾਲੇ, ਸਾਰੀ ਦਿਹਾੜੀ ਨਾਲ ਹੀ ਚੰਬੜੇ ਰਹਿਣਗੇ।"

"ਫੇਰ ਤਾਂ ਯਾਰ, ਕੋਈ ਗੱਲ ਨਾ ਬਣੀ!" ਅਮੋਲਕ ਨੇ ਉਦਾਸ ਲਹਿਜੇ ਵਿਚ ਆਖਿਆ, ਹਰਪਾਲ ਉਸ ਵਲ ਵੇਖ ਕੇ ਮੁਸਕਰਾਇਆ, ਜਦੋਂ ਉਸ ਦੇ ਮਸੂਮ ਜਿਹੇ ਚਿਹਰੇ ਵਲ ਕੋਈ ਵਿੰਹਦਾ, ਉਸ ਦਾ ਅੰਦਰ ਧੰਦਕਦਾ, ਜਿਵੇਂ ਉਸ ਦੀ ਕੋਈ ਚੋਰੀ ਫੜ੍ਹੀ ਗਈ ਹੋਵੇ ਪਰ ਉਹ ਸਾਰੇ ਬੰਦੇ ਹਾਲੇ ਵੀ ਉਥੇ ਈ ਖਲੋਤੇ ਹੱਸ ਹੱਸ ਗੱਲਾਂ ਕਰ ਰਹੇ ਸਨ। ਨਿਰਵੈਰ ਨੇ ਸਾਰਿਆਂ ਦੇ ਚਿਹਰਿਆਂ ਉੱਤੇ ਝਾਤ ਪਾ ਕੇ ਹੌਲੀ ਜਿਹੀ ਆਖਿਆ, "ਇਉਂ ਆਪਾਂ ਸੁੱਕੇ ਥੋੜੇ ਮੁੜਨਾ ਐ, ਜੇ ਆਏ ਆਂ, ਕੁਸ਼ ਤਾਂ ਕਰਕੇ ਜਾਵਾਂਗੇ ਹੀ। ਕੋਈ ਰਾਹ ਕੱਢਦੇ ਆਂ।"

"ਇਕੋ ਈ ਰਾਹ ਐ।" ਬਹਾਦਰ ਜਿਹੜਾ ਸ਼ਾਂਤ ਜਾਪਦਾ ਸੀ, ਬੋਲਿਆ, "ਪ੍ਰਛਾਵੇਂ ਵਾਂਗ ਇਨ੍ਹਾਂ ਦੇ ਮਗਰ ਲੱਗੇ ਰਹੋ, ਕਦੇ ਤਾਂ ਮੌਕਾ ਲੱਗੂ!"

"ਹਾਂਅ! ਨਿਰਵੈਰ ਨੇ ਅੱਖਾਂ ਚੌੜੀਆਂ ਕਰਕੇ ਵਿੰਹਦਿਆਂ ਭਰਵੀਂ ਆਵਾਜ਼ ਕੱਢੀ, ਉਹ ਬੰਦੇ ਅਜੇ ਵੀ ਉਥੇ ਹੀ ਖਲੋਤੇ ਸਨ, ਫੇਰ ਨਿਰਵੈਰ ਨੇ ਉਨ੍ਹਾਂ ਵਲ ਝਾਕਦਿਆਂ ਹਰਪਾਲ ਨੂੰ ਆਖਿਆ, "ਪਾਲ, ਤੂੰ ਇਨ੍ਹਾਂ ਦੀਆਂ ਮੂਰਤਾਂ ਮਨ 'ਚ ਵਸਾ ਲੈ।"

ਉਹਦੀ ਗੱਲ ਸੁਣ ਕੇ ਸਾਰੇ ਨਿੱਕਾ ਜਿਹਾ ਹੱਸੇ। "ਪਾਲ ਨੇ ਇਨ੍ਹਾਂ ਨਾਲ ਵਿਆਹ ਕਰਵਾਉਣੈ!" ਅਮੋਲਕ ਖੁਸ਼ ਜਿਹੇ ਮਜਾਜ ਵਿਚ ਉੱਠ ਕੇ ਖੜੋ ਗਿਆ।

"ਸ਼ਾਇਦ ਕਰਾਉਣਾ ਈ ਪਵੇ!"

ਚੌਂਕ ਪੈਂਦਾ ਕਰਕੇ ਇਥੇ ਕਾਰਾਂ ਸਕੂਟਰਾਂ ਅਤੇ ਰਿਕਸ਼ਿਆਂ ਦਾ ਟਰੈਫਿਕ ਕੀੜਿਆਂ ਦੇ ਭੌਣ ਵਾਂਗ ਜਾਪ ਰਿਹਾ ਸੀ। ਨੀਵੇਂ ਥਾਂ ਵਲ ਉਤਰਦੇ ਉਹ ਥੋੜੀ ਦੂਰ ਹੀ ਗਏ ਸਨ, ਜਦੋਂ ਬਹਾਦਰ ਨੇ ਸਿਰ ਕੋਲ ਉਂਗਲੀ ਖੜੀ ਕਰਦਿਆਂ ਪੈਰ ਰੋਕ ਲਿਆ, ਬਾਕੀ ਉਹਦੇ ਵਲ ਗਹੁ ਨਾਲ ਵੇਖਣ ਲੱਗ ਪਏ। "ਪਾਲ, ਇਉਂ ਕਰ, ਤੂੰ ਕਚਹਿਰੀਆਂ 'ਚ ਜਾ ਕੇ ਵੇਖ, ਉਹ ਕਿੱਥੇ ਬਹਿੰਦੇ ਉੱਠਦੇ ਐ।"

"ਹਾਂ, ਇਹ ਠੀਕ ਐ, ਵਗ ਜਾਹ!" ਨਿਰਵੈਰ ਨੇ ਇਕਦਮ ਜੋਸ਼ ਵਿਚ ਆਉਂਦਿਆਂ ਤੇਜ਼ ਆਵਾਜ਼ ਵਿਚ ਬੋਲਿਆ, ਦੋ ਕਦਮਾਂ ਲੰਘ ਗਏ ਪਾਲ ਨੂੰ ਉਸ ਫੇਰ ਆਵਾਜ਼ ਮਾਰੀ, "ਠਹਿਰੀਂ, ਤੂੰ ਲੱਕੜ ਦਾ ਪੁਲ ਚੜ੍ਹ ਕੇ ਘੰਟਾ ਘਰ ਕੋਲ ਆ-ਜੀਂ!"

**(ਬਾਕੀ ਅਗਲੇ ਅੰਕ 'ਚ)**

# ਅਦਾਕਾਰੀ ਤੇ ਸਾਹਿਤ ਦਾ ਸੁਮੇਲ ਸੀ ਬਲਰਾਜ ਸਾਹਨੀ ਦਾ ਜੀਵਨ

ਗੁਰਮੁਖ ਸਿੰਘ ਸਹਿਗਲ (ਪ੍ਰੋ.)

ਸਨ 1965 ਦੇ ਸ਼ੁਰੂ ਸ਼ੁਰੂ 'ਚ ਜਦੋਂ ਮੈਂ ਮੁੰਬਈ ਵਿਚ ਕਿਆਮ ਕੀਤਾ ਤਾਂ ਉਥੇ ਰਹਿੰਦਿਆਂ ਮਨ ਵਿਚ ਇਕ ਤੀਬਰ ਇੱਛਾ ਕਰਵਟਾਂ ਲੈਂਦੀ ਰਹੀ ਕਿ ਕਿਸੇ ਤਰ੍ਹਾਂ ਬਲਰਾਜ ਸਾਹਨੀ ਨੂੰ ਮਿਲਿਆ ਜਾਏ? ਆਪਣੀ ਇਸ ਇੱਛਾ ਨੂੰ ਜ਼ਿਆਦਾ ਦੇਰ ਦਬਾ ਨਾ ਸਕਿਆ। ਇਕ ਦਿਨ ਕਲਮ ਚੁੱਕੀ ਅਤੇ ਬਲਰਾਜ ਸਾਹਨੀ ਨੂੰ ਇਕ ਖ਼ਤ ਲਿਖ ਕੇ ਆਪਣੀ ਇਸ ਇੱਛਾ ਦਾ ਇਜ਼ਹਾਰ ਕਰ ਦਿੱਤਾ। ਮੇਰੇ ਚੰਗੇ ਭਾਗ ਕਿ ਹਫਤੇ ਦੇ ਅੰਦਰ ਹੀ ਮੈਨੂੰ ਬਲਰਾਜ ਸਾਹਨੀ ਦਾ ਇਕ ਜਵਾਬੀ ਖ਼ਤ ਮਿਲਿਆ। ਲਿਖਿਆ ਸੀ, "ਦੋ ਕੁ ਦਿਨਾਂ ਤੋਂ ਮੈਂ ਦਾਦਰ ਸਥਿਤ ਸ੍ਰੀ ਸਾਊਂਡ ਸਟੂਡੀਓ ਵਿਚ ਪੁਸ਼ਪਾ ਪਿਕਚਰਜ਼ ਲਈ 'ਇੱਜ਼ਤ' ਫਿਲਮ ਦੀ ਸ਼ੂਟਿੰਗ ਕਰ ਰਿਹਾ ਹਾਂ। ਤੁਸੀਂ ਸਟੂਡੀਓ ਵਿਚ ਆ ਜਾਣਾ, ਉਥੇ ਬੈਠ ਕੇ ਗੱਲਬਾਤ ਕਰਾਂਗੇ।"

ਕਿੰਗਜ਼ ਸਰਕਲ ਦੇ ਇਲਾਕੇ ਵਿਚ ਸਥਿਤ ਖਾਲਸਾ ਕਾਲਜ ਦੇ ਹੋਸਟਲ ਵਿਚ ਮੇਰਾ ਨਿਵਾਸ ਸੀ। ਦਾਦਰ ਉਥੋਂ ਬਹੁਤ ਨੇੜੇ ਪੈਂਦਾ ਸੀ। ਸ਼ਾਇਦ ਇਸੇ ਕਰਕੇ ਹੀ ਬਲਰਾਜ ਸਾਹਨੀ ਨੇ ਆਪਣੀ ਸ਼ੂਟਿੰਗ ਦਾ ਸਮਾਂ ਦੱਸ ਕੇ ਮੈਨੂੰ ਖ਼ਤ ਲਿਖ ਦਿੱਤਾ ਸੀ। ਨਿਸ਼ਚਿਤ ਸਮੇਂ 'ਤੇ ਮੈਂ ਸ੍ਰੀ ਸਾਊਂਡ ਸਟੂਡੀਓ ਪਹੁੰਚ ਗਿਆ। ਜਿਸ ਸੈੱਟ 'ਤੇ ਸ਼ੂਟਿੰਗ ਹੋ ਰਹੀ ਸੀ, ਉਸ ਦੇ ਵੱਡੇ ਗੇਟ ਅੱਗੇ ਇਕ ਚੌਕੀਦਾਰ ਖੜ੍ਹਾ ਸੀ। ਮੈਂ ਉਸ ਨੂੰ ਦੱਸਿਆ ਕਿ ਮੈਨੂੰ ਬਲਰਾਜ ਸਾਹਨੀ ਨੇ ਬੁਲਾਇਆ ਹੈ ਤਾਂ ਉਹ ਅੰਦਰ ਜਾ ਕੇ ਮੈਨੂੰ ਕਹਿਣ ਲੱਗਾ, "ਤੁਸੀਂ ਅੰਦਰ ਚਲੇ ਜਾਓ।" ਜਗਮਗ-ਜਗਮਗ ਕਰਦੀਆਂ ਸਟੂਡੀਓ ਦੀਆਂ ਰੌਸ਼ਨੀਆਂ ਵਿਚ ਫਿਲਮ ਦੇ ਟੈਕਨੀਸ਼ਨਾਂ ਵਿਚ ਘਿਰੇ ਹੋਏ ਬਲਰਾਜ ਸਾਹਨੀ 'ਤੇ ਮੇਰੀ ਨਜ਼ਰ ਪਈ। ਉਸ ਨੇ ਸਿਰ 'ਤੇ ਸੁਨਹਿਰੀ ਵਾਲਾਂ ਦੀ ਵਿੱਗ ਪਾਈ ਹੋਈ ਸੀ ਅਤੇ ਚਿਹਰੇ 'ਤੇ ਮੇਕਅੱਪ ਵੀ ਕਿਸੇ ਬਜ਼ੁਰਗ ਦਾ ਪ੍ਰਭਾਵ ਪਾ ਰਿਹਾ ਸੀ।

ਮੈਨੂੰ ਪਗੜੀ ਵਾਲੇ ਸਰਦਾਰ ਨੂੰ ਵੇਖਦਿਆਂ ਹੀ ਉਨ੍ਹਾਂ ਨੇ ਹੱਥ ਮਿਲਾ ਕੇ ਆਪਣੇ ਕੋਲ ਬੁਲਾ ਲਿਆ। ਇਸ ਤੋਂ ਪਹਿਲਾਂ ਤਾਂ ਮੈਂ ਕਦੇ ਬਲਰਾਜ ਸਾਹਨੀ ਨੂੰ ਮਿਲਿਆ ਹੀ ਨਹੀਂ ਸਾਂ। ਉਨ੍ਹਾਂ ਨੇ ਸ਼ਾਇਦ ਮੇਰੀ ਪਗੜੀ ਤੋਂ ਹੀ ਅੰਦਾਜ਼ਾ ਲਾ ਲਿਆ ਹੋਣੈ। ਉਨ੍ਹਾਂ ਨੇ ਬੜੀ ਗਰਮਜੋਸ਼ੀ ਨਾਲ ਮੇਰੇ ਨਾਲ ਹੱਥ ਮਿਲਾਇਆ ਅਤੇ ਕਹਿਣ ਲੱਗੇ, "ਤੁਸੀਂ ਥੋੜ੍ਹੀ ਦੇਰ ਇਥੇ ਬੈਠੋ। ਲੰਚ ਟਾਈਮ ਹੋ ਚੱਲਿਐ, ਮੈਂ ਜ਼ਰਾ ਇਹ ਮੇਕਅੱਪ ਉਤਾਰ ਲਵਾਂ, ਫੇਰ ਬੈਠਦੇ ਹਾਂ।" ਮੈਂ ਉਨ੍ਹਾਂ ਦੇ ਨਾਲ ਵਾਲੀ ਕੁਰਸੀ 'ਤੇ ਬੈਠ ਗਿਆ। ਉਨ੍ਹਾਂ ਨੇ ਆਪਣੇ ਮੇਕਅੱਪ ਮੈਨ ਨੂੰ ਬੁਲਾ ਕੇ ਹੱਸਦਿਆਂ ਹੋਇਆਂ ਕਿਹਾ, "ਯਾਰ ਤੂਨੇ ਤੋ ਮੇਰੀ ਜ਼ੁਲਫੇਂ ਬੜ੍ਹਾ ਕਰ ਮੁਝੇ ਔਰਤ ਹੀ ਬਨਾ ਦੀਆ ਹੈ। ਅਬ ਏਕ ਮੇਹਰਬਾਨੀ ਔਰ ਕਰੋ ਮੁਝੇ ਫਿਰ ਸੇ ਮੇਰੀ ਅਸਲੀ ਸੂਰਤ ਮੇਂ ਲੇ ਆਓ।" ਇਹ ਕਹਿੰਦਿਆਂ ਹੋਇਆਂ ਉਨ੍ਹਾਂ ਨੇ ਆਪਣੇ ਸਿਰ ਤੋਂ ਸੁਨਹਿਰੀ ਵਾਲਾਂ ਵਾਲੀ ਵਿੱਗ ਉਤਾਰ ਦਿੱਤੀ ਅਤੇ ਕੁਰਸੀ 'ਤੇ ਬੈਠ ਗਏ।

ਮੇਕਅੱਪ ਉਤਾਰ ਕੇ ਬਲਰਾਜ ਸਾਹਨੀ ਆਪਣੀ ਕੁਰਸੀ 'ਤੋਂ ਉਠੇ ਅਤੇ ਕਹਿਣ ਲੱਗੇ, "ਆਓ ਚੱਲੀਏ।" ਮੈਂ ਉਨ੍ਹਾਂ ਦੇ ਪਿੱਛੇ ਪਿੱਛੇ ਤੁਰ ਪਿਆ। ਉਹ ਸੈੱਟ ਦੇ ਗੇਟ ਤੋਂ ਬਾਹਰ ਨਿਕਲੇ ਅਤੇ ਇਕ ਹੋਰ ਛੋਟੇ ਜਿਹੇ ਕਮਰੇ ਵਿਚ ਦਾਖਲ ਹੋ ਗਏ, ਜਿਥੇ ਦੋ ਚਾਰ ਕੁਰਸੀਆਂ ਅਤੇ ਇਕ ਟੇਬਲ ਪਿਆ ਹੋਇਆ ਸੀ। ਬਲਰਾਜ ਸਾਹਨੀ ਇਕ ਕੁਰਸੀ 'ਤੇ ਬੈਠ ਗਏ ਅਤੇ ਮੈਨੂੰ ਵੀ ਬੈਠਣ ਲਈ ਕਿਹਾ।

ਸਾਡੇ ਬੈਠਦਿਆਂ ਹੀ ਉਨ੍ਹਾਂ ਦੇ ਨੌਕਰ ਨੇ ਰੋਟੀ ਦਾ ਟਿਫਨ ਮੇਜ਼ 'ਤੇ ਰੱਖ ਦਿੱਤਾ। ਬਲਰਾਜ ਸਾਹਨੀ ਨੇ ਮੈਨੂੰ ਪੁੱਛਿਆ, "ਰੋਟੀ ਤਾਂ ਖਾਓਗੇ ਹੀ?" ਮੈਂ ਕੁਝ ਸ਼ਸ਼ੋਪੰਜ ਵਿਚ ਪੈ ਗਿਆ। ਜਦੋਂ ਉਨ੍ਹਾਂ ਦੇ ਨੌਕਰ ਨੇ ਟੇਬਲ 'ਤੇ ਟਿਫਨ ਰੱਖਿਆ ਸੀ ਤਾਂ ਉਸ ਤੋਂ ਮੈਂ ਅੰਦਾਜ਼ਾ ਲਾ ਲਿਆ ਸੀ ਕਿ ਬਲਰਾਜ ਸਾਹਨੀ ਜਿਥੇ ਵੀ ਸ਼ੂਟਿੰਗ ਕਰਨ ਜਾਂਦੇ ਹਨ, ਆਪਣਾ ਖਾਣਾ ਟਿਫਨ 'ਚ ਪੈਕ ਕਰਕੇ ਹੀ ਲਿਆਂਉਂਦੇ ਹਨ। ਨੌਕਰ ਨੇ ਟਿਫਨ ਖੋਲ੍ਹਿਆ ਅਤੇ ਫੇਰ ਟੇਬਲ 'ਤੇ ਪਲੇਟਾਂ ਰੱਖ ਦਿੱਤੀਆਂ। ਸਾਹਨੀ ਸਾਹਿਬ ਨੇ ਇਕ ਪਲੇਟ ਮੇਰੇ ਅੱਗੇ ਰੱਖ ਦਿੱਤੀ। ਮੈਂ ਵੀ ਥੋੜ੍ਹਾ ਮਾਣ ਮਹਿਸੂਸ ਕਰਦਿਆਂ ਖਾਣ ਲਈ ਆਪਣੀ ਰਜ਼ਾਮੰਦੀ ਜ਼ਾਹਰ ਕਰ ਦਿੱਤੀ।

ਆਪਣੇ ਮਨਪਸੰਦ ਐਕਟਰ ਨਾਲ ਮਿਲ ਕੇ ਖਾਣਾ ਖਾਣ ਦਾ ਸੁਭਾਗ ਪ੍ਰਾਪਤ ਹੋ ਰਿਹਾ ਸੀ, ਇਨਕਾਰ ਕਰਨ ਦੀ ਤਾਂ ਗੁੰਜਾਇਸ਼ ਹੀ ਨਹੀਂ ਸੀ। ਸਾਹਨੀ ਨੇ ਜਦੋਂ ਟਿਫਨ ਦਾ ਢੱਕਣ ਖੋਲ੍ਹਿਆ ਤਾਂ ਇਕ ਡੱਬੇ ਵਿਚ ਆਲੂ ਮਟਰਾਂ ਦੀ ਸਬਜ਼ੀ ਸੀ, ਦੂਜੇ ਵਿਚ ਤਲੀ ਹੋਈ ਮੱਛੀ ਦੇ ਟੁਕੜੇ ਸਨ। ਉਨ੍ਹਾਂ ਨੇ ਦੋ ਪੀਸ ਮੇਰੀ ਪਲੇਟ ਵਿਚ ਵੀ ਰੱਖ ਦਿੱਤੇ ਅਤੇ ਫੇਰ ਇਸੇ ਤਰ੍ਹਾਂ ਤੀਜੇ ਡੱਬੇ ਵਿਚੋਂ ਫੁਲਕੇ ਕੱਢ ਕੇ ਮੈਨੂੰ ਦਿੱਤੇ। ਮੈਨੂੰ ਸਾਹਨੀ ਸਾਹਿਬ ਦਾ ਇਸ ਤਰ੍ਹਾਂ ਆਪਣੇ ਲਈ ਲਿਆਈ ਹੋਈ ਰੋਟੀ ਸਾਂਝੀ ਕਰਨਾ ਕੁਝ ਚੰਗਾ ਲੱਗ ਰਿਹਾ ਸੀ। ਬਿਨਾ ਸੰਕੋਚ ਕੀਤਿਆਂ ਮੈਂ ਬਲਰਾਜ ਸਾਹਨੀ ਨਾਲ ਰੋਟੀ ਖਾਣ ਲੱਗ ਪਿਆ ਸਾਂ, ਹਾਲਾਂਕਿ ਮੈਨੂੰ ਇਸ ਗੱਲ ਦਾ ਅਹਿਸਾਸ ਵੀ ਹੋ ਰਿਹਾ ਸੀ ਕਿ ਬਲਰਾਜ ਖਾਣਾ ਤਾਂ ਸਿਰਫ ਆਪਣੇ ਜੋਗਾ ਹੀ ਲਿਆਏ ਹੋਏ ਹਨ। ਖੈਰ ਦਾਣੇ ਦਾਣੇ 'ਤੇ ਖਾਣ ਵਾਲੇ ਦੀ ਮੋਹਰ!

ਖਾਣਾ ਖਾਂਦੇ-ਖਾਂਦੇ ਉਹ ਮੇਰੇ ਕੋਲੋਂ ਪੁੱਛਦੇ ਰਹੇ ਕਿ ਤੁਸੀਂ ਪਿੱਛੋਂ ਕਿੱਥੇ ਦੇ ਹੋ? ਇਥੇ ਖਾਲਸਾ ਕਾਲਜ ਵਿਚ ਕਦੋਂ ਤੋਂ ਕੰਮ ਕਰ ਰਹੇ ਹੋ? ਜਦੋਂ ਅਸੀਂ ਖਾਣਾ ਖਾ ਚੁੱਕੇ ਤਾਂ ਬਲਰਾਜ ਸਾਹਨੀ ਨੇ ਇਕ ਸੰਤਰਾ ਛਿੱਲਿਆ ਅਤੇ ਅੱਧ ਹਿੱਸਾ ਮੈਨੂੰ ਦੇ ਕੇ ਅੱਧਾ ਆਪ ਖਾਣ ਲੱਗ ਪਏ। ਜਦੋਂ ਅਸੀਂ ਸੰਤਰਾ ਖਾ ਰਹੇ ਸਾਂ ਤਾਂ ਇਕ ਪਤਲਾ ਜਿਹਾ ਵਿਅਕਤੀ ਸਾਡੇ ਕਮਰੇ ਵਿਚ ਦਾਖਲ ਹੋਇਆ। ਬਲਰਾਜ ਸਾਹਨੀ ਨੇ ਉਠ ਕੇ ਉਸ ਦਾ ਸਵਾਗਤ ਕੀਤਾ ਅਤੇ ਫੇਰ ਉਸ ਨਾਲ ਮੇਰਾ ਤੁਆਰੁਫ ਕਰਵਾਉਂਦਿਆਂ ਹੋਇਆਂ ਕਹਿਣ ਲੱਗੇ, "ਇਹ ਰਾਕਾਨ ਸਾਹਿਬ ਨੇ ਫਿਲਮਾਂ ਦੇ ਡਾਇਰੈਕਟਰ।" ਰਾਕਾਨ ਸਾਹਿਬ ਨੇ ਮੇਰੇ ਨਾਲ ਹੱਥ ਮਿਲਾਇਆ ਅਤੇ ਫੇਰ ਉਹ ਸਾਹਨੀ ਸਾਹਿਬ ਨਾਲ ਗੱਲਾਂ ਕਰਨ ਲੱਗ ਪਏ। ਕਿਸੇ ਫਿਲਮ ਦੀ ਸ਼ੂਟਿੰਗ ਬਾਰੇ ਗੱਲਬਾਤ ਕਰਨ ਤੋਂ ਬਾਅਦ ਉਹ ਬਲਰਾਜ ਸਾਹਨੀ ਨਾਲ ਹੱਥ ਮਿਲਾ ਕੇ ਚਲੇ ਗਏ। ਮੈਂ ਬਲਰਾਜ ਸਾਹਨੀ ਨੂੰ ਦੱਸਿਆ ਕਿ ਮੈਨੂੰ ਵੀ ਫਿਲਮਾਂ 'ਚ ਕੰਮ ਕਰਨ ਦਾ ਸ਼ੌਕ ਹੈ। ਜੇ ਤੁਸੀਂ ਕਿਧਰੇ ਮੈਨੂੰ ਵੀ ਕੋਈ ਰੋਲ ਦਿਵਾ ਸਕੋ ਤਾਂ? ਮੇਰੀ ਗੱਲ ਸੁਣਦਿਆਂ ਹੀ ਉਹ ਕਹਿਣ ਲੱਗੇ, "ਤੁਹਾਡਾ ਸ਼ੌਕ ਵਾਜਿਬ ਹੈ ਅਤੇ ਜੇ ਕਿਧਰੇ ਸਰਦਾਰ ਦਾ ਰੋਲ ਹੋਵੇ ਵੀ ਤਾਂ ਕੋਈ ਵੀ ਐਕਟਰ ਸਰਦਾਰ ਦਾ ਮੇਕਅੱਪ ਕਰਕੇ ਰੋਲ ਕਰ ਸਕਦਾ ਹੈ।

ਪਰ ਇਕ ਸਰਦਾਰ ਨੇ ਜੇ ਮੋਨੇ ਦਾ ਰੋਲ ਕਰਨਾ ਹੋਵੇ ਤਾਂ ਉਸ ਲਈ ਮੁਸ਼ਕਿਲ ਹੋ ਜਾਵੇਗੀ।" ਬਲਰਾਜ ਸਾਹਨੀ ਦੀ ਦਲੀਲ ਸੁਣ ਕੇ ਮੈਂ ਕਿਹਾ, "ਸਰਦਾਰ ਦਾ ਰੋਲ ਜੇ ਅਸਲੀ ਸਰਦਾਰ ਹੀ ਕਰੇ ਤਾਂ ਕੀ ਹਰਜ਼ ਹੈ। ਫਿਲਮਾਂ ਵਿਚ ਸਿੱਖ ਕਰੈਕਟਰ ਵੀ ਤਾਂ ਪੇਸ਼ ਕੀਤੇ ਜਾ ਸਕਦੇ ਹਨ?" ਮੇਰੀ ਗੱਲ ਸੁਣ ਕੇ ਉਹ ਕਹਿਣ ਲੱਗੇ, "ਕਿਉਂ ਨਹੀਂ ਪੇਸ਼ ਕੀਤੇ ਜਾ ਸਕਦੇ? ਜ਼ਰੂਰ ਪੇਸ਼ ਕੀਤੇ ਜਾ ਸਕਦੇ ਹਨ, ਪਰ ਜੇ ਕੋਈ ਅਜਿਹੀ ਕਹਾਣੀ ਲਿਖੇ ਅਤੇ ਕੋਈ ਪ੍ਰੋਡਿਊਸਰ ਇਸ 'ਤੇ ਫਿਲਮ ਬਣਾਉਣ ਦੀ ਰਜ਼ਾਮੰਦੀ ਜ਼ਾਹਿਰ ਕਰੇ ਤਾਂ...! ਅਕਸਰ ਵੇਖਿਆ ਗਿਆ ਹੈ ਕਿ ਫਿਲਮਾਂ ਵਿਚ ਜਿਹੜਾ ਇਕ ਅੱਧ ਸਿੱਖ ਕਰੈਕਟਰ ਪੇਸ਼ ਕੀਤਾ ਜਾਂਦਾ ਹੈ, ਉਹ ਬਹੁਤ ਹਾਸੋ-ਹੀਣਾ ਜਿਹਾ ਹੁੰਦਾ ਹੈ। ਅਜੇ ਤੱਕ ਕਿਸੇ ਫਿਲਮ 'ਚ ਕੋਈ ਸੰਜੀਦਾ ਕਿਸਮ ਦਾ ਸਿੱਖ ਕਰੈਕਟਰ ਨਹੀਂ ਪੇਸ਼ ਕੀਤਾ ਗਿਆ, ਹਾਲਾਂਕਿ ਭਾਰਤ ਦੀ ਆਜ਼ਾਦੀ ਅਤੇ ਹੋਰ ਕਈ ਖੇਤਰਾਂ ਵਿਚ ਸਿੱਖਾਂ ਦੀ ਬਹੁਤ ਵੱਡੀ ਦੇਣ ਹੈ।" ਬਲਰਾਜ ਸਾਹਨੀ ਦੀ ਗੱਲ ਸੁਣਦਿਆਂ ਮੈਂ ਕਿਹਾ, "ਜੇ ਹਿੰਦੀ ਫਿਲਮਾਂ ਵਿਚ ਨਹੀਂ ਤਾਂ ਪੰਜਾਬੀ ਫਿਲਮਾਂ ਵਿਚ ਪੰਜਾਬੀ ਸੱਭਿਆਚਾਰ ਨੂੰ ਮੁੱਖ ਰੱਖਦਿਆਂ ਸਿੱਖ ਕਰੈਕਟਰ ਨੂੰ ਪੇਸ਼ ਕੀਤਾ ਜਾ ਸਕਦਾ ਹੈ।" ਅਤੇ ਇਸ ਦੇ ਨਾਲ ਹੀ ਮੇਰੇ ਮੂੰਹੋਂ ਸਹਿਜ ਸੁਭਾਅ ਨਿਕਲ ਗਿਆ ਕਿ ਤੁਸੀਂ ਕੋਈ ਪੰਜਾਬੀ ਫਿਲਮ ਕਿਉਂ ਨਹੀਂ ਬਣਾਉਂਦੇ? ਅਚਾਨਕ ਮੇਰੇ ਮੂੰਹੋਂ ਅਜਿਹੀ ਗੱਲ ਸੁਣ ਕੇ ਬਲਰਾਜ ਸਾਹਨੀ ਕੁਝ ਗੰਭੀਰ ਹੋ ਕੇ ਕਹਿਣ ਲੱਗੇ, "ਮਸਾਂ-ਮਸਾਂ ਮਰ-ਖੱਪ ਕੇ ਮੈਂ ਆਪਣਾ ਇਕ ਮਕਾਨ ਬਣਾਇਆ ਹੈ ਅਤੇ ਥੋੜ੍ਹੀ ਬਹੁਤ ਪੁਜ਼ੀਸ਼ਨ ਵੀ ਬਣੀ ਹੈ, ਜਿਸ ਨੂੰ ਮੈਂ ਭੰਗ ਦੇ ਭਾੜੇ ਗੁਆ ਨਹੀਂ ਸਕਦਾ। ਤੁਹਾਨੂੰ ਪਤਾ ਹੀ ਹੈ ਕਿ ਪੰਜਾਬੀ ਫਿਲਮਾਂ ਦਾ ਮਿਆਰ ਕੀ ਹੈ?" ਬਲਰਾਜ ਸਾਹਨੀ ਦੇ ਅੰਦਰ ਪੰਜਾਬੀ ਫਿਲਮਾਂ ਦੇ ਨੀਵੇਂ ਮਿਆਰ ਲਈ ਜੋ ਤਲਖੀ ਸੀ, ਉਸ ਦੀ ਕੁੜੱਤਣ ਨਾਲ ਮੇਰਾ ਜ਼ਾਇਕਾ ਵੀ ਕੁਝ ਕੁਸੈਲਾ ਹੁੰਦਾ ਜਾ ਰਿਹਾ ਸੀ।



ਬਲਰਾਜ ਸਾਹਨੀ ਦੇ ਅੰਦਰ ਪੰਜਾਬੀ ਫਿਲਮਾਂ ਦੇ ਨੀਵੇਂ ਮਿਆਰ ਲਈ ਜੋ ਤਲਖੀ ਸੀ, ਉਸ ਦੀ ਕੁੜੱਤਣ ਨਾਲ ਮੇਰਾ ਜ਼ਾਇਕਾ ਵੀ ਕੁਝ ਕੁਸੈਲਾ ਹੁੰਦਾ ਜਾ ਰਿਹਾ ਸੀ। ਪੰਜਾਬ ਦੇ ਉਚੇ-ਸੁੱਚੇ ਸਭਿਆਚਾਰ ਦੀ ਗੱਲ ਕਰਦਿਆਂ ਬਲਰਾਜ ਬਹੁਤ ਭਾਵੁਕ ਹੋ ਗਏ ਸਨ। ਉਹ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਰਬਾਨੀਆਂ ਦੀ ਗੱਲ ਕਰਦੇ ਹੋਏ ਬੜੇ ਜੋਸ਼ ਵਿਚ ਕਹਿਣ ਲੱਗੇ, ''ਤੁਸੀਂ ਕੀ ਸਮਝਦੇ ਹੋ ਗੁਰੂ ਸਾਹਿਬਾਨ ਕੋਈ ਇਕੱਲੇ ਸਿੱਖਾਂ ਦੇ ਹੀ ਸਨ? ਉਹ ਸਾਡੇ ਵੀ ਸਨ। ਉਨ੍ਹਾਂ ਦਾ ਪੈਗਾਮ ਤਾਂ ਸਾਰੇ ਪੰਜਾਬੀਆਂ ਅਤੇ ਸਾਰੀ ਮਾਨਵ ਜਾਤੀ ਲਈ ਹੈ।'' ਬਲਰਾਜ ਸਾਹਨੀ ਦੇ ਰੂ-ਬ-ਰੂ ਬੈਠ ਕੇ ਉਨ੍ਹਾਂ ਨਾਲ ਗੱਲਬਾਤ ਕਰਦਿਆਂ ਮੈਂ ਉਨ੍ਹਾਂ ਦੇ ਚਿਹਰੇ ਦੇ ਹਾਵ-ਭਾਵ ਦੇਖ ਰਿਹਾ ਸਾਂ। ਜੋ ਪੰਜਾਬੀ ਬੋਲੀ ਅਤੇ ਪੰਜਾਬੀ ਸੱਭਿਆਚਾਰ ਦੇ ਜ਼ਿਕਰ ਨਾਲ ਉਨ੍ਹਾਂ ਦੇ ਚਿਹਰੇ 'ਤੇ ਦਿੱਸ ਰਹੇ ਸਨ। ਤਕਰੀਬਨ ਅੱਧਾ ਘੰਟਾ ਉਨ੍ਹਾਂ ਕੋਲ ਬੈਠਾ ਮੈਂ ਉਨ੍ਹਾਂ ਦੀਆਂ ਗੱਲਾਂ ਸੁਣਦਾ ਰਿਹਾ। ਇੰਨੇ ਨੂੰ ਉਨ੍ਹਾਂ ਦਾ ਮੇਕਅੱਪ ਮੈਨ ਕਮਰੇ ਵਿਚ ਦਾਖਲ ਹੋਇਆ ਤਾਂ ਬਲਰਾਜ ਸਾਹਨੀ ਉਸ ਨੂੰ ਵੇਖਦਿਆਂ ਹੀ ਕਹਿਣ ਲੱਗੇ, ''ਮੈਂ ਥੋੜ੍ਹੀ ਦੇਰ ਆਰਾਮ ਕਰੂੰਗਾ, ਉਸ ਕੇ ਬਾਅਦ ਆ ਜਾਨਾ।'' ਅਤੇ ਫਿਰ ਮੇਰੇ ਵਲ ਮੁਖਾਤਿਬ ਹੁੰਦਿਆਂ ਕਹਿਣ ਲੱਗੇ, ''ਅੱਛਾ ਜੀ, ਤੁਸੀਂ ਮੈਨੂੰ ਮਿਲਦੇ ਰਿਹਾ ਕਰੋ। ਮੈਂ ਵੇਖਾਂਗਾ ਕਿ ਤੁਹਾਡੇ ਲਈ ਕੀ ਕਰ ਸਕਦਾ ਹਾਂ।'' ਮੈਂ ਮਹਿਸੂਸ ਕੀਤਾ ਕਿ ਸਾਹਨੀ ਸਾਹਿਬ ਆਰਾਮ ਕਰਨ ਦੇ ਮੂਡ 'ਚ ਸਨ।

ਪੰਜਾਬ ਦੇ ਉਚੇ-ਸੁੱਚੇ ਸਭਿਆਚਾਰ ਦੀ ਗੱਲ ਕਰਦਿਆਂ ਬਲਰਾਜ ਬਹੁਤ ਭਾਵੁਕ ਹੋ ਗਏ ਸਨ। ਉਹ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਰਬਾਨੀਆਂ ਦੀ ਗੱਲ ਕਰਦੇ ਹੋਏ ਬੜੇ ਜੋਸ਼ ਵਿਚ ਕਹਿਣ ਲੱਗੇ, "ਤੁਸੀਂ ਕੀ ਸਮਝਦੇ ਹੋ ਗੁਰੂ ਸਾਹਿਬਾਨ ਕੋਈ ਇਕੱਲੇ ਸਿੱਖਾਂ ਦੇ ਹੀ ਸਨ? ਉਹ ਸਾਡੇ ਵੀ ਸਨ। ਉਨ੍ਹਾਂ ਦਾ ਪੈਗਾਮ ਤਾਂ ਸਾਰੇ ਪੰਜਾਬੀਆਂ ਅਤੇ ਸਾਰੀ ਮਾਨਵ ਜਾਤੀ ਲਈ ਹੈ।" ਬਲਰਾਜ ਸਾਹਨੀ ਦੇ ਰੂ-ਬ-ਰੂ ਬੈਠ ਕੇ ਉਨ੍ਹਾਂ ਨਾਲ ਗੱਲਬਾਤ ਕਰਦਿਆਂ ਮੈਂ ਉਨ੍ਹਾਂ ਦੇ ਚਿਹਰੇ ਦੇ ਹਾਵ-ਭਾਵ ਦੇਖ ਰਿਹਾ ਸਾਂ। ਜੋ ਪੰਜਾਬੀ ਬੋਲੀ ਅਤੇ ਪੰਜਾਬੀ ਸੱਭਿਆਚਾਰ ਦੇ ਜ਼ਿਕਰ ਨਾਲ ਉਨ੍ਹਾਂ ਦੇ ਚਿਹਰੇ 'ਤੇ ਦਿੱਸ ਰਹੇ ਸਨ। ਤਕਰੀਬਨ ਅੱਧਾ ਘੰਟਾ ਉਨ੍ਹਾਂ ਕੋਲ ਬੈਠਾ ਮੈਂ ਉਨ੍ਹਾਂ ਦੀਆਂ ਗੱਲਾਂ ਸੁਣਦਾ ਰਿਹਾ। ਇੰਨੇ ਨੂੰ ਉਨ੍ਹਾਂ ਦਾ ਮੇਕਅੱਪ ਮੈਨ ਕਮਰੇ ਵਿਚ ਦਾਖਲ ਹੋਇਆ ਤਾਂ ਬਲਰਾਜ ਸਾਹਨੀ ਉਸ ਨੂੰ ਵੇਖਦਿਆਂ ਹੀ ਕਹਿਣ ਲੱਗੇ, "ਮੈਂ ਥੋੜ੍ਹੀ ਦੇਰ ਆਰਾਮ ਕਰੂੰਗਾ, ਉਸ ਕੇ ਬਾਅਦ ਆ ਜਾਨਾ।" ਅਤੇ ਫਿਰ ਮੇਰੇ ਵਲ ਮੁਖਾਤਿਬ ਹੁੰਦਿਆਂ ਕਹਿਣ ਲੱਗੇ, "ਅੱਛਾ ਜੀ, ਤੁਸੀਂ ਮੈਨੂੰ ਮਿਲਦੇ ਰਿਹਾ ਕਰੋ। ਮੈਂ ਵੇਖਾਂਗਾ ਕਿ ਤੁਹਾਡੇ ਲਈ ਕੀ ਕਰ ਸਕਦਾ ਹਾਂ।" ਮੈਂ ਮਹਿਸੂਸ ਕੀਤਾ ਕਿ ਸਾਹਨੀ ਸਾਹਿਬ ਆਰਾਮ ਕਰਨ ਦੇ ਮੂਡ 'ਚ ਸਨ। ਇਸ ਲਈ ਕੁਰਸੀ 'ਤੋਂ ਉੱਠਦਿਆਂ ਮੈਂ ਉਨ੍ਹਾਂ ਨਾਲ ਹੱਥ ਮਿਲਾਇਆ ਅਤੇ ਸਟੂਡੀਓ ਤੋਂ ਬਾਹਰ ਆ ਗਿਆ।

ਮੁੰਬਈ ਦੇ ਕੁਝ ਪੰਜਾਬੀ ਸਾਹਿਤਕਾਰਾਂ ਨੇ ਪੰਜਾਬੀ ਸਾਹਿਤ ਕੇਂਦਰ ਨਾਂ ਦੀ ਇਕ ਸਾਹਿਤ ਸਭਾ ਦਾ ਗਠਨ ਕੀਤਾ ਹੋਇਆ ਸੀ। ਇਸ ਸਾਹਿਤ ਸਭਾ ਦੀ ਮੀਟਿੰਗ ਮਹੀਨੇ ਦੇ ਆਖਰੀ ਐਤਵਾਰ ਨੂੰ ਖਾਲਸਾ ਕਾਲਜ ਵਿਚ ਹੋਇਆ ਕਰਦੀ ਸੀ। ਕਦੇ-ਕਦੇ ਇਸ ਸਾਹਿਤ ਸਭਾ ਵਿਚ ਰਾਜਿੰਦਰ ਸਿੰਘ ਬੇਦੀ ਅਤੇ ਬਲਰਾਜ ਸਾਹਨੀ ਵੀ ਆ ਜਾਇਆ ਕਰਦੇ ਸਨ। ਅਗਲੇ ਮਹੀਨੇ ਜਦੋਂ ਖਾਲਸਾ ਕਾਲਜ ਵਿਚ ਪੰਜਾਬੀ ਸਾਹਿਤ ਕੇਂਦਰ ਦੀ ਮੀਟਿੰਗ ਹੋਣੀ ਸੀ ਤਾਂ ਉਸ ਮੀਟਿੰਗ ਵਿਚ ਸ਼ਾਮਲ ਹੋਣ ਲਈ ਸ਼ਾਮ ਦੇ ਚਾਰ ਵਜੇ ਸਭ ਤੋਂ ਪਹਿਲਾਂ ਬਲਰਾਜ ਸਾਹਨੀ ਖਾਲਸਾ ਕਾਲਜ ਦੇ ਗੇਟ ਰਾਹੀਂ ਅੰਦਰ ਦਾਖਲ ਹੋਏ। ਉਨ੍ਹਾਂ ਨੂੰ ਵੇਖਦਿਆਂ ਹੀ ਮੈਂ ਬੜੇ ਚਾਅ ਨਾਲ ਉਨ੍ਹਾਂ ਕੋਲ ਗਿਆ ਅਤੇ ਅਦਬ ਨਾਲ ਕਾਲਜ ਦੇ ਸਟਾਫ ਰੂਮ ਵਿਚ ਲੈ ਗਿਆ, ਜਿਥੇ ਸਾਹਿਤ ਸਭਾ ਦੀ ਮੀਟਿੰਗ ਹੋਣੀ ਸੀ।

ਇਕ ਇਕ ਕਰਕੇ ਸਾਹਿਤ ਸਭਾ ਦੇ ਮੈਂਬਰ ਆਉਣੇ ਸ਼ੁਰੂ ਹੋ ਗਏ। ਬਲਰਾਜ ਸਾਹਨੀ ਨੂੰ ਬੈਠਿਆਂ ਵੇਖ ਕੇ ਸਾਰੇ ਉਨ੍ਹਾਂ ਦੇ ਕੋਲ ਢੁੱਕ-ਢੁੱਕ ਕੇ ਬੈਠਦੇ ਗਏ। ਰਾਜਿੰਦਰ ਸਿੰਘ ਬੇਦੀ ਵੀ ਆ ਗਏ ਸਨ। ਸੁਖਬੀਰ, ਪ੍ਰੀਤਮ ਬੇਲੀ, ਹਰਨਾਮ ਸਿੰਘ ਨਾਜ਼ ਆਦਿ ਵੀ ਇਸ ਮੀਟਿੰਗ ਦੀ ਰੌਣਕ ਬਣੇ ਰਹੇ। ਕਵਿਤਾਵਾਂ, ਕਹਾਣੀਆਂ ਦਾ ਦੌਰ ਚੱਲਿਆ ਤਾਂ ਚੰਗਾ ਮਾਹੌਲ ਬੱਝ ਗਿਆ।

ਇਸ ਸਾਹਿਤਕ ਮੀਟਿੰਗ ਤੋਂ ਬਲਰਾਜ ਸਾਹਨੀ ਬਹੁਤ ਪ੍ਰਭਾਵਿਤ ਹੋਏ ਤੇ ਕਹਿਣ ਲੱਗੇ, "ਅਗਲੇ ਮਹੀਨੇ ਦੀ ਮੀਟਿੰਗ ਤੁਸੀਂ ਮੇਰੇ ਘਰ ਰੱਖੋ, ਇਸ ਲਈ ਮੇਰੇ ਵਲੋਂ ਤੁਹਾਨੂੰ ਸਾਰਿਆਂ ਨੂੰ ਖੁੱਲ੍ਹਾ ਸੱਦਾ ਹੈ।" ਬਲਰਾਜ ਸਾਹਨੀ ਦੇ ਇਸ ਸੱਦੇ ਦਾ ਸਭ ਨੇ ਖਿੜੇ ਮੱਥੇ ਸਵਾਗਤ ਕੀਤਾ। ਜਦੋਂ ਮੀਟਿੰਗ ਖ਼ਤਮ ਹੋਈ ਤਾਂ ਮੈਂ ਬਲਰਾਜ ਸਾਹਨੀ ਨਾਲ ਕਾਲਜ ਦੇ ਗੇਟ ਤੱਕ ਬਾਹਰ ਵਲ ਆਇਆ, ਜਿਥੇ ਉਨ੍ਹਾਂ ਦੀ ਕਾਲੇ ਰੰਗ ਦੀ ਪੁਰਾਣੇ ਮਾਡਲ ਵਾਲੀ ਅੰਬੈਸਡਰ ਕਾਰ ਖੜ੍ਹੀ ਸੀ। ਉਹ ਮੇਰੇ ਨਾਲ ਹੱਥ ਮਿਲਾ ਕੇ ਆਪਣੀ ਕਾਰ ਵਿਚ ਬੈਠ ਗਏ। ਕਾਰ ਸਟਾਰਟ ਕਰਨ ਲੱਗੇ ਤਾਂ ਇਹ ਸਟਾਰਟ ਨਾ ਹੋਈ। ਇਕ ਦੋ ਝਟਕਿਆਂ ਬਾਅਦ ਜਦੋਂ ਕਾਰ ਸਟਾਰਟ ਹੋਈ ਤਾਂ ਉਨ੍ਹਾਂ ਨੇ ਮੇਰੇ ਵਲ ਵਿਦਾਇਗੀ ਦਾ ਹੱਥ ਹਿਲਾਇਆ ਅਤੇ ਕਾਰ ਅੱਗੇ ਤੁਰ ਗਈ।

ਖਾਲਜਾ ਕਾਲਜ ਦੇ ਗੇਟ 'ਤੇ ਖੜ੍ਹਾ ਮੈਂ ਉਨ੍ਹਾਂ ਦੀ ਕਾਰ ਨੂੰ ਜਾਂਦਿਆਂ ਵੇਖ ਰਿਹਾ ਸਾਂ ਕਿ ਥੋੜ੍ਹੀ ਦੂਰ ਡੋਨ ਬੋਸਕੋ ਸਕੂਲ ਤੋਂ ਅੱਗੇ ਅਰੋੜਾ ਸਿਨੇਮਾ ਕੋਲ ਜਾ ਕੇ ਕਾਰ ਫੇਰ ਰੁੱਕ ਗਈ। ਕਾਰ ਨੂੰ ਇਸ ਤਰ੍ਹਾਂ ਰੁੱਕਿਆ ਵੇਖ ਕੇ ਮੈਂ ਉਸ ਵਲ ਤੁਰ ਪਿਆ। ਅੱਗੇ ਸਾਹਨੀ ਸਾਹਿਬ ਕਾਰ ਦੇ ਸੈਲਫ ਨਾਲ ਜੂਝ ਰਹੇ ਸਨ। ਕਾਰ ਘੁਰਰ-ਘੁਰਰ ਕਰ ਰਹੀ ਸੀ, ਪਰ ਅੱਗੇ ਤੁਰਨ ਤੋਂ ਇਨਕਾਰੀ ਸੀ। ਮੈਨੂੰ ਕੋਲ ਆਉਂਦਿਆਂ ਵੇਖ ਕੇ ਉਹ ਕਹਿਣ ਲੱਗੇ, "ਇਥੇ ਕੋਈ ਮਕੈਨਿਕ ਮਿਲ ਸਕਦੈ?" ਮੈਂ ਕਿਹਾ, "ਜ਼ਰੂਰ ਮਿਲ ਸਕਦੈ, ਇਹ ਸਾਹਮਣੇ ਕੋਲੀਵਾੜਾ ਦੇ ਪੁੱਲ ਹੇਠਾਂ ਇਕ ਮਕੈਨਿਕ ਹੈ। ਜੇ ਤੁਸੀਂ ਕਹੋ ਤਾਂ ਮੈਂ ਉਸ ਨੂੰ ਬੁਲਾ ਲਿਆਉਂਦਾ ਹਾਂ।"

ਕਹਿਣ ਲੱਗੇ, "ਇਹ ਤਾਂ ਤੁਹਾਡੀ ਬਹੁਤ ਮਿਹਰਬਾਨੀ ਹੋਵੇਗੀ।" ਕੋਲੀਵਾੜਾ ਵਿਚ ਮੇਰੇ ਵੱਡੇ ਭਰਾ ਦੇ ਟੱਬਰ ਦਾ ਨਿਵਾਸ ਸੀ ਅਤੇ ਹੋਰ ਵੀ ਬਹੁਤ ਸਾਰੇ ਰਿਸ਼ਤੇਦਾਰ ਇਥੇ ਰਹਿੰਦੇ ਸਨ, ਜਿਨ੍ਹਾਂ ਦਾ ਮੁੱਖ ਪੇਸ਼ਾ ਟਰੱਕਾਂ, ਟੈਕਸੀਆਂ ਅਤੇ ਸਪੇਅਰ ਪਾਰਟਸ ਦਾ ਹੀ ਸੀ। ਮੇਰੇ ਰਿਸ਼ਤੇਦਾਰਾਂ ਵਿਚੋਂ ਇਕ ਮੋਟਰ ਮਕੈਨਿਕ ਵੀ ਸੀ, ਜੋ ਕੋਲੀਵਾੜਾ ਦੇ ਪੁਲ ਹੇਠਾਂ ਰੈਂਚ, ਪਲਾਸ ਅਤੇ ਹੋਰ ਔਜਾਰ ਇਕ ਪੇਟੀ ਵਿਚ ਰੱਖ ਕੇ ਉਥੇ ਬੈਠਦਾ ਸੀ। ਮੈਂ ਉਸ ਨੂੰ ਬੁਲਾਉਣ ਚਲਾ ਗਿਆ। ਸਬੱਬ ਨਾਲ ਉਹ ਮੈਨੂੰ ਆਪਣੇ ਟਿਕਾਣੇ 'ਤੇ ਬੈਠਿਆਂ ਮਿਲ ਗਿਆ। ਜਦੋਂ ਮੈਂ ਉਸ ਨੂੰ ਦੱਸਿਆ ਕਿ ਅਰੋੜਾ ਸਿਨੇਮਾ ਕੋਲ ਬਲਰਾਜ ਸਾਹਨੀ ਦੀ ਕਾਰ ਖਰਾਬ ਹੋ ਕੇ ਖੜ੍ਹੀ ਹੈ, ਉਸ ਨੂੰ ਠੀਕ ਕਰਨਾ ਹੈ ਤਾਂ ਉਹ ਝੱਟ ਮੇਰੇ ਨਾਲ ਤੁਰ ਪਿਆ।

ਜਦੋਂ ਅਸੀਂ ਅਰੋੜਾ ਸਿਨੇਮਾ ਕੋਲ ਪਹੁੰਚੇ ਤਾਂ ਅੱਗੇ ਬਲਰਾਜ ਸਾਹਨੀ ਹੁਰੀਂ ਆਪਣੀ ਕਾਰ ਵਿਚ ਸੁਕੜ ਕੇ ਬੈਠੇ ਹੋਏ ਸਨ। ਉਹ ਆਪਣੀ ਕਾਰ ਤੋਂ ਬਾਹਰ ਨਹੀਂ ਉਤਰੇ ਕਿਉਂ ਜੋ ਮਸ਼ਹੂਰ ਫਿਲਮੀ ਹਸਤੀ ਨੂੰ ਦੇਖ ਕੇ ਰਾਹ ਜਾਂਦੇ ਲੋਕ ਵੀ ਖਲੋ ਜਾਂਦੇ ਹਨ ਅਤੇ ਇਕ ਭੀੜ ਇਕੱਠੀ ਹੋ ਜਾਂਦੀ ਹੈ। ਇਸੇ ਡਰ ਤੋਂ ਬਲਰਾਜ ਸਾਹਨੀ ਨੀਵੇਂ ਹੋ ਕੇ ਕਾਰ 'ਚ ਹੀ ਬੈਠੇ ਰਹੇ। ਮੇਰੇ ਨਾਲ ਮਕੈਨਿਕ ਨੂੰ ਆਉਂਦਿਆਂ ਵੇਖ ਕੇ ਉਨ੍ਹਾਂ ਦਾ ਚਿਹਰਾ ਖਿੜ ਗਿਆ। ਮਕੈਨਿਕ ਦੇ ਯਤਨਾਂ ਨਾਲ ਕਾਰ ਸਟਾਰਟ ਹੋ ਗਈ ਅਤੇ ਬਲਰਾਜ ਸਾਹਨੀ ਦੇ ਚਿਹਰੇ 'ਤੇ ਰੌਣਕ ਛਾ ਗਈ। ਮਕੈਨਿਕ ਨੇ ਕਾਰ ਦਾ ਬੋਨਟ ਬੰਦ ਕਰਦਿਆਂ ਕਿਹਾ, "ਸਰ, ਤੁਹਾਡੀ ਕਾਰ ਚੱਲਣ ਜੋਗੀ ਤਾਂ ਹੋ ਗਈ ਹੈ, ਪਰ ਤੁਸੀਂ ਇਸ ਨੂੰ ਜ਼ਿਆਦਾ ਰੇਸ ਨਹੀਂ ਦੇਣੀ। ਹੌਲੀ-ਹੌਲੀ ਇਹ ਕਾਰ ਤੁਹਾਨੂੰ ਜੁਹੂ ਤੱਕ ਪਹੁੰਚਾ ਦੇਵੇਗੀ।" ਬਲਰਾਜ ਸਾਹਨੀ ਨੇ ਖ਼ੁਸ਼ੀ ਜ਼ਾਹਿਰ ਕਰਦਿਆਂ ਕਿਹਾ, "ਠੀਕ ਹੈ ਮੈਂ ਇਸ ਨੂੰ ਹੌਲੀ-ਹੌਲੀ ਚਲਾਵਾਂਗਾ।"

ਸਾਹਿਤ ਸਭਾ ਦੀ ਅਗਲੀ ਮੀਟਿੰਗ ਬਲਰਾਜ ਸਾਹਨੀ ਦੇ ਘਰ ਹੋਣੀ ਸੀ, ਇਸ ਲਈ ਸਭਾ ਦੇ ਸਾਰੇ ਮੈਂਬਰਾਂ ਵਿਚ ਇਕ ਉਤਸ਼ਾਹ ਜਿਹਾ ਸੀ। ਬਲਰਾਜ ਸਾਹਨੀ ਦੇ ਘਰ ਹੋਈ ਇਹ ਸਾਹਿਤਕ ਬੈਠਕ ਬੜੀ ਕਾਮਯਾਬ ਰਹੀ। ਸਭ ਨੇ ਇਸ ਦਾ ਆਨੰਦ ਮਾਣਿਆ ਅਤੇ ਸਾਰੇ ਮੈਂਬਰ ਇਕ ਖੁਸ਼ਗਵਾਰ ਜਿਹੇ ਅਹਿਸਾਸ ਨਾਲ ਆਪੋ-ਆਪਣੇ ਠਿਕਾਣਿਆਂ ਵਲ ਪਰਤ ਗਏ। ਮਾਨਵਵਾਦੀ ਸੋਚ ਦਾ ਧਾਰਨੀ ਬਲਰਾਜ ਸਾਹਨੀ ਬਹੁਤ ਸੁਲਝਿਆ ਹੋਇਆ ਇਨਸਾਨ ਅਤੇ ਬਿਹਤਰੀਨ ਐਕਟਰ ਸੀ। ਇਸ ਦੇ ਨਾਲ ਹੀ ਉਸ ਦੇ ਦਿਲ ਵਿਚ ਆਪਣੀ ਮਾਂ ਬੋਲੀ ਪੰਜਾਬੀ ਦਾ ਪਿਆਰ ਵੀ ਆਲ੍ਹਾ ਦਰਜੇ ਦਾ ਸੀ। ਫਿਲਮ ਲਾਈਨ ਵਿਚ ਆਉਣ ਤੋਂ ਪਹਿਲਾਂ ਉਹ ਰਾਬਿੰਦਰਨਾਥ ਟੈਗੋਰ ਦੇ ਸ਼ਾਂਤੀ ਨਿਕੇਤਨ ਵਿਚ ਹਿੰਦੀ ਦਾ ਅਧਿਆਪਕ ਸੀ, ਪਰ ਲਿਖਦਾ ਉਹ ਅੰਗਰੇਜ਼ੀ ਵਿਚ ਸੀ।

ਗੁਰੂਦੇਵ ਰਾਬਿੰਦਰਨਾਥ ਟੈਗੋਰ ਨੂੰ ਜਦੋਂ ਉਸ ਨੇ ਅੰਗਰੇਜ਼ੀ ਵਿਚ ਲਿਖੀਆਂ ਹੋਈਆਂ ਆਪਣੀਆਂ ਕੁਝ ਕਵਿਤਾਵਾਂ ਵਿਖਾਈਆਂ ਤਾਂ ਗੁਰੂਦੇਵ ਨੇ ਉਨ੍ਹਾਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਵਿਚ ਲਿਖਣ ਦੀ ਪ੍ਰੇਰਨਾ ਦਿੱਤੀ। ਇਸ ਤਰ੍ਹਾਂ ਟੈਗੋਰ ਦਾ ਆਖਾ ਮੰਨ ਕੇ ਬਲਰਾਜ ਸਾਹਨੀ ਨੇ ਪੰਜਾਬੀ ਵਿਚ ਲਿਖਣਾ ਸ਼ੁਰੂ ਕੀਤਾ। ਪੰਜਾਬੀ ਸਾਹਿਤ ਦੇ ਖੇਤਰ ਵਿਚ ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ ਵਿਚ 'ਮੇਰਾ ਪਾਕਿਸਤਾਨ ਸਫਰਨਾਮਾ', 'ਮੇਰਾ ਰੂਸੀ ਸਫਰਨਾਮਾ', 'ਮੇਰੀ ਗੈਰ-ਜਜ਼ਬਾਤੀ ਡਾਇਰੀ', 'ਸਿਨੇਮਾ ਤੇ ਸਟੇਜ', 'ਕੀ ਇਹ ਸੱਚ ਹੈ ਬਾਪੂ', 'ਇਤਿਹਾਸ ਦੀ ਪੈੜ', 'ਮੇਰੀ ਫਿਲਮੀ ਆਤਮ-ਕਥਾ', 'ਵੇਟਰ ਦੀ ਵਾਰ' ਅਤੇ 'ਯਾਦਾਂ ਦੇ ਝਰੋਖੇ' ਸ਼ਾਮਲ ਹਨ।

ਪੰਜਾਬੀ ਰਚਨਾਵਾਂ ਸਦਕਾ ਹੀ ਬਲਰਾਜ ਨੂੰ 1971 ਵਿਚ ਭਾਸ਼ਾ ਵਿਭਾਗ ਪੰਜਾਬ ਵਲੋਂ ਸ਼੍ਰੋਮਣੀ ਸਾਹਿਤਕਾਰ ਵਜੋਂ ਸਨਮਾਨਿਤ ਕੀਤਾ ਗਿਆ। ਸਾਹਿਤਕ ਅਤੇ ਕਲਾਤਮਕ ਪ੍ਰਾਪਤੀਆਂ ਸਦਕਾ ਹੀ ਉਨ੍ਹਾਂ ਨੂੰ ਸੋਵੀਅਤ ਲੈਂਡ ਨਹਿਰੂ ਐਵਾਰਡ ਵੀ ਮਿਲਿਆ। ਬਲਰਾਜ ਸਾਹਨੀ ਦੀ ਸਮਾਜਵਾਦੀ ਸੋਚ, ਦੇਸ਼ ਪਿਆਰ, ਸਾਹਿਤਕ ਤੇ ਫਿਲਮੀ ਜਗਤ ਵਿਚ ਵਿਸ਼ੇਸ਼ ਸਥਾਨ ਕਰਕੇ ਹੀ ਰਾਜ ਸਭਾ ਦੇ ਮੈਂਬਰ ਵੀ ਨਾਮਜ਼ਦ ਕੀਤਾ ਗਿਆ ਅਤੇ 1969 ਵਿਚ 'ਪਦਮ ਸ੍ਰੀ' ਦੀ ਉਪਾਧੀ ਨਾਲ ਵੀ ਨਿਵਾਜਿਆ ਗਿਆ।

ਬਲਰਾਜ ਸਾਹਨੀ ਦੇ ਜੀਵਨ ਦਾ ਸਭ ਤੋਂ ਵੱਡਾ ਦੁਖਾਂਤ ਜਵਾਨ ਬੇਟੀ ਸ਼ਬਨਮ ਦੀ ਮੌਤ ਸੀ। ਉਂਜ ਤਾਂ 1947 ਵਿਚ ਉਸ ਦੀ ਪਤਨੀ ਦਮਯੰਤੀ ਦੀ ਮੌਤ ਵੀ ਭਰ ਜਵਾਨੀ ਵਿਚ ਹੋ ਗਈ ਸੀ, ਪਰ ਸਮੇਂ ਨੇ ਇਸ ਦੁਖਾਂਤ ਦੇ ਜ਼ਖ਼ਮਾਂ ਨੂੰ ਭਰ ਦਿੱਤਾ ਸੀ। ਸ਼ਬਨਮ ਨੇ ਆਪਣੇ ਸਹੁਰੇ ਪਰਿਵਾਰ ਤੋਂ ਦੁਖੀ ਹੋ ਕੇ ਆਤਮ ਹੱਤਿਆ ਕਰ ਲਈ ਸੀ। ਬੇਟੀ ਦੀ ਆਤਮ ਹੱਤਿਆ ਦਾ ਸਦਮਾ ਬਲਰਾਜ ਸਾਹਨੀ ਲਈ ਅਸਹਿ ਸੀ, ਜੋ ਬਾਅਦ ਵਿਚ ਜਾਨਲੇਵਾ ਸਾਬਿਤ ਹੋਇਆ। ਇਸ ਦਾ ਅਸਰ ਫਿਲਮ 'ਗਰਮ ਹਵਾ' ਵਿਚ ਬਲਰਾਜ ਦੀ ਅਦਾਕਾਰੀ ਵਿਚ ਨਜ਼ਰ ਆਇਆ, ਖਾਸ ਕਰਕੇ ਬੇਟੀ ਦੀ ਖੁਦਕਸ਼ੀ ਨਾਲ ਜੁੜੇ ਦ੍ਰਿਸ਼ਾਂ ਵਿਚ। ਉਨ੍ਹਾਂ ਦ੍ਰਿਸ਼ਾਂ ਵਿਚ ਆਦਾਕਾਰੀ ਨਹੀਂ ਸੀ, ਯਥਾਰਥ ਸੀ। ਬੇਟੀ ਦੀ ਮੌਤ ਤੋਂ ਇਕ ਸਾਲ ਬਾਅਦ 13 ਅਪ੍ਰੈਲ 1973 ਨੂੰ ਵਿਸਾਖੀ ਵਾਲੇ ਦਿਨ ਬਲਰਾਜ ਸਾਹਨੀ ਵੀ ਇਸ ਫਾਨੀ ਜਹਾਨ ਤੋਂ ਸਦਾ ਲਈ ਕੂਚ ਕਰ ਗਿਆ।

## Truck Stop Business for Sale in Indiana

**Brand New Fiberglass Tanks, Pumps, Fully Remodeled C-Store, Two Three way Liquor Licenses, Taste of India Restaurant & Bar, 5 Brand New Repair Bays and 3 Truck Wash Bays. For further information, please call:**

### Gurinder Singh

**Cell: (916) 833-9218, (317) 660-6290**

SPICELAND TRUCK PLAZA



Interstate 70, Exit 123, 5809 South State Road 3, Spiceland, IN 47385


## ਅਮਰ ਕਾਰਪੈਟਸ

**ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ**

*ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ*



ਅਮਰੀਕ ਸਿੰਘ



*ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ*

**Same day service in Chicago and suburbs**

## Amar Carpets Inc

ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

**ਕਾਲ ਕਰੋ : ਅਮਰੀਕ ਸਿੰਘ**

**Ph: 773-508-5253,773-507-8043, Fax: 773-508-5249**

## SIDHU & ASSOCIATES REALTY COMMERCIAL REAL ESTATE

***GAS STATION, HOTEL, LIQUER STORE RESIDENTIAL REAL ESTATE IN ILLINOIS***

**ਗੈਸ ਸਟੇਸ਼ਨ, ਮੋਟਲ, ਹੋਟਲ, ਲਿੱਕਰ ਸਟੋਰ ਅਤੇ ਹੋਰ ਵਪਾਰਕ ਪ੍ਰਾਪਰਟੀ ਖਰੀਦਣ/ ਵੇਚਣ ਲਈ ਸੰਪਰਕ ਕਰੋ**



ਬਲਜੀਤ ਸਿੱਧੂ

***Baljit (BJ) Sidhu, Broker***

***Cell: 630-862-0941***

***Fax: 630-499-7533***

sidhu-realty@hotmail.com





## Taste of India

Authentic Indian Cuisine

Indo-Chinese & Pakistan Cusine

*Celebrating our food....celebrating our culture. The Best Indian Cuisine in the Northwest Indiana!!!!*

ਬਿਹਤਰੀਨ ਲੰਚ ਬਫੇ

ਜ਼ਾਇਕੇਦਾਰ ਤੰਦੂਰੀ ਖਾਣਿਆਂ ਦਾ ਲੁਤਫ

$8.99 MON-Fir
$10.99 Sat & Sun
22 Items!!!

ਅਸੀਂ ਸਭ ਤਰ੍ਹਾਂ ਦੀਆਂ ਪਾਰਟੀਆਂ ਲਈ ਕੇਟਰ ਕਰਦੇ ਹਾਂ

ਪਾਰਟੀ ਵੱਡੀ ਹੋਵੇ ਜਾਂ ਛੋਟੀ ਕੈਟਰਿੰਗ ਦਾ ਇਕ ਵਾਰੀ ਮੌਕਾ ਦੇ ਕੇ ਦੇਖੋ, ਤੁਹਾਡੇ ਮਹਿਮਾਨ ਤੁਹਾਡੇ ਵਲੋਂ ਪਰੋਸੇ ਗਏ ਖਾਣੇ ਦਾ ਗੁਣ ਗਾਉਣੋਂ ਨਹੀਂ ਹਟਣਗੇ। ਅਸੀਂ ਹਰ ਤਰ੍ਹਾਂ ਦੇ ਪਕਵਾਨ ਤਿਆਰ ਕਰ ਸਕਦੇ ਹਾਂ

761 E 81st. Ave
Merrillville, IN 46410
Tel: 219-755-4634
Fax: 219-755-4638
Www.tasteofindia.in.com

# ਪੀ.ਸੀ.ਐਸ. ਖੇਡ ਮੇਲਾ:ਤਸਵੀਰਾਂ ਦੀ ਜ਼ੁਬਾਨੀ



## ਖੇਡ ਮੇਲੇ ਦੇ ਸਪਾਂਸਰ

ਹੈਪੀ ਹੀਰ, ਜਰਨੈਲ ਸਿੰਘ ਲੈਲ (ਡਬਲਯੂ ਡਬਲਯੂ ਗਰੇਂਗਰ), ਜੈਦੇਵ ਸਿੰਘ ਭੱਠਲ (ਪੰਜਾਬ ਆਟੋ), ਡਾ. ਜੈ ਮਹਿੰਦਰਾ, ਪਾਲ ਖਲੀਲ, ਲਖਬੀਰ ਸਿੰਘ ਸਹੋਤਾ, ਡਾ. ਹਰਜਿੰਦਰ ਸਿੰਘ ਖਹਿਰਾ, ਜਪਨੀਤ ਸਿੰਘ ਖਹਿਰਾ, ਪਰਮਿੰਦਰ ਸਿੰਘ ਵਾਲੀਆ, ਜਸਵੀਰ ਸਿੰਘ ਕਲੇਰ (ਸਿੰਘ ਗਰੌਸਰ, ਪੈਲਾਟਾਈਨ), ਕੇ.ਕੇ. ਪੰਮਾ (ਨਿਊ ਇੰਡੀਆ ਰੈਸਟੋਰੈਂਟ, ਪੈਲਾਟਾਈਨ), ਹਰਜਿੰਦਰ ਸਿੰਘ ਸੰਧੂ (ਸੰਧੂ ਪੈਟਰੋਲੀਅਮ), ਸੁਖਮੇਲ ਸਿੰਘ ਅਟਵਾਲ, ਬਲਵਿੰਦਰ ਸਿੰਘ ਗਿਰਨ, ਲਵਦੀਪ ਸਿੰਘ ਦੁੱਲਤ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ ਮਿਡਵੈਸਟ ਸ਼ਿਕਾਗੋ, ਸਰਵਣ ਸਿੰਘ ਟਿਵਾਣਾ, ਕੁਲਦੀਪ ਸਿੰਘ ਲੰਗ, ਰਾਜਿੰਦਰ ਸਿੰਘ ਬੈਂਸ, ਮਨਦੀਪ ਸਿੰਘ ਭੂਰਾ, ਰਵਿੰਦਰ ਸਿੰਘ (ਆਰ.ਕੇ. ਕਾਰਪੈਟਸ), ਲਖਵੰਤ ਸਿੰਘ ਕੋਮਲ, ਸਤਵੰਤ ਸਿੰਘ ਅਟੱਲ, ਠਾਕਰ ਸਿੰਘ ਬਸਾਤੀ ਅਤੇ ਇਕਬਾਲ ਸਿੰਘ ਰੰਧਾਵਾ।

















*Sponsored Page*































*Sponsored Page*



**ਖੁਸ਼ਖਬਰੀ!**

*ਹਰ ਕੋਈ ਆਪਣੇ 'ਤੇ ਮਾਣ ਕਰਦਾ ਆਇਆ ਜੋ ਵੀ ਇਸ ਜਹਾਨ ਅੰਦਰ।*
*ਹਿੱਕਾਂ ਚੌੜੀਆਂ ਕਰਕੇ ਤੁਰਨ ਵਾਲੇ, ਪਰਖੇ ਸਦਾ ਹੀ ਜਾਂਦੇ ਮੈਦਾਨ ਅੰਦਰ।*

**ਖੁਸ਼ਖਬਰੀ!**

# ਯੂਨਾਈਟਿਡ ਸਪੋਰਟਸ ਕਲੱਬ ਦੀ ਪੇਸ਼ਕਸ਼ 'ਕਬੱਡੀ ਕੱਪ-2009'

ਪਿਆਰੇ ਖੇਡ ਪ੍ਰੇਮੀਓ,

ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਯੂਨਾਈਟਿਡ ਸਪੋਰਟਸ ਕਲੱਬ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ 'ਕਬੱਡੀ ਕੱਪ-2009' ਕਰਵਾਉਣ ਜਾ ਰਿਹਾ ਹੈ ਜਿਸ ਵਿਚ ਹਰੇਕ ਆਮ ਤੇ ਖਾਸ ਨੂੰ ਬਿਨਾ ਕਿਸੇ ਰੰਗ ਨਸਲ ਜਾਂ ਭੇਦ ਭਾਵ ਤੋਂ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਹੈ ਜੀ। ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਆਪਣਾ ਬਣਦਾ ਯੋਗਦਾਨ ਪਾ ਕੇ ਪ੍ਰਬੰਧਕਾਂ ਨੂੰ ਧੰਨਵਾਦੀ ਬਣਾਓ ਜੀ।

## 26 ਸਤੰਬਰ, 2009

## (ਦਿਨ ਸਨਿਚਰਵਾਰ)

ਸਵੇਰੇ 9 ਤੋਂ ਸ਼ਾਮ 6 ਵਜੇ ਤੱਕ

**ਸਥਾਨ** 25800 Carlos Bee Blvd, Hayward, CA-94542 (Cal State Hayward)



*ਇਨਾਮਾਂ ਦੀ ਵੰਡ ਬਤੌਰ ਮੁੱਖ ਮਹਿਮਾਨ ਯੂਨੀਅਨ ਸਿਟੀ ਦੇ ਮੇਅਰ ਸ੍ਰੀ ਮਾਰਕ ਗਰੀਨ ਕਰਨਗੇ*

*ਕੁਮੈਂਟਰੀ:ਰਾਜਵਿੰਦਰ ਸਿੰਘ ਰੰਡਿਆਲਾ*

*ਹੋਰ ਜਾਣਕਾਰੀ ਲਈ ਕਾਲ ਕਰੋ:*

| ਚੇਅਰਮੈਨ | ਪ੍ਰਧਾਨ | ਜਨਰਲ ਸਕੱਤਰ | ਕਬੱਡੀ ਕੋਚ ਯੂਨਾਈਟਿਡ ਕਲੱਬ |
|---|---|---|---|
| ਸ. ਅਮੋਲਕ ਸਿੰਘ ਗਾਖਲ | ਸ. ਬਲਬੀਰ ਸਿੰਘ ਭਾਟੀਆ | ਸ. ਗੁਰਦਾਵਰ ਸਿੰਘ ਮਹੇੜੂ | ਸ. ਪਰਮਜੀਤ ਸਿੰਘ ਸੰਧੂ |
| 831-247-4637 | 510-677-6248 | 510-468-9381 | 510-491-4573 |

**ਐਗਜ਼ੈਕਟਿਵ ਕਮੇਟੀ ਡਾਇਰੈਕਟਰਜ਼:ਸ. ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਦਲਵਿੰਦਰ ਸਿੰਘ ਪੱਡਾ**

**ਪਲਾਟੀਨਮ ਸਪਾਂਸਰ**

**ਗਾਖਲ ਬ੍ਰਦਰਜ਼-ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਤੇ ਅਮੋਲਕ ਸਿੰਘ ਗਾਖਲ**

**ਰਾਜਾ ਸਵੀਟਸ-ਸ. ਮੱਖਣ ਸਿੰਘ ਬੈਂਸ ਅਤੇ ਗਿਆਨੀ ਰਵਿੰਦਰ ਸਿੰਘ**

**ਗਰੈਂਡ ਸਪਾਂਸਰ:**ਦੀਦਾਰ ਸਿੰਘ ਬੈਂਸ, ਲੱਛਰ ਬ੍ਰਦਰਜ਼-ਲਾਸ ਬੇਨੋਸ, Favourite Indian Restaurant (Grand Opening Soon)-Hayward, ਨਾਜਰ ਸਿੰਘ ਸਹੋਤਾ (ਫਰਿਜਨੋ), ਟੁੱਟ ਬ੍ਰਦਰਜ਼-ਵਾਟਸਨਵਿਲ, ਦਲਵਿੰਦਰ ਸਿੰਘ ਧੂਤ, ਕੁਲਜੀਤ ਸਿੰਘ ਨਿੱਝਰ ਸੀ.ਈ.ਓ.-ਪੀ.ਸੀ. ਮਾਈਕਰੋ ਇੰਕ, ਗੁਰਚਰਨ ਸਿੰਘ ਮਾਨ-ਦੋਆਬਾ ਇੰਸ਼ੋਰੈਂਸ, ਗੁਲਭਿੰਦਰ ਸਿੰਘ (ਭਿੰਦਾ) ਗਾਖਲ, ਹਰਨੇਕ ਸਿੰਘ ਅਟਵਾਲ, ਰਘਬੀਰ ਸਿੰਘ (ਕਾਲਾ) ਗਾਖਲ-ਨਿਊ ਇੰਡੀਆ ਪੈਲੇਸ, ਲਖਵੀਰ ਸਿੰਘ (ਕਾਲਾ ਟਰੇਸੀ ਵਾਲਾ), ਜੱਸੀ ਗਿੱਲ-ਗੋਲਡਨ ਸਟੇਟ ਰਿਐਲਟੀ, ਪਾਲ ਸਹੋਤਾ, ਪ੍ਰੀਤਮ ਸਿੰਘ ਗਰੇਵਾਲ, ਦੇਵ ਅਟਵਾਲ, ਰਾਣਾ ਅਟਵਾਲ, ਜਸਪ੍ਰੀਤ ਸਿੰਘ-ਅਟਾਰਨੀ ਐਟ ਲਾਅ, ਮੰਗਲ ਸਿੰਘ ਭੰਡਾਲ, ਸੁਦਰਸ਼ਨ ਸ਼ਰਮਾ (ਮੋਗਾ ਟਾਇਰ, ਫਰਿਜ਼ਨੋ), ਜਸਵੀਰ ਸਿੰਘ ਰਾਜਾ-ਦਵਿੰਦਰ ਸਿੰਘ ਰਣੀਆ, ਸੁਰਿੰਦਰ ਸਿੰਘ ਅਟਵਾਲ, ਬਲਜੀਤ ਸਹੋਤਾ, ਅਮਰਜੀਤ ਸਿੰਘ ਸੰਘਾ, ਕੁਲਦੀਪ ਸਿੰਘ ਧਾਲੀਵਾਲ (ਜੇਨੀ ਟਰੈਵਲ ਸੈਂਟਰ)।

**ਮੁੱਖ ਸਪਾਂਸਰ:**ਬਲਬੀਰ ਸਿੰਘ ਢਿੱਲੋਂ, ਕਸ਼ਮੀਰ ਸਿੰਘ ਧੁੱਗਾ, ਲਖਵੀਰ ਸਿੰਘ ਪਟਵਾਰੀ, ਸੁਖਦੇਵ ਸਿੰਘ ਬੈਣੀਵਾਲ, ਮਾਨ ਟੈਕਸ ਸਰਵਿਸ, ਕੁਲਵੰਤ ਸਿੰਘ ਖਹਿਰਾ (ਅਕਾਲੀ ਦਲ), ਕੇਸਰ ਸਿੰਘ ਗੋਸਲ, ਬਿੱਲਾ ਸੰਘੇੜਾ, ਤੀਰਥ ਗਾਖਲ, ਰਘਵੀਰ ਸਿੰਘ ਸ਼ੇਰਗਿੱਲ, ਰਾਣਾ ਕਾਹਲੋਂ (ਕਮਿਸ਼ਨਰ), ਮਹਿੰਗਾ ਸਿੰਘ ਸਰਪੰਚ, ਰਣਧੀਰ ਸਿੰਘ ਕੰਗ, ਕੁਲਵੰਤ ਸਿੰਘ ਖਹਿਰਾ (ਸਿੱਖ ਯੂਥ), ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ, ਨਿਰਮਲ ਸਿੰਘ ਸੰਧੂ, ਗੁਰਜਿੰਦਰ ਪਾਲ ਰਾਏ, ਪ੍ਰੀਤਮ ਸਿੰਘ ਗਰੇਵਾਲ (ਯੋਧਾਂ ਵਾਲੇ), ਮਹਾਂ ਸਿੰਘ ਨਿੱਝਰ, ਹਰਭਜਨ ਸਿੰਘ ਬੱਲ-ਸੈਲਮਾ, ਪੀ. ਐਂਡ ਆਰ. ਟਰੱਕਿੰਗ, ਸੰਤ ਸਿੰਘ ਹੋਠੀ, ਸੰਤੋਖ ਸਿੰਘ ਝੱਜ-ਸੰਸਾਰ ਇੰਡੀਆ ਕੁਜ਼ੀਨ, ਗੁਰਬਚਨ ਸਿੰਘ ਰਾਣਾ, ਪ੍ਰੀਤਮ ਸਿੰਘ ਹਨੀ, ਤੀਰਥ ਸਿੰਘ ਸੱਲ, ਦਰਸ਼ਨ ਸਿੰਘ ਸੰਧੂ, ਦਵਿੰਦਰ ਸਿੰਘ (ਸਾਬਕਾ ਸਕੱਤਰ ਗੁਰਦੁਆਰਾ ਫਰੀਮਾਂਟ), ਅਵਤਾਰ ਸਿੰਘ ਬੈਂਸ, ਹੈਰੀ ਗਿੱਲ (ਗਿੱਲ ਇੰਸ਼ੋਰੈਂਸ), ਸਨੀ ਗੁਰਨਾ, ਸੁਜਾਨ ਭੱਟ, ਸੰਧੂ ਬ੍ਰਦਰਜ਼ (ਨੌਨਿਹਾਲ ਕਰੰਸੀ ਐਕਸਚੇਂਜ), ਜਸਵੰਤ ਸਿੰਘ ਸਰਾਂ, ਸੰਤੋਖ ਸਿੰਘ ਤੱਖਰ, ਅਮੈਰਿਕਨ ਰਿਐਲਟੀ ਫਰੀਮਾਂਟ, ਦਰਸ਼ਨ ਸਿੰਘ ਔਜਲਾ, ਗੁਰਿੰਦਰਪਾਲ ਲਾਡੀ, ਕਸ਼ਮੀਰ ਸਿੰਘ ਥਾਂਦੀ, ਜਸਵਿੰਦਰ ਸਿੰਘ ਸੋਹਲ, ਸੁਰਜੀਤ ਸਿੰਘ ਸੋਹਲ, ਲਹਿੰਬਰ ਸਿੰਘ ਸਰਪੰਚ, ਪਾਲੀ ਮਹੇ (ਸੰਨੀ ਪੀਜ਼ਾ ਬਰੈਂਟਵੁੱਡ), ਰਾਜਾ ਨੂਰਪੁਰੀਆ, ਕਰਨੈਲ ਸਿੰਘ ਮਾਨ, ਸੀਨੀਅਰ ਸਿਟੀਜ਼ਨ-ਯੂਨੀਅਨ ਸਿਟੀ, ਸੁੱਚਾ ਰਾਮ ਭਾਰਟਾ, ਗੁਰਦੇਵ ਸਿੰਘ ਨਾਹਲ, ਹਰਭਜਨ ਸਿੰਘ ਗਾਖਲ, ਗੁਰਮੇਲ ਸਿੰਘ ਗਾਖਲ, ਬਖਤਾਵਰ ਸਿੰਘ ਗਾਖਲ, ਸੋਹਣ ਸਿੰਘ ਗਾਖਲ, ਮੇਜਰ ਸਿੰਘ ਗਾਖਲ, ਮਹਿੰਦਰ ਸਿੰਘ ਕਲੇਰ, ਜੱਗਾ ਸਿੰਘ ਗਾਖਲ, ਬਲਰਾਜ ਸਿੰਘ ਰੰਧਾਵਾ, ਤੀਰਥ ਸਿੰਘ ਸਹੋਤਾ, ਜਿੰਦਰ ਜੌਹਲ

ਕਸ਼ਮੀਰ ਸਿੰਘ ਸਹੋਤਾ (ਬੜਾ ਪਿੰਡ) ਦੀ ਯਾਦ 'ਚ ਪਹਿਲਾ ਇਨਾਮ 5100 ਡਾਲਰ-ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਵਲੋਂ ਦੂਜਾ ਇਨਾਮ ਗੁਰਦੇਵ ਸਿੰਘ ਸੋਹਲ (ਸਿਧਵਾਂ ਦੋਨਾ) ਵਲੋਂ 3100 ਡਾਲਰ



*ਕਸ਼ਮੀਰ ਸਿੰਘ ਸਹੋਤਾ*



*ਗੁਰਦੇਵ ਸਿੰਘ ਸੋਹਲ*

**ਵਿਸ਼ੇਸ਼ ਸਨਮਾਨ:** *ਕਬੱਡੀ ਦੇ ਅੰਤਰ ਰਾਸ਼ਟਰੀ ਖਿਡਾਰੀ ਤੀਰਥ ਗਾਖਲ ਦਾ ਸਨਮਾਨ ਸ. ਅਮੋਲਕ ਸਿੰਘ ਗਾਖਲ ਅਤੇ ਸਮੂਹ ਨਗਰ ਨਿਵਾਸੀਆਂ ਵਲੋਂ ਕੀਤਾ ਜਾਏਗਾ।
*ਸ. ਜੌਹਨ ਸਿੰਘ ਗਿੱਲ ਵਲੋਂ ਕਬੱਡੀ ਦੇ ਤੇਜ-ਤਰਾਰ ਖਿਡਾਰੀ ਮੇਜਰ ਸਿੰਘ ਗਾਖਲ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ।
*ਕਬੱਡੀ ਦੀ ਮਹਾਨ ਖਿਡਾਰਨ ਤੇ ਨੈਸ਼ਨਲ ਗੇਮਾਂ ਵਿਚ ਗੋਲਡ ਮੈਡਲਿਸਟ ਬੀਬੀ ਜਸਪ੍ਰੀਤ ਕੌਰ, ਜੋ ਰੀੜ੍ਹ ਦੀ ਹੱਡੀ ਵਿਚ ਸੱਟ ਲੱਗਣ ਕਾਰਨ ਅਪਾਹਜ ਹੋ ਕੇ ਬੜੇ ਸੰਘਰਸ਼ ਵਿਚੋਂ ਗੁਜ਼ਰ ਰਹੀ ਹੈ, ਦੀ ਵਿਸ਼ੇਸ਼ ਤੌਰ 'ਤੇ ਮਾਇਕ ਸਹਾਇਤਾ ਨਾਲ ਹੌਂਸਲਾ ਅਫਜ਼ਾਈ ਕੀਤੀ ਜਾਏਗੀ।
*ਖੇਡਾਂ ਵਿਚ ਪਾਏ ਯੋਗਦਾਨ ਬਦਲੇ ਸ. ਗੁਰਚਰਨ ਸਿੰਘ ਸਰਾਓ ਦਾ ਵੀ ਵਿਸ਼ੇਸ਼ ਸਨਮਨ ਕੀਤਾ ਜਾਏਗਾ।

**ਪਹੁੰਚ ਰਹੇ ਮਹਿਮਾਨ**
ਸ. ਅਮੋਲਕ ਸਿੰਘ ਜੰਮੂ (ਸੰਪਾਦਕ ਪੰਜਾਬ ਟਾਈਮਜ਼),
ਡਾ. ਹਰਜਿੰਦਰ ਸਿੰਘ ਖਹਿਰਾ,
ਨਿੱਕ ਗਾਖਲ (ਸ਼ਿਕਾਗੋ),
ਜਗੀਰ ਸਿੰਘ ਬੈਂਸ (ਨਿਊ ਯਾਰਕ),
ਜਗੀਰ ਸਿੰਘ ਕੰਦੋਲਾ-ਕੈਨੇਡਾ

**ਮੀਡੀਆ ਸਪਾਂਸਰ**
ਪੰਜਾਬ ਟਾਈਮਜ਼
ਰੇਡੀਓ ਹਮਸਫਰ
ਰੇਡੀਓ ਗੀਤ ਸੰਗੀਤ

ਖਾਸ ਨੋਟ:ਮੇਲੇ ਦੀ ਨਿਰਪੱਖਤਾ ਲਈ ਸਾਰੇ ਅਧਿਕਾਰ ਯੂਨਾਈਟਿਡ ਕਲੱਬ ਕੋਲ ਰਾਖਵੇਂ ਹੋਣਗੇ।
ਵਿਸ਼ੇਸ਼ ਨੋਟ:ਕੋਈ ਵੀ ਲੋਕਲ ਕਲੱਬ 4 ਖਿਡਾਰੀ ਅਮਰੀਕਾ ਤੋਂ ਬਾਹਰੋਂ ਕਿਸੇ ਵੀ ਰੰਗ ਨਸਲ ਜਾਂ ਦੇਸ਼ ਤੋਂ ਪਾ ਸਕਦਾ ਹੈ।

*ਕੈਲੀਫੋਰਨੀਆ ਵਿਚ ਪਹਿਲੀ ਵਾਰ ਗੋਰਿਆਂ ਦੀ ਪੀਲ ਪੁਲਿਸ ਦੀ ਟੀਮ ਲੀਗ ਦੇ ਸਾਰੇ ਮੈਚਾਂ ਵਿਚ ਬਾਕੀ ਦੇ ਸੁਪਰ ਸਟਾਰਾਂ ਨਾਲ ਆਹਮੋ ਸਾਹਮਣੇ ਭਿੜੇਗੀ।*

# ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ

33372 Palomino Com., Fremont, CA 94555, Ph:510-468-9381 or e-mail:2gsmann@gmail.com

ਨੋਟ:ਰਾਜਾ ਸਵੀਟਸ ਵਲੋਂ ਬਹੁਤ ਹੀ ਵਾਜਬ ਕੀਮਤਾਂ ਉਤੇ ਵਧੀਆ ਕੁਆਲਿਟੀ ਦਾ ਸਵਾਦਿਸ਼ਟ ਭੋਜਨ ਉਪਲਬਧ ਹੋਵੇਗਾ।